# ਗੋਲੀ ਚਲਦੀ ਗਈ

ਅਥਵਾ

## ਝੱਬਰਾਂ ਦੀ ਵਿਥਿਆ

(ਗਿਆਨੀ ਤ੍ਰਿਲੋਕ ਸਿੰਘ ਜੀ)

ਪ੍ਰਕਾਸ਼ਕ

ਭਾਈ ਚਤਰ ਸਿੰਘ ਜੀਵਨ ਸਿੰਘ

ਪੁਸਤਕਾਂ ਵਾਲੇ

ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

ਸਭ ਹੱਕ ਕਰਤਾ ਦੇ ਰਾਖਵੇਂ ਹਨ।

ਕੀਮਤ ੪)

ਪ੍ਰਕਾਸ਼ਕ ਭਾਈ ਚਤਰ ਸਿੰਘ ਜੀਵਨ ਸਿੰਘ
ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ

ਪ੍ਰਿੰ:-ਸ: ਮਹਿੰਦਰ ਸਿੰਘ
'ਪੂਰਨ ਪ੍ਰਿੰਟਿੰਗ ਪ੍ਰੈਸ'
ਤਹਿਸੀਲਪੁਰ, ਜੀ. ਟੀ. ਰੋਡ, ਅੰਮ੍ਰਿਤਸਰ।

Sri Satguru Jagjit Singh Ji eLibrary NamdhariElibrary@gmail.com

ਲੇਖਕ—

ਪਿੰਡ ਤੇ ਜਨਮ—ਪਿੰਡ ਕਮਾਲਪੁਰ; ਤਹਿਸੀਲ ਤਰਨ ਤਾਰਨ
ਜ਼ਿਲਾ ਅੰਮ੍ਰਿਤਸਰ।
ਜਨਮ ੧੯੦੮ ਵਿਚ।

ਪਿਤਾ—ਸ. ਉਤਮ ਸਿੰਘ
ਮਾਤਾ—ਜਿੰਦ ਕੌਰ

ਪੁਸਤਕਾਂ ਲਿਖੀਆਂ—੧੯੪੦ ਵਿਚ ਮਹਾਰਾਣੀ ਚੰਦ
ਤੇ ਉਸ ਦੇ ਪਿਛੋਂ ੪੫ ਨਾਵਲ
ਇਤਿਹਾਸਕ ਪੁਸਤਕਾਂ ਲਿਖੀਆਂ

ਪਤਾ—ਗੁਰੂ ਨਾਨਕ ਵਾੜਾ, ਡਾਕਖ਼ਾਨਾ ਖਾਲਸਾ ਕਾਲਜ,
ਅੰਮ੍ਰਿਤਸਰ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਗਿਆਨੀ ਰਜਿੰਦਰ ਸਿੰਘ ਰਾਹੀ
3382, 15-3-91, ਠੱਠੀ ਖਾਰਾ

# ਸਮਰਪਣ

ਉਹਨਾਂ ਦੇਸ਼ ਭਗਤ ਸ਼ਹੀਦਾਂ ਨੂੰ, ਜਿਨ੍ਹਾਂ ਨੇ ਭਾਰਤ ਦੀ ਅਜ਼ਾਦੀ ਵਾਸਤੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਅਤੇ ਅਸਹਿ ਤੇ ਸਹਿ ਕਸ਼ਟ ਤਨ ਮਨ ਤੇ ਝਲਦਿਆਂ ਹੋਇਆਂ ਆਜ਼ਾਦੀ ਦੇ ਘੋਲ ਵਿਚੋਂ ਪੈਰ ਨਾ ਖਿਸਕਾਇਆ।

ਦੁਆਬੇ ਦੇ ਉਹਨਾਂ ਅਣਖੀ ਸੂਰਬੀਰਾਂ ਨੂੰ ਜਿਨ੍ਹਾਂ ਨੇ ਪੰਜਾਬੀਆਂ ਦੀ ਅਣਖ, ਬਹਾਦਰੀ ਤੇ ਵਤਨ ਅੰਤ ਦਾ ਸਤਕਾਰ ਕੀਤਾ। ਪੰਜਾਬ ਦੀ ਸ਼ਾਨ ਨੂੰ ਚਮਕਾਇਆ।

(ਲੇਖਕ)

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# —ਭੂਮਿਕਾ—

ਇਸ ਪੁਸਤਕ ਦੇ ਪੜ੍ਹਨ ਨਾਲ ਪਾਠਕ ਦੇ ਮਨ ਨੂੰ ਇਕ ਵੇਰ ਜ਼ਰੂਰ ਦੇਸ਼ ਸੇਵਾ ਦੇ ਪਿਆਰ ਵਿਚ ਹਲੂਣਾ ਵਜਦਾ ਹੈ। ਦੇਸ਼ ਸੇਵਾ ਦਾ ਪਿਆਰ ਹੀ ਤਾਂ ਦੇਸ਼ ਨੂੰ ਆਜ਼ਾਦ ਰਖਣ ਦਾ ਕਾਰਨ ਹੁੰਦਾ ਹੈ। ਜਿਨ੍ਹਾਂ ਦੇ ਅੰਦਰ ਦੇਸ਼ ਸੇਵਾ ਦਾ ਪਿਆਰ ਨਹੀਂ ਹੁੰਦਾ ਉਹ ਦੇਸ਼ ਦੀ ਰਖੀ ਵੀ ਨਹੀਂ ਕਰ ਸਕਦੇ। ਉਨ੍ਹਾਂ ਦੀ ਦੇਸ਼ ਸੇਵਾ ਦੀ ਕਮਜ਼ੋਰੀ ਹੀ ਦੇਸ਼ ਨੂੰ ਗੁਲਾਮ ਕਰਨ ਦਾ ਕਾਰਨ ਹੁੰਦੀ ਹੈ। ਦੇਸ਼ ਸੇਵਾ ਦਾ ਪਿਆਰ ਅਸੀਂ ਉਸ ਨੂੰ ਆਖ ਸਕਦੇ ਹਾਂ ਜੇਹੜਾ ਕਿਸੇ ਲਾਲਚ ਤੋਂ ਬਿਨਾਂ ਹੋਵੇ। ਜਿਸ ਵਿਚ ਕੋਈ ਦੇਸ਼, ਰਜਵਾੜਾ, ਸ਼ਹਿਰ ਜਾਂ ਦੂਸਰੇ ਦੇ ਮਾਲ ਧਨ ਨੂੰ ਲੁਟ ਪੁਟ ਕੇ ਆਪਣਾ ਕਰਨ ਦੀ ਹਿਵਸ ਨਾ ਹੋਵੇ।

ਅਜਿਹਾ ਦੇਸ ਸੇਵਾ ਦਾ ਪਿਆਰ ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਇਆ। ਉਨ੍ਹਾਂ ਦੇ ਪਿਛੋਂ ਉਨ੍ਹਾਂ ਦੇ ਅੰਮ੍ਰਿਤਧਾਰੀ ਸ਼ਰਧਾਲੂਆਂ ਨੂੰ ਖਾਲਸਾ ਦਲ ਦੇ ਰੂਪ ਵਿਚ ਆਇਆ। ਇਨ੍ਹਾਂ ਦੀਆਂ ਕੁਰਬਾਨੀਆਂ ਦਾ ਸਦਕਾ ਹੀ ਮੁਗਲ ਰਾਜ ਨੇਸਤੋ ਨਾਬੂਦ ਹੋਇਆ ਅਤੇ ਦੇਸ਼ ਵਾਸੀਆਂ ਨੂੰ ਆਪਣੇ ਪੈਰਾਂ ਉਤੇ ਖੜੇ ਹੋਣ ਦਾ ਅਵਸਰ ਮਿਲਿਆ। ਪਰੰਤ ਦੇਸ਼ ਸੇਵਾ ਦਾ ਪਿਆਰ ਬਾਬਾ ਰਾਮ ਸਿੰਘ ਜੀ ਨਾਮਧਾਰੀ ਨੂੰ ਆਗਿਆ, ਉਨ੍ਹਾਂ ਦੀ ਸੰਪ੍ਰਦਾ ਦੇ ਸਿਖ ਤੋਪਾਂ ਨਾਲ ਉਡਾਏ ਗਏ। ਉਹ ਸ਼ਹੀਦ ਹੋ ਗਏ ਤੇ ਮੁਲਕ ਜਾਗ ਪਿਆ। ਇਸ ਜਾਗਰਤਾ ਦੇ ਕਾਰਨ ਹੀ ਲਾਲ ਲਾਜਪਤ ਰਾਏ, ਸ. ਅਜੀਤ ਸਿੰਘ, ਲਾਲਾ ਹਰਦਿਆਲ ਅਤੇ ਹੋਰ ਅਨੇਕਾਂ ਸਾਥੀ ਦੇਸ਼ ਸੇਵਾ ਦੇ ਪਿਆਰ ਵਿਚ ਕੁਦੇ। ਇਨ੍ਹਾਂ ਦੀ ਲਗੀ ਹੋਈ ਜਾਗ ਨਾਲ ਹੋਰ ਵੀ ਅਨੇਕਾਂ ਸਾਥੀ ਜਾਗਦੇ ਰਹੇ,



Sri Satguru Jagjit Singh Ji eLibrary NamdhariElibrary@gmail.com

ਅਤੇ ਆਪਣੀਆਂ ਜ਼ਿੰਦਗੀਆਂ ਦੇਸ਼ ਕੌਮ ਦੇ ਪਿਆਰ ਤੋਂ ਵਾਰਦੇ ਰਹੇ, ਏਸੇ ਪਿਆਰ ਵਿਚ ਹੀ ਲੋਕ ਮਾਨੀਯ ਤਿਲਕ ਜਾਗਿਆ, ਮਹਾਤਮਾ ਗਾਂਧੀ ਜਾਗਿਆ ਅਤੇ ਸੁਬ ਸ਼ ਚੰਦਰ ਬੋਸ ਜਾਗਿਆ ਜੋ ਦੇਸ਼ ਨੂੰ ਗੁਲਾਮੀ ਦੇ ਸੰਗਲਾਂ ਤੋਂ ਮੁਕਤ ਕਰਾ ਗਏ।

ਏਸੇ ਪਿਆਰ ਵਿਚ ਹੀ ਇਹ ਬੱਬਰ ੧੯੨੨ ਵਿਚ ਜਾਗੇ ਸਨ। ਜਿਨ੍ਹਾਂ ਦੀ ਅਮਰ ਕਹਾਣੀ ਦੇਸ਼ ਪਿਆਰ ਤੋਂ ਮਰ ਮਿਟਨ ਦੀ ਪਾਠਕ ਜਨ ਇਸ ਪੁਸਤਕ ਵਿਚ ਪੜ੍ਹ ਕੇ ਅ ਪਣੇ ਮਨ ਨੂੰ ਟਟੋਲਨਗੇ ਕਿ ਉਹ ਕਿਥੇ ਖੜੇ ਹਨ। ਇਹਨਾਂ ਬਬਰਾਂ ਨੇ ਅੰਗਰੇਜ਼ ਹਕੂਮਤ ਦੇ ਜ਼ੁਲਮਾਂ ਤੋਂ ਅਤੇ ਝੋਲੀਚੁਕਾਂ ਦੀਆਂ ਦੇਸ਼ ਵਿਧਰੋਹੀ ਕਰਵਾਈਆਂ ਤੋਂ ਤੰਗ ਆਣ ਕੇ ਇਨ੍ਹਾਂ ਨੂੰ ਸੋਧਨ ਵਾਸਤੇ ੧੯੨੨ ਵਿਚ ਕਮਰ ਕਸਾ ਕਰ ਕੇ ਆਪਣੀਆਂ ਅਮੋਲਕ ਜਾਨਾਂ ਦੀ ਬਾਜ਼ੀ ਲਾ ਦਿਤੀ। ਉਸ ਵੇਲੇ ਅੰਗਰੇਜ਼ ਦਾ ਰਾਜ ਦੁਪੈਹਰ ਦੇ ਸੂਰਜ ਵਾਂਗ ਸਿਖਰ ਤੇ ਸੀ ਅਤੇ ਉਸ ਦੇ ਰੋਹ ਦਬਾ ਅਗੇ ਚਿੜੀ ਨਹੀਂ ਸੀ ਚੁਹਕ ਸਕਦੀ

ਇਨ੍ਹਾਂ ਦੇਸ਼ ਤੋਂ ਕੁਰਬਾਨ ਹੋਣ ਵਾਲੇ ਨਿਰਭੈ ਜੋਧਿਆਂ ਨੇ ਆਪਣੇ ਜਥੇ ਦਾ ਨਾਮ 'ਬਬਰ' [ਵਡਾ ਬਲਵਾਨ ਸ਼ੇਰ] ਰਖਿਆ ਅਤੇ ਜ਼ਾਲਮ ਹਕੂਮਤ ਨੂੰ ਇਹ ਦਸ ਦਿਤਾ ਕਿ ਜਿਥੇ ਤੁਹਾਡੇ ਅਗੇ ਚਿੜੀ ਨਹੀਂ ਚੁਹਕ ਸਕਦੀ ਉਥੇ ਤੁਹਾਡੇ ਜ਼ੁਲਮ ਦਾ ਟਾਕਰਾ ਕਰਨ ਵਾਸਤੇ 'ਬੱਬਰ' ਦਹਾੜੇਗਾ, ਜਿਸ ਦੀ ਗਰਜ ਨਾਲ ਸਭ ਗਿਦੜ ਤੇ ਲੂੰਬੜ ਆਪਣੇ ਘੁਰਨਿਆਂ ਵਿਚ ਜਾ ਵੜਨਗੇ। ਇਨ੍ਹਾਂ ਬਬਰਾਂ ਦੀਆਂ ਦੋ ਗਲਾਂ ਬੜੇ ਗਹੁ ਨਾਲ ਵਿਚਾਰਨ ਵਾਲੀਆਂ ਹਨ ਇਕ ਬਬਰਾਂ ਦੀ ਦ੍ਰਿੜ ਦੇਸ਼ ਭਗਤੀ ਅਤੇ ਦੂਜਾ ਉਚਾ ਸੁੱਚਾ ਚਾਲ ਚਲਣ। ਏਸੇ ਤਰ੍ਹਾਂ ਦੂਏ ਪਾਸੇ ਵਿਰੋਧੀ ਪਖ ਦੇ ਸਰਕਾਰੀ ਪਿਠੂਆਂ ਦੀਆਂ ਵੀ ਦੋ ਗਲਾ ਸਨ। ਇਕ ਦੇਸ਼ ਧ੍ਰੋਹ ਅਤੇ ਦੂਜਾ ਲਾਲਚ ਦੇ ਆਸਰੇ ਹੀ ਇਨ੍ਹਾਂ ਕੌਮ ਘਾਤਕਾਂ ਨੇ ਦੇਸ਼ ਧ੍ਰੋਹੀ ਬਣ ਕੇ ਆਪਣੇ ਉਹਨਾਂ ਵੀਰਾਂ ਨੂੰ, ਜੇਹੜੇ ਦੇਸ਼ ਦੀ ਗੁਲਾਮੀ ਤੋਂ ਇਨ੍ਹਾਂ ਭਾਈਆਂ ਨੂੰ ਹੀ ਮੁਕਤ ਕਰਾਉਣਾ ਚਾਹੁੰਦੇ ਸਨ।



Sri Satguru Jagjit Singh Ji eLibrary NamdhariElibrary@gmail.com

ਫਾਂਸੀਆਂ, ਕਾਲੇ ਪਾਣੀ ਅਤੇ ਕੈਦਾਂ ਕਰਵਾਈਆਂ। ਉਹਨਾਂ ਦੇ ਘਰ ਬਾਹਰ ਬਰਬਾਦ ਕਰਵਾ ਕੇ ਉਨ੍ਹਾਂ ਨੂੰ ਜੀਵਨ ਜੋਗੇ ਨਾ ਛਡਿਆ।

ਪੁਸਤਕ ਦੇ ਹਰ ਪਾਠਕ ਦੇ ਮੂੰਹੋਂ ਪੁਸਤਕ ਦੀ ਇਕ ਇਕ ਸਤਰ ਪੜ੍ਹ ਕੇ ਆਪਣੇ ਆਪ ਹੀ ਬਬਰਾਂ ਨੂੰ ਸ਼ਾਬਾਸ਼ ਅਤੇ ਝੋਲੀਚੁਕਾਂ ਦੇਸ਼ ਧ੍ਰੋਹੀਆਂ ਨੂੰ ਫਿਟਕਾਰਾਂ ਤੇ ਧਿਰਕਾਰਾਂ ਨਿਕਲਦੀਆਂ ਹਨ।

ਉਹ ਬਬਰ ਅਮਰ ਸ਼ਹੀਦ ਹਨ ਜੇਹੜੇ ਆਪਣੇ ਭਰਾਵਾਂ ਦੇ ਹਥੋਂ ਉਨ੍ਹਾਂ ਦਾ ਭਲਾ ਚਾਹੁਣ ਵਾਸਤੇ ਹੀ ਹੱਸ ਹਸ ਕੇ ਫਾਂਸੀਆਂ ਤੇ ਚੜ੍ਹ ਗਏ ਅਤੇ ਬੁਰਾ ਕਿਸੇ ਨੂੰ ਮੂੰਹੋਂ ਨਹੀਂ ਆਖਿਆ।

ਪੁਸਤਕ ਦੇ ਕਰਤਾ ਨੇ ਬਬਰਾਂ ਦੀ ਅਮਰ ਕਹਾਣੀ ਨੂੰ ਜਿਸ ਨਾਵਲ ਕਲਾ ਢੰਗ ਨਾਲ ਦਰਸਾਇਆ ਹੈ ਉਸ ਨੂੰ ਪੜ੍ਹ ਕੇ ਹਰ ਇਕ ਪਾਠਕ ਦੇ ਮਨ ਨੂੰ ਦੇਸ਼ ਸੇਵਾ ਦੇ ਪਿਆਰ ਦਾ ਉਤਸ਼ਾਹ ਉਮਗ ਪੈਂਦਾ ਹੈ। ਜੇ ਇਸ ਅਮਰ ਕਹਾਣੀ ਨੂੰ ਸਟੇਜ ਉਤੇ ਡਰਾਮੇ ਦੇ ਰੂਪ ਵਿਚ ਆਮ ਜੰਤਾ ਦੇ ਸਾਹਮਣੇ ਪੇਸ਼ ਕੀਤਾ ਜਾਵੇ ਤਾਂ ਕਈ ਨੌਜਵਾਨ ਸਾਥੀਆਂ ਦੇ ਹਿਰਦਿਆਂ ਵਿਚ ਇਸ ਉਤਸ਼ਾਹ ਨੂੰ ਥਾਂ ਮਿਲ ਸਕਦਾ ਹੈ।

ਦੇਸ਼ ਸੇਵਾ ਵਾਲਿਆਂ ਦੇ ਆਸਰੇ ਹੀ ਦੇਸ਼ ਵਸਦਾ ਰਸਦਾ ਤੇ ਪ੍ਰਫੁਲਤ ਹੁੰਦਾ।

ਦੇਸ਼ ਸੇਵਾ ਜ਼ਿੰਦਾਬਾਦ! ਦੇਸ਼ ਸੇਵਕ ਜ਼ਿੰਦਾਬਾਦ!!

ਅੰਮ੍ਰਿਤਸਰ
੨੬-੧-੬੨

ਤੇਜਾ ਸਿੰਘ ਸੋਢੀ



Sri Satguru Jagjit Singh Ji eLibrary NamdhariElibrary@gmail.com

www.archive.org/details/namdhari

## ਗਿ: ਤ੍ਰਿਲੋਕ ਸਿੰਘ ਜੀ

### ਰਚਿਤ ਪ੍ਰਸਿਧ ਪੁਸਤਕਾਂ

| | |
|---|---|
| ਜੀਵਨ ਬਾਬਾ ਬੁਢਾ ਜੀ | ੨] |
| ਦੁਖ ਭੰਜਨੀ | ੨] |
| ਬਹਾਦਰ ਸਾਹਿਬ ਕੌਰ | ੨] |
| ਕਾਲੇ ਪਾਣੀ ਨਾਵਲ | ੪] |
| ਪੰਜਾਬ ਦੇ ਨਚਦੇ ਬੋਲ | ੧] |
| ਇਤਿਹਾਸ ਦਸ ਗੁਰੂ ਸਾਹਿਬ ਮੁਕੰਮਲ | ੬] |

## ਸ: ਕਰਮ ਸਿੰਘ ਜੀ

### ਲਿਖਤ ਪ੍ਰਸਿਧ ਪੁਸਤਕ

| | |
|---|---|
| ਜਮਟੋਦ | ੩॥) |
| ਗੰਗਾਸਰ | ੩॥) |
| ਘਲੂਘਾਰਾ | ੩॥] |
| ਦੀਪ ਮਾਲਾ | ੩] |
| ਜੀਵਨ ਸ. ਸ਼ਾਮ ਸਿੰਘ ਅਟਾਰੀ | ੨] |
| ਅੰਤਮ ਕਿਰਨਾ | ੨] |

ਮਿਲਨ ਦਾ ਪਤਾ–

## ਭਾਈ ਚਤਰ ਸਿੰਘ ਜੀਵਨ ਸਿੰਘ

ਪੁਸਤਕਾਂ ਵਾਲੇ–

ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਗੋਲੀ ਚਲਦੀ ਗਈ

## (ਬੱਬਰਾਂ ਦੀ ਵਿੱਥਿਆ)

### ੧.

ਨਿਹਾਲੋ ਨੇ ਸੁਕੇ ਗੋਹੇ ਭੰਨ ਕੇ ਭੜੋਲੀ ਵਿਚ ਸੁਟੇ, ਗੁਆਂਡੀਆਂ ਦੇ ਘਰੋਂ ਅੱਗ ਲਿਆ ਕੇ ਗੋਹਿਆਂ ਤੇ ਰੱਖੀ। ਜਦੋਂ ਗੋਹੇ ਧੁਖ ਪਏ ਤਾਂ ਤੌੜੀ ਵਿਚ ਖੁਲ੍ਹਾ ਪਾਣੀ ਪਾ ਕੇ ਧੁਖਦੇ ਗੋਹਿਆਂ ਉਤੇ ਰੱਖ ਦਿੱਤਾ ਅਤੇ ਆਪ ਮਾਂਹ-ਛੋਲਿਆਂ ਦੀ ਦਾਲ ਥਾਲੀ ਵਿਚ ਪਾ ਕੇ ਚੁਨਣ ਲੱਗ ਪਈ। ਘਰ ਦੀ ਦਲੀ ਹੋਈ ਛੋਲਿਆਂ ਦੀ ਦਾਲ ਸਾਫ਼ ਸੁਥਰੀ ਸੀ, ਮਾਂਹ ਵੀ ਛੱਟੇ ਫੂਕੇ ਸਨ। ਫਿਰ ਵੀ ਉਹ ਨਿਗਾਹ ਮਾਰ ਕੇ ਹੀ ਦਾਲ ਤੌੜੀ ਵਿਚ ਪਾਇਆ ਕਰਦੀ ਸੀ।

ਪਾਣੀ ਤੱਤਾ ਤੇ ਦਾਲ ਤੌੜੀ ਵਿਚ ਪਾਈ ਤੇ ਡਿਉੜੀ ਵਿਚ ਚਰਖਾ ਕੱਤ ਰਹੀ ਆਪਣੀ ਮਾਂ ਕੋਲ ਜਾ ਕੇ ਆਖਣ ਲੱਗੀ, "ਮਾਂ ਦੁੱਕ ਕੁ ਦਾਣੇ ਭੁਨਾ ਲਿਆਵਾਂ ?"

"ਭੱਠੀ ਅਜੇ ਤਪ ਪਈ ਊ।"

ਉਸ ਦੀ ਮਾਂ ਰਾਮ ਕੌਰ ਨੇ ਅਗੋਂ ਉਤਰ ਦਿਤਾ, ਪਰ ਤਕਲੇ ਤੇ ਤੰਦ ਪਾਉਣੋਂ ਨਾ ਰੁਕੀ।

"ਪਲ ਕੁ ਖਲੋ ਜਾ, ਮੈਂ ਜਾਊਂ ਭੱਠੀ ਤੇ। ਛੱਲੀਆਂ ਤੋਰ ਤੂੰ। ਇਹ ਤਿੰਨ ਚਾਰ ਪੂਣੀਆਂ ਰਹਿ ਗਈਆਂ ਨੇ, ਕੱਤ ਕੇ ਜਾਊਂਗੀ।"

ਰਾਮ ਕੌਰ ਅੱਧ-ਖੜ ਉਮਰ ਦੀ ਇਸਤਰੀ ਸੀ। ਪਰ ਹੱਡ ਨਰੋਏ ਸਨ। ਖੱਦਰ ਦਾ ਕੁੜਤਾ ਤੇ ਕਾਲੀ ਰੰਗੀ ਖੱਦਰ ਦੀ ਉਸ ਦੇ ਤੇੜ



Sri Satguru Jagjit Singh Ji eLibrary NamdhariElibrary@gmail.com

ਸਲਵਾਰ ਸੀ। ਮਲ-ਮਲ ਦਾ ਪਾਟਾ ਹੋਇਆ ਲੀੜਾ ਸਿਰ ਤੇ ਰਖੀ ਉਹ ਪੀਹੜੀ ਤੇ ਬੈਠੀ ਚਰਖਾ ਕਤੀ ਜਾ ਰਹੀ ਸੀ। ਸਿਰ ਦੇ ਵਾਲ ਅਣ-ਵਾਹੇ ਤੇ ਖੁਸ਼ਕ ਸਨ। ਚਿਹਰੇ ਉਤੇ ਅਰੋਗਤਾ ਸੀ, ਪਰ ਸਮੇਂ ਅਤੇ ਕਠਨ ਮਿਹਨਤ ਨੇ ਚਿਹਰੇ ਦਾ ਰੰਗ ਕਣਕ-ਰੰਗਾ ਕਰ ਦਿਤਾ ਸੀ, ਜਿਹੜਾ ਚਿਹਰਾ ਜਵਾਨੀ ਵਿਚ ਗੋਰਾ ਤੇ ਲਾਲ ਭਾਹ ਮਾਰਨ ਵਾਲਾ ਸੀ।

ਉਸ ਦੀ ਦੇਹ ਨਰੋਈ ਤੇ ਅਰੋਗ ਹੋਣ ਦਾ ਕਾਰਨ ਇਹ ਵੀ ਸੀ ਕਿ ਜਵਾਨੀ ਵਿਚ ਦੁਖ ਹੋਈ ਨਹੀਂ ਸੀ ਲਗਾ। ਚਾਰ ਬੱਚੇ ਹੋਏ ਸਨ, ਜਿਨ੍ਹਾਂ ਵਿਚੋਂ ਦੋ ਜੀਉਂਦੇ ਸਨ, ਇਕ ਲੜਕਾ ਨਿਹਾਲ ਸਿੰਘ ਤੇ ਲੜਕੀ ਨਿਹਾਲੋ। ਉਸ ਦੀਆਂ ਅਖਾਂ ਦੇ ਤਾਰੇ ਦੋਵੇਂ ਬਚੇ ਸੁੰਦਰ ਤੇ ਅਰੋਗ ਸਨ। ਉਸ ਦਾ ਆਖਾ ਮੰਨਣ ਵਾਲੇ ਸਨ।

ਨਿਹਾਲੋ, ਪੂਰੀ ਮੁਟਿਆਰ ਸੀ। ਉਮਰ ਦੇ ਸਤਾਰ੍ਹਵੇਂ ਸਾਲ ਵਿੱਚ ਉਸ ਨੇ ਪੈਰ ਰਖਿਆ ਸੀ। ਰੂਪ ਤੇ ਜਵਾਨੀ ਉਸ ਨੂੰ ਰਾਮ ਕੌਰ ਕੋਲੋਂ ਵਿਰਸੇ ਵਿਚ ਮਿਲੀ ਸੀ। ਪਿੰਡ ਦੇ ਰਵਾਜ ਅਤੇ ਪੈਸੇ ਦੀ ਥੁੜੋਂ ਦੇ ਕਾਰਨ ਭਾਵੇਂ ਉਸ ਨੇ ਲੁਧਿਆਣੇ ਦੇ ਲੀੜੇ ਪਾਏ ਸਨ, ਫਿਰ ਵੀ ਉਸ ਦਾ ਰੂਪ ਪ੍ਰਭਾਤ ਵਾਂਗ ਨਿਖਰਿਆ ਹੋਇਆ ਸੀ। ਅੱਖਾਂ ਵਿਚ ਚਮਕ, ਹਥਾਂ ਪੈਰਾਂ ਤੇ ਜ਼ਬਾਨ ਵਿਚ ਕਾਹਲ ਅਤੇ ਹਿਰਦੇ ਵਿੱਚ ਧੜਕਣ ਆ ਗਈ ਸੀ। ਜਵਾਨੀ ਦੇ ਸੁਪਨੇ ਸਨ। ਸਹੇਲੀਆਂ ਨਾਲ ਗੀਤ ਗਾਉਂਦੀ ਨਹੀਂ ਸੀ ਥੱਕਦੀ ਭਾਵੇਂ ਰਾਮ ਕੌਰ ਕਿੰਨਾ ਵੀ ਰੋਕਦੀ, ਫਿਰ ਵੀ ਉਹ ਖੁਸ਼ੀ ਦੇ ਪੈਂਦੇ ਗਿੱਧੇ ਵਿਚ ਜਾ ਸ਼ਾਮਲ ਹੁੰਦੀ।

ਰਾਮ ਕੌਰ ਨੇ ਨਿਹਾਲੋ ਨੂੰ ਬਾਹਰ ਜਾਣੋਂ ਕਦੀ ਨਹੀਂ ਸੀ ਰੋਕਿਆ। ਨਾ ਹੀ ਕ੍ਰਿਸਾਨ ਦੀ ਬੇਟੀ ਘਰ ਵਿੱਚ ਬੈਠ ਸਕਦੀ ਹੈ, ਕਿਉਂਕਿ ਉਸ ਨੂੰ ਮਰਦਾਂ ਵਾਂਗ ਹੀ ਬਾਹਰ ਦੇ ਕੰਮ ਕਰਨੇ ਪੈਂਦੇ ਸਨ। ਡੰਗਰਾਂ ਨੂੰ ਛਡਣਾ, ਪਾਣੀ ਪਿਆਉਣਾ ਆਦਿਕ ਧੰਦੇ ਅਮੁਕ ਹਨ, ਬਾਹਰੋਂ ਪੱਠਾ-ਦੱਥਾ ਘਰ ਨੂੰ ਲਿਆਉਣਾ ਆਦਿਕ ਧੰਦੇ ਅਮੁਕ ਹਨ,



Sri Satguru Jagjit Singh Ji eLibrary NamdhariElibrary@gmail.com

ਨਿਹਾਲੋ ਵੀ ਆਪਣੇ ਭਰਾ ਨਾਲ ਕੰਮਾਂ ਵਿੱਚ ਹਥ ਵਟਾਉਂਦੀ ਸੀ—ਇਕ ਛੋਟੇ ਭਰਾ ਦੀ ਤਰ੍ਹਾਂ।

ਪਰ ਸੰਨ ੧੯੭੨ ਈਸਵੀ ਦੇ ਸਾਲ ਵਿਚ ਕੁਝ ਸਮੇਂ ਮਾੜੇ ਹੋ ਗਏ ਸਨ ਰਿਆਸਤ ਕਪੂਰਥਲਾ ਵਿਚ ਚੋਰੀ, ਡਾਕੇ ਤੇ ਕਤਲਾਂ ਵਿਚ ਵਾਧਾ ਹੋ ਗਿਆ ਸੀ। ਪੁਲਸ ਚੋਰਾਂ-ਡਾਕੂਆਂ ਨਾਲੋਂ ਵੀ ਭੈੜੀ ਹੋ ਗਈ ਸੀ। ਉਹ ਲੋਕਾਂ ਨੂੰ ਦੁਖੀ ਕਰਦੀ ਤੇ ਕਿਸੇ ਨ ਕਿਸੇ ਬਹਾਨੇ ਲੋਕਾਂ ਦੀ ਨਿਰਾਦਰੀ ਕਰਦੀ ਸੀ। ਪੁਲਸ ਦੀ ਮਦਦ ਕਰਨ ਵਾਲੇ ਜ਼ੈਲਦਾਰ, ਨੰਬਰਦਾਰ ਤੇ ਚੌਕੀਦਾਰ ਵਿਗੜ ਗਏ ਸਨ। ਇਕ ਦੋ ਮਾੜੀਆਂ ਵਾਰਦਾਤਾਂ ਹੋਣ ਕਰਕੇ ਰਾਮ ਕੌਰ ਨੇ ਨਿਹਾਲੋ ਨੂੰ ਬਾਹਰ ਜਾਣੋਂ ਰੋਕ ਦਿਤਾ ਸੀ ਤੇ ਉਹ ਕਾਹਲੀ ਸੀ ਕਿ ਕੁੜੀ ਦੇ ਫੇਰੇ ਦੇ ਕੇ ਉਸ ਨੂੰ ਸਤਿਕਾਰ ਨਾਲ ਘਰੋਂ ਤੋਰ ਦੇਵੇ। ਨਿਹਾਲੋ ਮੰਗੀ ਤਾਂ ਹੋਈ ਸੀ, ਪਰ ਘਰ ਦੀ ਤੰਗੀ ਨੇ ਵਿਆਹ ਵਿਚ ਢਿਲ-ਮਠ ਪਾਈ ਹੋਈ ਸੀ।

ਨਿਹਾਲੋ ਨੇ ਮਾਂ ਦਾ ਹੁਕਮ ਮੰਨਿਆ। ਮਕਈ ਦੀਆਂ ਛਲੀਆਂ ਛਾਨਣੀ ਵਿਚ ਭੋਰੀਆਂ ਅਤੇ ਪਿਤਲ ਦੀ ਛਾਨਣੀ ਵਿਚ ਪਾ ਕੇ ਮੁੜ ਮਾਂ ਕੋਲ ਆ ਗਈ। ਉਸ ਵੇਲੇ ਰਾਮ ਕੌਰ ਦੀਆਂ ਵੀ ਪੂਣੀਆਂ ਮੁਕ ਗਈਆਂ ਸਨ ਤੇ ਚਰਖਾ ਚੁਕ ਦਿਤਾ ਸੀ।

"ਲੈ ਮਾਂ! ਗਿਲੀ ਆ ਮਕਈ, ਮੁਰਮਰੇ ਕਰਾਈਂ।"

ਰਾਮ ਕੌਰ ਨੂੰ ਦਾਣੇ ਫੜਾਉਂਦੀ ਹੋਈ ਨਿਹਾਲੋ ਨੇ ਆਖਿਆ।

"ਤੁੜੇ ਮਕਈ ਤਾਂ ਬਹੁਤ ਐ।"

"ਐ...ਸ਼ਬਦ ਅਜੇ ਰਾਮ ਕੌਰ ਦੀ ਜ਼ਬਾਨ ਵਿਚ ਹੀ ਸੀ ਕਿ ਨਿਹਾਲ ਸਿੰਘ ਨੇ ਡਿਉਢੀ ਵਿਚ ਆ ਪੈਰ ਰਖਿਆ।

ਉਸ ਨੇ ਤੇੜ ਦੀ ਚਾਦਰ ਕੁਲੁੰਜੀ ਹੋਈ ਸੀ। ਹਥ ਵਿੱਚ ਸੰਮਾਂ ਵਾਲੀ ਡਾਂਗ ਸੀ ਸਿਰ ਦੀ ਪੱਗ ਢਿਲੀ ਸੀ, ਸਾਹ ਚੜ੍ਹਿਆ ਹੋਇਆ ਤੇ ਮੂੰਹ ਲਾਲ ਹੋਇਆ ਹੋਇਆ ਸੀ। ਉਸ ਨੂੰ ਗਲ ਨਾ ਅਹੁੜੀ ਸਿਰਫ ਇਹੋ ਮੂੰਹੋਂ ਨਿਕਲਿਆ, "ਮਾਂ, ਉਰੇ ਹੋ।

ਰਾਮ ਕੌਰ ਨੇ ਜੀਵਨ ਦੇ ਕਈ ਉਤਰਾ-ਚੜ੍ਹਾ ਦੇਖੇ ਸਨ। ਫਿਰ



Sri Satguru Jagjit Singh Ji eLibrary NamdhariElibrary@gmail.com

ਵੀ ਪੁੱਤਰ ਦੀ ਬਦਲੀ ਹਾਲਤ ਦੇਖ ਕੇ ਕੁਝ ਘਬਰਾਈ। ਨਿਹਾਲੋ ਦੀਆਂ ਤਾਂ ਅੱਖਾਂ ਹੀ ਅੱਡੀਆਂ ਰਹਿ ਗਈਆਂ ਤੇ ਉਸ ਦਾ ਦਿਲ ਧੜਕਣ ਲੱਗ ਪਿਆ। ਉਹ ਬੋਲੀ, "ਕੀ ਹੋਇਆ ?"

"ਵੇ ਨਿਹਾਲਿਆ ! ਕੀ ਹੋਇਆ ?" ਰਾਮ ਕੌਰ ਨੇ ਵੀ ਪੁਛਿਆ।

ਪਰ ਨਿਹਾਲ ਸਿੰਘ ਉਨ੍ਹਾਂ ਕੋਲ ਨਾ ਖਲੋਤਾ, ਉਹ ਅਗੇ ਘਰ ਦੇ ਕੋਠਿਆਂ ਵੱਲ ਚਲਾ ਗਿਆ। ਛੱਤਰੇ ਦੇ ਕੋਲ ਜਾ ਕੇ ਚੜ੍ਹੇ ਸਾਹ, ਅਟਕ ਅਟਕ ਕੇ, ਪਰ ਕਾਹਲੀ ਅਤੇ ਕੁਝ ਹੌਲੀ ਉਹ ਆਖਣ ਲੱਗਾ, "ਜ਼ੈਲਦਾਰ ਬਿਸ਼ਨ ਸਿਹੁੰ ਮਾਰ ਦਿੱਤਾ।"

"ਕਿਸ ?" ਰਾਮ ਕੌਰ ਨੇ ਪੁਛਿਆ।

ਨਿਹਾਲੋ ਘਬਰਾ ਗਈ। ਉਹ ਆਪਣੇ ਵੀਰ ਵੱਲ ਦੇਖਦੀ ਰਹੀ ਅਤੇ ਅਗੇ ਕੀ ਹੋਇਆ ਜਾਣਨ ਲਈ ਕਾਹਲੀ ਹੋਈ।

"ਕੋਈ ਓਪਰੇ ਸਨ ਘੋੜੀਆਂ ਉਤੇ, ਮੂੰਹ ਬੰਨ੍ਹੇ ਹੋਏ ਸਨ। ਜ਼ੈਲਦਾਰ ਖੂਹ ਤੋਂ ਪਿੰਡ ਨੂੰ ਆਉਣ ਲੱਗਾ ਸੀ...। ਉਹ ਪਿਛੋਂ ਆਏ। ਉਨ੍ਹਾਂ ਕੋਲ ਬੰਦੂਕਾਂ ਸਨ। ਜ਼ੈਲਦਾਰ ਭੱਜਣ ਲੱਗਾ ਤਾਂ ਭੱਜਣ ਨਹੀਂ ਦਿੱਤਾ। ਹਲ ਵਾਹੁੰਦਿਆਂ ਬਾਪੂ ਨੇ ਗੋਲੀ ਦਾ ਖੜਕਾ ਸੁਣਿਆ। ਅਸੀਂ ਨੱਸ ਗਏ। ਸਵਾਰ ਜ਼ੈਲਦਾਰ ਨੂੰ ਮਾਰ ਕੇ ਨੱਸ ਗਏ। ਘੁਲਾ ਤੇਲੀ ਨਾਲ ਸੀ, ਉਸ ਨੂੰ ਕੁਝ ਨਹੀਂ ਆਖਿਆ। ਉਹ ਪਿੰਡ ਨੂੰ ਭੱਜ ਆਇਆ।"

"ਕਿੰਨੇ ਬੰਦੇ ਸਨ ?" ਨਿਹਾਲੋ ਬੋਲੀ।

"ਚਾਰ ਕੁ ਹੋਣਗੇ, ਗਿਣੇ ਨਹੀਂ।"

"ਮਾਂ !"

ਨਿਹਾਲ ਸਿੰਘ ਨੇ ਰਾਮ ਕੌਰ ਵਲ ਦੇਖ ਕੇ ਆਖਿਆ, ਬਾਪੂ ਆਖਦਾ ਏ, ਆਪਣੀ ਮਾਂ ਤੇ ਭੈਣ ਨੂੰ ਨਾਲ ਲੈ ਕੇ ਹੁਣੇ ਮਾਸੀ ਦੇ ਪਿੰਡ ਚਲੇ ਜਾਓ। ਪੁਲਸ ਦੀ ਧਾੜ ਆਏਗੀ ਤਾਂ ਪਤਾ ਨਹੀਂ ਕੀ ਕਰੇ।

"ਵੇ ਘਰ !"



Sri Satguru Jagjit Singh Ji eLibrary NamdhariElibrary@gmail.com

"ਬਾਪੂ ਹੁਣੇ ਆ ਜਾਂਦਾ ਆ। ਛੇਤੀ ਕਰੋ। ਉਹ ਡੰਗਰ ਘਰ ਨੂੰ ਲਈ ਆਉਂਦਾ ਏ।"

"ਆ ਲੈਣ ਦੇ ਸੂ।'

"ਤੁਸੀਂ ਤਿਆਰ ਤਾਂ ਹੋ। ਦਿਨ ਥੋੜਾ ਆ। ਪੈਂਡਾ ਵੀ ਤਾਂ ਦੋ ਢਾਈ ਕੋਹ ਐ।"

ਉਸੇ ਵੇਲੇ ਰਾਮ ਕੌਰ ਕੋਠੇ ਤੇ ਚੜ੍ਹ ਗਈ। ਕੋਠੇ ਉਤੇ ਚੜ੍ਹ ਕੇ ਉਸ ਨੇ ਜ਼ੈਲਦਾਰ ਦੇ ਉਚੇ ਤੇ ਪੱਕੇ ਚੁਬਾਰਿਆਂ ਵਲ ਵੇਖਿਆ ਤੇ ਸਾਹ ਘੁੱਟ ਕੇ ਵੇਖ ਲਈ ਕਿ ਉਨ੍ਹਾਂ ਨੂੰ ਪਤਾ ਲੱਗਾ ਐ ਕਿ ਨਹੀਂ।

ਪਰ ਉਧਰੋਂ ਕਿਸੇ ਦੇ ਰੋਣ ਪਿੱਟਣ ਦੀ ਅਵਾਜ਼ ਨਾ ਆਈ ਸਾਧਾਰਨ ਚੁਪ ਸੀ। ਸਾਰਾ ਪਿੰਡ ਹੀ ਚੁਪ ਬੈਠਾ ਸੀ। ਜਿਵੇਂ ਕਿ ਇਕ ਦਮ ਚੁਪ ਵੱਟ ਕੇ ਸਾਰੇ ਪਿੰਡ ਨੇ ਹੀ ਧਾਹਾਂ ਮਾਰ ਉਠਣਾ ਸੀ।

"ਮਾਂ ਹੇਠਾਂ ਆ! ਉਪਰ ਕਿਧਰ ਚੜ੍ਹ ਗਈ ਐਂ।' ਨਿਹਾਲ ਸਿੰਘ ਕੁਝ ਖਿਝ ਕੇ ਬੋਲਿਆ।

ਨਿਹਾਲੋ ਕੁਝ ਘਬਰਾ ਗਈ। ਉਸ ਦੇ ਮਥੇ ਉਤੇ ਤਰੇਲੀ ਆ ਗਈ ਤੇ ਡਰ ਨਾਲ ਲੱਤਾਂ ਕੰਬਣ ਲੱਗ ਪਈਆਂ। ਉਸ ਨੂੰ ਇਕ ਸਾਲ ਪਹਿਲੇ ਬੀਤੀ ਘਟਨਾ ਚੇਤੇ ਆਈ ਕਿ ਕਿਵੇਂ ਇਕ ਡਾਕੂ ਦੇ ਮਰ ਜਾਣ ਤੇ ਪਿੰਡ ਵਿਚ ਪੁਲਸ ਆਈ ਸੀ ਤੇ ਪੁਲਸ ਵਾਲਿਆਂ ਨੇ ਪਿੰਡ ਵਿਚ ਆਪਣਾ ਰਾਜ ਹੀ ਕਾਇਮ ਕਰ ਲਿਆ ਸੀ। ਦਸ ਦਿਨ ਪੁਲਸ ਰਹੀ। ਕਿਸੇ ਨੂੰ ਕੁਟਿਆ, ਕਿਸੇ ਕੋਲੋਂ ਘਿਓ ਲਿਆਂ, ਮੁਰਗੇ ਲਏ ਤੇ ਕਿਸੇ ਨੂੰ ਐਵੇਂ ਆਖ ਕੇ ਕਿ ਉਹ ਡਾਕੂਆਂ ਦਾ ਮਿੱਤਰ ਸੀ, ਰੁਪਏ ਝਾੜੇ ਸਨ। ਇਕ ਦੋ ਮੁਟਿਆਰਾਂ ਦੀ ਨਿਰਾਦਰੀ ਵੀ ਕੀਤੀ ਸੀ। ਪੁਲਸ ਦੀ ਲਾਲ ਪੱਗ ਕੋਲੋਂ ਲੋਕ ਉਸੇ ਤਰ੍ਹਾਂ ਹੀ ਡਰਦੇ ਸਨ, ਜਿਵੇਂ ਕੋਈ ਨੇਕ ਤੇ ਭਗਤ ਜਮਾਂ ਕੋਲੋਂ ਡਰਦਾ ਹੈ।

੧੯੨੨ ਵਿਚ ਅੰਗਰੇਜ਼ੀ ਰਾਜ ਦੀ ਪੁਲਸ ਵੀ ਬੜੀ ਭੈੜੀ ਸੀ ਤੇ ਰਿਆਸਤਾਂ ਵਿਚ ਤਾਂ ਵੈਸੇ ਹੀ ਅੰਨ੍ਹੀ ਮੱਚੀ ਹੋਈ ਸੀ। ਦੇਸ਼ ਵਿਚ ਕਾਂਗਰਸ ਦੀ ਚਲਾਈ ਹੋਈ ਸੁਤੰਤਰਤਾ ਦੀ ਲਹਿਰ ਜ਼ੋਰਾਂ ਉਤੇ ਚਲ



Sri Satguru Jagjit Singh Ji eLibrary NamdhariElibrary@gmail.com

ਰਹੀ ਸੀ। ਸਰਕਾਰ ਹਿੰਦ ਤੇ ਰਿਆਸਤਾਂ ਦੇ ਰਾਜਿਆਂ ਨੇ ਸੁਤੰਤ੍ਰਤਾ ਦੀ ਲਹਿਰ ਨੂੰ ਦਬਾਉਣ ਵਾਸਤੇ ਪੁਲਸ ਨੂੰ ਖੁਲ੍ਹੇ ਅਧਿਕਾਰ ਦੇ ਛਡੇ ਸਨ। ਪੁਲਸ ਮਨ-ਆਈਆਂ ਕਰਦੀ ਸੀ।

ਜ਼ੈਲਦਾਰ ਬਿਸ਼ਨ ਸਿੰਘ ਰਾਣੀ ਪੁਰ, ਰਿਆਸਤ ਕਪੂਰਥਲਾ ਦਾ ਇਕ ਵਡ ਝੋਲੀਚੁਕ ਸੀ। ਉਹ ਰਾਤ ਦਿਨੇ ਦੇਸ਼ ਭਗਤਾਂ ਨੂੰ ਫੜਾਉਂਦਾ, ਲੋਕਾਂ ਤੇ ਝੂਠੇ ਮੁਕਦਮੇ ਬਣਵਾਉਂਦਾ ਤੇ ਸ਼ਰਾਬੀ ਕਬਾਬੀ ਸੀ। ਉਹ ਆਖਿਆ ਕਰਦਾ ਸੀ, 'ਸਾਰੀ ਜ਼ੈਲ ਵਿਚ ਮੇਰਾ ਰਾਜ ਹੈ।' ਉਸ ਦੇ ਕਤਲ ਉਤੇ ਭਲਾ ਕਿਉਂ ਨਾ ਪਿੰਡ ਉਤੇ ਸਖਤੀ ਹੋਏਗੀ। ਨਿਹਾਲ ਸਿੰਘ ਤੇ ਨਿਹਾਲੋ ਦੇ ਪਿਤਾ ਸੋਹਣ ਸਿੰਘ ਨੇ ਐਸਾ ਖਿਆਲ ਕਰਕੇ ਹੀ ਤਾਂ ਨਿਹਾਲ ਸਿੰਘ ਨੂੰ ਖੇਤਾਂ ਵਿਚੋਂ ਘਰ ਨੂੰ ਨਸਾਇਆ ਸੀ ਕਿ ਉਹ ਪੁਲਸ ਆਉਣ ਤੋਂ ਪਹਿਲਾਂ ਪਹਿਲਾਂ ਖਿਸਕ ਜਾਏ।

ਰਾਮ ਕੌਰ ਕੋਠੇ ਤੋਂ ਹੇਠਾਂ ਉਤਰੀ। ਉਸ ਨੇ ਨਿਹਾਲ ਸਿੰਘ ਨੂੰ ਕਿਹਾ, ਪੁਤ! ਤੁਸੀਂ ਦੋਵੇਂ ਚਲੋ। ਸਾਰਿਆਂ ਦਾ ਕਠਿਆਂ ਘਰੋਂ ਨਿਕਲਣਾ ਠੀਕ ਨਹੀਂ। ਤੂੰ ਚਲ ਮੜ੍ਹੀਆਂ ਵਾਲੇ ਛਪੜ ਨੂੰ ਤੇ ਨਿਹਾਲੋ ਹੇਠਲੀ ਗਲੀ ਉਥੇ ਪੁਜ ਜਾਂਦੀ ਆ। ਮੈਂ ਵੀ ਪਿਛੋਂ ਆ ਜਾਵਾਂਗੀ। ਮੈਨੂੰ ਕੀ ਡਰ। ਨਾਲੇ ਘਰ ਦਾ ਵੀ ਤਾਂ ਖਿਆਲ ਰੱਖਣਾ ਹੋਇਆ।'

ਚੰਗਾ ਇਸ ਨੂੰ ਮਗਰੋਂ ਭੇਜ ਦੇ।'

ਇਹ ਆਖ ਕੇ ਅਤੇ ਡਾਂਗ ਹਥ ਵਿਚ ਲੈ ਕੇ ਗਭਰੂ ਨਿਹਾਲ ਸਿੰਘ ਘਰੋਂ ਬਾਹਰ ਹੋ ਗਿਆ। ਨਿਹਾਲੋ ਜੁਤੀ ਪਾਉਣ ਲਗੀ ਤੇ ਮਾਂ ਕੋਲੋਂ ਗਲ ਸੁਣਨ ਲਗੀ।

ਗਭਰੂ ਨਿਹਾਲ ਸਿੰਘ ਪਿੰਡੋਂ ਬਾਹਰ ਮੜੀਆਂ ਵਾਲੇ ਛਪੜ ਉਤੇ ਜਾ ਪੁਜਾ। ਉਸ ਦੇ ਅਪੜਨ ਦੇ ਕੋਈ ਦਸ ਪੰਦਰਾਂ ਮਿੰਟ ਪਿਛੋਂ ਨਿਹਾਲੋ ਵੀ ਅਪੜ ਪਈ। ਉਸ ਦੇ ਕੋਲ ਇਕ ਗਠੜੀ ਸੀ। ਉਦਾਲੇ ਉਹੋ ਲੀੜੇ ਸਨ, ਜਿਹੜੇ ਪਹਿਲਾਂ ਘਰ ਪਾਏ ਹੋਏ ਸੀ।

ਗਠੜੀ ਵਲ ਵੇਖ ਕੇ ਨਿਹਾਲ ਸਿੰਘ ਨੇ ਪੁਛਿਆ, 'ਇਹ ਕੀ ਬੰਨ੍ਹ ਲਿਆਈ ਆਂ?'



Sri Satguru Jagjit Singh Ji eLibrary NamdhariElibrary@gmail.com

ਮੇਰੇ ਲੀੜੇ ਨੇ, ਨਾਲੇ ਮਾਂ ਨੇ ਟੂੰਮਾਂ ਦੇ ਦਿਤੀਆਂ ਨੇ ਆਖਦ ਐ, ਮਾਸੀ ਕੋਲ ਰਖੀਂ। ਨਾਲ ਆਖਿਆ ਸੂ ਕਿ ਉਥੇ ਖਵਰੇ ਮਹੀਨਾ ਰਹਿਣਾ ਈ ਪਏ।'

'ਚਲ ਤੁਰ। ੌਲਾ ਪੈ ਗਿਆ। ਸੁਣ!'

ਦੋਹਾਂ ਨੇ ਪਿੰਡ ਵਲ ਵੇਖਿਆ।

ਪਿੰਡ ਵਿਚ ਰੌਲਾ ਪੈ ਗਿਆ। ਘੁਲੇ ਤੇਲੀ ਨੇ ਸ਼ਾਇਦ ਦਸ ਦਿਤਾ। ਜ਼ੈਲਦਾਰਾਂ ਦੇ ਰੌਬਾਟੇ ਵਿਚੋਂ ਚੀਕਾਂ ਉਠ ਆਂ-ਉਹ ਮੜ੍ਹੀਆਂ ਵਾਲੇ ਛਪੜ ਦੇ ਨੇੜੇ ਸੀ।

## ੨.

ਸੂਰਜ ਡੁਬਣ ਤੋਂ ਪਹਿਲਾਂ ਹੀ ਰਿਆਸਤੀ ਪੁਲਸ ਦੀ ਧਾੜ ਰਾਣੀ ਪੁਰ ਪੁਜ ਗਈ। ਪੁਲਸ ਦੇ ੨੫ ਕੁ ਆਦਮੀ ਸਨ। ਕੁਝ ਪੈਦਲ ਆਏ ਤੇ ਕੁਝ ਘੋੜੀਆਂ ਉਤੇ। ਆਉਂਦਿਆਂ ਹੀ ਪਿੰਡ ਨੂੰ ਘੇਰ ਲਿਆ ਤੇ ਹੁਕਮ ਕੀਤਾ ਕਿ ਬੰਦਾ-(ਮਰਦ ਤੀਵੀਂ) ਪਿੰਡੋਂ ਬਾਹਰ ਜਾਣ ਦਾ ਯਤਨ ਨਾ ਕਰੇ।

ਪੁਲਸ ਦੀ ਪਹਿਲੀ ਧਾੜ ਸਿਰਫ ਇਲਾਕੇ ਦੇ ਥਾਨੇ ਦੀ ਸੀ। ਉਸ ਥ ਨੇ ਨੇ ਕਪੂਰਥਲੇ ਸਦਰ ਤੇ ਆਈ. ਜੀ. ਪੀ. ਨੂੰ ਖਬਰ ਭੇਜ ਦਿਤੀ। ਸਦਰ ਦੀ ਪੁਲਸ ਅਜੇ ਆਉਣੀ ਸੀ।

ਜ਼ੈਲਦਾਰ ਬਿਸ਼ਨ ਸਿੰਘ ਦੀ ਲੋਥ ਖੂਹ ਉਤੋਂ ਪਿੰਡ ਨੂੰ ਆਉਂਦੇ ਪਹੇ ਵਿਚ ਪਈ ਸੀ। ਜ਼ੈਲਦਾਦ ਦਾ ਮੂੰਹ ਘੱਟੇ ਨਾਲ ਭਰਿਆ ਸੀ, ਸ਼ਾਇਦ ਉਹ ਪਹਿਲਾਂ ਮੂੰਹ ਭਾਰ ਡਿਗਾ ਸੀ। ਫਿਰ ਉਸ ਨੂੰ ਸਿਧਾ ਲਿਟਾ ਕੇ ਹਿਕ ਵਿਚ ਗੋਲੀ ਮਾਰੀ ਗਈ ਸੀ। ਚਾਰ ਗੋਲੀਆਂ ਲਗੀਆਂ ਸਨ।

ਮਰਨ ਵਾਲੇ ਦੀ ਹਿੱਕ ਉਤੇ ਇਕ ਚਿਠੀ ਸੀ ਤੇ ਉਸ ਦੇ ਕੁੜਤੇ ਦੀ ਜੇਬ ਵਿਚ ਕੁਝ ਕਾਗਜ਼ ਸਨ। ਥਾਣੇਦਾਰ ਰਣਬੀਰ ਸਿੰਘ



Sri Satguru Jagjit Singh Ji eLibrary NamdhariElibrary@gmail.com

ਨੇ ਅਗੇ ਵਧ ਕੇ ਲੋਥ ਨੂੰ ਘੇਰੇ ਵਿਚ ਲੈ ਲਿਆ । ਦੂਰ ਤਕ ਚੱਕਰ ਬਣਾ ਕੇ ਪੁਲਸ ਦੇ ਬੰਦੇ ਖਲਿਆਰ ਦਿਤੇ ਅਤੇ ਆਪ ਅਗੇ ਹੋਇਆ। ਉਸ ਦੀ ਨਿਗਾਹ ਉਸ ਚਿੱਠੀ ਤੇ ਪਈ ਜਿਹੜੀ ਮਰਨ ਵਾਲੇ ਦੀ ਹਿੱਕ ਉਤੇ ਰੱਖੀ ਸੀ । ਉਹ ਚਿੱਠੀ ਉਸ ਨੇ ਚੁਕ ਲਈ । ਕਾਹਲੀ ਨਾਲ ਪੜ੍ਹਨ ਲੱਗਾ। ਪੰਜ ਸਤ ਸਤਰਾਂ ਪੜ੍ਹ ਕੇ ਹੀ ਉਸ ਦੀਆਂ ਲੱਤਾਂ ਕੰਬਣ ਲਗ ਪਈਆਂ ਤੇ ਉਹ ਲੋਥ ਕੋਲੋਂ ਪਿਛੇ ਹਟ ਗਿਆ। ਉਸ ਨੇ ਭੌਂ ਕੇ ਚਾਰ ਚੁਫੇਰੇ ਤੱਕਿਆ । ਸੂਰਜ ਡੁਬ ਰਿਹਾ ਸੀ । ਉਸ ਦੀਆਂ ਅੰਤਮ ਲਾਲ ਕਿਰਨਾਂ ਵਗੀ ਤੇ ਅਣਵਗੀ ਧਰਤੀ ਨੂੰ ਲਾਲ ਰੰਗ ਰਹੀਆਂ ਸਨ। ਰਾਤ ਦੇ ਨੇੜੇ ਆਉਣ ਦੀਆਂ ਨਿਸ਼ਾਨੀਆਂ ਦੇਖ ਕੇ ਪੰਛੀ ਤੇ ਪਸ਼ੂ ਆਪਣੇ ਰੈਣ-ਬਸੇਰਿਆਂ ਵਲ ਜਾ ਰਹੇ ਸਨ । ਪਿੰਡ ਦੀ ਜੂਹ ਵਲੋਂ ਡੰਗਰਾਂ ਦੇ ਵਗ ਪਿੰਡ ਨੂੰ ਆ ਰਹੇ ਸਨ ਪਰ ਪਿੰਡ ਸਾਰਾ ਸਹਿਮਿਆਂ ਹੋਇਆ ਸੀ।

ਥਾਣੇਦਾਰ ਰਣਬੀਰ ਸਿੰਘ ਨੇ ਇਕ ਛੋਟੇ ਥਾਣੇਦਾਰ ਨੂੰ ਕੋਲ ਸੱਦਿਆ । ਜਦੋਂ ਉਸ ਨੇ ਸਲੂਟ ਮਾਰ ਕੇ ਹੁਕਮ ਪੁਛਿਆ, ਤਾਂ ਰਣਬੀਰ ਸਿੰਘ ਨੇ ਕਿਹਾ—

"ਦੇਖੋ ! ਇਕ ਤਾਂ ਤਿੰਨ ਚਾਰ ਲਾਲਟੈਣਾਂ ਦਾ ਪ੍ਰਬੰਧ ਕਰੋ। ਸਾਹਿਬ ਬਹਾਦਰ ਦੇ ਆਉਣ ਤੋਂ ਪਹਿਲਾਂ ਇਹ ਲੋਥ ਨਹੀਂ ਚੁਕੀ ਜਾਏਗੀ। ਦੂਸਰਾ ਸਾਰੇ ਆਦਮੀਆਂ ਨੂੰ ਹੁਸ਼ਿਆਰ ਕਰੋ, ਕੋਈ ਓਪਰਾ ਬੰਦਾ ਨਾ ਪਿੰਡ ਆਏ ਤੇ ਜਿਹੜਾ ਪਿੰਡੋਂ ਬਾਹਰ ਜਾਣ ਦਾ ਜਤਨ ਕਰੇ ਉਸ ਨੂੰ ਰੋਕੋ।"

ਥਾਣੇਦਾਰ ਰਣਬੀਰ ਸਿੰਘ ਨੂੰ ਪੁਲਸ ਵਿਚ ਨੌਕਰੀ ਕਰਦਿਆਂ ਦਸ ਸਾਲ ਹੋ ਗਏ ਸਨ। ਉਹ ਇਕ ਸਰਦਾਰ ਦਾ ਪੁਤਰ ਸੀ ਤੇ ਛੋਟਾ ਥਾਣੇਦਾਰ ਹੀ ਭਰਤੀ ਹੋਇਆ ਸੀ । ਬੰਦਾ, ਪੜ੍ਹਿਆ ਲਿਖਿਆ ਸੀ ਤੇ ਦੂਰੰਦੇਸ਼ ਸੀ, ਪਰ ਰਿਆਸਤ ਦੀ ਨੌਕਰੀ ਤੇ ਵਡੇ ਅਫਸਰਾਂ ਦੀ ਸੰਗਤ ਨੇ ਉਸ ਨੂੰ ਵੀ ਅਸਲ ਪੁਲਸੀਆ ਬਣਾ ਦਿੱਤਾ ਸੀ।

ਜ਼ੈਲਦਾਰ ਬਿਸ਼ਨ ਸਿੰਘ ਦੀ ਲੋਥ ਤੋਂ ਪਰੇ ਹੋ ਕੇ ਉਸ ਨੇ



Sri Satguru Jagjit Singh Ji eLibrary NamdhariElibrary@gmail.com

ਕੁਝ ਹੌਂਸਲਾ ਕਰਕੇ ਮੁੜ ਚਿੱਠੀ ਨੂੰ ਪੜ੍ਹਿਆ । ਪੂਰੀ ਚਿੱਠੀ ਇਉਂ ਸੀ -

'... ...ਜ਼ੈਲਦਾਰ ਬਿਸ਼ਨ ਸਿੰਘ, ਇਕ ਵਡਾ ਝੋਲੀ ਚੁਕ ਹੈ। ਇਸ ਨੇ ਕਈਆਂ ਦੇਸ਼ ਭਗਤਾਂ ਤੇ ਨਿਰਦੋਸ਼ੇ ਪੇਂਡੂਆਂ ਨੂੰ ਫੜਾਇਆ, ਝੂਠੀਆਂ ਗਵਾਹੀਆਂ ਦ ਕੇ ਕੈਦ ਕਰਾਇਆ, ਦੋਂਹ ਦੇਸ਼ ਭਗਤਾਂ ਅਤੇ ਪਰਜਾ ਹਿਤਕਾਰੀਆਂ ਨੂੰ ਸਜ਼ਾਏ ਮੌਤ ਦਵਾਈ ਹੈ। ਸ਼ਰਾਬੀ-ਕ਼ਬਾਬੀ, ਅਯਾਸ਼ੀ ਤੇ ਦੁਰਾਚਾਰੀ ਹੈ। ਐਸੇ ਬੰਦੇ ਦਾ ਜੀਓਣਾ ਚੰਗਾ ਨਹੀਂ, ਜਿਹੜਾ ਦੇਸ਼-ਦੁਸ਼ਮਨ ਤੇ ਲੋਕ-ਦੁਸ਼ਮਨ ਹੋਏ। ਜਿਵੇਂ 'ਬਬਰ ਅਕਾਲੀ ਜਥੇ' ਦਾ ਫੈਸਲਾ ਹੈ ਕਿ ਸਾਰੇ ਝੋਲੀ ਚੁਕ ਮਾਰ ਦੇਣੇ ਹਨ, ਤਿਵੇਂ ਅਸੀਂ ਇਸ ਚੰਡਾਲ ਨੂੰ ਮਾਰ ਚਲੇ ਹਾਂ । ਪਿੰਡ ਦੇ ਕਿਸੇ ਬੰਦੇ ਨੂੰ ਕੁਝ ਨਾ ਕਹਿਣਾ।

ਇਹ ਵੀ ਦਸ ਦਿੰਦੇ ਆਂ ਕਿ ਇਸ ਦੀ ਲੋਥ ਸੜਨ ਤੋਂ ਪਹਿਲਾਂ ਇਕ ਦੋ ਹੋਰ ਚੰਦਰੇ ਬੰਦਿਆਂ ਦੀ ਅਲਖ ਮੁਕਾਉਣੀ ਹੈ, ਇਸ ਵਾਸਤੇ ਆਮ ਲੋਕਾਂ ਨੂੰ ਦਸਿਆ ਜਾਂਦਾ ਹੈ ਕਿ ਇਸ ਦੀ ਅਰਥੀ ਦੇ ਨਾਲ ਕੋਈ ਨਾ ਜਾਏ। ਖ਼ਤਰਾ ਹੈ।

ਜੇ ਪੁਲਸ ਨੇ ਕਿਸੇ ਨੂੰ ਨਿਰਦੋਸ਼ ਤੰਗ ਕੀਤਾ ਜਾਂ ਕਿਸੇ ਉਤੇ ਕਤਲ ਦਾ ਮੁਕੱਦਮਾ ਬਣਾਇਆ ਤਾਂ ਮੁਕਦਮਾ ਬਨਾਉਣ ਵਾਲੇ ਸਾਰੇ ਅਫਸਰਾਂ ਤੇ ਬੰਦਿਆਂ ਨੂੰ ਮਾਰ ਦਿਤਾ ਜਾਏਗਾ।'

'ਬਬਰ ਅਕਾਲੀ'

ਸੂਰਜ ਡੁਬ ਗਿਆ । ਰਾਤ ਹਨੇਰੀ ਆ ਗਈ। ਬਦਲ ਸਨ। ਹਨੇਰਾ ਗੂੜ੍ਹਾ ਹੋ ਗਿਆ । ਹਨੇਰੇ ਦੀ ਕਾਲੀ ਚਾਦਰ ਨੇ ਸਾਰੇ ਪਿੰਡ ਨੂੰ ਵਲ੍ਹੇਟ ਵਿਚ ਲੈ ਲਿਆ । ਲੰਬਰਦਾਰਾਂ ਤੇ ਚੌਧਰੀਆਂ ਨੇ ਪੁਲਸ ਦੀ ਰੋਟੀ ਤਿਆਰ ਕੀਤੀ । ਇਕ ਅਯਾਲੀ ਦਾ ਬਕਰਾ ਫੜ ਕੇ ਝਟਕਾ ਲਿਆ। ਉਸ ਨੇ ਰੋਕਿਆ, ਤਰਲੇ ਕੀਤੇ ਕਿ ਗਰੀਬ ਮਾਰ ਨਾ ਕਰੋ,



Sri Satguru Jagjit Singh Ji eLibrary NamdhariElibrary@gmail.com

ਪਰ ਸੁਣੇ ਕੌਣ ? ਜ਼ੈਲਦਾਰ ਦੇ ਘਰ ਜਾ ਕੇ ਕਿਸੇ ਨੂੰ ਕੁਝ ਮੰਗਣ ਦਾ ਹੌਂਸਲਾ ਨਹੀਂ ਸੀ। ਪਿੰਡ ਦੇ ਸਾਰੇ ਲੋਕ ਸਾਹ ਘੁਟ ਕੇ ਆਪੋ ਆਪਣੇ ਘਰੀਂ ਬੈਠੇ ਰਹੇ।

ਚੋਖੇ ਹਨੇਰੇ ਪੁਲਸ ਦੀ ਲਾਰੀ ਆਈ। ਇਹ ਫ਼ੋਰਡ ਲਾਰੀ ਸੀ ਬਹੁਤਾ ਰੌਲਾ ਪਾਉਣ ਵਾਲੀ। ਮਹਾਰਾਜੇ ਨੇ ਆਈ. ਜੀ. ਨੂੰ ਲੈ ਕੇ ਦਿਤੀ ਸੀ। ਆਈ. ਜੀ. ਖੁਦ ਤਾਂ ਨਾ ਆਇਆ, ਪਰ ਕਪੂਰਥਲਾ ਜ਼ਿਲੇ ਦੇ ਪੁਲਸ ਕਪਤਾਨ ਨੂੰ ਉਸ ਨੇ ਭੇਜ ਦਿਤਾ।

ਥਾਣੇਦਾਰ ਰਣਬੀਰ ਸਿੰਘ ਨੇ ਸਭ ਤੋਂ ਪਹਿਲਾ ਪੁਲਸ ਕਪ-ਤਾਨ ਦੇ ਹੱਥ ਉਹ ਚਿੱਠੀ ਦਿਤੀ, ਜਿਹੜੀ ਉਸ ਨੇ ਮਰਨ ਵਾਲੇ ਦੀ ਹਿਕ ਤੋਂ ਚੁਕੀ ਸੀ। ਉਸ ਚਿੱਠੀ ਨੂੰ ਪੜ੍ਹ ਕੇ ਪੁਲਸ ਕਪਤਾਨ ਕੁਝ ਹੈਰਾਨ ਹੋਇਆ ਤੇ ਕੁਝ ਡਰਿਆ। ਲੋਥ ਵਲ ਜਾਂਦਾ ਹੋਇਆ ਬੋਲਿਆ, 'ਤਾਂ ਇਹ ਖ਼ੂਨ ਵੀ ਬਬਰ ਅਕਾਲੀਆਂ ਕੀਤਾ ਹੈ।'

'ਜੀ! ਪਿੰਡ ਦੇ ਨੰਬਰਦਾਰ ਦਾ ਵੀ ਖਿਆਲ ਐ, ਕਿ ਬੰਦੇ ਬਾਹਰੋਂ ਆਏ ਨੇ।'

'ਕਈ ਮੌਕੇ ਦਾ ਗਵਾਹ।' ਕਪਤਾਨ ਦਾ ਦੂਸਰਾ ਸਵਾਲ ਸੀ।

'ਘੁਲੇ ਤੇਲੀ ਤੋਂ ਬਿਨਾਂ ਹੋਰ ਕੋਈ ਨਹੀਂ ਮੰਨਿਆ ਕਿ ਉਸ ਨੇ ਕਤਲ ਹੁੰਦਾ ਦੇਖਿਆ ਹੈ। ਵੈਸੇ ਆਖਦੇ ਨੇ ਸੋਹਣ ਸਿੰਘ ਦਾ ਹਲ ਵਗਦਾ ਸੀ ਕੋਈ ਤਿੰਨ ਕੁ ਪੈਲੀਆਂ ਦੂਰ।'

'ਘੁਲਾ ਕਿਥੇ ਸੀ ?'

'ਜ਼ੈਲ ਦੇ ਨਾਲ। ਤੇ ਸੋਹਣ ਸਿੰਘ ਨੇ ਆਖਿਆ ਕਿ ਉਸ ਨੇ ਕਿਸੇ ਨੂੰ ਦੇਖਿਆ ਤਾਂ ਨਹੀਂ, ਗੋਲੀ ਦਾ ਖੜਕਾ ਸੁਣ ਕੇ ਦੇਖਿਆ ਤਾਂ ਚਾਰ ਸਵਾਰ ਪਹੇ ਵਿਚੋਂ ਨਿਕਲ ਕੇ ਘੋੜੀਆਂ ਉਤੇ ਸਵਾਰ ਹੋ ਨੱਠ ਗਏ। ਉਨ੍ਹਾਂ ਦੇ ਨੱਠਣ ਪਿਛੋਂ ਘੁਲੇ ਨੇ ਰੌਲਾ ਪਾਇਆ ਸੀ।'

'ਘੋੜੀਆਂ ਦਾ ਖੁਰਾ ਨਪਣਾ ਚਾਹੀਦਾ ਏ।'

'ਚੰਗਾ ਜੀ!'



Sri Satguru Jagjit Singh Ji eLibrary NamdhariElibrary@gmail.com

ਕਪਤਾਨ ਅਤੇ ਉਸ ਦੇ ਪਿਛੇ ਪੰਜ ਛੇ ਹੋਰ ਬੰਦੇ ਉਸ ਥਾਂ ਪੁਜੇ, ਜਿਥੇ ਜ਼ੈਲਦਾਰ ਦੀ ਲੋਥ ਪਈ ਸੀ। ਦੇਖ ਭਾਲ ਸ਼ੁਰੂ ਹੋਈ। ਲਾਲਟੈਨਾਂ ਤੇ ਟਾਰਚਾਂ (ਬਿਜਲੀ ਦੀਆਂ ਹੱਥ ਬੱਤੀਆਂ) ਦੇ ਚਾਨਣ ਵਿਚ ਕਪਤਾਨ ਨੇ ਲੋਥ ਨੂੰ ਧਿਆਨ ਨਾਲ ਵੇਖਿਆ। ਉਸ ਦੇ ਨਾਲ ਮੰਗਲ ਸਹਾਏ ਬਿਸਵੇਦਾਰ ਸੀ। ਉਹ ਵੀ ਤਕੜਾ ਟੋਡੀ ਸੀ। ੧੯੧੪-੧੫ ਦੇ ਅਮਰੀਕਨ ਦੇਸ਼ ਭਗਤਾਂ ਤੇ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਨੂੰ ਰਿਆਸਤ ਦੇ ਪਿੰਡਾਂ ਵਿਚੋਂ ਲਭ ਲਭ ਕੇ ਸਰਕਾਰ ਬਰਤਾਨੀਆਂ ਦੇ ਹਵਾਲੇ ਕੀਤਾ ਸੀ। ਉਸ ਦੀ ਉਮਰ ਭਾਵੇਂ ਸੱਠਾਂ ਸਾਲਾਂ ਤੋਂ ਟੱਪ ਗਈ ਸੀ। ਫਿਰ ਵੀ ਮੂੰਡਾ ਬਣਦਾ ਸੀ ਤੇ ਵਡਾ ਝੋਲੀ ਚੁਕ ਸੀ। ਜਦੋਂ ਕਪਤਾਨ ਨੂੰ ਜ਼ੈਲਦਾਰ ਦੇ ਕਤਲ ਦੀ ਖਬਰ ਮਿਲੀ ਸੀ, ਤਦੋਂ ਉਹ ਕਪਤਾਨ ਦੇ ਲਾਗੇ ਬੈਠਾ ਹੋਇਆ ਉਨ੍ਹਾਂ ਲੋਕਾਂ ਦੇ ਪਤੇ-ਟਿਕਾਣੇ ਦਸ ਰਿਹਾ ਸੀ, ਜਿਹੜੇ ਪਰਜਾ ਮੰਡਲ ਤੇ ਕਾਂਗਰਸ ਦੇ ਹਮਦਰਦੀ ਸਨ। ਜ਼ੈਲਦਾਰ ਉਸ ਦਾ ਮਿਤਰ ਸੀ। ਮਿਤਰ ਦਾ ਮਰਨਾ ਸੁਣ ਕੇ ਉਹ ਰਹਿ ਨਾ ਸਕਿਆ ਤੇ ਕਪਤਾਨ ਦੇ ਨਾਲ ਹੀ ਤੁਰ ਆਇਆ।

ਮੰਗਲ ਸਹਾਏ ਦੇ ਨਾਲ ਨੰਬਰਦਾਰ ਘਸੀਟਾ ਸਿੰਘ ਰਾਣੀ ਪੁਰ ਤੇ ਦੋ ਛੋਟੇ ਥਾਣਦਾਰ ਸਨ। ਥਾਣੇਦਾਰ ਰਣਬੀਰ ਸਿੰਘ ਕਪਤਾਨ ਨੂੰ ਮੌਕਾ ਦਿਖਾ ਰਿਹਾ ਸੀ।

ਹਨੇਰਾ ਸੀ। ਦੂਰ ਦੂਰ ਪੁਲਸ ਖਲੋਤੀ ਸੀ। ਬੰਦੂਕਾਂ ਤੇ ਪਸ-ਤੌਲਾਂ ਕੋਲ ਸਨ। 'ਬਬਰ ਅਕਾਲੀ' ਦੀ ਚਿੱਠੀ ਪੜ੍ਹ ਕੇ ਅਸਲ ਵਿਚ ਤਾਂ ਕਪਤਾਨ ਦੇ ਵੀ ਥੰਮ ਥਿੜਕ ਗਏ ਸਨ। ਉਹ ਸੁਣ ਚੁਕਾ ਸੀ ਕਿ ਬਬਰ ਅਕਾਲੀ ਜਥੇ ਵਾਲੇ ਸਿਰਲਥ ਹਨ। ਉਹ ਮਰਨੋਂ ਮਾਰਨੋਂ ਨਹੀ ਝਿਜਕਦੇ। ਇਹ ਵੀ ਪਤਾ ਨਹੀਂ ਸੀ ਕਿ ਉਹ ਕਿਥੇ ਤੇ ਕਿਸ ਭੇਸ ਵਿਚ ਸਨ।

'ਲੋਥ ਚੁਕਵਾਓ ਤੇ ਲੱਦੋ ਗੱਡੇ ਤੇ।' ਕਪਤਾਨ ਨੇ ਕਿਹਾ- 'ਕਲ ਪੋਸਟ ਮਾਰਟਮ ਹੋਏਗਾ। ਕੇਸ ਰਜਿਸਟਰ ਕਰੋ ਤੇ ਪਿੰਡ ਵਿਚੋਂ



Sri Satguru Jagjit Singh Ji eLibrary NamdhariElibrary@gmail.com

ਪੁਛ ਪੜਤਾਲ ਕਰੋ, ਸ਼ਾਇਦ ਕੋਈ ਬਕਰਾਂ ਦੀ ਠਾਹਰ ਮਿਲ ਜਾਏ।

ਇਹ ਆਖ ਕੇ ਕਪਤਾਨ ਤੁਰ ਪਿਆ। ਰਣਬੀਰ ਸਿੰਘ ਨੇ ਉਸੇ ਵੇਲੇ ਸਿਪਾਹੀਆਂ ਨੂੰ ਹੁਕਮ ਦਿਤਾ ਕਿ ਪਿੰਡੋਂ ਗੱਡਾ ਮੰਗਵਾ ਕੇ ਲੋਥ ਉਸ ਉਤੇ ਰੱਖਣ।

ਮਰਨ ਵਾਲੇ ਜ਼ੈਲਦਾਰ ਬਿਸ਼ਨ ਸਿੰਘ ਦਾ ਵਡਾ ਪੁਤਰ ਲੰਬਰਦਾਰ ਨੂੰ ਨਾਲ ਲੈ ਕੇ ਕਪਤਾਨ ਨੂੰ ਮਿਲਿਆ। ਕਪਤਾਨ ਨੇ ਉਸ ਨੂੰ ਹੌਂਸਲਾ ਦਿਤਾ ਕਿ ਕਾਤਲਾਂ ਨੂੰ ਲੱਭ ਕੇ ਸਜ਼ਾ ਦਿਤੀ ਜਾਏਗੀ ਤੇ ਉਸ ਦੀ ਸਹਾਇਤਾ ਹੋਏਗੀ। ਉਹ ਡਰ ਫਿਕਰ ਨਾ ਕਰੇ।

ਜ਼ੈਲਦਾਰ ਦੇ ਪੁਤਰ ਨੂੰ ਹੌਂਸਲਾ ਦੇ ਕੇ ਕਪਤਾਨ ਲਾਰੀ ਵਲ ਹੋਇਆ ਕੁਝ ਸਿਪਾਹੀ ਤੇ ਉਸ ਦੇ ਸਾਥੀ ਪਹਿਲੇ ਚੜ੍ਹੇ। ਮੰਗਲ ਸਹਾਏ ਚੜ੍ਹਨ ਲੱਗਾ, ਉਸ ਨੇ ਅਜੇ ਇਕ ਕਦਮ ਹੀ ਪੁਟਿਆ ਸੀ ਕਿ ਠਾਹ ਕਰਕੇ ਉਸ ਦੀ ਛਾਤੀ ਵਿਚ ਗੋਲੀ ਵੱਜੀ ਪੱਕੀ ਬੰਦੂਕ ਦੀ ਗੋਲੀ। ਉਹ ਉਲਟ ਕੇ ਡਿਗ ਪਿਆ ਤੇ ਹਲਚਲ ਮਚ ਗਈ। ਸਣੇ ਕਪਤਾਨ ਦੇ ਸਾਰੇ ਬੌਂਦਲ ਗਏ। ਦੋ ਤ੍ਰਿੰਨ ਮਿੰਟ ਤਕ ਕਿਸੇ ਨੂੰ ਇਹ ਵੀ ਨਾ ਔੜਿਆ ਕਿ ਗੋਲੀ ਮਾਰਨ ਵਾਲੇ ਨੂੰ ਫੜਨਾ ਹੈ–ਜਾਂ ਫੜੋ ਵੀ ਕਹਿਣਾ ਹੈ। ਵਾਹਵਾ ਪੰਜ ਕੁ ਮਿੰਟ ਮਿੰਟ ਬੀਤੇ, ਹੋਰ ਗੋਲੀ ਕੋਈ ਨਾ ਚਲੀ, ਤਾਂ ਕਪਤਾਨ ਦੇ ਮੂੰਹੋਂ ਅਵਾਜ਼ ਨਿਕਲੀ ਇਕ ਡਾਡ ਵਾਂਗ, ਫੜੋ! ਬਬਰ! ਕੋਈ ਫੜੋ! ਬਬਰ!



Sri Satguru Jagjit Singh Ji eLibrary NamdhariElibrary@gmail.com

# ੩.

ਮੰਗਲ ਸਹਾਏ ਦਾ ਖ਼ੂਨ ਕੀ ਹੋਇਆ, ਸਾਰੇ ਰਾਣੀ ਪੁਰ ਉਤੇ ਬਿਜਲੀ ਟੁਟ ਪਈ। ਉਤੋਂ ਤਰਕਾਲਾਂ ਪਈਆਂ ਸਨ। ਅਗੋ ਰਾਤ ਹਨੇਰੀ ਸੀ-ਮਸਿਆ ਦੀ ਰਾਤ-ਮਾੜੇ ਮਾੜੇ ਬੱਦਲ ਵੀ ਸਨ। ਜਿਥੇ ਲੋਕਾਂ ਲਈ ਬਿਪਤਾ ਸੀ, ਉਥੇ ਪੁਲਸ ਦੇ ਵੀ ਟੰਗਣ ਢਿੱਲੇ ਹੋ ਗਏ ਸਨ। ਪੁਲਸ ਕਪਤਾਨ ਨੂੰ ਆਪ ਡਰ ਪੈ ਗਿਆ ਸੀ ਕਿ ਕਿਤੇ ਮੇਰਾ ਹੀ ਨਾ ਘੋਗਾ ਚੁਕ ਦੇਣ।

ਮੰਗਲ ਸਹਾਇ ਨੂੰ ਵੇਖਿਆ, ਉਹ ਤਾਂ ਇਕ ਗੋਲੀ ਨਾਲ ਠੰਢਾ ਹੋ ਗਿਆ। ਉਸ ਦੇ ਕਰਮ-ਕੁਕਰਮ ਉਸ ਦੇ ਨਾਲ ਠੰਢੇ ਹੋ ਗਏ। ਲੋਥ ਨੂੰ ਛੇਤੀ ਨਾਲ ਲਾਰੀ ਵਿਚ ਸੁਟ ਲਿਆ ਗਿਆ ਕਿ ਕੋਈ ਚੁਕ ਕੇ ਨਾ ਲੈ ਜਾਏ। ਜਿਹੜਾ ਬੰਦਾ ਪੁਲਸ ਕਪਤਾਨ ਦੇ ਕੋਲ ਹੁੰਦਿਆਂ, ਪੁਲਸ ਦਾ ਘੇਰਾ ਪਾਇਆਂ ਗੋਲੀ ਮਾਰਨ ਦਾ ਹੌਂਸਲਾ ਕਰ ਸਕਦਾ ਹੈ ਉਹ ਭਲਾ ਹੋਰ ਕੀ ਨਹੀਂ ਕਰ ਸਕਦਾ?

ਇਕ ਦਿਨ ਵਿਚ ਦੋ ਖ਼ੂਨ? ਹਨੇਰ ਸਾਂਈਂ ਦਾ। ਖ਼ੂਨ ਵੀ ਫਿਰ ਉਹਨਾਂ ਬੰਦਿਆਂ ਦਾ ਜਿਨ੍ਹਾਂ ਹਰਨਾਕਸ਼ ਵਾਂਗ ਰੱਬ ਭੁਲਾਇਆ ਹੋਇਆ ਸੀ। ਜਿਨ੍ਹਾਂ ਨੂੰ ਮਾਣ ਸ ਕਿ ਉਹਨਾਂ ਦੀ ਵਾ ਵਲ ਕੋਈ ਨਹੀਂ ਵੇਖ ਸਕਦਾ। ਸਾਰਾ ਬਰਤਾਨਵੀ ਸਾਮਰਾਜ ਉਹਨਾਂ ਦੀ ਪਿਠ ਪਿਛੇ ਸੀ। ਮਹਾਰਾਜਾ ਕਪੂਰਥਲਾ ਦੇ ਦਰਬਾਰੀ ਸਨ। ਪੁਲਸ ਉਹਨਾਂ ਦੇ ਇਸ਼ਾਰੇ ਉਤੇ ਨੱਚਦੀ ਸੀ।

ਪੁਲਸ ਕਪਤਾਨ ਨੇ ਅਕਲ ਕੀਤੀ। ਇਕ ਘੋੜ-ਸਵਾਰ ਨੂੰ ਕਿਹਾ, ਪਿੰਡ ਦੇ ਉਦਾਲੇ ਜਿਹੜੇ ਸਿਪਾਹੀ ਖਲੋਤੇ ਨੇ, ਉਹਨਾਂ ਨੂੰ



Sri Satguru Jagjit Singh Ji eLibrary NamdhariElibrary@gmail.com

ਹੁਸ਼ਿਆਰ ਕਰੇ ਕਿ ਕੋਈ ਇਸਤਰੀ ਪੁਰਸ਼, ਬਾਲ ਬੁਢਾ, ਨਹੀਂ ਕੁਤਾ ਬਿਲੀ ਵੀ, ਪਿੰਡੋਂ ਬਾਹਰ ਨਾ ਜਾਏ । ਕੀ ਪਤਾ ਕੋਈ ਬੰਦਾ ਕੁਤੇ ਵਾਂਗ ਕੁਬਾ ਹੋ ਕੇ, ਹੱਥਾਂ ਗੋਡਿਆਂ ਆਸਟੇ ਤੁਰ ਕੇ ਹੀ ਨਾ ਪਿੰਡੋਂ ਨਿਕਲ ਜਾਏ ।

ਆਪ ਉਹ ਜਾਣੋਂ ਰੁਕ ਗਿਆ । ਇਕ ਤਾਂ ਇਸ ਕਰਕੇ ਕਿ ਖੂਨ ਉਸ ਦੀ ਹਾਜ਼ਰੀ ਵਿਚ ਹੋਇਆ ਸੀ, ਦੂਸਰਾ ਉਹ ਕੁਝ ਡਰ ਵੀ ਗਿਆ ਸੀ ਕਿ ਕੋਈ ਰਾਹ ਵਿਚ ਬੰਬ ਮਾਰ ਕੇ ਹੀ ਉਸ ਦੀ ਲਾਰੀ ਨਾ ਉਲਟਾ ਦੇਵੇ । ਕਲਕੱਤੇ ਤੋਂ ਵਾਇਸਰਾਇ ਦੀ ਗੱਡੀ ਆਉਂਦੀ ਵੀ ਉਲਟਾਉਣ ਦਾ ਜਤਨ ਹੋਇਆ ਹੀ ਸੀ । ਕੀ ਹੋਇਆ ਜੇ ਵਾਇਸਰਾਇ ਬਚ ਗਿਆ ਸੀ । ਨਾਲੇ ਨਿਤ ਦਿਹਾੜੇ ਤਾਂ ਪੁਲਸ ਕਪਤਾਨ ਸੁਣਦਾ ਤੇ ਅਖਬਾਰਾਂ ਵਿਚ ਪੜ੍ਹਦਾ ਸੀ ਕਿ ਬੰਗਾਲ ਤੇ ਮਦਰਾਸ ਵਿਚ ਜੁਗ-ਗਰਦ ਬੰਬ ਆਪ ਮਾਰਦੇ ਸਨ । ਸਰਕਾਰ ਦੀ ਭਾਵੇਂ ਕਰੜੀ ਨਿਗਰਾਨੀ ਸੀ, ਫਿਰ ਵੀ ਲੋਕ ਕਿਤਿਓਂ ਨਾ ਕਿਤਿਓਂ ਬੰਬ, ਪੱਕੀਆਂ ਬੰਦੂਕਾਂ, ਪਸਤੌਲ ਤੇ ਕਾਰਤੂਸ ਪ੍ਰਾਪਤ ਕਰ ਹੀ ਲੈਂਦੇ ਸਨ । ਸੂਬਾ-ਸਰਹੱਦ ਦੇ ਵਜ਼ੀਰੀ ਪਠਾਣ ਅਤੇ ਦੇਸੀ ਰਿਆਸਤਾਂ ਦੇ ਅਹਿਲਕਾਰ ਬਥੇਰੇ ਹਥਿਆਰ ਵੇਚ ਦੇਂਦੇ ਸਨ । ਗਲ ਕੀ ਉਪ

'ਖੂਨੀ ਨੂੰ ਲਭੋ ! ਪਿੰਡ ਦੀ ਨੁਕਰ ਨੁਕਰ-ਘਰ ਘਰ, ਅੰਦਰ ਬਾਹਰ, ਦਰਖਤ, ਬੂਟਾ, ਖੇਤ, ਪਠੇ ਮਾਲ ਡੰਗਰ ਹਾਂ ਸਭ ਥਾਂ ਵੇਖੀ ਜਾਏ ।'

ਪਿੰਡ ਵਿਚ ਜਿੰਨੇ ਓਪਰੇ ਬੰਦੇ ਆਏ ਹਨ, ਉਹਨਾਂ ਨੂੰ ਫੜ ਕੇ ਪੁਛ ਪੜਤਾਲ ਕੀਤੀ ਜਾਏ, ਜਿਹੜੇ ਬਾਹਰ ਹਨ, ਉਹਨਾਂ ਦੀ ਸੂਚੀ ਤਿਆਰ ਕੀਤੀ ਜਾਏ । ਜੇ ਕੋਈ ਘਰ ਦੀ ਤਲਾਸ਼ੀ ਵਿਚ ਰੋਕ ਪਾਏ ਉਸ ਨੂੰ ਫੜ ਲਿਆ ਜਾਏ । ਤਲਾਸ਼ੀ-ਸਭ ਥਾਂ ਦੀ ਤਲਾਸ਼ੀ ਲਈ ਜਾਏ ।'

ਪੁਲਸ ਕਪਤਾਨ ਦਾ ਇਹ ਦੂਸਰਾ ਹੁਕਮ ਸੀ । ਆਪ ਉਹ ਲੰਬਰਦਾਰ ਤੇ ਜ਼ੈਲਦਾਰ ਦੇ ਪੁਤਰ ਨਾਲ ਜ਼ੈਲਦਾਰ ਦੇ ਦੀਵਾਨ ਖਾਨੇ



Sri Satguru Jagjit Singh Ji eLibrary NamdhariElibrary@gmail.com

ਵਿਚ ਜਾ ਬੈਠਾ। ਜ਼ੈਲਦਾਰ ਬਿਸ਼ਨ ਸਿੰਘ ਦੀ ਲੋਥ ਨੂੰ ਵੀ ਘਰ ਲਿਆਉਣ ਦਾ ਹੁਕਮ ਦੇ ਦਿਤਾ।

'ਦੇਖੋ! ਬੱਬਰ ਜ਼ਰੂਰ ਰਾਹ ਵਿਚ ਹੋਣਗੇ। ਜੇ ਲੋਥ ਗਡੇ ਤੇ ਕਪੂਰਥਲੇ ਨੂੰ ਗਈ ਤਾਂ ਹੋ ਸਕਦਾ ਹੈ ਕਿ ਉਹ ਖੋਹ ਲੈਣ ਤੇ ਬੰਦਿਆਂ ਨੂੰ ਵੀ ਮਾਰਨ। ਸਵੇਰੇ ਦੋਵੇਂ ਲੋਥਾਂ ਲਾਰੀ ਤੇ ਕਪੂਰਥਲੇ ਜਾਣਗੀਆਂ। ਰਾਤ ਕੁਝ ਨਹੀਂ ਹੋ ਸਕਦਾ।'

ਇਉਂ ਕਪਤਾਨ ਖੁਦ ਡਰ ਪੈਦਾ ਕਰਦਾ ਰਿਹਾ।

ਜ਼ੈਲਦਾਰ ਦੇ ਘਰ ਦੀਵੇ ਬੁਝੇ ਸਨ। ਰੋਣਾ ਪਿਟਣਾ ਪਿਆ ਸੀ। ਉਸ ਦੀ ਹਵੇਲੀ ਦੇ ਪਸ਼ੂ ਵੀ ਸਹਿਮੇ ਹੋਏ ਸਨ। ਪੁਲਸ ਨੇ ਜਿਹੜੀ ਰੋਟੀ ਤਿਆਰ ਕੀਤੀ ਸੀ ਬਕਰੇ ਮਾਰੇ ਸਨ—ਖਾਣੇ ਹਰਾਮ ਹੋ ਗਏ। ਕਾਤਲ ਦੀ ਖੋਜ ਤੇ ਕਪਤਾਨ ਦਾ ਆਉਣਾ, ਦੋਵੇਂ ਸਿਪਾਹੀਆਂ ਲਈ ਬਦਸ਼ਗਨੀਆਂ ਸਨ। ਕਈ ਸਿਪਾਹੀ ਇਕ ਦੂਸਰੇ ਨੂੰ ਆਖਦੇ ਸਨ : 'ਸਾਲਾ ਮੰਗਲ ਸਹਾਏ ਨਾ ਆਉਂਦਾ ਤਾਂ ਚੰਗਾ ਸੀ। ਮਨਹੂਸ ਸਹੁਰਾ। ਇਸ ਦੇ ਮਥੇ ਲਗਿਆਂ ਰੋਟੀ ਨਹੀਂ ਸੀ ਮਿਲਦੀ, ਪਰ ਮਰਦਾ ਹੋਇਆ ਵੀ ਸਾਲਾ ਭੁਖਿਆਂ ਹੀ ਮਾਰਨ ਲੱਗਾ ਏ।'

ਧਰਮ ਰਾਜ ਦੇ ਜਮਦੂਤਾਂ ਕੋਲੋਂ ਕੋਈ ਡਰੇ ਜਾਂ ਨਾ ਡਰੇ, ਪਰ ਉਸ ਵੇਲੇ ਪੁਲਸ ਦੇ ਸਿਪਾਹੀ ਕੋਲੋਂ ਜਮਦੂਤਾਂ ਨਾਲੋਂ ਬਹੁਤਾ ਲਕ ਡਰਦੇ ਸਨ। ਕਿਉਂਕਿ ਉਸ ਵੇਲੇ ਪੁਲਸੀਆਂ ਦੀ ਬੋਲੀ ਚੰਗੀ ਨਹੀਂ ਸੀ ਹੁੰਦੀ। ਗਾਲ੍ਹ ਕੱਢਣ ਤੋਂ ਬਿਨਾਂ ਕਿਸੇ ਨੂੰ ਬੁਲਾਉਂਦੇ ਹੀ ਨਹੀਂ ਸਨ। ਰੋਅਬ ਦੱਸਣ ਵਾਸਤੇ ਮਾਰ ਕੁੱਟ ਕਰਦੇ ਸਨ। ਖਾਊ ਤਕੜੇ ਹੁੰਦੇ ਸਨ।

ਸਾਰੀ ਰਾਤ ਪੁਲਸ ਲੋਕਾਂ ਦੇ ਘਰਾਂ ਦੀ ਤਲਾਸ਼ੀ ਲੈਂਦੀ ਰਹੀ ਲੋਕਾਂ ਨੂੰ ਸੌਣ ਨਾ ਦਿਤਾ ਗਿਆ। ਕਈਆਂ ਨੂੰ ਐਵੇਂ ਹੀ ਜ਼ੈਲਦਾਰ ਦੀ ਹਵੇਲੀ ਵਿਚ ਬਿਠਾ ਛਡਿਆ। ਤਿੰਨ ਚਾਰ ਘਰਾਂ ਦੇ ਤੂੜੀ ਤੇ ਡੰਗਰਾਂ ਵਾਲੇ ਅੰਦਰੋਂ ਪਾਥੀਆਂ ਵਿਚੋਂ ਘਰ ਦੀ ਕੱਢੀ



Sri Satguru Jagjit Singh Ji eLibrary NamdhariElibrary@gmail.com

ਸ਼ਰਾਬ ਦੀਆਂ ਬੋਤਲਾਂ ਮਿਲ ਗਈਆਂ । ਉਹਨਾਂ ਘਰਾਂ ਤੇ ਦੂਹਰੀ ਮੁਸੀਬਤ ਆ ਪਈ । ਪੁਲਸ ਨੇ ਮਨ ਮਰਜ਼ੀ ਕੀਤੀ, ਪਰ ਕਾਤਲ ਨਾ ਲੱਭਾ । ਜਿਹੜੇ ਸਿਪਾਹੀ ਪਿੰਡ ਨੂੰ ਘੇਰਾ ਪਾਈ ਖਲੋਤੇ ਸਨ, ਉਹਨਾਂ ਡੰਡੋਵਤ ਖਲੋਤਿਆਂ ਹੋਇਆਂ ਸਾਰੀ ਰਾਤ ਅੱਖਾਂ ਵਿਚੋਂ ਦੀ ਕੱਢੀ ।

ਦਿਨ ਦਾ ਚੜ੍ਹਾਅ ਹੋਣ ਲੱਗਾ ਤਾਂ ਨਿਰਾਸ ਹੋ ਕੇ ਇਕ ਥਾਣੇਦਾਰ ਪਿੰਡ ਦੇ ਨਾਲ ਛੱਪੜ ਦੇ ਕਿਨਾਰੇ ਖਲੋਤੇ ਰੁਖਾਂ ਨੂੰ ਵੇਖ ਕੇ ਵਾਪਸ ਮੁੜਿਆ ਤੇ ਢੱਠੇ ਖੋਲੇ ਵਿਚੋਂ ਦੀ ਲੰਘਣ ਲੱਗਾ ਸੀ ਕਿ ਟਾਰਚ ਦੀ ਰੋਸ਼ਨੀ ਸੁੱਟਣ ਤੇ ਉਸ ਨੂੰ ਨੰਗੇ ਧੜੰਗੇ ਇਕ ਜਵਾਨ ਦੀ ਲੋਥ ਮਿਲੀ । ਉਹ ਜਵਾਨ ਮੋਇਆ ਪਿਆ ਸੀ, ਪਰ ਪਿੰਡੇ ਉਤੇ ਜ਼ਖਮ ਕੋਈ ਨਹੀਂ ਸੀ ਤੇ ਨਾ ਹੀ ਕਿਤੇ ਲਹੂ ਦੀ ਛਿੱਟ ਸੀ । ਉਸ ਨੂੰ ਗਲ ਘੁਟ ਕੇ ਜਾਂ ਕੋਈ ਜ਼ਹਿਰੀਲੀ ਚੀਜ਼ ਦੇ ਕੇ ਮਾਰਿਆ ਗਿਆ ਸੀ । ਉਸ ਦੇ ਤੇੜ ਇਕ ਪਰਨਾ ਸੀ—ਉਹ ਵੀ ਉਤੇ ਸੁਟਿਆ ਹੋਇਆ—ਹੋਰ ਉਸ ਦਾ ਕੋਈ ਕਪੜਾ ਨਹੀਂ ਸੀ । ਉਹ ਕੌਣ ਸੀ ? ਕਿਸ ਨੂੰ ਪਤਾ ਸੀ ?

ਥਾਣੇਦਾਰ ਨੇ ਪੁਲਸ ਕਪ ਾਨ ਵਲ ਆਦਮੀ ਭਜਾਇਆ । ਉਹ ਜ਼ੈਲਦਾਰਾਂ ਦੇ ਦੀਵਾਨ ਖਾਨੇ ਵਿਚ ਢੋਅ ਵਾਲੇ ਮੂੜ੍ਹੇ ਉਤੇ ਬੈਠਾ ਹੋਇਆ ਹੀ ਸੁੱਤਾ ਹੋਇਆ ਸੀ । ਸਿਪਾਹੀ ਨੇ ਭਾਰੇ ਬੂਟਾਂ ਦਾ ਸਲੂਟ ਮਾਰ ਕੇ ਖੜਕਾ ਕੀਤਾ । ਅਵਾਜ਼ ਦੇ ਕੇ ਆਖਿਆ—'ਜਨਾਬ'

ਪੁਲਸ ਕਪਤਾਨ ਅਬੜਵਾਹਿਆ ਜਾਗਿਆ, ਉਸ ਨੇ ਅੱਖਾਂ ਖੋਹਲ ਕੇ ਪੁਛਿਆ, ਕਿਉਂ ?'

'ਜਨਾਬ ਇਕ ਜਵਾਨ ਦੀ ਲੋਥ ਮਿਲੀ ਹੈ । ਉਸ ਦੇ ਉਦਾਲੇ ਕਪੜਾ-ਲਤਾ ਕੋਈ ਨਹੀਂ । ਨਾ ਕੋਈ ਸਰੀਰ ਤੇ ਜ਼ਖਮ ਹੈ । ਪਤਾ ਨਹੀਂ ਕੌਣ ਤੇ ਕਿਵੇਂ ਮਰਿਆ ? ਥਾਣੇਦਾਰ ਰਾਮ ਪ੍ਰਸ਼ਾਦ ਉਥੇ ਆਪ ਦੀ ਉਡੀਕ ਕਰ ਰਹੇ ਨੇ ।'

'ਕਿਸੇ ਖੂਨੀ ਦਾ ਪਤਾ ਲੱਗਾ ?' ਪੁਲਸ ਕਪਤਾਨ ਨੇ ਸੁਆਲ ਕੀਤਾ ।



Sri Satguru Jagjit Singh Ji eLibrary NamdhariElibrary@gmail.com

'ਨਹੀਂ ਜਨਾਬ।'

'ਚਲੋ!'

ਇਹ ਆਖ ਕੇ ਪੁਲਸ ਕਪਤਾਨ ਉਠਿਆ। ਉਸ ਨੇ ਨਾ ਰਾਤ ਬਰਦੀ ਉਤਾਰੀ ਸੀ ਤੇ ਨਾ ਬੂਟ ਲਾਹੇ ਸਨ। ਨੰਬਰਦਾਰ ਨੇ ਦੁਧ ਤਾਂ ਮਲ਼ੇ-ਮੱਲੀ ਹੀ ਦਿੱਤਾ ਸੀ। ਅੱਖਾਂ ਵਿਚ ਉਨੀਂਦਰਾ, ਲਾਲੀ ਦੇ ਰੂਪ ਵਿਚ ਦਿਸਦਾ ਸੀ।

ਪੁਲਸ ਕਪਤਾਨ ਲੋਥ ਕੋਲ ਪੁਜਾ। ਲੋਥ ਨੂੰ ਵੇਖ ਕ ਨਵਾਂ ਗੋਰਖ ਧੰਦਾ ਉਸ ਦੇ ਅਗ ਆ ਗਿਆ। 'ਇਹ ਤੀਸਰਾ ਖ਼ੂਨ!' ਉਸ ਦੇ ਮੂੰਹੋਂ ਹੈਰਾਨੀ ਨਾਲ ਨਿਕਲਿਆ। ਮਨ ਹੀ ਮਨ ਵਿਚ ਉਸ ਨੇ ਭਗਵਾਨ ਦਾ ਸ਼ੁਕਰ ਕੀਤਾ ਕਿ ਰਾਤ ਨਿਕਲ ਗਈ। ਖ਼ਤਰੇ ਦੀ ਰਾਤ। ਤੇ ਉਹ ਬਚ ਗਿਆ।

'ਇਸ ਦਾ ਵੀ ਨਕਸ਼ਾ ਤਿਆਰ ਕਰੋ। ਸਾਰੇ ਪਿੰਡ ਨੂੰ ਬੁਲਾ ਕੇ ਇਸ ਦੀ ਸ਼ਨਾਖਤ ਕਰੋ। ਕਿਸ ਦਾ ਬੰਦਾ ਹੈ ਤੇ ਕੌਣ ਹੈ? ਪਤਾ ਨਹੀਂ ਕੀ ਬਣੇਗਾ! ਇਕ ਰਾਤ ਵਿਚ ਤਿੰਨ ਖ਼ੂਨ।'

ਪਿੰਡ ਦੇ ਦੂਸਰੇ ਪਾਸੇ ਦੀ ਤਲਾਸ਼ੀ ਲੈ ਕੇ ਇਕ ਹੋਰ ਹਵਾਲਦਾਰ ਤੇ ਥਾਣੇਦਾਰ ਆਏ। ਉਨ੍ਹਾਂ ਨੇ ਕਪਤਾਨ ਨੂੰ ਰੀਪੋਰਟ ਕਰਨੀ ਸੀ। ਹਵਾਲਦਾਰ ਨੇ ਜਿਉਂ ਹੀ ਲੋਥ ਵਲ ਨਿਗਾਹ ਮਾਰੀ ਤਾਂ ਕਿਹਾ, 'ਇਹ ਤਾਂ ਸੋਮਨਾਥ ਸਿਪਾਹੀ ਐ! ਇਸ ਨੂੰ ਕਿਸ ਮਾਰਿਆ?'

'ਸੋਮਨਾਥ ਸਿਪਾਹੀ!' ਕਪਤਾਨ ਹੈਰਾਨੀ ਨਾਲ ਬੋਲਿਆ।

'ਹਾਂ ਜਨਾਬ, ਸਿਪਾਹੀ। ਇਹ ਡਿਊਟੀ ਤੇ ਸੀ।'

ਹਵਾਲਦਾਰ ਨੇ ਅਗੇ ਹੁੰਦੇ ਹੋਇਆ ਆਖਿਆ। ਉਸ ਨੇ ਮਰਨ ਵਾਲੇ ਦੀ ਸਜੀ ਬਾਂਹ ਚੁਕੀ। ਹਿੰਦੀ ਵਿਚ ਉਸ ਤੇ 'ਸੋਸ ਨਾਥ' ਲਿਖਿਆ ਸੀ।

ਇਸ ਦੀ ਵਰਦੀ! ਬੰਦੂਕ!!'

'ਸਾਰੇ ਸਿਪਾਹੀਆਂ ਦੀ ਗਿਣਤੀ ਕਰ ਕੇ ਤਸੱਲੀ ਕੀਤੀ ਜਾਏ।



Sri Satguru Jagjit Singh Ji eLibrary NamdhariElibrary@gmail.com

ਹੁਣੇ ਇਕ ਆਦਮੀ ਆਈ. ਜੀ. ਸਾਹਿਬ ਬਹਾਦਰ ਤੇ ਮਹਾਰਾਜਾ ਸਾਹਿਬ ਵਲ ਭੇਜਿਆ ਜਾਏ। ਮਾਮਲਾ ਬਹੁਤ ਵਿਗੜ ਗਿਆ ਏ। ਕਾਤਲ ਜ਼ਰੂਰ ਇਸ ਪਿੰਡ ਦਾ ਬੰਦਾ ਏ।'

ਇਕ ਥਾਣੇਦਾਰ ਨੇ ਕਪਤਾਨ ਨੂੰ ਸਲਾਹ ਦਿਤੀ।

ਕਪਤਾਨ ਸੋਚਾਂ ਵਿਚ ਡੁਬ ਗਿਆ। ਉਸ ਨੇ ਡੂੰਘੀ ਸੋਚ ਡੁਬੀ ਮਾਰ ਕੇ ਕਿਹਾ, 'ਇਉਂ ਪ੍ਰਤੀਤ ਹੁੰਦਾ ਏ ਕਿ ਮੰਗਲ ਸਹਾਇ ਦੇ ਕਤਲ ਤੋਂ ਪਹਿਲਾਂ ਇਹ ਸਿਪਾਹੀ ਮਾਰਿਆ ਗਿਆ ਹੈ। ਕਾਤਲ ਨੇ ਇਸ ਦੀ ਵਰਦੀ ਪਾ ਕੇ, ਬੰਦੂਕ ਲੈ ਕੇ ਪੁਲਸ ਨੂੰ ਧੋਖਾ ਦਿਤਾ ਹੈ। ਉਹ ਲਾਰੀ ਦੇ ਕੋਲ ਹੋਏਗਾ। ਗੋਲੀ ਮਾਰ ਕੇ ਫਿਰ ਛਾਈਂ ਮਾਈਂ ਹੋ ਗਿਆ। ਬੱਬਰਾਂ ਦੀ ਕੋਈ ਨਾ ਕੋਈ ਨਾ ਕੋਈ ਇਸ ਪਿੰਡ ਦੇ ਚੌਗਿਰਦੇ ਜ਼ਰੂਰ ਹੈ। ਇਸ ਪਿੰਡ ਵੀ ਠਾਹਰ ਹੋਏਗੀ।'



Sri Satguru Jagjit Singh Ji eLibrary NamdhariElibrary@gmail.com

# ੪.

ਨਿਹਾਲ ਕੌਰ ਤੇ ਨਿਹਾਲ ਸਿੰਘ ਦੋਵੇਂ ਭੈਣ ਭਰਾ ਸੂਰਜ ਡੁਬਣ ਪਿਛੋਂ ਆਦਮਪੁਰ ਪੁਜੇ। ਆਦਮਪੁਰ ਉਹਨਾਂ ਦੀ ਮਾਸੀ ਦਾ ਪਿੰਡ ਸੀ। ਉਹਨਾਂ ਦੀ ਮਾਸੀ ਕਰਤਾਰ ਕੌਰ ਨੇ ਜਦੋਂ ਉਹਨਾਂ ਦੇ ਆਉਣ ਦਾ ਕਾਰਨ ਜਾਣਿਆਂ ਤਾਂ ਕੁਝ ਭੈ ਭੀਤ ਹੋ ਕੇ ਬੋਲੀ—'ਭੈਣ ਨੂੰ ਵੀ ਨਾਲ ਲਈ ਆਉਣਾ ਸੀ। ਸਮੇਂ ਬੜੇ ਬੁਰੇ ਆਏ ਹਨ। ਪੁਲਸ ਤਾਂ ਹਲਕਾਏ ਕੁਤਿਆਂ ਵਾਂਗ ਹਰਲ ਹਰਲ ਕਰਦੀ ਭੱਜੀ ਫਿਰਦੀ ਆ। ਪਰਸੋਂ ਏਥੇ ਵੀ ਸਿਪਾਹੀਆਂ ਦੀ ਧਾੜ ਆਈ ਸੀ। ਏਥੇ ਮੰਗੋ ਮਹਿਰੀ ਆ। ਉਸ ਦਾ ਆਦਮੀ ਤਾਂ ਦਸ ਕੁ ਸਾਲ ਹੋਏ ਮਾਰਿਆ ਗਿਆ ਸੀ—ਕਲਕਤੇ—ਆਖਦੇ ਨੇ ਮਿਰਕਣ (ਅਮਰੀਕਾ) ਤੋਂ ਆਇਆ ਸੀ। ਗੋਲੀ ਚਲਾਕੇ ਗੋਰਿਆਂ ਨੇ ਬੜੇ ਲੋਕ ਮਾਰੇ ਸਨ, ਉਹਨਾਂ ਵਿਚ ਉਹ ਵੀ ਮਾਰਿਆ ਗਿਆ। ਉਸ ਦਾ ਇਕੋ ਇਕ ਪੁਤਰ ਆ ਧਰਮੂ—ਉਹ ਸਾਧ ਹੋਇਆ ਫਿਰਦਾ ਆ। ਪੇਲੀ ਬੰਨਾ ਵਿਚਾਰਿਆਂ ਦਾ ਕੋਈ ਨਹੀਂ। ਲੋਕਾਂ ਦੇ ਘਰਾਂ ਦਾ ਪਾਣੀ ਭਰ ਕੇ ਝੱਟ ਲੰਘਾਉਂਦੀ ਆ। ਗਰੀਬਣੀ ਵਿਧਵਾ। ਕਿਸੇ ਨਖੱਤੇ ਨੇ ਮੂੰਹ ਮਾਰ ਦਿਤਾ ਈ ਪੁਲਸ ਕੋਲ, ਕਿ ਧਰਮੂ ਵੀ ਓਸ ਢਾਣੀ ਨਾਲ ਜਾ ਰਲਿਆ ਫਿਰਦਾ ਏ, ਜਿਹੜੀ ਝੋਲੀ ਚੁਕਾਂ ਨੂੰ ਮਾਰਦੀ ਫਿਰਦੀ ਐ।'

'ਮਾਸੀ ਇਹ ਝੋਲੀ ਚੁਕ ਕੌਣ ਨੇ?' ਨਿਹਾਲੋ ਨੇ ਪੁਛਿਆ।

'ਤੈਨੂੰ ਦਸਿਆਂ ਤਾਂ ਐ ਕਿ ਜ਼ੈਲਦਾਰ ਬਿਸ਼ਨੇ ਵਰਗੇ, ਜਿਹੜੇ ਸਰਕਾਰ ਕੋਲ ਚੁਗਲੀਆਂ ਕਰਦੇ ਨੇ—ਲੋਕਾਂ ਦੀਆਂ।'

ਨਿਹਾਲ ਸਿੰਘ ਕੁਝ ਖਿਝ ਕੇ ਬੋਲਿਆ।



Sri Satguru Jagjit Singh Ji eLibrary NamdhariElibrary@gmail.com

'ਫਿਰ ਕੀ ਹੋਇਆ ਮਾਸੀ, ਤੂੰ ਗਲ ਦਸ ਮੰਗੋ ਦੀ।'

'ਮੰਗੋ ਦੀ ਗੱਲ ਕੀ ਦੱਸਾਂ—ਇਕ ਥਾਣੇਦਾਰ ਕਿੰਨੇ ਸਾਰੇ ਸਿਪਾਹੀ ਲੈ ਕੇ ਤੜਕੇ ਹੀ ਪਿੰਡ ਆ ਗਿਆ। ਮੰਗੋ ਦਾ ਘਰ ਘੇਰ ਲਿਆ। ਉਹ ਵਿਚਾਰੀ ਸੁਤੀ ਪਈ ਸੀ। ਡਰ ਗਈ। ਉਸ ਨੂੰ ਪੁਛਣ ਲਗੇ, 'ਤੇਰਾ ਪੁਤਰ ਕਿਥੇ ਆ ?' ਉਹ ਵਿਚਾਰੀ ਘਾਬਰ ਗਈ ਤੇ ਉਸ ਨੇ ਆਖਿਆ, 'ਮੈਨੂੰ ਕੀ ਪਤੈ ? ਉਹ ਤਾਂ ਚਾਰ ਸਾਲ ਹੋਏ ਫਿਰਦਾ ਐ। ਘਰ ਬੜਦਾ ਨਹਾਂ। ਜਦੋਂ ਦਾ ਉਹਦਾ ਪਿਉ ਮਾਰਿਆ ਗਿਆ ਐ, ਉਹ ਤਾਂ ਬੌਂਦਲਿਆ ਈ ਫਿਰਦਾ ਐ। ਪੁਛ ਲੌ ਸਾਰੇ ਪਿੰਡ ਨੂੰ। ਮੈਂ ਤਾਂ ਮਿਹਨਤ ਮਜੂਰੀ ਕਰਕੇ ਝੱਟ ਟਪਾਉਂਦੀ ਆਂ।'

ਚੰਦਰੇ ਥਾਣੇਦਾਰ ਨੇ ਇਕ ਨਾ ਸੁਣੀ। ਖਬਰੇ ਕਿਹੜੀ ਮਿੱਟੀ ਦਾ ਘੜਿਆ ਸੀ। ਲੈਂਦੇ ਦੇਂਦੇ ਨੇ ਮੰਗਲਾਂ ਨੂੰ ਤਿੰਨ ਚਾਰ ਧੌਲਾਂ ਮਾਰ ਦਿੱਤੀਆਂ—ਗੱਦੇਂ ਥੋਤੇ ਦਿਤੇ। ਉਹ ਪੱਥਰ ਤੋਲ ਸਨ ਜਿਹੜੇ ਸੁਣੇ ਨਹੀਂ ਸਨ ਜਾਂਦੇ। ਆਖਰ ਭਲਾ ਹੋਵੇ ਲੰਬਰਦਾਰ ਤਾਰਾ ਸਿਹੋਂ ਦਾ, ਉਹਨੇ ਜਾ ਕੇ ਵਿਚਾਰੀ ਨੂੰ ਛੁਡਾਇਆ ਤੇ ਆਪ ਜ਼ਿਮੇਵਾਰੀ ਚੱਕੀ ਕਿ ਉਹਦਾ ਪੁਤਰ ਧਰਮੂ ਤਾਂ ਕਦੀ ਘਰ ਨਹੀਂ ਬੜਿਆ।... ਮੰਗਲਾਂ ਬਿਚਾਰੀ ਅਜੇ ਤਕ ਅੰਦਰ ਪਈ ਐ, ਨਾ ਖਾਂਦੀ ਏ ਨਾ ਪੀਂਦੀ। ਬੱਚੀ ਜੇ ਤੁਸੀਂ ਭੈਣ ਨੂੰ ਵੀ ਲੈ ਆਉਂਦੇ ਤਾਂ ਚੰਗਾ ਸੀ ਸਵੇਰੇ ਹੁਣ ਜ਼ਰੂਰ ਜਾਇਓ ! ਨਹੀਂ ਤੇ ਤੇਰੇ ਮਾਸੜ ਨੂੰ ਭੇਜਾਂਗੀ।'

ਰਾਤ ਗਲਾਂ ਕਰਦਿਆਂ ਬੀਤ ਗਈ। ਤੜਕੇ ਹੀ ਨਿਹਾਲੋ ਦੇ ਮਾਸੜ ਸੁਰਾਇਣ ਸਿੰਘ ਨੂੰ ਗਾਣੀ ਪੁਰ ਤੋਰ ਦਿਤਾ, ਤਾਂ ਕਿ ਉਹ ਇਕ ਤਾਂ ਰਾਮ ਕੌਰ ਨੂੰ ਲੈ ਆਏ ਦੂਸਰਾ ਪਤਾ ਲੈਣ ਗਿਆ ਕਿ ਪਿੰਡ ਵਾਲਿਆਂ ਨਾਲ ਕੀ ਵਾਪਰੀ ਸੀ।

ਵਾਹਵਾ ਦਿਨ ਚੜ੍ਹੇ, ਮੰਗੋ ਪਾਣੀ ਦਾ ਘੜਾ ਲੈ ਕੇ ਆ ਗਈ। ਉਹ ਚਾਲੀ ਕੁ ਸਾਲਾਂ ਦੀ ਉਮਰ ਵਾਲੀ ਤੀਵੀਂ ਸੀ। ਰੰਗ ਪੱਕਾ, ਕੱਦ



Sri Satguru Jagjit Singh Ji eLibrary NamdhariElibrary@gmail.com

ਲੰਮਾ ਤੇ ਨਕਸ਼ ਤਿੱਖੇ ਸਨ । ਉਹ ਆਪਣੀ ਉਮਰ ਤੋਂ ਛੋਟੀ ਲਗਦ ਸੀ। ਟਾਕੀਆਂ ਲੱਗੀਆਂ ਵਾਲੀ ਤੇੜ ਸਲਵਾਰ, ਗਲ ਝੱਗਾ, ਜਿਸ ਦੇ ਬੰਤ੍ਰੇ ਵੀ ਟੁਟੇ ਹੋਏ ਸਨ ਤੇ ਹਿੱਕ ਨਜ਼ਰ ਆਉਂਦੀ ਸੀ। ਝਗੇ ਨੂੰ ਵੀ ਮੋਰਾਂ ਉਤੇ ਟਾਕੀ ਲੱਗੀ ਹੋਈ ਸੀ । ਸਿਰ ਉਤੇ ਕਾਲੀ ਖੱਦਰ ਦੀ ਫੁਲਕਾਰੀ ਸੀ, ਜਿਸ ਉਤੇ ਲਾਲ ਤੇ ਪੀਲੇ ਪੱਟ ਦੀਆਂ ਨਿੱਕੀਆਂ ਨਿੱਕੀਆਂ ਬੂਟੀਆਂ ਪਈਆਂ ਹੋਈਆਂ, ਸਿਰ ਦੇ ਵਾਲ ਅਨਵਾਹੇ ਤੇ ਖੁਸ਼ਕ ਸਨ । ਕਈ ਲਿਟਾਂ ਲਮਕਦੀਆਂ ਸਨ, ਟਾਕੀ ਦੀ ਪਰਾਂਦੀ ਪਾ ਕੇ ਗੁਤ ਕੀਤੀ ਹੋਈ ਸੀ ।

ਪਾਣੀ ਦਾ ਵੱਡਾ ਘੜਾ ਉਸ ਨੇ ਨਿਹਾਲੋ ਦੀ ਮਾਸੀ ਦੇ ਘੜਿਆਂ ਵਿਚ ਪਲਟਿਆ । ਜਦੋਂ ਉਹ ਘੜਾ ਢਾਕੇ ਲਾ ਕੇ ਜਾਣ ਲੱਗੀ, ਤਾਂ ਨਿਹਾਲੋ ਦੀ ਮਾਸੀ ਕਰਤਾਰ ਕੌਰ ਨੇ ਉਸ ਨੂੰ ਅਵਾਜ਼ ਮਾਰ ਲਈ, 'ਮੰਗੋ ! ਬਹਿ ਜਾ, ਸੁਣਾ ਫਿਰ ਤਾਂ ਕੋਈ ਨਹੀਂ ਆਇਆ ।'

'ਨਹੀਂ ਕਰਤਾਰ ਕੌਰੇ ! ਅੱਛਾ ਉਸ ਨੇ ਵੀ ਤਾਂ ਔਤਰ ਹੀ ਜਾਣਾ ਹੈ, ਜਿਸ ਨੇ ਮੂੰਹ ਮਾਰ ਕੇ ਮੇਰੀ ਪਾਣ ਪਤ ਲੁਹਾਈ ਆ ।'

ਮੰਗੋ ਨੇ ਇਕ ਟੰਢਾ ਸਾਹ ਲੈ ਕੇ ਆਖਿਆ ਤੇ ਮੰਜੀ ਉਤੇ ਬੈਠ ਗਈ। ਕਰਤਾਰ ਕੌਰ ਚੌਂਤਰੇ ਵਿਚ ਬੈਠੀ ਹੋਈ ਰੋਟੀਆਂ ਪਕਾ ਰਹੀ ਸੀ ਤੇ ਉਸ ਦੇ ਲਾਗੇ ਹੀ ਨਿਹਾਲੋ ਪੀਹੜੀ ਤੇ ਬੈਠੀ ਸੀ। ਚੌਂਤਰੇ ਵਿਚ ਕਾਫੀ ਭਾਂਡੇ ਖਿਲਰੇ ਹੋਏ ਸਨ ।

ਕਰਤਾਰ ਕੌਰ ਨੇ ਫਿਰ ਪੁਛਿਆ, 'ਨੀ ਕੁਝ ਤੈਨੂੰ ਵੀ ਸੂਹ ਲੱਗੀ ਕਿਸ ਨੇ ਮੂੰਹ ਮਾਰਿਐ ?'

'ਭਲਾ ਭੈਣ ! ਇਹ ਗੱਲਾਂ ਕੀ ਗੁਝੀਆਂ ਛਿਪੀਆਂ ਰਹਿ ਸਕਦੀਆਂ ਨੇ । ਮੂੰਹ ਮਾਰਿਆ ਈ ਔਂਤਰੇ ਨਖੱਤਰੇ ਅਮਲੀ ਸ਼ਾਮੇ ਨੇ ।

'ਉਸ ਰੁੜ ਪੁੜ ਜਾਣੇ ਨੂੰ ਢਿੱਡ ਪੀੜ ਹੋਈ ਸੀ ?'



Sri Satguru Jagjit Singh Ji eLibrary NamdhariElibrary@gmail.com

'ਕੀ ਦੱਸਾਂ ! ਗੱਲਾਂ ਕਰਨ ਵਾਲੀਆਂ ਨਹੀਂ । ਰੱਬ ਜਦੋਂ ਬੈਦੇ ਪਾਉਂਦਾ ਏ ਉਦੋਂ ਇਉਂ ਹੀ ਹੁੰਦਾ ਐ। ਗ਼ਰੀਬ ਦੀ ਬਹੂ ਹਰ ਇਕ ਦੀ ਭਰਜਾਈ ਵਾਲੀ ਗਲ ਐ । ਤੂੰ ਭੈਣ ਏਂ ਤੇਰੇ ਕੋਲੋਂ ਕੀ ਲੁਕਾ, ਇਹ ਔਂਤਰਾ ਦੋ ਸਾਲ ਤੋਂ ਪਿਛੇ ਲਗਾ ਫਿਰਦਾ ਈ।'

'ਕਿਉਂ ?'

'ਆਂਹਦਾ ਈ ਚਾਦਰ ਪਾਉਣ ਨੂੰ !'

'ਹੈਂ ਫਟਕੀ ਪਵੇ ਸੂ।'

ਕਰਤਾਰ ਕੌਰ ਨੇ ਹੱਥਲਾ ਕੰਮ ਛਡ ਕੇ ਹੈਰਾਨੀ ਜਹੀ ਦੇ ਲਹਿਜੇ ਵਿਚ ਮੰਗੋ ਵਲ ਵੇਖਦਿਆਂ ਆਖਿਆ । ਨਿਹਾਲੋ ਦੀਆਂ ਅੱਖਾਂ ਵੀ ਆਪ ਮੁਹਾਰੇ ਮੰਗੋ ਵਲ ਹੋ ਗਈਆਂ।

'ਦੋ ਕੁ ਮਹੀਨੇ ਹੋਏ ਨੇ, ਮੀਂਹ ਬਰਦੇ ਵਿਚ ਤਰਕਾਲਾਂ ਨੂੰ ਘਰ ਆ ਗਿਆ । ਸ਼ਰਾਬੀ ਸੀ, ਬੋਤਲ ਹਥ ਵਿਚ ਫੜੀ ਸੀ ਸੂ । ਨਸ਼ੇ ਦੇ ਲੋਨ ਵਿਚ ਮਾਰਨ ਲੱਗ ਪਿਆ ਏਧਰ ਓਧਰ ਦੀਆਂ ਤੇ ਮੈਨੂੰ ਆਖੇ ਸ਼ਰਾਬ ਪੀ ਕੇ । ਮੈਂ ਧਕੇ ਮਾਰ ਕੇ ਬਾਹਰ ਕੱਢ ਦਿੱਤਾ । ਬਸ ਉਸ ਦਿਹਾੜੇ ਦਾ ਵੈਰ ਪੈ ਗਿਆ । ਫਿਰ ਮਿਲਿਆ ਬਾਹਰ ਛੱਪੜ ਉਤੇ, ਆਖਣ ਲੱਗਾ, ਤੈਨੂੰ ਪਤਾ ਨਹੀਂ ਮੇਰਾ । ਜਾਂ ਮੇਰੀ ਗੱਲ ਮੰਨ ਜਾ, ਨਹੀਂ ਤਾਂ ਮੈਂ ਸਿਪਾਹੀਆਂ ਕੋਲੋਂ ਤੇਰੇ ਚਿਤੜ ਕੁਟਾਵਾਂਗਾ। ਤੇਰਾ ਪੁਤਰ ਸਰਕਾਰ ਦੇ ਵਿਰੁਧ ਲੋਕਾਂ ਨੂੰ ਭੜਕਾਉਂਦਾ ਐ ਫਗਵਾੜੇ ਰਹਿੰਦਾ ਆ। ਬਸ ਭੈਣ, ਚੰਦਰੇ ਨੇ ਚੰਦਰਪੁਣਾ ਕਰ ਲਿਆ।'

'ਫਟਕੀ ਪਬੇ ਸੂ—ਤੈਂ ਫਿਰ ਲੰਬੜ ਨਾਲ ਨਾ ਗਲ ਕੀਤੀ।'

'ਲੰਬਰਦਾਰ ਤਾਰਾ ਸਿਹੰ ਨੂੰ ਪਤਾ ਸੀ, ਤਦੇ ਤਾਂ ਖਲਾਸੀ ਹੋਈ।'

'ਨੀ ਧਰਮੂ ਕਿਥੇ ਆ ?'

'ਉਹ ਫਗਵਾੜੇ ਰਹਿੰਦਾ ਆ ਸੰਤਾਂ ਦੇ ਡੇਰੇ—ਵਿਸਾਖੀ ਨੂੰ ਮਿਲਿਆ ਸੀ।'



Sri Satguru Jagjit Singh Ji eLibrary NamdhariElibrary@gmail.com

'ਘਰ ਨਹੀਂ ਆਉਂਦਾ ?'

'ਨਹੀਂ ਆਖਦਾ ਆ ਸੇਵਾ ਕਰਨੀ ਨਾਮ ਜਪਣਾ ਐ। ਉਹ ਵੀ ਮੂੰਹ-ਫੱਟ ਐ, ਆਖਦਾ ਸੀ, ਪਿਉ ਦਾ ਬਦਲਾ ਲੈਣਾ ਐ, ਗੋਰੇ ਮਾਰ ਕੇ, ਕੀ ਪਤਾ ਕਿਤੇ ਚੰਦਰੇ ਸ਼ਾਮੇ ਨਾਲ ਇਹੋ ਗੱਲ ਕਰ ਬੈਠਾ ਹੋਏ। ਇਹ ਮੀਸਣਾ ਗੱਲਾਂ ਤਾਂ ਹਰ ਇਕ ਕੋਲੋਂ ਪੁੱਛ ਲੈਂਦਾ ਆ ਨਾ।'

'ਇਹ ਤਾਂ ਪੂਰਾ ਝੋਲੀ ਚੁਕ ਐ ਪੁਲਸ ਦਾ। ਹਰਾਮੀ-ਮੂਤਨੀ ਥਾਣੇ ਨੂੰ ਭੱਜ ਜਾਂਦਾ ਆ।'

ਰਹਿੰਦਾ ਬੀ ਠਾਣੇਦਾਰਾਂ ਨਾਲ ਆ। ਦਾਰੂ, ਡੋਡੇ ਤੇ ਸੜ ਗਈ ਫੀਮ ਖਾਂਦਾ-ਡਫਦਾ ਰਹਿੰਦਾ ਐ। ਪੂਰਾ ਬੋਲੀ ਆਂ। ਹੁਣ ਤਾਂ ਕਿਤੇ ਮੇਰੇ ਘਰ ਬੜਿਆ ਤਾ ਮੈਂ ਮਾਰ ਹੀ ਦੇਣਾ ਆ। ਬੇਖੀ ਜਾਊ ਜੋ ਹੋਊ। ਬੜੀਆਂ ਬੇਝਕੀਆਂ ਗੱਲਾਂ ਕਰਦਾ ਆ। ਹੁਣ ਤੂੰ ਹੀ ਸੋਚ ਮੈਂ ਇਸ ਉ ਬਰੇ ਉਹਦੇ ਘਰ ਬਹਿ ਜਾਂ ਤਾਂ ਜਹਾਨ ਕੀ ਆਖੂ। ਨਾਲੇ ਉਹ ਸੋਣੀ ਅਸੀਂ ਮਹਿਰੇ। ਨਾ ਦਿਓਰ ਨਾ ਜੇਠ ਐਵੇਂ ਖਾਹ-ਮੁਖਾਹ। ਗਰੀਬ ਦੀ ਬੀ ਕੋਈ ਜ਼ਿੰਦਗੀ ਆ। ਪਰ ਭੈਣ! ਕਿਸੇ ਨੂੰ ਕੀ ਆਖਣਾ ਬਹਿਦੇ ਤਾਂ ਪਾ ਗਿਆ ਧਰਮੂ ਦਾ ਪਿਉ। ਜਿਹੜਾ ਬਹੁਤਾ ਕਮਾਉਣ ਲਈ ਲੋਕਾਂ ਦੇ ਆਖੇ ਲਗ ਕੇ ਤੁਰ ਗਿਆ ਮਿਰਕਣ ਨੂੰ, ਕਈ ਸਾਲ ਖੱਸਲ ਖੁਆਰ ਹੋਇਆ, ਜਹਾਜ ਵਿਚ ਰੁਲਿਆ ਤੇ ਕਲਕਤੇ ਆ ਕੇ ਮਾਰਿਆ ਗਿਆ।'

ਮੰਗੋ ਦਾ ਮਨ ਭਰ ਆਇਆ। ਉਹ ਉਠ ਕੇ ਤੁਰਨ ਲੱਗੀ ਤਾਂ ਕਰਤਾਰ ਕੌਰ ਨੇ ਉਸ ਦੀ ਝੋਲੀ ਵਿਚ ਦੋ ਰੋਟੀਆਂ ਰੱਖ ਦਿਤੀਆਂ ਤੇ ਉਹ ਘੜਾ ਚੁਕ ਕੇ ਤੁਰ ਗਈ।



Sri Satguru Jagjit Singh Ji eLibrary NamdhariElibrary@gmail.com

# ੫.

ਬਿਆਸਾ ਤੇ ਸਤਿਲੁਜ ਦੇ ਵਿਚਕਾਰਲੇ ਇਲਾਕੇ ਨੂੰ ਦੁਆਬਾ ਆਖਿਆ ਜਾਂਦਾ ਹੈ । ਇਸ ਦੀ ਲੰਮਾਈ ਸਤਲੁਜ–ਪਿਆਸ ਸੰਗਮ ਤੋਂ ਸ਼ਿਵਾਲਕ ਦੀਆਂ ਪਹਾੜੀਆਂ ਤਕ ਹੈ । ਕਪੂਰਥਲਾ, ਜਲੰਧਰ ਤੇ ਹੁਸ਼ਿਆਰਪੁਰ ਤਿੰਨ ਮਸ਼ਹੂਰ ਜ਼ਿਲੇ ਤੇ ਸ਼ਹਿਰ ਹਨ ।

ਸਤਿਗੁਰ ਨਾਨਕ ਦੇਵ ਜੀ ਨੇ ਸੁਲਤਾਨ ਪੁਰ ਲੋਧੀ ਨੂੰ ਭਾਗ ਲਾਏ ਸਨ । ਸਤਿਗੁਰ ਅਰਜਨ ਦੇਵ ਜੀ ਮਹਾਰਾਜ ਨੇ ਕਰਤਾਰ ਪੁਰ ਦੀ ਨੀਂਹ ਰੱਖ ਕੇ ਸਿਖੀ ਦਾ ਬੀਜ ਬੀਜਿਆ, ਸਤਿਗੁਰੂ ਹਰਿਗੋਬਿੰਦ ਸਾਹਿਬ ਨੇ ਸਿਖੀ ਦਾ ਪ੍ਰਚਾਰ ਕੀਤਾ ਤੇ ਕੀਰਤਪੁਰ ਸ਼ਹਿਰ ਹੋਂਦ ਵਿਚ ਲਿਆਂਦਾ । ਸਤਵੀਂ ਤੇ ਅਠਵੀਂ ਪਾਤਸ਼ਾਹੀ ਕੀਰਤ ਪੁਰ ਸਾਹਿਬ ਰਹੇ ਤ ਦੁਆਬੇ ਦੇ ਸੰਸਾਰ ਪ੍ਰਸਿਧ ਧਾਰਮਿਕ ਤੀਰਥ ਸ੍ਰੀ ਅਨੰਦਪੁਰ ਸਾਹਿਬ ਦੀ ਰਚਨਾ ਸ਼ਰੋਮਣੀ ਸ਼ਹੀਦ ਸਤਿਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਕੀਤੀ ਅਤੇ ਸਿਖੀ ਸ਼ਾਨ ਨੂੰ ਉਚਿਆਂ ਕਰਨ ਹਿਤ ਤੇ ਹਿੰਦ ਦੀ ਮੁਰਦਾ ਹੋਈ ਕੌਮੀ ਰੂਹ ਨੂੰ ਸੁਰਜੀਤ ਕਰਨ ਵਾਸਤੇ ਉਨ੍ਹਾਂ ਨੇ ਆਪਣੇ ਆਪ ਦਾ ਬਲੀਦਾਨ ਦਿਤਾ । ਉਹਨਾਂ ਦੇ ਸਪੁਤਰ, ਸਤਿਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੁਸ਼ਟ ਦਮਨ ਤੇ ਕਲਗੀਧਰ ਪਿਤਾ ਨੇ ਸ੍ਰੀ ਅਨੰਦਪੁਰ ਸਾਹਿਬ ਵਿਚ ਕਿਲੇ ਤਿਆਰ ਕੀਤੇ, ਦਰਬਾਰ ਲਾਇਆ, ੫੨ ਕਵੀ ਰਖ ਕੇ ਸਾਹਿਤ ਦੀ ਮਹਾਨ ਸੇਵਾ ਕੀਤੀ ਅਤੇ ਅਕਾਲ ਪੁਰਖ ਦੀ ਆਗਿਆ ਨਾਲ ਅੰਮ੍ਰਿਤ ਦਾ ਬਾਟਾ ਤਿਆਰ ਕਰਕੇ ਨਿਆਰੇ ਖਾਲਸਾ ਦਲ ਦੀ ਸਾਜਨਾ ਕੀਤੀ । ਖਾਲਸਾ ਦਲ ਦੀ ਸਾਜਨਾ ਹੀ ਨਿਰੀ ਨਾ ਕੀਤੀ, ਸਗੋਂ ਭਾਰਤ ਦੀ ਸੁਤੰਤਰਤਾ ਦੀ ਲੜਾਈ ਦਾ



Sri Satguru Jagjit Singh Ji eLibrary NamdhariElibrary@gmail.com

ਪ੍ਰਾਰੰਭ ਵੀ ਸ੍ਰੀ ਅਨੰਦ ਪੁਰ ਸਾਹਿਬ ਤੋਂ ਕੀਤਾ । ਇਹ ਦੁਆਬੇ ਦੀ ਪਵਿੱਤਰ ਭੂਮੀ ਦਾ ਪਹਿਲਾ ਇਤਿਹਾਸ ਹੈ, ਜਦੋਂ ਸੁਤੰਤਰਤਾ ਦੀ ਰੂਹ ਦਾ ਪ੍ਰਕਾਸ਼ ਹੋਇਆ । ਵਤਨ, ਧਰਮ, ਅਣਖ ਤੇ ਸੁਤੰਤਰਤਾ ਬਦਲੇ ਲੜ ਮਰਨ ਦੀ ਲਗਨ ਲੱਗੀ । ਦੁਆਬ ਦੀ ਧਰਤੀ ਸਿਖ ਸ਼ਹੀਦਾਂ, ਧਰਮੀਆਂ ਤੇ ਸੂਝ ਬੂਝ ਵਾਲਿਆਂ ਦੀ ਧਰਤੀ ਬਣੀ

ਉਨੀਵੀਂ ਸਦੀ ਦੇ ਸ਼ੁਰੂ ਵਿਚ ਜਦੋਂ ਸਿੰਘ ਸਭਾ ਲਹਿਰ, ਕਾਂਗਰਸ ਲਹਿਰ ਅਤੇ ਅਮਰੀਕਾ ਦੀ ਗਦਰ ਪਾਰਟੀ ਲਹਿਰ ਚਲੀ ਤਾਂ ਦੁਆਬੇ ਦੀ ਪਵਿਤਰ ਧਰਤੀ ਨੇ ਬਹੁਤ ਹਿਸਾ ਪਾਇਆ । ਸ. ਅਜੀਤ ਸਿੰਘ ਦੁਆਬੇ ਦਾ ਹੀ ਜੰਮਪਲ ਸੀ, ਜਿਹੜਾ ਆਪਣੇ ਵੀਰਾਂ ਸਮੇਤ ੧੯੦੭ ਵਿਚ ਜਲਾਵਤਨ ਹੋਇਆ । ਜਿਸ ਨੇ 'ਪਗੜੀ ਸੰਭਾਲ ਜੱਟਾ' ਦਾ ਨਾਹਰਾ ਲਾ ਕੇ, ਅੰਗਰੇਜ਼ੀ ਸਾਮਰਾਜ ਦੇ ਜਹਾਜ ਨੂੰ ਇਕ ਮਾਮੂਲੀ ਜਿਹਾ, ਪਰ ਨਾ ਮਿਲਣ ਵਾਲਾ ਛੇਕ ਕੀਤਾ ।

੧੯੧੪-੧੫ ਦੇ ਜੰਗ ਸਮੇਂ, ਮਾਲਵੇ ਦੁਆਬੇ ਤੇ ਮਾਝੇ, ਸਾਰੇ ਪੰਜਾਬ ਵਾਸੀਆਂ ਨੇ ਜਿਹੜੀ ਅਮਰੀਕਾ ਵਿਚ ਗਦਰ ਪਾਰਟੀ ਬਣਾਈ ਤੇ ਪਰਦੇਸਾਂ ਤੋਂ ਵਾਪਸ ਆ ਕੇ ਅੰਗਰੇਜ਼ੀ ਸਾਮਰਾਜ ਦਾ ਤਖ਼ਤਾ ਉਲਟਣ ਲਈ ਜਿਹੜਾ ਸੰਗਰਾਮ ਸ਼ੁਰੂ ਕੀਤਾ, ਉਸ ਵਿਚ ਵੀ ਦੁਆਬੇ ਦੇ ਰਹਿਣ ਵਾਲਿਆਂ ਨੇ ਕਮਾਲ ਤੇ ਅਨੋਖੀਆਂ ਕੁਰਬਾਨੀਆਂ ਕੀਤੀਆਂ । ਕਾਮਾਗਾਟਾ ਮਾਰੂ ਜਹਾਜ ਦੇ ਮੁਸਾਫ਼ਰਾਂ ਉਤੇ ਜਦੋਂ ਬਜ ਬਜ ਘਾਟ (ਕਲਕਤੇ) ਵਿਚ ਗੋਲੀ ਚਲੀ ਤਾਂ ਬਹੁਤ ਸਿੰਘ ਦੁਆਬੇ ਦੇ ਸ਼ਹੀਦ ਹੋਏ ।

੧੯੨੧ ਈਸਵੀ ਵਿਚ ਕਾਂਗਰਸ ਨੇ ਨਾ-ਮਿਲਵਰਤਣ ਲਹਿਰ ਸ਼ੁਰੂ ਕੀਤੀ ਤਾਂ ਦੁਆਬਾ ਪਿਛੇ ਨਾ ਰਿਹਾ । ਇਸ ਦੇ ਵੀ ਪਿੰਡ ਪਿੰਡ ਅਜ਼ਾਦੀ ਦੇ ਘੋਲ ਦਾ ਬਿਗਲ ਵਜਿਆ । ਜਿਵੇਂ ਕਾਂਗਰਸ ਦਾ ਹੁਕਮ ਸੀ ਤਿਵੇਂ ਵਿਦੇਸ਼ੀ ਮਾਲ ਅਤੇ ਸ਼ਰਾਬ ਦੇ ਠੇਕਿਆਂ ਅਗੇ ਪਿੰਕਟਿੰਗਾਂ



Sri Satguru Jagjit Singh Ji eLibrary NamdhariElibrary@gmail.com

ਹੋਣ ਲੱਗੀਆਂ । ਬਰਤਾਨਵੀ ਸਾਮਰਾਜ ਦੀ ਨੌਕਰਸ਼ਾਹੀ ਦੇ ਛੱਟੇ-ਵੱਟੇ ਹਰਕਤ ਵਿਚ ਆਏ। ਪੁਲਸ ਨੂੰ ਖੁਲ੍ਹੇ ਅਧਿਕਾਰ ਦਿਤੇ ਗਏ ਸਨ। ਉਸ ਵੇਲੇ ਗੁਰਦਵਾਰਾ ਸੁਧਾਰ ਲਹਿਰ ਵੀ ਸ਼ੁਰੂ ਸੀ । ਸ਼੍ਰੋਮਣੀ ਅਕਾਲੀ ਦਲ ਹੋਂਦ ਵਿਚ ਆ ਚੁਕਿਆ ਸੀ।

ਨਾ-ਮਿਲਵਰਤਣ ਲਹਿਰ ਸਮੇਂ ਦੁਆਬੇ ਤੇ ਰਿਆਸਤ ਕਪੂਰਥਲੇ ਵਿਚ ਪੁਲਸ ਨੇ ਲੋਕਾਂ ਉਤੇ ਬਹੁਤ ਸਖਤੀ ਕੀਤੀ, ਉਸ ਸਖਤੀ ਨੂੰ ਵੇਖ ਕੇ ਅਣਖੀਲੇ ਜਵਾਨ ਭੜਕ ਉਠੇ। ਉਨ੍ਹਾਂ ਦੇ ਜਵਾਨ ਲਹੂ ਵਿਚ ਇਕ ਭਿਆਨਕ ਉਬਾਲਾ ਜਿਹਾ ਆ ਗਿਆ।

ਜਲੰਧਰ ਸ਼ਹਿਰ ਦੇ ਸ਼ਰਾਬ ਦੇ ਠੇਕੇ ਨੀਲਾਮ ਕੀਤੇ ਗਏ । ਉਨ੍ਹਾਂ ਠੇਕਿਆਂ ਨੂੰ ਰੋਕਣ ਵਾਸਤੇ ਰਾਇਜ਼ਾਦਾ ਹੰਸ ਰਾਜ ਅਤੇ ਸ. ਹਰੀ ਸਿੰਘ ਜਲੰਧਰੀ ਨੇ ਕੁਝ ਦੇਸ਼ ਸੇਵਕਾਂ ਨਾਲ ਪਿੰਕਟਿੰਗ ਸ਼ੁਰੂ ਕੀਤੀ। ਬੰਦੇ ਮਾਤਰਮ ਦੇ ਨਾਹਰਿਆਂ ਨਾਲ ਜਲੰਧਰ ਦੀਆਂ ਕੰਧਾਂ ਗੂੰਜਾ ਦਿਤੀਆਂ। ਲਾਗੇ ਕਚਹਿਰੀ ਸੀ ਲੋਕ ਇਕੱਠੇ ਹੋ ਗਏ । ਪੁਲਸ ਆਈ । ਰਾਇਜ਼ਾਦਾ ਹੰਸ ਰਾਜ ਨੂੰ ਗ੍ਰਿਫਤਾਰ ਕੀਤਾ । ਉਸ ਦੇ ਸਾਥੀ ਭੀ ਗ੍ਰਿਫਤਾਰ ਕਰ ਲਏ ਗਏ ਤੇ ਫਿਰ ਸ. ਹਰੀ ਸਿੰਘ ਵਲ ਪੁਲਸ ਹੋਈ। ਗੋਰਾ ਸਾਰਜੰਟ ਨਾਲ ਸੀ । ਗੋਰੇ ਦੇ ਹੁੰਦਿਆਂ ਤਾਂ ਪੁਲਸ ਦੇ ਸਿਪਾਹੀ ਮਾਰਸ਼ਲ ਲਾਅ ਦੇ ਫੌਜੀ ਬਣ ਜਾਂਦੇ ਸਨ । ਉਹਨਾਂ ਨੂੰ ਆਪਣਾ ਦੇਸ਼, ਆਪਣੇ ਬੰਦੇ ਆਪਣਾ ਧਰਮ ਭੁਲ ਜਾਂਦਾ ਸੀ। ਉਹ ਤਾਂ ਬਸ ਗੋਰੇ ਨਾਲ ਕੀਤੇ ਵਫਾ ਦੇ ਕੌਲ ਪਾਲਦੇ ਸਨ।

ਸ. ਹਰੀ ਸਿੰਘ ਤੇ ਉਸ ਦੇ ਸਾਥੀਆਂ ਨੂੰ ਸ਼ਾਂਤ ਰਹਿਣ ਦਾ ਹੁਕਮ ਸੀ, ਕਿਉਂਕਿ ਉਸ ਵੇਲੇ ਕਾਂਗਰਸ ਦੀ ਵਾਗ ਡੋਰ ਮਹਾਤਮਾ ਗਾਂਧੀ ਦੇ ਹੱਥ ਸੀ। ਮਹਾਤਮਾ ਦੀ ਲੜਾਈ ਅਹਿੰਸਾ (ਸ਼ਾਂਤਮਈ) ਦੇ ਅਸੂਲਾਂ ਆਸਰੇ ਚਲ਼ ਰਹੀ ਸੀ । ਕੋਈ ਸੇਵਕ ਅਗੋਂ ਹਥ ਨਹੀਂ ਸੀ ਚੁਕਦਾ, ਇਸ ਕਰਕੇ ਵੀ ਪੁਲਸ ਵਾਲੇ ਭੂਤਰ ਜਾਂਦੇ ਸਨ । ਸ. ਹਰੀ ਸਿੰਘ ਨੂੰ ਪਹਿਲਾਂ ਤਾਂ ਧੌਲਾਂ ਮਾਰ ਕੇ ਉਸ ਦੀ ਦਸਤਾਰ ਲਾ



Sri Satguru Jagjit Singh Ji eLibrary NamdhariElibrary@gmail.com

ਸੁਟੀ। ਫਿਰ ਨਿਰਾਦਰੀ ਕਰਨ ਹਿਤ, ਕੇਸਾਂ ਤੋਂ ਫੜ ਕੇ ਧਰਤੀ ਉਤੇ ਸੁਟ ਲਿਆ। ਪਹਿਲਾਂ ਸੜਕ ਉਤੇ ਘਸੀਟਿਆ, ਫਿਰ ਵੀ ਜਵਾਨ ਨੇ ਸਤਿਆਗ੍ਰਹਿ ਦਾ ਵਿਚਾਰ ਨਾ ਛਡਿਆ, ਤਾਂ ਗੰਦੀ ਨਾਲੀ ਵਿਚ ਘਸੀਟਿਆ ਤੇ ਗੋਤੇ ਦਿਤੇ।

ਸ. ਹਰੀ ਸਿੰਘ ਵਰਗੇ ਹਰਮਨ ਪਿਆਰੇ ਬੰਦੇ ਦਾ ਇਹ ਨਿਰਾਦਰ ਹੁੰਦਾ ਵੇਖ ਕੇ ਦੁਆਬੇ ਦੇ ਪਿੰਡਾਂ ਦੇ ਕੁਝ ਲੋਕ ਗਰਮ ਹੋ ਗਏ। ਉਨ੍ਹਾਂ ਪੁਲਸ ਕੋਲੋਂ ਸ. ਹਰੀ ਸਿੰਘ ਨੂੰ ਛੁਡਾਉਣਾ ਵੀ ਚਾਹਿਆ, ਪਰ ਉਨ੍ਹਾਂ ਦੀ ਕੋਈ ਪੇਸ਼ ਨਾ ਗਈ, ਪੁਲਸ ਦੀ ਧਾੜ ਢੇਖੀ ਸੀ। ਹਾਂ, ਉਨ੍ਹਾਂ ਦੇ ਮਨ ਵਿਚ ਕ੍ਰੋਧ ਜ਼ਰੂਰ ਆ ਗਿਆ ਕਿ ਐਸੇ ਜ਼ਾਲਮ ਬਦੇਸ਼ੀ-ਰਾਜ ਤੇ ਉਸ ਦੇ ਚੱਟੇ ਵੱਟਿਆਂ ਨੂੰ ਖਤਮ ਕਰਨਾ ਚਾਹੀਦਾ ਹੈ। ਸ਼ਾਂਤਮਈ ਨਾਲ ਕੰਮ ਨਹੀਂ ਹੋਣਾ, ਕਿਉਂਕਿ ਸਿਆਣਿਆਂ ਦਾ ਕੌਲ ਹੈ, ਲੱਤਾਂ ਦੇ ਭੂਤ ਬਾਤਾਂ ਨਾਲ ਨਹੀਂ ਮੰਨਦੇ। ਹਥਿਆਰ ਫੜਨਾ ਪਵੇਗਾ।

ਉਹ ਮਰਨੋਂ ਮੂਲ ਨਾ ਡਰਦੇ, ਜਿਨ੍ਹਾਂ ਨੇ ਨਿਹੁੰ ਲਗਾ ਲਏ ਨੇ।'
'ਲੱਕ ਬੰਨ੍ਹ ਪੱਤਣਾਂ ਤੇ ਖੜੀਆਂ ਜਿਨ੍ਹਾਂ ਨੂੰ ਚਾ ਮਿੱਤਰਾਂ ਦੇ।'

ਇਹ ਟੱਪੇ ਗਾ ਕੇ ਸ. ਕਿਸ਼ਨ ਸਿੰਘ ਵਿਗਿ ਤੇ ਬਾਬੂ ਸੰਤਾ ਸਿੰਘ ਨੇ ਉਹ ਨੌਜਵਾਨ ਲਭਣੇ ਸ਼ੁਰੂ ਕੀਤੇ ਜਿਹੜੇ ਦੇਸ਼ ਦੀ ਸੁਤੰਤਰਤਾ ਤੇ ਅਣਖ ਲਈ ਮਰ ਮਿਟਣ ਲਈ ਤਿਆਰ ਹੋਣ ਤ ਸਿਰ ਤੇ ਖੱਫਣ ਬੰਨ੍ਹ ਕੇ ਘਰੋਂ ਨਿਕਲਣ। ਦੋਹਾਂ ਸੂਰਮਿਆਂ ਨੇ ੧੯੨੦ ਵਿਚ ਨਵੀਂ ਜਥਬੰਦੀ ਕਾਇਮ ਕਰ ਲਈ। ਉਸ ਦਾ ਨਾਂ ਰਖਿਆ—'ਬੱਬਰ ਅਕਾਲੀ' ਕਿਉਂਕਿ ਅਕਾਲੀ ਤਾਂ ਸ਼ਰੋਮਣੀ ਅਕਾਲੀ ਦਲ ਵਾਲੇ ਸਨ। ਉਹ ਕਾਂਗਰਸ ਨਾਲ ਮਿਲ ਕੇ ਚਲਦੇ ਤੇ ਉਸ ਵੇਲੇ ਸ਼ਾਂਤਮਈ ਸਤਿਆਗ੍ਰਹਿ ਦੇ ਹਾਮੀ ਸਨ। ਇਸ ਲਈ ਇਹ 'ਬੱਬਰ ਅਕਾਲੀ' ਲੜ ਮਰਨ ਵਾਲੇ ਬੱਬਰ ਸ਼ੇਰ ਇਕੱਠ ਹੋ ਗਏ।

ਉਸ ਵੇਲੇ ਗੁਰਦੁਆਰਾ ਲਹਿਰ ਵੀ ਜ਼ੋਰ ਫੜ ਗਈ। ਸ੍ਰੀ ਨਨਕਾਣਾ ਸਾਹਿਬ ਦੇ ਮਹੰਤ ਨਰਾਇਣੂ ਨੇ ਸ. ਲਛਮਣ ਸਿੰਘ,



Sri Satguru Jagjit Singh Ji eLibrary NamdhariElibrary@gmail.com

ਦਲੀਪ ਸਿੰਘ ਤੇ ਉਸ ਦੇ ਜਥੇ ਨੂੰ ਸਾੜ ਕੇ, ਕੱਟ ਵੱਢ ਕਰਕੇ ਨਵਾਂ ਖੂਨੀ ਸਾਕਾ ਬਣਾ ਦਿੱਤਾ । ਹਰ ਇਕ ਵਤਨ ਪ੍ਰਸਤ, ਗੁਰਸਿੱਖ ਅਤੇ ਸਿਆਣੇ ਪੁਰਸ਼ ਦਾ ਲਹੂ ਉਬਲ ਆਇਆ । ਬਰਤਾਨਵੀਂ ਨੌਕਰਸ਼ਾਹੀ ਦੇ ਵਿਰੁਧ ਇਕ ਭਿਆਨਕ ਹਨੇਰੀ ਝੁਲ ਪਈ। ਥਾਂ ਥਾਂ ਲੋਕ ਦੀਵਾਨ ਕਰਨ ਲਗੇ, ਸਤਿਆਗ੍ਰਹਿ ਹੋਣ ਲੱਗੇ । ਗੁਰਦੁਆਰਿਆਂ ਦੇ ਮਹੰਤ, ਰਾਜੇ ਮਹਾਰਾਜੇ, ਜਗੀਰਦਾਰ, ਸਫੈਦਪੋਸ਼, ਜ਼ੈਲਦਾਰ, ਨੰਬਰਦਾਰ ਤੇ ਹੋਰ ਅਨੇਕਾਂ 'ਦਾਰ' ਗੋਰਾ ਸ਼ਾਹੀ ਨੂੰ ਬਚਾਉਣ ਵਾਸਤੇ ਨੱਠ ਭੱਜ ਕਰਨ ਲਗੇ । ਉਹ ਝੋਲੀ ਚੁਕ ਬਣ ਗਏ । ਸਰਕਾਰ ਵੀ ਉਨ੍ਹਾਂ ਨੂੰ ਇਨਾਮ, ਤਗਮੇ, ਖਿਤਾਬ ਤੇ ਮੁਰੱਬੇ ਦੇਣ ਲੱਗੀ । 'ਬੱਬਰ ਅਕਾਲੀ' ਜਥੇਬੰਦੀ ਨੇ ਆਪਣਾ ਕੰਮ ਕਰਨਾ ਸ਼ੁਰੂ ਕਰ ਦਿਤਾ, ਬਦਲੇ ਲੈਣੇ ਤੇ ਝੋਲੀ ਚੁਕ ਮਾਰਨੇ।



Sri Satguru Jagjit Singh Ji eLibrary NamdhariElibrary@gmail.com

# ੬.

ਇਤਿਹਾਸ ਕਦੀ ਆਪਣੇ ਆਪ ਨੂੰ ਦੁਹਰਾਉਂਦਾ ਹੈ। ਸੰਨ ੧੭੦੮ ਤੋਂ ੧੭੬੪ ਤਕ ਪਹਿਲੇ ਸਿੰਘਾਂ ਨੇ ਮੁਗ਼ਲ ਹਕੂਮਤ ਦਾ ਤਖਤਾ ਉਲਟਾਉਣ ਵਾਸਤੇ ਜੰਗਲਾਂ, ਦਰਿਆਵਾਂ ਦੇ ਝਲਾਂ ਅਤੇ ਬੀਕਾਨੇਰ ਦੇ ਮਾਰੂਥਲਾਂ ਵਿਚ ਡੇਰੇ ਰਖੇ ਸਨ। ਉਹਨਾਂ ਥਾਵਾਂ ਨੂੰ ਆਪਣੇ ਘਰ ਤੇ ਕਿਲ੍ਹੇ ਸਮਝਿਆ ਸੀ, ਕਿਉਂਕਿ ਐਸੀਆਂ ਥਾਵਾਂ ਤੇ ਹਕੂਮਤ ਦੇ ਬੰਦੇ ਪੁਜ ਨਹੀਂ ਸਕਦੇ। ਉਸੇ ਤਰ੍ਹਾਂ ਬਰਤਾਨਵੀਂ ਨੌਕਰਸ਼ਾਹੀ ਤੋਂ ਬਚਣ ਲਈ ਸ. ਕਿਸ਼ਨ ਸਿੰਘ ਗੜਗਜ ਅਤੇ ਬਾਬੂ ਸੰਤਾ ਸਿਘ ਨੇ ਦਰਿਆ ਸਤਿਲੁਜ ਦੇ ਖੱਬੇ ਕਿਨਾਰੇ ਨੂੰ ਪਹਿਲੇ ਇਕੱਠ ਦੀ ਥਾਂ ਚੁਣਿਆ।

ਫਲੌਰ ਤੋਂ ਪੁਲ ਪਾਰ ਕਰਕੇ ਅਤੇ ਲੌਡੋਵਾਲ ਰੇਲਵੇ ਸਟੇਸ਼ਨ ਤੋਂ ਦਰਿਆ ਦੇ ਵਿਚਾਲਿਓਂ ਪਹਾੜ ਨੂੰ ਤੁਰਿਆਂ ਅਗੇ ਸਰਕੜੇ ਤੇ ਕਾਹੀ ਦਾ ਝਲ ਆਉਂਦਾ ਸੀ। ਉਸ ਝੱਲ ਵਿਚ 'ਬਬਰ ਅਕਾਲੀ ਜਥੇ' ਦੀ 'ਪਹਿਲੀ ਮੀਟਿੰਗ ਹੋਈ। ਉਸ ਵਿਚ ਬਹੁਤੇ ਆਦਮੀ ਸ਼ਾਮਲ ਨਹੀਂ ਹੋਏ। ਸਗੋਂ ਚੋਣਵੇਂ ਕੁਰਬਾਨੀ ਕਰਨ ਵਾਲੇ ਥੋੜੇ ਹੀ ਬੰਦੇ ਸਨ। ਉਹ ਬਰਤਾਨਵੀਂ ਨੌਕਰਸ਼ਾਹੀ ਦੇ ਜ਼ੁਲਮਾਂ ਤੋਂ ਤੰਗ ਆ ਕੇ ਬਰਤਾਨਵੀਂ ਸਾਮਰਾਜ ਦੇ ਜੂਲੇ ਹੇਠੋਂ ਭਾਰਤ ਮਾਤਾ ਨੂੰ ਸੁਤੰਤਰ ਕਰਨ ਵਾਸਤੇ ਸਿਰ ਤਲੀ ਤੇ ਰੱਖ ਕੇ ਉਸ ਸੁੰਞੀਂ ਸੱਪਾਂ ਠੂਹਿਆਂ ਦੀ ਧਰਤੀ ਉਤੇ ਰਾਤ ਦੇ ਸਮੇਂ ਪੁਜੇ ਸਨ।

ਸੁਤੰਤਰਤਾ ਦੇ ਵਲਵਲੇ ਨਾਲ ਉਬਲੇ ਦਿਲ ਵਾਲੇ ਕਿਸ਼ਨ ਸਿੰਘ ਗੜਗੱਜ (ਪਿੰਡ ਵਿੜਿੰਗ ਜ਼ਿਲਾ ਜਲੰਧਰ) ਨੇ ਇਕੱਠੇ ਹੋਏ ਕੌਮੀ



Sri Satguru Jagjit Singh Ji eLibrary NamdhariElibrary@gmail.com

ਪਰਵਾਨਿਆਂ, ਸੁਤੰਤਰਤਾ ਦੇ ਆਸ਼ਕਾਂ ਨੂੰ ਸੰਬੋਧਨ ਕਰਕੇ ਆਖਿਆ ਸੀ—

'ਪਹਿਲੇ ਸ਼ਹੀਦ ਸਿਖਾਂ ਵਾਂਗ ਅਸੀਂ ਅਜ ਏਥੇ ਇਕੱਠੇ ਹੋਏ ਆਂ। ਉਹ ਮੁਗ਼ਲ ਰਾਜ ਦੇ ਵਿਰੁਧ ਲੜਦੇ ਹੋਏ ਮੁਗਲ ਰਾਜ ਤੇ ਅਹਿਮਦ ਸ਼ਾਹ ਅਬਦਾਲੀ ਦੇ ਅਫਗਾਨੀ ਰਾਜ ਨੂੰ ਪੰਜਾਬ ਵਿਚੋਂ ਖ਼ਤਮ ਕਰਕੇ ਪੰਜਾਬ ਵਿਚ ਪੰਜਾਬੀ ਜਾਂ ਸਿੱਖ ਰਾਜ ਕਾਇਮ ਕਰ ਗਏ ਸਨ। ਸਦੀਆਂ ਦੇ ਗੁਲਾਮ ਦੇਸ਼ ਵਿਚ ਇਕ ਅੱਸੀ ਕੁ ਸਾਲ ਦਾ ਸੁਤੰਤਰਤਾ ਦਾ ਸਮਾਂ ਆਇਆ ਸੀ। ਲੋਕ ਗੁਲਾਮੀ ਦੀਆਂ ਲੁਟਾਂ ਤੇ ਤਕਲੀਫਾਂ ਨੂੰ ਭੁਲ ਕੇ ਸੁਖ ਦਾ ਸਾਹ ਲੈਣ ਲੱਗ ਪਏ ਸਨ।'

ਦਰਿਆ ਸਤਿਲੁਜ ਦਾ ਕਿਨਾਰਾ ਹੋਣ ਕਰਕੇ ਤੇਜ਼ ਵਗਦੇ ਦਰਿਆ ਦੀਆਂ ਛਲਾਂ ਰਾਤ ਦੀ ਇਕਾਂਤ ਵਿਚ ਸੁਣਾਈ ਦਿੰਦੀਆਂ ਸਨ। ਸੌਂ ਰਹੀ ਕੁਦਰਤ ਦੇ ਵਿਚ ਕਿਸ਼ਨ ਸਿੰਘ ਦਾ ਜੋਸ਼ ਭਰਿਆ ਬੋਲ ਗੂੰਜ ਪਿਆ। ਇਉਂ ਪ੍ਰਤੀਤ ਹੋਣ ਲਗਾ ਜਿਵੇਂ ਕਾਹੀ ਤੇ ਸਰਕੜੇ ਦੇ ਬੂਟੇ ਵੀ ਬੋਲ ਰਹੇ ਨੇ। ਇਕ ਜਵਾਨ ਨੇ ਸ. ਕਿਸ਼ਨ ਸਿੰਘ ਨੂੰ ਆਖਿਆ, 'ਸਿੰਘ ਜੀ ਰਤਾ ਹੌਲੀ ਬੋਲੋ! ਰਾਤ ਦਾ ਸਮਾਂ ਹੈ, ਬੋਲ ਦੂਰ ਜਾਂਦਾ ਹੋਏਗਾ। ਕੀ ਪਤਾ ਕੋਈ ਝੋਲੀ ਚੁਕ ਨੇੜੇ ਤੇੜੇ ਹੋਏ!'

'ਬੇੜਾ ਗਰਕ ਤਾਂ ਸਦਾ ਝੋਲੀ ਚੁਕਾਂ ਦਾ ਹੀ ਹੁੰਦਾ ਐ—ਮੈਂ ਇਹੋ ਤਾਂ ਦੱਸਣ ਲੱਗਾ ਸਾਂ।' ਸ. ਕਿਸ਼ਨ ਸਿੰਘ ਨੇ ਆਪਣਾ ਜੋਸ਼ੀਲਾ ਵਖਿਆਨ ਸ਼ੁਰੂ ਕਰਦਿਆਂ ਹੋਇਆਂ ਆਖਿਆ—'ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਜੋ ਜਤਨ ਹੋਏ, ਜਿਹੜੀ ਸਭਰਾਂ ਦੀ ਲੜਾਈ ਹਾਰੀ ਗਈ ਇਹ ਸਭ ਗੋਰਾ ਨੌਕਰਸ਼ਾਹੀ ਦੀ ਕਰਤੂਤ ਸੀ ਅਤੇ ਅਸਾਡੇ ਆਦਮੀ ਮਾਲਵੇ ਦੀਆਂ ਰਿਆਸਤਾਂ ਦੇ ਰਾਜੇ ਲਾਹੌਰ ਦੇ ਵਜ਼ੀਰ ਲਾਲ ਸਿੰਘ, ਗੁਲਾਬ ਸਿੰਘ ਤੇ ਤੇਜਾ ਸਿੰਘ ਅੰਗਰੇਜ਼ ਦੇ ਝੋਲੀ ਚੁਕ ਬਣ ਗਏ ਸਨ ਤੇ ਚਾਰ ਦਿਨਾਂ ਦੇ ਆਪਣੇ ਸੁਖ ਬਦਲੇ ਦੇਸ਼ ਨੂੰ ਗੁਲਾਮ ਕਰਾ ਗਏ। ਜੇ ਸਾਰੇ ਸ਼ਾਮ ਸਿੰਘ ਅਟਾਰੀ, ਰਣਜੋਧ ਸਿੰਘ ਮਜੀਠਾ ਤੇ ਅਜੀਤ ਸਿੰਘ ਲਾਡਵੇ ਵਾਂਗ ਤਨੋਂ ਮਨੋਂ



Sri Satguru Jagjit Singh Ji eLibrary NamdhariElibrary@gmail.com

ਹੋ ਕੇ ਗੋਰਾ ਸ਼ਾਹੀ ਵਿਰੁਧ ਲੜਦੇ ਤਾਂ ਪੰਜਾਬ ਗੁਲਾਮ ਨਾ ਹੁੰਦਾ, ਨਾ ਭੁਖਾ ਮਰਦਾ ਤੇ ਨਾ ਅੱਜ ਨਨਕਾਣਾ ਸਾਹਿਬ ਗੁਰਦੁਆਰੇ ਵਿਚ ਸਿੰਘਾਂ ਦਾ ਲਹੂ ਡੁਲ੍ਹਦਾ। ਨਾ ਗੁਰੂ ਕੇ ਬਾਗ ਵਿਚ ਸਿੱਖ ਸੰਗਤਾਂ ਨੂੰ ਡੋਹ ਵਾਂਗ ਕੁਟਿਆ ਜਾਂਦਾ। ਕਿਸੇ ਦੇਸ਼ ਨੂੰ ਗੁਲਾਮ ਕਰਾਉਣ ਵਾਲੇ ਚੰਦਰੇ ਉਹ ਲੋਕ ਹੁੰਦੇ ਹਨ ਜਿਹੜੇ ਪਰਦੇਸੀ ਹਕੂਮਤਾਂ ਦੇ ਹਥ-ਠੋਕੇ ਬਣ ਕੇ ਦੁਗਲ ਤੇ ਝੋਲੀ ਚੁਕ ਬਣ ਜਾਂਦੇ ਨੇ। ਆਪਣੇ ਵੀਰਾਂ ਦੇ ਲਹੂ ਨਾਲ ਆਪਣੇ ਹਥ ਰੰਗਦੇ ਹਨ'

ਕ੍ਰਿਸ਼ਨ ਸਿੰਘ ਦੇ ਅੰਦਰ ਗੁਸਾ ਸੀ। ਕੌਮ, ਦੇਸ਼, ਧਰਮ ਤੇ ਦੇਸ਼ ਵਾਸੀਆਂ ਨਾਲ ਹਮਦਰਦੀ ਦਾ ਅਤੁਟ ਵੇਗ ਸੀ, ਉਹ ਇਕ ਸਿਆਣੇ ਲੈਕਚਰਾਰ ਵਾਂਗ ਬੋਲੀ ਗਿਆ। ਉਹ ਦਿਲ ਨੰਗਾ ਕਰ ਰਿਹਾ ਸੀ। ਉਸ ਨੇ ਅੰਗਰੇਜ਼ੀ ਫੌਜ ਵਿਚ ਨੌਕਰੀ ਕੀਤੀ ਸੀ। ਫੌਜ ਵਿਚੋਂ ਰੀਟਾਇਰਡ ਹੋ ਕੇ ਆਇਆ ਸੀ। ਉਸ ਨੇ ਖੁਦ ਵੇਖਿਆ ਸੀ। ਤੇ ਉਹ ਖੁਦ ਦੇਸ ਤੇ ਪਰਦੇਸ ਵਿਚ ਜਾ ਕੇ ਸਿਰਫ ਥੋੜ੍ਹੇ ਰੁਪਏ ਬਦਲੇ ਲੋਕਾਂ ਨਾਲ ਲੜਦਾ ਰਿਹਾ ਤੇ ਬਰਤਾਨਵੀ ਸਾਮਰਾਜ ਨੂੰ ਏਸ਼ੀਆ ਵਿਚ ਤਕੜਾ ਤੇ ਵੱਡਾ ਕਰਨ ਵਿਚ ਸਹਾਇਤਾ ਕਰਦਾ ਰਿਹਾ ਸੀ। ਪਹਿਲੀ ਸੰਸਾਰ ਜੰਗ ਉਸ ਉਤੇ ਅਭੁਲ ਸੀ। ਪਰ ਜਦੋਂ ਉਸ ਨੇ ਵੇਖਿਆ ਸੀ ਕਿ ਧੋਖੇਬਾਜ਼ ਬਰਤਾਨਵੀ ਨੌਕਰਸ਼ਾਹੀ ਨੇ ਭਾਰਤੀ ਲੋਕਾਂ ਨਾਲ ਅਕ੍ਰਿਤਘਣਤਾ ਕੀਤੀ, ਕਰੜੇ ਕਾਨੂੰਨ ਬਣਾਏ, ਜਲਿਆਂ ਵਾਲੇ ਬਾਗ਼ ਵਿਚ ਪੰਜ ਸੌ ਤੋਂ ਉਪਰ ਮਾਸੂਮ, ਨਿਹੱਥੇ ਭਾਰਤੀਆਂ ਨੂੰ ਗੋਲੀਆਂ ਨਾਲ ਭੁੰਨ ਸੁਟਿਆ, ਤਾਂ ਉਹ ਨੌਕਰਸ਼ਾਹੀ ਦੇ ਵਿਰੁਧ ਹੋ ਗਿਆ। ਉਹ ਨੇਕ ਤੇ ਸੱਚਾ ਸੀ। ਵਤਨ ਪਿਆਰ ਦਾ ਵਲਵਲਾ ਤੇ ਸੱਚ ਉਹਨੂੰ ਲੈਕਚਰਾਰ ਬਣਾਈ ਜਾਂਦਾ ਸੀ।

'ਅਜ ਦੇਸ਼ ਵਿਚ ਆਜ਼ਾਦੀ ਵਾਸਤੇ ਘੋਲ ਕੀਤਾ ਜਾ ਰਿਹਾ ਐ!' ਉਹ ਆਖੀ ਗਿਆ—'ਬਰਤਾਨਵੀ ਨੌਕਰਸ਼ਾਹੀ ਉਹਨਾਂ ਸਾਰੇ ਝੋਲੀ ਚੁਕਾਂ ਨੂੰ ਸ਼ਾਹ ਦੇ ਕੇ ਆਪਣੀ ਜਾਨ ਬਚਾਉਣ ਦਾ ਜਤਨ ਕਰ



Sri Satguru Jagjit Singh Ji eLibrary NamdhariElibrary@gmail.com

ਰਹੀ ਹੈ। ਝੋਲੀ ਚੁਕ ਲੋਕਾਂ ਨੂੰ ਬਹੁਤ ਤੰਗ ਕਰਦੇ ਹਨ । ਅਕਾਲੀ ਦਲ ਤੇ ਕਾਂਗਰਸ, ਸ਼ਾਂਤਮਈ ਢੰਗ ਨਾਲ ਲੜਾਈ ਲੜ ਰਹੇ ਆ, ਪਰ ਅਸਾਂ ਹਥਿਆਰਾਂ ਨਾਲ ਲੜਾਈ ਕਰਨੀ ਆ । ਦਸ਼ ਦੀ ਸੁਤੰਤਰਤਾ ਵਾਸਤੇ ਜਿਹੜੀ ਲੜਾਈ ਸ਼ਾਮ ਸਿੰਘ ਅਟਾਰੀ ਵਾਲੇ ਨੇ ਲੜੀ ਸੀ, ਸ਼ੇਰ ਸਿੰਘ ਅਟਾਰੀ ਨੇ ਸ਼ੁਰੂ ਰੱਖੀ ਅਤੇ ਅਮਰੀਕਾ ਵਿਚ ਕਾਇਮ ਹੋਈ ਗਦਰ ਪਾਰਟੀ ਦੇ ਜਵਾਨਾਂ ਕਰਤਾਰ ਸਿੰਘ ਸਰਾਭਾ ਆਦਿ ਨੇ ਉਸ ਲੜਾਈ ਨੂੰ ਮੁੜ ਸੁਰਜੀਤ ਕੀਤਾ ਸੀ । ਭਾਵੇਂ ਝੋਲੀ ਚੁਕਾਂ ਨੇ, ਵਤਨ ਦੇ ਸਿਪਾਹੀਆਂ ਨੂੰ ਸਫਲ ਨਾ ਹੋਣ ਦਿਤਾ, ਪਰ ਉਹ ਲੜਾਈ ਲੜ ਕੇ ਸ਼ਹੀਦੀਆਂ ਪਾ ਕੇ ਆਪਣਾ ਧਰਮ ਪਾਲ ਗਏ, ਭਾਰਤ ਮਾਂ ਦਾ ਕਰਜ਼ ਉਤਾਰ ਗਏ । ਅੱਜ ਕਾਲੇ ਪਾਣੀ, ਅੰਬਾਲਾ, ਮੀਆਂਵਾਲੀ, ਮੁਲਤਾਨ, ਗੁਜਰਾਤ ਤੇ ਅਟਕ ਜਿਹਲ ਵਿਚ ਲੰਮੀਆਂ ਕੈਦਾਂ ਕਟ ਰਹੇ ਦੇਸ਼ ਭਗਤ ਅਸਾਂ ਵਲ ਵੇਖ ਰਹੇ ਹਨ ਕਿ ਅਸੀਂ ਕਿਵੇਂ ਉਹਨਾਂ ਨੂੰ ਅਜ਼ਾਦ ਕਰਾਉਂਦੇ ਆਂ । ਹਥਿਆਰਾਂ ਨਾਲ ਲੜਾਈ ਲੜਨ ਦੀ ਵਿਉਂਤ ਬਨਾਉਣ ਵਾਸਤੇ ਅਸੀਂ ਇਕੱਠੇ ਹੋਏ ਆਂ। ਅਸਾਂ ਪਹਿਲਾਂ ਮਰਨ ਕਬੂਲ ਕਰਨਾ ਹੈ-

> ਪਹਿਲਾਂ ਮਰਨ ਕਬੂਲ ਕਰ ਜੀਵਨ ਦੀ ਛਡ ਆਸ।
> ਹੋ ਸਗਲ ਕੀ ਰੇਣਕਾ ਤਾਂ ਆਓ ਹਮਾਰੇ ਪਾਸ।

ਇਸ ਵਾਕ ਉਤੇ ਅਮਲ ਕਰਨਾ ਏ। ਅਸਾਂ ਕੁਝ ਵਿਉਂਤਾਂ ਸੋਚੀਆਂ ਹਨ। ਉਨ੍ਹਾਂ ਬਾਰੇ ਬਾਬੂ ਸੰਤਾ ਸਿੰਘ ਜੀ ਤੁਸਾਂ ਨੂੰ ਕੁਝ ਦਸਣਗੇ। ਇਹ ਮੇਰੇ ਸਾਥੀ ਹਨ ਤੇ ਫੌਜ ਵਿਚੋਂ ਆਏ ਨੇ ।' ਇਹ ਆਖ ਕੇ ਕਿਸ਼ਨ ਸਿੰਘ ਚੁਪ ਹੋ ਗਿਆ ।

ਬਾਬੂ ਸੰਤਾ ਸਿੰਘ ਜਿਹੜਾ ਪਲਟਨ ੫੨ ਵਿਚੋਂ ਨਾਵਾਂ ਕਟਾ ਕੇ ਆਇਆ ਸੀ ਕਿ ਹਕੂਮਤ ਸਿਖ ਗੁਰਧਾਮਾਂ ਵਿਚ ਕਿਉਂ ਦਾਖ਼ਲ ਦੇ ਰਹੀ ਸੀ, ਬੋਲਣ ਲੱਗਾ-

'ਸਾਥੀਓ ! ਇਸ ਇਕੱਠ ਦਾ ਮਤਲਬ ਤਾਂ ਤੁਸੀਂ ਸਾਫ ਸਮਝ



Sri Satguru Jagjit Singh Ji eLibrary NamdhariElibrary@gmail.com

ਗਏ। ਪਹਿਲਾਂ ਵੀ ਸਮਝਾਇਆ ਗਿਆ ਸੀ ਕਿ ਨਵੀਂ ਜਥੇਬੰਦੀ ਦਾ ਨਾਂ 'ਬੱਬਰ ਅਕਾਲੀ' ਤਜਵੀਜ਼ ਹੋਇਆ ਹੈ। ਬੱਬਰ ਇਕ ਦਲੇਰ ਸ਼ੇਰ ਹੁੰਦਾ ਹੈ ਤੇ ਅਕਾਲੀ ਦਾ ਅਰਥ ਹੈ ਮੌਤ ਰਹਿਤ ਬਲੀ। ਇਸ ਦੇ ਮੈਂਬਰ ਮੌਤ ਨੂੰ ਮਖੌਲ ਕਰਨ ਵਾਲੇ ਹੋਣਗੇ।'

'ਨਾਂ ਤਾਂ ਸੁਹਣਾ ਹੈ।' ਇਕ ਨੇ ਕਿਹਾ।

'ਠੀਕ ਹੈ?' ਸੰਤਾ ਸਿੰਘ ਨੇ ਪੁਛਿਆ।

'ਬਿਲਕੁਲ ਠੀਕ—ਕੰਮ ਨਾਲ ਢੁਕਦਾ। ਇਹ ਕੋਈ ਚਰਖਾ ਕਤਣ ਜਾਂ ਮਾਲਾ ਫੇਰਨ ਵਾਲਿਆਂ ਦੀ ਜਥੇਬੰਦੀ ਥੋੜੀ ਹੈ।'

ਇਕ ਦੋ ਬੋਲ ਪਏ।

'ਇਸ ਜਥੇਬੰਦੀ ਦਾ ਨਿਸ਼ਾਨਾ ਇਹ ਹੋਏਗਾ, ਬਰਤਾਨਵੀ ਨੌਕਰਸ਼ਾਹੀ ਦਾ ਤਖਤਾ ਉਲਟਾਉਣਾ, ਝੋਲੀ ਚੁਕ ਮਾਰਨੇ, ਹਿੰਦੂ ਸਿਖ ਤੇ ਮੁਸਲਮਾਨਾਂ ਵਿਚ ਏਕਤਾ ਪੈਦਾ ਕਰਨੀ। ਦੇਸ਼ ਭਗਤਾਂ ਦੀ ਸਹਾਇਤਾ ਕਰਨੀ।'

'ਇਸ ਦੇ ਸਰਗਰਮ ਮੈਂਬਰਾਂ ਨੂੰ ਇਹ ਪਰਤਗਿਆ ਜ਼ਰੂਰ ਕਰਨੀ ਪਵੇਗੀ -

(ੳ) ਸ਼ਰਾਬ ਨਾ ਪੀਣੀ।

(ਅ) ਇਸਤਰੀ ਦਾ ਤਿਆਗ—ਜਤੀ ਸਤੀ ਰਹਿਣਾ।

(ੲ) ਕੁਰਬਾਨੀ ਕਰਨ ਤੋਂ ਪਿਛੇ ਨਾ ਹਟਣਾ—ਜਾਨ ਤੇ ਖੇਡ ਜਾਣਾ।

(ਸ) ਜਥੇਬੰਦੀ ਦਾ ਹੁਕਮ ਮੰਨਣਾ।

(ਹ) ਜਥੇਬੰਦੀ, ਦੇਸ਼ ਅਤੇ ਕੌਮ ਨਾਲ ਗਦਾਰੀ ਨਾ ਕਰਨੀ।

(ਕ) ਚੋਰੀ ਨਾ ਕਰਨੀ ਤੇ ਨਾ ਡਾਕਾ ਮਾਰਨਾ।'



Sri Satguru Jagjit Singh Ji eLibrary NamdhariElibrary@gmail.com

'ਇਹ ਵੀ ਠੀਕ ਹੈ।'

ਸਾਹਮਣੇ ਖੜੋਤਿਆਂ ਨੇ ਇਕ ਜ਼ਬਾਨ ਹੋ ਕੇ ਆਖਿਆ।

ਉਸ ਵੇਲੇ ਪਹਾੜ ਵਿਚ ਬਦਲ ਲਿਸ਼ਕਿਆ। ਦਰਿਆ ਵਿਚ ਭਾਰੀ ਛੱਲ ਉੱਠੀ ਤੇ ਹੇਠਾਂ ਨੂੰ ਜਾਣ ਤੇ ਖੜਕਾ ਹੋਇਆ। ਸ਼ਾਇਦ ਦੇਸ਼ ਦੇ ਕੰਮਾਂ ਦੀ ਪ੍ਰਵਾਨਗੀ ਕੁਦਰਤ ਦੇ ਮਹਾਨ ਅੰਗਾਂ ਨੇ ਵੀ ਬਖਸ਼ੀ।

'ਇਸ ਦੇ ਤਿੰਨ ਹਿਸੇ ਹੋਣਗੇ—(੧) ਕੁਰਬਾਨੀ ਕਰਨ ਵਾਲੇ। (੨) ਕੁਰਬਾਨੀ ਕਰਨ ਵਾਲਿਆਂ ਦੇ ਘਰਾਂ, ਪਰਵਾਰਾਂ ਦੀ ਸਹਾਇਤਾ ਕਰਨ ਵਾਲੇ। (੩) ਉਹ ਜਿਹੜੇ ਸਰਕਾਰ, ਝੋਲੀਚੁਕਾਂ ਤੇ ਪੁਲਸ ਦੇ ਕੰਮ ਦੀ ਖੁਫੀਆ ਸੂਹ ਕੱਢ ਕੇ ਜਥੇ ਨੂੰ ਰੀਪੋਰਟ ਕਰਨਗੇ। ਪਿਛਲੀ ਦੋ ਕਿਸਮ ਦੇ ਮੈਂਬਰ ਪਿੰਡਾਂ ਵਿਚ ਚੁਪ ਰਹਿਣਗੇ ਤੇ ਲੋੜ ਪੈਣ ਤੇ ਸਹਾਇਤਾ ਕਰਨਗੇ। ਪਹਿਲੀ ਕਿਸਮ ਦਾ ਜਥਾ, ਹਥਿਆਰ ਲੈ ਕੇ ਮੈਦਾਨ ਵਿਚ ਨਿਕਲਣਗੇ।'

'ਇਕ ਅਖਬਾਰ ਛਾਪਿਆ ਜਾਇਆ ਕਰੇਗਾ, ਲੋਕਾਂ ਵਿਚ ਜਾਗ੍ਰਤ ਪੈਦਾ ਕਰਨ ਲਈ।'

ਇਹ ਅਸੂਲ ਸੁਣਾਏ ਗਏ। ਸਾਰਿਆਂ ਨੇ ਪ੍ਰਵਾਨਗੀ ਦੇ ਦਿਤੀ ਤੇ ਬੈਠਿਆਂ ਨੇ ਇਕ ਕਾਗਜ਼ ਉਤੇ ਆਪਣੇ ਲਹੂ ਨਾਲ ਦਸਖਤ ਕੀਤੇ ਤੇ ਪ੍ਰਤੱਗਿਆ ਕੀਤੀ ਕਿ ਉਹ ਸਰਗਰਮ ਮੈਂਬਰ ਰਹਿੰਦੇ ਹੋਏ ਕੁਰਬਾਨੀ ਕਰਨਗੇ।

ਉਨ੍ਹਾਂ ਵਿਚੋਂ ਕੁਝ ਬਹਾਦਰਾਂ ਦੇ ਇਹ ਨਾਮ ਸਨ—ਸ: ਕਰਮ ਸਿੰਘ ਦੌਲਤਪੁਰ (ਜਲੰਧਰ), ਸ: ਸੁੰਦਰ ਸਿੰਘ ਮਕਸੂਮਪੁਰ, ਕਰਮ ਸਿੰਘ ਝਿੰਗੜ, ਧੰਨਾ ਸਿੰਘ ਬਿਹਬਲਪੁਰ (ਹੁਸ਼ਿਆਰਪੁਰ), ਮਾਸਟਰ ਦਲੀਪ ਸਿੰਘ ਗੋਸਲ, ਹਜ਼ਾਰਾ ਸਿੰਘ ਮੁੰਡੇਰ, ਬੰਤਾ ਸਿੰਘ, ਭੋਲਾ ਸਿੰਘ, ਪਿਆਰਾ ਸਿੰਘ ਧਾਮੀਆਂ ਤੇ ਵਰਿਆਮ ਸਿੰਘ ਧੁਗੇ (ਹੁਸ਼ਿਆਰਪੁਰ), ਉਜਾਗਰ ਸਿੰਘ ਧਾਮੀਆਂ, ਰਤਨ ਸਿੰਘ ਸਿੰਗੜੀ ਵਾਲਾ, ਕਿਸ਼ਨ ਸਿੰਘ ਸਾਂਗਾ, ਗਿਆਨੀ ਹਰਬੰਸ ਸਿੰਘ ਸਰਹਾਲਾ ਆਦਿਕ।



Sri Satguru Jagjit Singh Ji eLibrary NamdhariElibrary@gmail.com

'ਹਥਿਆਰਾਂ ਦਾ ਬੰਦੋਬਸਤ ਕਿਵੇਂ ਹੋਏਗਾ ?' ਵਰਿਆਮ ਸਿੰਘ ਨੇ ਪੁਛਿਆ।

'ਕੁਝ ਬੰਦੋਬਸਤ ਹੋ ਗਿਆ ਏ। ਬਾਕੀ ਹੋ ਜਾਏਗਾ, ਰਿਆਸਤਾਂ ਵਿਚੋਂ ਤੇ ਕਰਮ ਸਿੰਘ ਪਸ਼ੌਰ ਵੀ ਜਾਏਗਾ। ਪੰਜ ਪਸਤੌਲ, ਦੋ ਪਕੀਆਂ ਰਾਇਫਲਾਂ ਇਹ ਹਨ, ਕਾਰਤੂਸ ਵੀ।' ਕਿਸ਼ਨ ਸਿੰਘ ਨੇ ਉੱਤਰ ਦਿਤਾ।

'ਜਿਸ ਨੇ ਪਹਿਲਾਂ ਕਿਸੇ ਝੋਲੀਚੁਕ ਨੂੰ ਸੋਧਣਾ ਹੈ, ਉਹ ਉਠਾ ਲਏ।'

ਉਸ ਵੇਲੇ ਵਰਿਆਮ ਸਿੰਘ ਨੇ ਪੱਕੀ ਰਾਇਫਲ ਚੁਕ ਲਈ, ਉਸ ਦੇ ਪਿਛੋਂ ਕਰਮ ਸਿੰਘ ਤ ਬਾਕੀ ਦਿਆਂ ਪਸਤੌਲ ਚੁਕ ਲਏ।

'ਪਹਿਲਾਂ ਰਾਣੀਪੁਰ ਦਾ ਜ਼ੈਲਦਾਰ ਬਿਸ਼ਨ ਸਿੰਘ ਮਾਰਿਆ ਜਾਏ ਤਾਂ ਚੰਗਾ ਹੈ।' ਰਾਮ ਸਿੰਘ ਬੋਲਿਆ, 'ਇਹ ਸਵਾ ਵੀ ਮੈਂ ਤੇ ਮੇਰਾ ਮਿਤਰ ਧਰਮ ਸਿੰਘ ਕਰਾਂਗੇ।'

'ਚਲੋ ਠੀਕ ਹੈ।' ਬਾਬੂ ਸੰਤਾ ਸਿੰਘ ਨੇ ਪ੍ਰਵਾਨਗੀ ਦੇ ਦਿਤੀ।

'ਗੇਂਦਾ ਸਿੰਘ ਮਾਨੂਕੇ ਨੂੰ ਅਸੀਂ ਸੋਧ ਲਵਾਂਗੇ! ਕਰਮ ਸਿੰਘ ਤੇ ਨੰਦ ਸਿੰਘ ਨੇ ਅਵਾਜ਼ਾ ਦਿਤਾ।

ਇਉਂ ਫੈਸਲੇ ਕਰਕੇ ਇਕੱਤ੍ਰਤਾ ਖਤਮ ਕਾਤੀ ਗਈ ਤੇ ਇਕ ਇਕ ਦੋ ਦੋ ਹੋ ਕੇ ਖਿਲਰ ਗਏ।



Sri Satguru Jagjit Singh Ji eLibrary NamdhariElibrary@gmail.com

# ੭.

ਜ਼ੈਲਦਾਰ ਬਿਸ਼ਨ ਸਿੰਘ ਨੂੰ ਰਾਮ ਸਿੰਘ ਤੇ ਧਰਮ ਸਿੰਘ ਨੇ ਮਾਰਿਆ ਸੀ। ਦੋਵੇਂ ਨੌਜਵਾਨ ਸਨ।

ਧਰਮ ਸਿੰਘ ਉਹੋ ਹੀ ਮੰਗੋ ਵਿਧਵਾ ਦਾ ਪੁਤਰ ਸੀ, ਜਿਹੜਾ ਸਾਧੂ ਹੋ ਕੇ ਫਗਵਾੜੇ ਇਕ ਉਦਾਸੀਆਂ ਦੀ ਧਰਮਸਾਲਾ ਵਿਚ ਰਹਿੰਦਾ ਸੀ। ਉਹ ਸਾਧੂ ਇਸ ਵਾਸਤੇ ਨਹੀਂ ਸੀ ਬਣਿਆ ਕਿ ਵੇਹਲਾ ਰਹਿ ਕੇ ਲੋਕਾਂ ਦੀ ਕਮਾਈ ਉਤੇ ਪਲੇ, ਪੂਜਾ ਕਰਾਏ ਜਾਂ ਨਾਮ ਜਪ ਕੇ ਕਲਿਆਨ ਪ੍ਰਾਪਤ ਕਰੇ, ਉਹ ਸਾਧੂ ਬਣਿਆ ਸੀ ਬਰਤਾਨਵੀ ਸਾਮਰਾਜ ਦੇ ਚੱਟਿਆਂ-ਚੱਟਿਆਂ ਕੋਲੋਂ ਆਪਣੇ ਪਿਤਾ ਦੇ ਖੂਨ ਦਾ ਬਦਲਾ ਲੈਣਾ ਚਾਹੀਦਾ ਸੀ। ਜਿਸ ਨੂੰ ਬਜ ਬਜ ਘਾਟ (ਕਲਕਤੇ, ਤੇ ਜਹਾਜ਼ੋਂ ਉਤਰਦਿਆਂ ਨੂੰ ਇਸ ਕਰਕੇ ਗੋਲੀ ਦਾ ਨਿਸ਼ਾਨਾ ਬਣਾ ਦਿਤਾ ਗਿਆ ਸੀ ਕਿ ਉਹ ਗੁਰੂ ਨਾਨਕ ਜਹਾਜ ਦੇ ਹੋਰ ਮੁਸਾਫਰਾਂ ਨਾਲ ਮਿਲ ਕੇ ਕਲਕਤੇ ਵਿਚ ਰਹਿੰਦੇ ਬਰਤਾਨਵੀਂ ਸਾਮਰਾਜ ਦੇ ਉਸ ਪੁਰਜ਼ੇ ਅਗੇ ਫਰਿਆਦਕਿਰਨਾ ਚਾਹੁੰਦੇ ਸਨ ਜਿਹੜਾ ਬਰਤਾਨਵੀਂ ਸਾਮਰਾਜ ਵਲੋਂ ਭਾਰਤ ਦੇ ਇਕ ਪ੍ਰਤੀਨਿਧ ਦੇ ਰੂਪ ਵਿਚ ਰਹਿੰਦਾ ਸੀ। ਉਸ ਨੂੰ ਸਭ ਨੇ ਮਿਲ ਕੇ ਦਸਣਾ ਸੀ ਕਿ ਕੈਨੇਡਾ ਦੀ ਗੋਰਾ ਸ਼ਾਹੀ ਨੇ ਉਹਾਂ ਨੂੰ ਕੈਨੇਡਾ ਵਿਚ ਉਤਰਨ ਨਹੀਂ ਦਿਤਾ ਤੇ ਉਹਨਾਂ ਦਾ ਕਿੰਨਾ ਕੀਮਤੀ ਸਮਾਂ ਅਤੇ ਮਾਲੀ ਨੁਕਸਾਨ ਹੋਇਆ ਹੈ। ਕੈਨੇਡਾ ਤੇ ਭਾਰਤ ਦੀ ਪਰਜਾ ਵਿਚ ਜਦੋਂ ਕਿ ਕੋਈ ਅੰਤਰ ਨਹੀਂ, ਦੋਵੇਂ ਹੀ ਇਸ ਬਰਤਾਨਵੀ ਸਾਮਰਾਜ ਦੇ ਅਧੀਨ ਸਨ। ਪਰ ਕੌਣ ਜਾਣਦਾ ਸੀ? ਗੋਰਾ ਨੌਕਰਸ਼ਾਹੀ ਨੇ ਹੁਕਮ ਦਿਤਾ, 'ਗੁਰੂ ਨਾਨਕ ਜਹਾਜ਼ ਜਾਂ ਕਾਮਾ ਗਾਟਾ ਮਾਰੂ ਜਹਾਜ਼



Sri Satguru Jagjit Singh Ji eLibrary NamdhariElibrary@gmail.com

ਜਿਹੜਾ ਬਾਬਾ ਗੁਰਦਿਤ ਸਿੰਘ ਦੀ ਸਰਪਰਸਤੀ ਵਿਚ ਵਾਪਸ ਆ ਰਿਹਾ ਹੈ, ਉਸ ਦੇ ਮੁਸਾਫਰਾਂ ਦੀ ਤਲਾਸ਼ੀ ਲਈ ਜਾਵੇ ਤੇ ਜਿਥੇ ਹਥਿਆਰ ਹਨ, ਖੋਹ ਕੇ ਉਹਨਾਂ ਨੂੰ ਜਹਾਜ਼ੋਂ ਉਤਰਦਿਆਂ ਹੀ ਸਿਧਾ ਰੇਲਵੇ ਸਟੇਸ਼ਨ ਤੇ ਲਿਜਾਇਆ ਜਾਏ ਤੇ ਰਾਹ ਵਿਚ ਕਿਸੇ ਨਾਲ ਕੋਈ ਗਲ ਬਾਤ ਨਾ ਕਰਨ ਦਿਤੀ ਜਾਏ।

ਸਟੇਸ਼ਨ ਤੋਂ ਸਭ ਨੂੰ ਹੁਕਮ ਦਿਓ ਕਿ ਉਹ ਆਪੋ ਆਪਣੇ ਘਰਾਂ ਨੂੰ ਸਿਧੇ ਚਲੇ ਜਾਣ। ਕੋਈ ਰੌਲਾ ਗੌਲਾ ਨਾ ਕਰਨ ਤੇ ਨਾ ਕਿਸੇ ਜਲਸੇ ਜਲੂਸ ਨੂੰ ਕਰਨ ਦਾ ਜਤਨ ਕਰਨ। ਜੇ ਕੋਈ ਇਸ ਹੁਕਮ ਦੀ ਉਲੰਘਣਾ ਕਰੇ ਤਾਂ ਉਸ ਨੂੰ ਸਜ਼ਾ ਦਿਤੀ ਜਾਏ।

ਜਹਾਜ਼ ਦੇ ਮੁਸਾਫਰ ਬੁਰੀ ਤਰ੍ਹਾਂ ਬਰਬਾਦ ਹੋ ਚੁਕੇ ਸਨ, ਉਹ ਭੁਖੇ ਤੇ ਉਜੜੇ ਸਨ। ਉਨ੍ਹਾਂ ਨੇ ਫਰਿਆਦ ਕਰਨੀ ਸੀ। ਮੀਂਹ ਵਰ੍ਹਦੇ ਵਿਚ ਹੀ ਸ਼ਹਿਰ ਵਲ ਇਕ ਜਲੂਸ ਦੀ ਸ਼ਕਲ ਵਿਚ ਤੁਰ ਪਏ। ਉਨ੍ਹਾਂ ਨੂੰ ਰਾਹ ਵਿਚ ਰੋਕ ਕੇ ਗੋਲੀ ਚਲਾ ਦਿਤੀ ਗਈ। ਅਨੇਕਾਂ ਸ਼ਹੀਦ ਹੋ ਗਏ। ਉਹਨਾਂ ਸ਼ਹੀਦਾਂ ਵਿਚ ਧਰਮ ਸਿੰਘ ਦਾ ਪਿਤਾ ਕਰਤਾਰ ਸਿੰਘ ਸੀ। ਕਰਤਾਰ ਸਿੰਘ ਦਾ ਇਕ ਮਿਤਰ ਉਸ ਦੇ ਨਾਲ ਜ਼ਖ਼ਮੀ ਹੋਇਆ ਸੀ। ਉਸ ਨੇ ਧਰਮ ਸਿੰਘ ਤੇ ਉਸ ਦੀ ਮਾਤਾ ਨੂੰ ਦਸਿਆ ਸੀ ਕਿ ਕਰਤਾਰ ਸਿੰਘ ਨੇ ਦਮ ਤੋੜਨ ਤੋਂ ਪਹਿਲਾਂ ਆਖਿਆ ਸੀ, 'ਮੇਰੇ ਪੁਤਰ ਧਰਮੂ ਨੂੰ ਆਖਣਾ, ਜਵਾਨ ਹੋ ਕੇ ਗੋਰਾ ਸ਼ਾਹੀ ਦੇ ਵਿਰੁਧ ਲੜੇ। ਇਸ ਜ਼ਾਲਮ ਹਕੂਮਤ ਨੇ ਉਸ ਦੇ ਪਿਤਾ ਨੂੰ ਜਵਾਨੀ ਵਿਚ ਹੀ ਸ਼ਹੀਦ ਕੀਤਾ ਹੈ। ਗੋਰਾ ਸ਼ਾਹੀ ਨੇ ਭਾਰਤੀਆਂ ਨੂੰ ਬੰਦੇ ਨਹੀਂ ਜਾਤਾ। ਮੇਰੀ ਆਤਮਾ ਸ਼ਾਂਤ ਤੇ ਖੁਸ਼ ਹੋਵੇਗੀ ਜਦੋਂ ਮੇਰਾ ਪੁਤਰ ਭਾਰਤ ਸੁਤੰਤਰ ਕਰਾਉਣ ਦੇ ਘੋਲ ਵਿਚ ਸ਼ਹੀਦ ਹੋਏਗਾ। ਬਸ ਮੇਰਾ ਇਹੋ ਸੁਨੇਹਾ ਹੈ। ਮੈਂ ਗਰੀਬ ਸਾਂ। ਕਮਾਈ ਕਰਨ ਲਈ ਪਰਦੇਸ ਗਿਆ ਸਾਂ। ਪਰ ਕੋਈ ਪੇਸ਼ ਨਾ ਗਈ।' ਇਹ ਆਖ ਕੇ ਉਹ ਫਤਹ ਬੁਲਾ ਗਿਆ ਸੀ। ਉਸ ਨੂੰ ਛਾਤੀ ਵਿਚ ਗੋਲੀਆਂ ਲੱਗੀਆਂ ਸਨ।



Sri Satguru Jagjit Singh Ji eLibrary NamdhariElibrary@gmail.com

ਧਰਮ ਸਿੰਘ ਨੂੰ ਜਦੋਂ ਇਹ ਸੁਨੇਹਾ ਮਿਲਿਆ ਸੀ, ਤਦੋਂ ਉਹ ਬਾਰਾਂ ਕੁ ਸਾਲ ਦਾ ਬੱਚਾ ਸੀ। ਉਹ ਜਿਉਂ ਜਿਉਂ ਜਵਾਨ ਹੁੰਦਾ ਗਿਆ ਤਿਉਂ ਤਿਉਂ ਆਪਣੇ ਸ਼ਹੀਦ ਪਿਤਾ ਦਾ ਸੁਨੇਹਾ ਚੇਤੇ ਕਰੀ ਜਾਂਦਾ ਰਿਹਾ। ਥੋੜਾ ਚਿਰ ਫਿਰ ਤੁਰ ਕੇ ਉਹ ਦੇਸ਼ ਭਗਤਾਂ ਦੀ ਸੰਗਤ ਵਿਚ ਜਾ ਮਿਲਿਆ। ਸਾਧੂ ਦਾ ਭੇਸ ਧਾਰਨ ਕਰ ਲਿਆ। ਬੜਾ ਜੁਸ਼ੀਲਾ ਫੁਰਤੀਲਾ ਜਵਾਨ ਨਿਕਲਿਆ। ਉਸ ਦੀ ਮਾਤਾ ਮੰਗੋ ਉਹਦੀ ਸ਼ਾਦੀ ਕਰਨਾ ਚਹੁੰਦੀ ਸੀ, ਪਰ ਉਸ ਨੇ ਸ਼ਾਦੀ ਕਰਾਉਣ ਤੋਂ ਉੱਕੀ ਨਾਂਹ ਕਰ ਦਿਤੀ ਉਸ ਨੇ ਬੰਦੂਕ ਚਲਾਉਣੀ ਸਿਖੀ ਸੀ। ਪਸਤੌਲ ਦੀ ਗੋਲੀ ਦਾ ਨਿਸ਼ਾਨਾ ਉਹ ਚੰਗੀ ਤਰ੍ਹਾਂ ਮਾਰ ਲੈਂਦਾ ਸੀ ਤੇ ਬੰਬਾਂ ਤੋਂ ਉਸ ਨੂੰ ਡਰ ਨਹੀਂ ਸੀ ਆਉਂਦਾ। ਉਹ ਪੱਕਾ ਜੁਗ ਗਰਦ ਬਣ ਗਿਆ ਸੀ।

ਧਰਮ ਸਿੰਘ ਦਾ ਸਾਥੀ ਸ. ਰਾਮ ਸਿੰਘ ਉਸ ਨਾਲੋਂ ਚਾਰ ਕੁ ਸਾਲ ਵੱਡਾ, ਛੇ ਫੁਟ ਉੱਚਾ ਤੇ ਸੁੰਦਰ ਨਰੋਏ ਭਰਵੇਂ ਸਰੀਰ ਵਾਲਾ ਗਭਰੂ ਸੀ। ਉਹ ਇਕ ਵਾਰ ਵਿਆਹਿਆ ਗਿਆ ਸੀ। ਪਰ ਉਸ ਦੀ ਪਤਨੀ ਚਲਾਣਾ ਕਰ ਗਈ ਸੀ। ਸੌ ਘੁਮਾਂ ਜ਼ਮੀਨ ਦਾ ਮਾਲਕ ਤੇ ਰੱਜੇ-ਪੁੱਜੇ ਘਰ ਦਾ ਗਭਰੂ ਸੀ। ਉਸ ਦੇ ਦੋ ਭਰਾ ਤੇ ਤੀਸਰਾ ਉਸ ਦਾ ਪਿਤਾ ਪਿੰਡ ਦੀ ਜ਼ਮੀਨ ਸੰਭਾਲਦੇ ਸਨ। ਉਹ ਫੌਜ ਵਿਚੋਂ ਨਾਵਾ ਕਟਾ ਕੇ ਆਇਆ ਸੀ। ਜ਼ੈਲਦਾਰ ਬਿਸ਼ਨ ਸਿੰਘ ਨਾਲ ਉਸ ਦੀ ਈਰਖਾ ਸੀ। ਕਿਉਂਕਿ ਬਿਸ਼ਨ ਸਿੰਘ ਨੇ ਉਸ ਨੂੰ ਐਵੇਂ ਹੀ ਪੁਲਸ ਦੇ ਸਿਕੰਜੇ ਵਿਚ ਅੜਾ ਦਿਤਾ ਸੀ, ਨਾਲ ਹੀ ਉਸ ਦੇ ਰਿਸ਼ਤੇਦਾਰਾਂ ਨੂੰ ਜੁਤੀਆਂ ਮਰਵਾਈਆਂ ਸਨ ਜਿਹੜੇ ਰਾਣਾਪੁਰ ਵਿਚ ਹੀ ਰਹਿੰਦੇ ਸਨ। ਬਿਸ਼ਨ ਸਿੰਘ ਪੂਰਾ ਚੁਗਲ ਸੀ। ਉਸ ਦੀ ਅੱਖ ਮੈਲੀ ਰਹਿੰਦੀ ਸੀ। ਸਬੱਬੀਂ ਇਕ ਦਿਨ ਰਾਮ ਸਿੰਘ ਆਪਣੀ ਭੂਆ ਦਿਆਲੀ ਨੂੰ ਮਿਲਣ ਲਈ ਰਾਣੇਪੁਰ ਗਿਆ ਹੋਇਆ ਸੀ ਕਿ ਬਿਸ਼ਨ ਸਿੰਘ ਨੇ ਸ਼ਰਾਬ ਦੇ ਨਸ਼ੇ ਵਿਚ ਉਸ ਨੂੰ ਤੇ ਉਸ ਦੀ ਭੂਆ ਦਿਆਲੀ ਨੂੰ ਗਾਲ੍ਹਾਂ ਕੱਢ ਦਿਤੀਆਂ। ਰਾਮ ਸਿੰਘ ਉਸੇ ਵੇਲੇ ਗਲ ਪੈਣ ਲੱਗਾ ਸੀ, ਪਰ ਕਈਆਂ



Sri Satguru Jagjit Singh Ji eLibrary NamdhariElibrary@gmail.com

ਕਾਰਨਾਂ ਕਰਕੇ ਉਹ ਰੁਕ ਰਿਆ । ਪਰ ਉਸ ਨੇ ਫੈਸਲਾ ਕੀਤਾ ਕਿ ਉਹ ਇਕ ਜ਼ਰੂਰ ਵੱਢਣੇ ਜ਼ੈਲਦਾਰ ਬਿਸ਼ਨ ਸਿੰਘ ਨੂੰ ਮਾਰੇਗਾ । ਕੁਦਰਤੀ ਉਸ ਦੀ ਮੁਲਾਕਾਤ ਸ. ਕਿਸ਼ਨ ਸਿੰਘ ਨਾਲ ਹੋ ਗਈ । ਕਿਸ਼ਨ ਸਿੰਘ ਨੇ ਉਸ ਨੂੰ ਪ੍ਰੇਰਿਆ ਕਿ ਉਹ 'ਬੱਬਰ ਅਕਾਲੀ' ਲਹਿਰ ਵਿਚ ਸ਼ਾਮਲ ਹੋਏ ਤੇ ਉਹਨਾਂ ਨੂੰ ਸੋਧੇ ਜਿਹੜੇ ਦੇਸ਼ ਨਾਲ ਗਦਾਰੀ ਕਰਦੇ ਹੋਏ ਗ਼ਰੀਬਾਂ ਦੇ ਲਹੂ ਦੇ ਘੁਟ ਭਰਦੇ ਹਨ ਤੇ ਬਦੇਸ਼ੀਆਂ ਦੇ ਹੱਥ ਠੋਕੇ ਬਣੇ ਹੋਏ ਸਨ ।

ਸ. ਕਿਸ਼ਨ ਸਿੰਘ ਦੀ ਜ਼ਬਾਨ ਵਿਚ ਐਸੀ ਖਿਚ ਸੀ ਕਿ ਜਿਹੜਾ ਉਸ ਦੀਆਂ ਗੱਲਾਂ ਸੁਣਦਾ ਸੀ, ਉਹੋ ਉਸ ਦਾ ਦਣ ਜਾਂਦਾ ਸੀ । ਰਾਮ ਸਿੰਘ ਬੱਬਰਾਂ ਨਾਲ ਮਿਲ ਗਿਆ ਉਸ ਨੇ ਧਰਮ ਸਿੰਘ ਦੇ ਨਾਲ ਆ ਕੇ ਜ਼ੈਲਦਾਰ ਬਿਸ਼ਨ ਸਿੰਘ ਨੂੰ ਮਾਰ ਦਿਤਾ । ਉਸ ਵੇਲੇ ਉਹ ਘੋੜੀਆਂ ਉਤੇ ਸਵਾਰ ਸਨ, ਪਰ ਪੁਲਸ ਦੇ ਟਾਣੀ ਪੁਰ ਪੁਜਣ ਤੋਂ ਪਹਿਲਾਂ ਪਹਿਲਾਂ ਨਾਲ ਦੇ ਪਿੰਡ ਘੋੜੀਆਂ ਛਡ ਕੇ ਤੇ ਦੋਂਹ ਸਾਥੀਆਂ ਨੂੰ ਉਥੇ ਬਿਠਾ ਕੇ ਆਪ ਮੁੜ ਠਾਣੀ ਪੁਰ ਆ ਕੇ ਭੂਆ ਦਿਆਲੀ ਦੇ ਘਰ ਆ ਰਹੇ । ਉਸ ਦੇ ਘਰੋਂ ਨਿਕਲ ਕੇ ਉਨ੍ਹਾਂ ਨੇ ਮੰਗਲ ਸਹਾਇ ਨੂੰ ਸੋਧਿਆ ਸੀ । ਮੰਗਲ ਸਹਾਇ ਨੂੰ ਸੋਧਣ ਦੀ ਘਟਨਾ ਵੀ ਅਨੋਖੀ ਸੀ ਜਿਸ ਵਿਚ ਬਹਾਦਰੀ ਤੇ ਅਕਲ ਤੋਂ ਚੰਗਾ ਕੰਮ ਲਿਆ ਗਿਆ ਸੀ ।

ਘਟਨਾ ਇਸ ਤਰ੍ਹਾਂ ਹੋਈ ਕਿ ਪਿੰਡ ਨੂੰ ਘੇਰਾ ਪਾ ਕੇ ਪੁਲਸ ਬੈਠੀ ਰਹੀ । ਇਕ ਪੁਲਸ ਵਾਲਾ ਆਪਣੀ ਡਿਊਟੀ ਤੋਂ ਲਾ-ਪਰਵਾਹ ਹੋ ਕੇ ਪਾਣੀ ਪੀਣ ਵਾਸਤੇ ਭੂਆ ਦਿਆਲੀ ਦੇ ਘਰ ਚਲਾ ਗਿਆ । ਭੂਆ ਦਿਆਲੀ ਦਾ ਘਰ ਬਾਹਰਲੇ ਪਾਸੇ ਨੂੰ ਸੀ ਤੇ ਕੋਲ ਦੋ ਤਿੰਨ ਘਰਾਂ ਦੇ ਢੱਠੇ ਖੋਲੇ ਸਨ, ਜਿਹੜੇ ਪਿੰਡ ਨੂੰ ਛਡ ਕੇ ਕਿਤੇ ਦੂਰ ਚਲੇ ਗਏ ਸਨ । ਸਿਪਾਹੀ ਨੂੰ ਪਾਣੀ ਪਿਲਾਇਆ ਗਿਆ । ਉਹ ਪਾਣੀ ਪੀ ਕੇ ਬਾਹਰ ਨੂੰ ਚਲਿਆ ਹੀ ਸੀ ਕਿ ਧਰਮ ਸਿੰਘ ਤੇ ਰਾਮ ਸਿੰਘ ਨੇ ਉਸ ਨੂੰ ਨੱਪ ਲਿਆ । ਮੂੰਹ ਨੱਕ ਘੁਟ ਲਿਆ, ਅਵਾਜ਼ ਨਾ ਕੱਢਣ



Sri Satguru Jagjit Singh Ji eLibrary NamdhariElibrary@gmail.com

ਦਿਤੀ ਤੇ ਉਸ ਦਾ ਗਲ਼ ਘੁਟ ਕੇ ਉਸ ਨੂੰ ਪਾਰ ਬੁਲਾ ਦਿੱਤਾ। ਉਸ ਦੀ ਵਰਦੀ ਲਾਹ ਕੇ ਰਾਮ ਸਿੰਘ ਨੇ ਪਾ ਲਈ ਤੇ ਉਸ ਦੀ ਲੋਥ ਮਾੜੇ ਜਿਹੇ ਹਨੇਰੇ ਵਿਚ ਖੋਲੇ ਵਿਚ ਸੁਟ ਦਿਤੀ। ਬਰਦੀ ਪਾ ਕੇ ਰਾਮ ਸਿੰਘ ਸਿਪਾਹੀ ਬਣ ਗਿਆ। ਉਸੇ ਦੀ ਪੱਕੀ ਬੰਦੂਕ ਲੈ ਕੇ ਉਸ ਥਾਂ ਚਲਿਆ ਗਿਆ ਜਿਥੇ ਪੁਲਸ ਕਪਤਾਨ ਦੀ ਲਾਰੀ ਖਲੋਤੀ ਸੀ ਤੇ ਜਦੋਂ ਪੁਲਸ ਕਪਤਾਨ ਤੇ ਉਸ ਦੇ ਆਦਮੀ ਲਾਰੀ ਵਲ ਆਏ ਤਾਂ ਇਕ ਦੇ ਲਾਗੇ ਇਉਂ ਖਲੋ ਗਿਆ, ਜਿਵੇਂ ਡਿਊਟੀ ਤੇ ਖਲੋਤਾ ਹੁੰਦਾ ਹੈ ਤੇ ਲਾਗੇ ਨਸਣ ਨੂੰ ਥਾਂ ਵੀ ਸੀ। ਜਿਉਂ ਹੀ ਮੰਗਲ ਸਹਾਏ ਨੂੰ ਗੋਲੀ ਮਾਰੀ, ਤਿਉਂ ਹੀ ਰੌਲਾ ਪਾਂਦਾ ਨੱਠ ਉਠਾ—'ਫੜੋ, ਔਹ ਗਿਆ!' ਗਲੀ ਵਿਚ ਵੜ ਕੇ ਨਠਿਆ ਗਿਆ, ਕਿਸੇ ਸ਼ੱਕ ਨਾ ਕੀਤਾ ਤੇ ਭੂਆ ਦਿਆਲੀ ਅਤੇ ਧਰਮ ਸਿੰਘ ਨੂੰ ਨਾਲ ਲੈ ਕੇ ਇਕ ਖਾਲੀ ਥਾਂ ਵਿਚੋਂ ਪਿੰਡੋਂ ਬਾਹਰ ਨਿਕਲ ਗਿਆ। ਘੇਰੇ ਤੇ ਖਲੋਤੇ ਸਿਪਾਹੀਆਂ ਨੂੰ ਪਤਾ ਹੀ ਨਾ ਲੱਗਾ। ਤਿੰਨ ਖੂਨ ਇਕ ਦਿਨ ਵਿਚ ਹੋ ਗਏ। ਕਪੂਰਥਲਾ ਰਿਆਸਤ ਦੀ ਸਾਰੀ ਰਾਜ ਮਸ਼ੀਨਰੀ ਕੰਬ ਉਠੀ।

ਭੂਆ ਦਿਆਲੀ ਨੂੰ ਕੁਝ ਸਮਝ ਨਾ ਲੱਗੀ। ਉਹ ਪਜਵੰਜਾ ਕੁ ਸਾਲ ਦੀ ਅਨਪੜ੍ਹ ਤੀਵੀਂ ਸੀ। ਉਸ ਨੂੰ ਬੋਲਣ ਤੇ ਸੋਚਣ ਦਾ ਰਤਾ ਸਮਾਂ ਨਾ ਦਿਤਾ ਗਿਆ। ਉਸ ਨੂੰ ਇਹ ਵੀ ਨਾ ਦਸਿਆ ਗਿਆ ਕਿ ਰਾਮ ਸਿੰਘ ਤੇ ਧਰਮ ਸਿੰਘ ਨੇ ਹੀ ਜ਼ੈਲਦਾਰ ਬਿਸ਼ਨ ਸਿੰਘ ਦਾ ਖੂਨ ਕੀਤਾ ਸੀ। ਉਹ ਤਾਂ ਸਗੋਂ ਦੋਹਾਂ ਨੂੰ ਆਖਦੀ ਰਹੀ ਸੀ ਕਿ ਉਹ ਪਿੰਡੋਂ ਬਾਹਰ ਚਲੇ ਜਾਣ। ਉਹਨਾਂ ਨੂੰ ਆਉਣਾ ਨਹੀਂ ਸੀ ਚਾਹੀਦਾ। ਸਿਪਾਹੀ ਦਾ ਖੂਨ ਹੁੰਦਾ ਦੇਖ ਕੇ ਘਬਰਾ ਗਈ ਤੇ ਘਬਰਾਈ ਹੋਈ ਨੂੰ ਪਿੰਡੋਂ ਬਾਹਰ ਕੱਢ ਦਿਤਾ ਗਿਆ।

'ਭੂਆ! ਤੂੰ ਚਲ ਅਸਾਡੇ ਪਿੰਡ ਤੇ ਓਥੋਂ ਫਗਵਾੜੇ ਚਲੀ ਜਾਈਂ, ਰਾਮ ਸ਼ਰਨ ਮਹੰਤ ਦੇ ਡੇਰੇ। ਸਾਰੇ ਮਾਮਲੇ ਨਜਿਠੇ ਜਾਣਗੇ। ਜ਼ੈਲਦਾਰ ਬਿਸ਼ਨ ਸਿੰਘ ਨੂੰ ਵੀ ਅਸਾਂ ਹੀ ਮਾਰਿਆ ਹੈ।'



Sri Satguru Jagjit Singh Ji eLibrary NamdhariElibrary@gmail.com

'ਵੇ ਲੋਹੜਾ ਮਾਰਿਆ ਜੇ ! ਪਹਿਲਾਂ ਕਿਉਂ ਨਾ ਦਸਿਆ ? ਕੋਈ ਡਰ ਨਹੀਂ। ਮੈਂ ਘਰ ਹੀ ਸਵੇਰੇ ਚਲੀ ਜਾਵਾਂਗੀ। ਤੁਹਾਡਾ ਨਾਂ ਨਹੀਂ ਲੈਂਦੀ। ਮੈਨੂੰ ਉਹਨਾਂ ਕੀ ਆਖਣਾ ਹੈ। ਜੇ ਤੰਗ ਕਰਨਗੇ ਤਾਂ ਆਖਾਂਗੀ ਕੋਈ ਸਨ। ਮੈਨੂੰ ਕੀ ? ਨਸਿਆਂ ਬਹੁਤਾ ਸ਼ੱਕ ਹੋਏਗਾ।'

ਗਲ ਭੂਆ ਦਿਆਲੀ ਦੀ ਚਾਲੀ ਸੇਰੀ ਸੀ। ਉਹ ਉਹਨਾਂ ਦੇ ਨਾਲ ਲਗਦੇ ਪਿੰਡ ਚਲੀ ਗਈ। ਰਾਤ ਉਥੇ ਰਹੀ ਤੇ ਦਿਨੇ ਘਰ ਆ ਗਈ। ਆਉਂਦ ਨੂੰ ਪੁਲਸ ਨੇ ਪੁਛਿਆ ਤਾਂ ਬੋਲੀ, ਮੈਂ ਤਾਂ ਪਰਸੋਂ ਦੀ ਧੀ ਕੋਲ ਗਈ ਹੋਈ ਸਾਂ ਮੈਨੂੰ ਕੀ ਪਤਾ ਪਿੰਡ ਵਿਚ ਕੀ ਹੋਇਆ ਤੇ ਕੀ ਨਾ ਹੋਇਆ ?

ਰਾਮ ਸਿੰਘ ਤੇ ਧਰਮ ਸਿੰਘ ਆਪਣੇ ਰਾਹ ਪਏ ਉਹਨਾਂ ਨੇ ਹੋਰ ਕੰਮ ਕਰਨੇ ਸਨ।



Sri Satguru Jagjit Singh Ji eLibrary NamdhariElibrary@gmail.com

# ੮.

ਦਿਨ ਦੇ ਲੌਢੇ ਵੇਲੇ ਜ਼ਿਲਾ ਹੁਸ਼ਿਆਰਪੁਰ ਦੇ ਪਿੰਡ ਧਾਮੀਆਂ ਦੀਆਂ ਮੜ੍ਹੀਆਂ ਵਿਚ ਸੁਕਾ ਨੱਲ ਤੇ ਸਣ ਦੇ ਦੋ ਤਿੰਨ ਗਰਨੇ ਰਖੇ ਗਏ। ਢਠੇ ਹੋਏ ਕੋਠੇ ਦੀਆਂ ਪੁਰਾਣੀਆਂ ਸ਼ਤੀਰੀਆਂ ਤੇ ਕੜੀਆਂ ਵੀ ਸਨ, ਕਾਲੀਆਂ ਧੂੰਆਖੀਆਂ ਹੋਈਆਂ ਤੇ ਘੁਣ ਖਾਧੀਆਂ। ਆਮ ਭਾਵੇਂ ਖਿਆਲ ਹੈ ਕਿ ਇਕ ਬੰਦੇ ਦੇ ਸਾੜਨ ਵਾਸਤੇ ਨੌਂ ਮਣ ਬਾਲਣ ਦੀ ਲੋੜ ਹੈ—ਤੇ ਸ਼ਹਿਰੀਏ ਲੋਕ ਇਉਂ ਹੀ ਹਿਸਾਬ ਕਰਕੇ ਇਕ ਚਿਖਾ ਵਾਸਤੇ ਬਾਲਣ ਖਰੀਦਦੇ ਹਨ ਪਰ ਪਿੰਡਾਂ ਵਿਚ ਅਜੇ ਵੀ ਤੋਲ ਦਾ ਖਿਆਲ ਨਹੀਂ ਹੁੰਦਾ। ਅਜ ਤੋਂ ਪੰਜਤਾਲੀ ਸਾਲ ਪਹਿਲਾਂ ਤਾਂ ਪਿੰਡਾਂ ਦੇ ਵਿਚ ਬਾਲਣ ਦਾ ਘਾਟਾ ਨਹੀਂ ਸੀ। ਘਰ ਦੇ ਰੁਖ ਬਹੁਤ ਹੁੰਦੇ ਸਨ। ਕਿਸੇ ਇਸਤਰੀ ਪੁਰਸ਼ ਦੇ ਮਿਰਤਕ ਸਰੀਰ ਨੂੰ ਖੁਲ੍ਹਾ ਬਾਲਣ ਦੇ ਕੇ ਸਸਕਾਰਿਆ ਜਾਂਦਾ ਸੀ।

ਧਾਮੀਆਂ ਦੀਆਂ ਮੜ੍ਹੀਆਂ ਵਿਚ ਜਿਸ ਮਿਰਤਕ ਸਰੀਰ ਦਾ ਸਸਕਾਰ ਹੋਣਾ ਸੀ, ਉਹ ਇਕ ਜਵਾਨ ਉਮਰ ਵਿਚ ਮਰੀ ਇਸਤਰੀ ਤੇਜ ਕੌਰ ਸੀ। ਖੁਸ਼ੀ-ਅਨੰਦ ਦੇ ਸਮੇਂ ਭਾਵੇਂ ਕੋਈ ਕਿਸੇ ਨਾਲ ਮਿਲਵਰਤਣ ਕਰੇ ਜਾਂ ਨਾ ਕਰੇ, ਪਰ ਗ਼ਮੀ ਵੇਲੇ ਕੋਈ ਪਿਛੇ ਨਹੀਂ ਰਹਿੰਦਾ। ਅਜ ਤੋਂ ਚਾਲੀ ਸਾਲ ਪਹਿਲਾਂ ਦਾ ਪੇਂਡੂ ਭਾਈਚਾਰਾ ਬੜਾ ਗਠੀਲ ਸੀ। ਵੈਰ ਵਿਰੋਧ ਘਟ ਸਨ। ਪਿੰਡ ਦੇ ਨੰਬਰਦਾਰ ਭਾਵੇਂ ਚੋਰੀ ਚੋਰੀ ਲੋਕਾਂ ਨੂੰ ਰੋਕਿਆ ਸੀ ਕਿ ਉਹ ਤੇਜ ਕੌਰ ਦੀ ਅਰਥੀ ਨਾਲ ਨਾ ਜਾਣ ਕਿਉਂਕਿ ਸਰਕਾਰੀ ਹੁਕਮ ਸੀ ਕਿ ਤੇਜ ਕੌਰ ਬਾਗ਼ੀ ਸੰਤਾ ਸਿੰਘ ਦੀ ਧਰਮ ਪਤਨੀ ਸੀ। ਸੰਤਾ ਸਿੰਘ ਬੱਬਰ ਅਕਾਲੀਆਂ ਦਾ



Sri Satguru Jagjit Singh Ji eLibrary NamdhariElibrary@gmail.com

ਜਾਬੀ ਸੀ ਤੇ ਝੋਲੀ ਚੁਕਾਂ ਨੂੰ ਮਾਰਦਾ ਫਿਰਦਾ ਸੀ। ਨਾਲੇ ਸਰਕਾਰ ਨੂੰ ਡਰ ਵੀ ਸੀ ਕਿ ਲੋਕ ਸਰਕਾਰ ਦੇ ਵਿਰੁਧ ਵਲਵਲਾ ਨਾ ਲੈਣ, ਕਿਉਂਕਿ ਤੇਜ ਕੌਰ ਰੋਗਣ ਹੋ ਕੇ ਨਹੀਂ ਸੀ ਮਰੀ। ਉਸ ਨੂੰ ਨਾ ਤਾਪ ਚੜ੍ਹਿਆ ਸੀ ਤੇ ਨਾ ਸੂਲ ਹੋਇਆ ਸੀ। ਉਹ ਤਾਂ ਨਰੋਈ ਤੇ ਜਵਾਨ ਸੀ। ਉਸ ਦੇ ਮਰਨ ਤੇ ਰੋਗਣ ਹੋਣ ਦੀ ਜ਼ਿਮੇਵਾਰੀ ਜ਼ਿਲੇ ਦੀ ਪੁਲਸ ਸਿਰ ਸੀ।

ਤੇਜ ਕੌਰ ਦੀ ਮੌਤ ਤੋਂ ਵੀਹ ਕੁ ਦਿਨ ਪਹਿਲਾਂ ਪੁਲਸ ਧਾਮੀਆਂ ਆਈ ਸੀ, ਸੰਤਾ ਸਿੰਘ ਨੂੰ ਲੱਭਣ। ਕਿਉਂਕਿ ਧਾਮੀਆਂ ਦੇ ਬੰਤਾ ਸਿੰਘ ਭੋਲਾ ਸਿੰਘ ਤੇ ਕੁਝ ਹੋਰ ਸੂਰਮੇ ਦੇਸ਼ ਦੀ ਖਾਤਰ ਜਾਨਾਂ ਵਾਰਨ ਲਈ ਮੈਦਾਨ ਵਿਚ ਨਿਤਰੇ ਸਨ। ਪੁਲਸ ਨੂੰ ਪੱਕਾ ਸ਼ੱਕ ਹੋ ਗਿਆ ਕਿ ਜ਼ਿਲਾ ਜਲੰਧਰ ਦੇ ਪਿੰਡ ਨੰਗਲ ਸ਼ਾਮਾਂ ਵਿਚ ਜੋ ਲੰਬਰਦਾਰ ਬੂਟਾ ਸਿੰਘ ਤੇ ਉਸ ਦੇ ਨਾਲ ਦੋ ਤਿੰਨ ਹੋਰ ਆਦਮੀ ਮਾਰੇ ਗਏ ਸਨ ਉਹਨਾਂ ਨੂੰ ਮਾਰਨ ਵਾਲਿਆਂ ਵਿਚ ਸੰਤਾ ਸਿੰਘ ਜ਼ਰੂਰ ਸੀ। ਸੰਤਾ ਸਿੰਘ ਬੜਾ ਦਲੇਰ ਤੇ ਬਹਾਦਰ ਜਵਾਨ ਸੀ। ਉਹ ਮੌਤ ਨਾਲ ਖੇਡਣ ਤੋਂ ਪਿਛੇ ਨਹੀਂ ਸੀ ਹਟਦਾ। ਉਹ ਤਾਂ ਪਿੰਡ ਪਿੰਡ ਖੁਲ੍ਹਾ ਗਾਉਂਦਾ ਫਿਰਦਾ ਰਹਿੰਦਾ ਸੀ–

ਝੋਲੀ ਚੁਕ ਨਹੀਂ ਛਡਣੇ, ਕਰਨਾ ਜਲਦ ਸੁਧਾਰ।<br>
ਝੋਲੀਚੁਕ ਨਹੀਂ ਛਡਣੇ, ਸਣ-ਪੁਤਰਾਂ ਛਡਣੇ ਮਾਰ।

ਪੁਲਸ ਧਾਮੀਆਂ ਆਈ। ਇਕ ਮੁਸਲਮਾਨ ਥਾਣੇਦਾਰ ਸੀ ਤੇ ਨਾਲ ਇਕ ਗੋਰਾ ਇੰਸਪੈਕਟਰ ਪੁਲੀਸ। ਉਹ ਗੋਰਾ ਟਾਮੀ ਬਹੁਤ ਭੈੜਾ ਤੇ ਕਰੜੇ ਸੁਭਾਅ ਦਾ ਸੀ। ਉਸ ਨੇ ਹੁਕਮ ਕੀਤਾ ਕਿ ਦੋਸ਼ੀਆਂ ਦਾ ਪਤਾ ਕਰਨ ਲਈ ਬੇਸ਼ਕ ਸਖਤੀ ਕੀਤੀ ਜਾਏ ਕਿਉਂਕਿ ਮਾਸਟਰ ਐਸ. ਡਬਲਯੂ. ਮੋਂਗਰ ਡਿਪਟੀ ਇਨਸਪੈਕਟਰ ਜਨਰਲ, ਖੁਫੀਆ ਪੁਲਸ ਪੰਜਾਬ ਦੇ ਆਖਣ ਤੇ ਪੰਜਾਬ ਸਰਕਾਰ ਵਲੋਂ ਪੁਲਸ ਨੂੰ ਸਖਤ ਤਾੜਨਾ ਹੋਈ ਸੀ ਕਿ 'ਬੱਬਰ ਅਕਾਲੀ ਲਹਿਰ ਰੋਕੀ ਜਾਏ, ਨਹੀਂ ਤਾਂ



Sri Satguru Jagjit Singh Ji eLibrary NamdhariElibrary@gmail.com

ਪੰਜਾਬ ਵਿਚ ਬਗਾਵਤ ਹੋ ਜਾਏਗੀ । ਗੋਰੇ ਟਾਮੀ ਦੇ ਹੁਕਮ ਨਾਲ ਪਿੰਡ ਦੇ ਜੀਅ ਜੀਅ ਨੂੰ ਪੁਛਿਆ ਗਿਆ ਕਿ ਉਹ ਸੰਤਾ ਸਿੰਘ ਦਾ ਪਤਾ ਦੇਣ, ਪਰ ਕਿਸੇ ਨੇ ਕੁਝ ਨਾ ਦਸਿਆ । ਸੰਤਾ ਸਿੰਘ ਦੇ ਘਰ ਦੀ ਤਲਾਸ਼ੀ ਲਈ ਗਈ । ਉਸ ਵੇਲੇ ਤੇਜ ਕੌਰ ਘਰ ਨਹੀਂ ਸੀ । ਉਹ ਇਕ ਮੁਸਲਮਾਨ ਤੇਲੀ ਦੇ ਘਰ ਜਾ ਲੁਕੀ ਸੀ, ਪਰ ਲੰਬਰਦਾਰ ਨੇ ਸੂਹ ਕਢ ਕੇ ਤੇਜ ਕੌਰ ਪਕੜਾ ਦਿੱਤੀ । ਪਲਸ ਨੇ ਉਸ ਨੂੰ ਪੁਛਿਆ ਕਿ ਉਸ ਦਾ ਪਤੀ ਕਿਥੇ ਸੀ, ਉਸ ਨੇ ਬਥੇਰਾ ਕਿਹਾ ਕਿ ਉਹ ਬਾਹਰ ਰਹਿੰਦਾ ਹੈ ਤੇ ਉਹਨੂੰ ਉਹਦਾ ਪਤਾ ਨਹੀਂ, ਪਰ ਪੁਲਸ ਨਾ ਮੰਨੀ । ਗੋਰੇ ਟਾਮ ਨ ਹੁਕਮ ਦਿਤਾ, ਇਸ ਦੇ ਲੀੜੇ ਉਤਾਰ ਦਿਓ । ਉਸ ਦੇ ਲੀੜੇ ਉਤਾਰੇ ਗਏ । ਬਦੇਸ਼ੀ ਰਾਜ ਦੇ ਇਕ ਪੁਰਜ਼ੇ ਨੇ ਤੇਜੋ ਦੇ ਲੀੜੇ ਉਤਾਰੇ । ਉਸ ਨੂੰ ਨੰਗੀ ਕਰਕੇ ਚੌਂਕ ਵਿਚ ਬਿਠਾਇਆ ਗਿਆ ਤੇ ਕੁਟਿਆ, ਪਰ ਉਸ ਨੇ ਰਤਾ ਜਿੰਨਾ ਭੇਤ ਨਾ ਦਿਤਾ । ਉਹ ਮਰਨ ਤੇ ਤੁਲ ਗਈ । ਗੋਰਾ ਨੌਕਰਸ਼ਾਹੀ ਦਾ ਪੁਰਜ਼ਾ ਲੰਬਰਦਾਰ ਉਥੇ ਖਲੋਤਾ ਸੀ । ਪਿੰਡ ਦੇ ਨੂੰਹ ਉਸ ਦੇ ਸ਼ਾਹਮਣੇ ਨੰਗੀ ਬੈਠੀ ਸੀ, ਉਸ ਬੇਸ਼ਰਮ ਗ਼ਦਾਰ ਨੂੰ ਸ਼ਰਮ ਨਹੀਂ ਸੀ । ਉਹ ਤਾਂ ਮੁਰਬਾ ਇਨਾਮ ਲੈਣ ਦੇ ਲਾਲਚ ਵਿਚ ਸੀ । ਸਿਪਾਹੀ ਪੰਜਾਬੀ ਸਨ ਜਿਨ੍ਹਾਂ ਪੰਜਾਬ ਦਾ ਪਾਣੀ ਪੀਤਾ ਸੀ, ਅੰਨ ਖਾਧਾ ਸੀ–ਪੰਜਾਬ ਦੀ ਧਰਤੀ ਨੇ ਉਹਨਾ ਨੂੰ ਜਨਮ ਦਿਤਾ ਸੀ, ਪਰ ਉਹਨਾਂ ਵਿਚੋਂ ਵੀ ਅਣਖ ਮਰ ਗਈ ਸੀ । ਉਹਨਾਂ ਦੇ ਹੱਥ ਨੰਗੀ ਤੇਜ ਕੌਰ ਨੂੰ ਕੁਟਦੇ ਸਨ । ਪਿੰਡ ਵਿਚੋਂ ਕਿਸੇ ਨੂੰ ਹੌਂਸਲਾ ਨਾ ਪਿਆ ਕਿ ਉਸ ਨੂੰ ਛੁਡਾਉਣ । ਜ਼ੁਲਮ ਹੁੰਦਾ ਗਿਆ ਸਾਰਾ ਜ਼ੁਲਮ ਨੂੰ ਵੇਖ ਕੇ ਸੂਰਜ ਡੁਬ ਗਿਆ, ਪਰ ਜ਼ੁਲਮ ਨਾ ਹਟਿਆ । ਭੋਲਾ ਸਿੰਘ ਦਾ ਘਰ ਸਾੜ ਦਿਤਾ ਗਿਆ । ਹੋਰ ਬਹੁਤ ਸਾਰਿਆਂ ਨੂੰ ਮਾਰ ਕੁਟਾਈ ਹੋਈ । ਕਈਆਂ ਕੋਲੋਂ ਸਿਪਾਹੀਆਂ ਨੇ ਪੈਸੇ ਵੀ ਝਾੜੇ ਤੇ ਆਪਣੀ ਖੇਡ ਖੇਡੀ ।

'ਇਸ ਕੋ ਸਾਥ ਲੇ ਚਲੋ !'

ਗੋਰੇ ਟਾਮੀ ਨੇ ਹੁਕਮ ਦੇ ਦਿਤਾ ।

ਪੁਲਸ ਨੇ ਤੇਜ ਕੌਰ ਨੂੰ ਲੀੜੇ ਪਵਾ ਕੇ ਨਾਲ ਤੋਰ ਲਿਆ ।



Sri Satguru Jagjit Singh Ji eLibrary NamdhariElibrary@gmail.com

ਤੁਰ ਉਹ ਸਕਦੀ ਨਹੀਂ ਸੀ। ਉਸ ਨੂੰ ਧੱਕੀ ਗਏ। ਉਸ ਨੂੰ ਕਿਧਰ ਲੈ ਗਏ ? ਰਾਤ ਕਿਥੇ ਰਹੀ ? ਉਸ ਨਾਲ ਕੀ ਵਾਪਰੀ ? ਇਸ ਦਾ ਕਿਸੇ ਨੂੰ ਕੁਝ ਪਤਾ ਨਾ ਲਗਾ। ਪਰ ਸਵੇਰੇ ਲੋਕਾਂ ਨੇ ਵੇਖਿਆ, ਉਹ ਆਪਣੇ ਵਿਹੜੇ ਵਿਚ ਬੇਸੁਰਤ ਪਈ ਸੀ। ਉਸ ਦਾ ਅੰਗ ਅੰਗ ਸੁਜਿਆ ਹੋਇਆ ਸੀ। ਲੀੜੇ ਖੂਨ ਨਾਲ ਰੰਗੇ ਹੋਏ ਸਨ। ਉਸ ਨੂੰ ਚੁਕ ਕੇ ਅੰਦਰ ਮੰਜੇ ਤੇ ਲਿਟਾਇਆ ਗਿਆ। ਬਿਨਾਂ ਕੁਝ ਦਸੇ ਦੇ ਉਹ ਕਈਆਂ ਦਿਨਾਂ ਪਿਛੋਂ ਮਰ ਗਈ। ਮਰਨ ਤੇ ਇਕ ਦਿਨ ਪਹਿਲਾਂ ਜ਼ਰੂਰ ਮੰਗ ਕੀਤੀ ਕਿ ਸੰਤਾ ਸਿੰਘ ਆ ਜਾਏ ਤਾਂ ਚੰਗਾ। ਆਖਦੇ ਨੇ ਦਿਲਾਂ ਨੂੰ ਦਿਲਾਂ ਦੇ ਰਾਹ ਹੁੰਦੇ ਹਨ। ਸੰਤਾ ਸਿੰਘ ਪਹੁੰਚ ਹੀ ਪਿਆ ਪਰ ਉਸ ਨਾਲ ਜ਼ਬਾਨ ਸਾਂਝੀ ਨਾ ਕਰ ਸਕੀ ਤੇ ਗੁੰਮ ਹੋ ਗਈ। ਸਦਾ ਲਈ ਚੁਪ ਹੋ ਗਈ ਬਰਤਾਨਵੀ ਸਾਮਰਾਜ ਦੇ ਜ਼ਹਿਰ ਦਾ ਪਿਆਲਾ ਪੀ ਕੇ।

ਇਕ ਗਆਂਢਣ ਤਾਈ ਤਾਬੋ ਤੇਲਣ ਨੇ ਸੰਤਾ ਸਿੰਘ ਨੂੰ ਸਾਰੀ ਕਹਾਣੀ ਸੁਣਾ ਦਿਤੀ। ਲੰਬਰਦਾਰ ਦੀ ਕਰਤੂਤ ਵੀ ਦੱਸੀ। ਸੰਤਾ ਸਿੰਘ ਨੇ ਆਪਣੇ ਭਰਾਵਾਂ ਸ਼ਰੀਕੇ ਦੇ ਲੋਕਾਂ ਨੂੰ ਕਿਹਾ—'ਮੇਰੇ ਘਰ ਦੀਆਂ ਲੱਕੜਾਂ ਤਿਮੜਾਂ ਪਾ ਕੇ ਘਰੋਂ ਜਿਹੜਾ ਕਪੜਾ ਮਿਲੇ, ਖਫਣ ਪਾ ਕੇ ਤੇਜ ਕੌਰ ਦਾ ਸਸਕਾਰ ਕਰਨਾ-ਮੈਂ ਵੀ ਨਾਲ ਹੋਵਾਂਗਾ।
ਨੰਬਰਦਾਰ ਨਾ ਟਲਿਆ। ਉਸ ਨੂੰ ਲਾਲਚ ਨੇ ਮਜਬੂਰ ਕੀਤਾ ਸੀ। ਉਹ ਥਾਣੇ ਨੂੰ ਨੱਸ ਗਿਆ। ਜਾ ਦਸਿਆ ਕਿ ਤੇਜ ਕੌਰ ਮਰ ਗਈ ਹੈ ਤੇ ਸੰਤਾ ਸਿੰਘ ਵੀ ਸੁਣਿਐ ਪਿੰਡ ਆਇਆ ਹੈ। ਸਸਕਾਰ ਕਰਨ ਸਮੇਂ ਮੜ੍ਹੀਆਂ ਨੂੰ ਪੁਲਸ ਘੇਰਾ ਪਾ ਲਵੇ।

ਸੰਤਾ ਸਿੰਘ ਨੂੰ ਵੀ ਸੂਹ ਮਿਲੀ ਕਿ ਪੁਲਸ ਆ ਰਹੀ ਹੈ, ਉਹ ਹੁਸ਼ਿਆਰ ਹੋ ਜਾਏ। ਪਰ 'ਮਰਨੋਂ ਮੂਲ ਨਾ ਡਰਦੇ ਜਿਨ੍ਹਾਂ ਨਿਹੁੰ ਲਗਾ ਲਏ ਨੇ' ਵਾਲੀ ਗੱਲ ਸੀ। ਸੰਤਾ ਸਿੰਘ ਨੇ ਆਪਣੇ ਕੁਝ ਸਾਥੀ ਸੱਦ ਲਏ।

ਲੌਢੇ ਵੇਲੇ ਤੇਜ ਕੌਰ ਦੀ ਅਰਥੀ ਚੁਕੀ ਗਈ। ਸ਼ਹੀਦ ਤੇਜ ਕੌਰ



Sri Satguru Jagjit Singh Ji eLibrary NamdhariElibrary@gmail.com

ਜ਼ਿੰਦਾਬਾਦ' ਦੇ ਨਾਹਰੇ ਭਾਵੇਂ ਨਾ ਲੱਗੀ, ਪਰ ਉਹ 'ਜ਼ਿੰਦਾਬਾਦ' ਸੀ। ਭਾਰਤ ਮਾਤਾ ਦੀ ਦਲੇਰ ਸਪੁਤਰੀ ਸੀ। ਜੇ ਉਸ ਦੇ ਪਤੀ ਨੇ ਮੁਕਤੀ ਦਾ ਰਾਹ ਫੜਿਆ ਸੀ ਤਾਂ ਉਹ ਪਿਛੇ ਕਿਉਂ ਰਹਿੰਦੀ, ਪਰ ਅਫਸੋਸ ਕਿ ਬਦੇਸ਼ੀ ਸਰਕਾਰ ਦੀ ਮਸ਼ੀਨਰੀ ਦਾ ਕੋਈ ਪੁਰਜ਼ਾ ਨਾ ਤੋੜ ਸਕੀ। ਹਾਂ, ਸ਼ਹਾਦਤ ਦੇ ਕੇ ਦੁਆਬੇ ਦੇ ਕਈਆਂ ਨੌਜਵਾਨਾਂ ਦਾ ਠੰਡਾ ਲਹੂ ਗਰਮਾ ਗਈ।

ਅਰਥੀ ਦੇ ਨਾਲ ਸਾਰਾ ਪਿੰਡ ਸੀ। ਇਸਤਰੀ ਪੁਰਸ਼ ਸਨ। ਇਕ ਨਹੀਂ ਸੀ ਨਾਲ ਤਾਂ ਲੰਬਰਦਾਰ ਦਾ ਟੱਬਰ ਜਾਂ ਉਹ ਆਪ ਨਹੀਂ ਸੀ। ਕਿਉਂਕਿ ਉਹ ਹੋਰ ਹੋਣੀ ਵਰਤਾਉਣ ਤੇ ਤੁਲਿਆ ਬੈਠਾ ਸੀ। ਪਿੰਡ ਨੂੰ ਬਦਨਾਮ ਕਰ ਰਿਹਾ ਸੀ। ਮਰਦ ਰੋਂਦੇ ਸਨ, ਇਸਤਰੀਆਂ ਪਿਟਦੀਆਂ ਤੇ ਰੋਂਦੀਆਂ ਸਨ। ਤੇਜ ਕੋਰ ਦੇ ਮਾਪੇ ਵਿਆਕੁਲ ਹੋ ਹੋ ਗਸ਼ਾਂ ਖਾ ਖਾ ਕੇ ਧਰਤੀ ਉਤੇ ਡਿਗ ਡਿਗ ਪੈਂਦੇ ਸਨ। ਤੇਜ ਕੌਰ ਦੀ ਮੌਤ ਨੇ ਇਕ ਪਿੰਡ ਕੀ ਸਾਰੇ ਇਲਾਕੇ ਨੂੰ ਹਿਲਾ ਦਿੱਤਾ ਸੀ। ਪੁਲਸ ਦੀ ਕਾਲੀ ਕਰਤੂਤ ਦੀ ਮਹਾਨ ਘਟਨਾ ਕੀ ਸੀ? ਪੁਲਸ ਦੇ ਮੱਥੇ ਨਾ ਮਿਟਣ ਵਾਲਾ ਕਲੰਕ ਦਾ ਟਿਕਾ ਸੀ।

ਅਰਥੀ ਮੜ੍ਹੀਆਂ ਵਿਚ ਪੁਜੀ। ਚਿਖਾ ਤਿਆਰ ਹੋਈ। ਭਾਈ ਨੇ ਅਰਦਾਸਾ ਸਧਿਆ। ਤੇਜ ਕੌਰ ਦਾ ਮਿਰਤਕ ਸਰੀਰ ਖਫਣ ਵਿਚ ਵਲ੍ਹੇਟਿਆ ਹੋਇਆ ਚਿਖਾ ਉਤੇ ਰਖਿਆ ਗਿਆ ਤੇ ਉਪਰ ਲਕੜਾਂ ਰਖ ਕੇ ਲੰਬੂ ਲਾਉਣ ਦੀ ਤਿਆਰੀ ਹੋਈ। ਤੇਜ ਕੌਰ ਦਾ ਬਾਪ ਲੰਬੂ ਲਾਉਣ ਲੱਗਾ ਤਾਂ ਝਟ ਪਟ ਅਗੇ ਹੋਇਆ ਤੇ ਆਖਣ ਲੱਗਾ, 'ਲਿਆਓ! ਮੈਂ ਲੰਬੂ ਲਾਉਂਦਾ ਹਾਂ ਆਪਣੀ ਤੇਜੋ ਨੂੰ ਲੰਬੂ ਮੈਂ ਲਾਉਂਦਾ ਹਾਂ!' ਇਹ ਆਖ ਕੇ ਉਸ ਨੇ ਸਣ ਦਾ ਗਰਨਾ ਹੱਥ ਲਿਆ ਤੇ ਅੱਗ ਲਾ ਕ ਚਿਖਾ ਦ ਚੌਗਿਰਦੇ ਘੁੰਮ ਗਿਆ। ਸਿਰ ਦੇ ਕੋਲ ਆ ਕੇ ਖਲੋਤਾ ਹੀ ਸੀ ਤੇ ਅਗ ਚੰਗੀ ਤਰ੍ਹਾਂ ਬਲੀ ਨਹੀਂ ਸੀ ਕਿ ਘੋੜ ਸਵਾਰ ਆਉਂਦੇ ਨਜ਼ਰ ਪਏ। ਲਾਲ ਪਗੜੀਆਂ ਵਾਲੇ ਆ ਪੁਜੇ। ਸੰਤਾ ਸਿੰਘ ਨੇ



Sri Satguru Jagjit Singh Ji eLibrary NamdhariElibrary@gmail.com

ਹੁਲੀਆ ਬਦਲਿਆ ਹੋਇਆ ਸੀ । ਉਸ ਦੇ ਸਾਥੀ ਵੀ ਲੋਕਾਂ ਵਿਚ ਜਿਨ੍ਹਾਂ ਨੂੰ ਪੁਲਸ ਪਛਾਣ ਨਹੀਂ ਸੀ ਸਕਦੀ। ਉਨ੍ਹਾਂ ਕੋਲ ਹਥਿਆਰ ਵੀ ਸਨ।

ਪੁਲਸ ਦੀ ਧਾੜ ਵਿਚ ਦਸ ਆਦਮੀ ਸਨ । ਪੰਜਾਂ ਕੋਲ ਡਾਂਗਾਂ ਤੇ ਪੰਜਾਂ ਕੋਲ ਪੱਕੀਆਂ ਰਾਈਫਲਾਂ ਸਨ । ਉਹਨਾਂ ਨੇ ਸ਼ਮਸ਼ਾਨ ਭੂਮੀ ਨੂੰ ਘੇਰ ਲਿਆ।

ਜਿਸ ਥਾਂ ਚਿਖਾ ਬਲ ਰਹੀ ਸੀ ਉਥੇ ਇਕ ਪਾਸੇ ਕਿਕਰਾਂ ਸਨ ਤੇ ਨਾਲ ਹੀ ਛੱਪੜ ਸੀ ਦੋ ਪਾਸੇ ਖੁਲ੍ਹੇ ਸਨ। ਸੰਤਾ ਸਿੰਘ ਇਕ ਬੁਢੇ ਸੰਨਿਆਸੀ ਦੇ ਭੇਸ ਵਿਚ ਸੀ। ਉਹ ਚਿਖਾ ਲਾਗਿਓਂ ਸਗੋਂ ਪੁਲਸ ਵਾਲੇ ਪਾਸੇ ਹੋ ਗਿਆ।

'ਸਭ ਠਹਿਰੋ ! ਦਸੋ ਸੰਤਾ ਸਿੰਘ ਕਿਥੇ ਹੈ ?......ਆਪ ਹੀ ਹਾਜ਼ਰ ਹੋ ਜਾਏ, ਨਹੀਂ... !'

ਥਾਣੇਦਾਰ ਮਿਰਜ਼ਾ ਇਸਮਾਈਲ ਖਾਂ ਬੋਲਿਆ । ਉਸ ਨੇ ਤੁਰਲੇ ਵਾਲੀ ਪਗ ਬੰਨ੍ਹੀ ਹੋਈ ਸੀ। ਚੰਗਾ ਮੋਟਾ ਤਾਜ਼ਾ ਸਰੀਰ ਸੀ। ਲੋਕਾਂ ਦੇ ਮੁਰਗੇ ਖਾ ਖਾ ਕੇ ਮਰਾਸੀਆਂ ਦੀ ਕੱਟੀ ਵਾਂਗ ਫਿਟਿਆ ਹੋਇਆ ਸੀ।

ਛੇ ਘੋੜੇ ਤੇ ਦਸ ਸਵਾਰ ਸਨ । ਥਾਣੇਦਾਰ ਇਕੱਲਾ ਹੀ ਘੋੜੇ ਉਤੇ ਸੀ। ਪਿੰਡ ਦੇ ਦੋ ਤਿੰਨ ਮੁਖੀਏ ਅਗੇ ਹੋਏ । ਉਹਨਾਂ ਨੇ ਕਿਹਾ ਮਿਰਜ਼ਾ ਜੀ! ਮੜ੍ਹੀਆਂ ਵਿਚ ਐਸਾ ਹੁਕਮ ਨਹੀਂ ਦੇਣਾ ਚਾਹੀਦਾ। ਇਹ ਉਹ ਥਾਂ ਹੈ ਜਿਥੇ ਸਭ ਨੇ ਆਉਣਾ ਹੈ । ਸੰਤਾ ਸਿੰਘ ਦੇਖ ਲੋ, ਜੇ ਉਸ ਵਿਚ ਹੈ ਤਾਂ ਫੜ ਲੋ, ਪਰ ਲੋਕਾਂ ਨੂੰ ਹੈਰਾਨ ਨਾ ਕਰੋ । ਅਗੇ ਹੀ ਇਸ ਨਗਰ ਉਤੇ ਬਹੁਤ ਕਹਿਰ ਟੁਟਿਆ ਹੈ।'

ਕਹਿਰ ਟੁਟੇਗਾ । ਇਹ ਸਾਰਾ ਪਿੰਡ ਫੂਕ ਦਿਤਾ ਜਾਏਗਾ। ਹਲ ਵਗਣਗੇ ਕੋਠਿਆਂ ਉਤੇ। ਫੌਜ ਆ ਰਹੀ ਹੈ । ਸਰਕਾਰ ਦੇ ਵਿਰੁਧ ਤੁਸੀਂ ਲੋਕ ਬਾਗੀਆਂ ਨੂੰ ਮਦਦ ਦੇ ਰਹੇ ਹੋ । ਤੀਵੀਂ ਦੇ ਮੁਰਦੇ ਨਾਲ ਐਨੇ ਬੰਦੇ ਕਿਉਂ ਆਏ ?' ਮਿਰਜ਼ਾ ਸਗੋਂ ਗਰਜ ਕੇ ਬੋਲਿਆ । ਉਸ



Sri Satguru Jagjit Singh Ji eLibrary NamdhariElibrary@gmail.com

ਦੀਆਂ ਅੱਖਾਂ ਸਾਰਿਆਂ ਦੇ ਚਿਹਰਿਆਂ ਤੇ ਫਿਰ ਰਹੀਆਂ ਸਨ। ਲੋਕਾਂ ਦੇ ਹੱਥ ਦੇਖੇ ਜਾ ਰਹੇ ਸੀ। ਉਹਨਾਂ ਦੇ ਨਾਲ ਹੀ ਨੰਬਰਦਾਰ ਸੀ।

'ਲੰਬਰਦਾਰਾ ! ਅਗ ਹੋ ਕੇ ਵੇਖ ਤੇ ਦਸ !'

ਵਡੇਰੀ ਉਮਰ ਦਾ ਨੰਬਰਦਾਰ, ਅੱਖਾਂ ਉਸ ਦੀਆਂ ਡੂੰਘੀਆਂ ਸਨ ਤੇ ਪੜਵਾਲ ਪੈਂਦੇ ਸਨ। ਉਸ ਨੇ ਅੱਖਾਂ ਪੁਟ ਪੁਟ ਕੇ ਬਥੇਰਾ ਇਧਰ ਉਧਰ ਦੇਖਿਆ ਪਰ ਉਸ ਨੂੰ ਸੰਤਾ ਸਿੰਘ ਕਿਤੇ ਦਿਖਾਈ ਨਾ ਦਿਤਾ। ਉਹ ਹੈਰਾਨ ਸੀ ਕਿ ਉਸ ਦਾ ਕਿਆਸ ਝੂਠਾ ਕਿਵੇਂ ਹੋ ਗਿਆ ?

ਪਿਤ ਵਾਲੇ ਸਾਰੇ ਨੰਬਰਦਾਰ ਦੇ ਉਲਟ ਸਨ। ਮੜ੍ਹੀਆਂ ਵਿਚ ਕਦੀ ਕਿਸ ਨੇ ਕਿਸੇ ਦਾ ਮੁਰਦਾ ਖਰਾਬ ਨਹੀਂ ਕੀਤਾ। ਨਾ ਉਸ ਨੂੰ ਕਿਸੇ ਦਸਣਾ ਸੀ। ਉਹ ਕੁਝ ਘਬਰਾ ਜਿਹਾ ਗਿਆ।

ਸੰਤਾ ਸਿੰਘ ਦਾ ਸਾਥੀ, ਜਿਸ ਨੂੰ ਨਾ ਨੰਬਰਦਾਰ ਜਾਣਦਾ ਸੀ ਤੇ ਨਾ ਥਾਣੇਦਾਰ, ਉਹ ਥਾਣੇਦਾਰ ਵਲ ਅਗੇ ਹੋਇਆ। ਘੋੜੇ ਦੇ ਲਾਗੇ ਹੋ ਕੇ ਉਸ ਨੇ ਥਾਣਦਾਰ ਨੂੰ ਇਕ ਨਿਸ਼ਾਨ ਦਿਖਾਇਆ। ਉਹ ਨਿਸ਼ਾਨ ਖੁਫੀਆ ਪੁਲਸ ਦਾ ਸੀ। ਉਸ ਨੂੰ ਵੇਖ ਕੇ ਥਾਣੇਦਾਰ ਨੇ ਧੌਣ ਹੇਠਾਂ ਕਰਕੇ ਉਹਦੀ ਗਲ ਸਣੀ।

'ਸੰਤਾ ਤੇ ਉਸ ਦੇ ਸਾਥੀ ਤੁਸਾਂ ਦੇ ਆਉਣ ਤੋਂ 'ਪਹਿਲਾਂ ਇਉਂ ਪੱਛਮ ਵਲ ਨਿਕਲੇ ਹਨ। ਅਜੇ ਨੜੇ ਹੀ ਜਾਂਦੇ ਹੋਣਗੇ। ਮੈਂ ਪਿਛਾ ਕਰਨਾ ਸੀ, ਪਰ ਮੇਰੀ ਡਿਊਟੀ ਏਥੇ ਹੈ। ਤੁਸੀਂ ਪਿਛਾ ਕਰੋ।'

ਪੁਲਸ ਬਹੁਤਾ ਹੁਕਮ ਮੰਨਦੀ ਤੇ ਸੋਚਦੀ ਘੱਟ ਹੈ। ਥਾਣੇਥਾਰ ਨੇ ਸੱਚ ਮੰਨ ਲਿਆ। ਉਸ ਨੇ ਸਾਰੇ ਆਦਮੀਆਂ ਨੂੰ ਇਸ਼ਾਰਾ ਕੀਤਾ ਕਿ ਉਹ ਸਾਰੇ ਉਸ ਦੇ ਪਿਛੇ ਆਉਣ। ਉਨ੍ਹਾਂ ਨ ਘੋੜਿਆਂ ਦੀ ਵਾਗਾਂ ਪਛਮ ਵਲ ਮੋੜ ਲਈਆਂ। ਨੰਬਰਦਾਰ ਨੂੰ ਕੁਝ ਸਮਝ ਨਾ ਲਗੀ ਕਿ ਕੀ ਭਾਣਾ ਵਰਤਿਆ। ਪੁਲਸ ਦੂਰ ਚਲੀ ਗਈ। ਐਨੀ ਦੂਰ ਕਿ ਗੋਲੀ ਦੀ ਅਵਾਜ਼ ਵੀ ਸੁਣਾਈ ਨਾ ਦੇਵੇ।

ਨੰਬਰਦਾਰ ਪਿਛੇ ਮੁੜਨ ਲੱਗਾ। ਉਸ ਦਾ ਪਾਪੀ ਮਨ ਡਰ ਗਿਆ। ਸਾਰੇ ਲੋਕ ਉਸ ਨੂੰ ਵੈਰੀ ਅਨੁਭਵ ਹੋਏ। ਉਹ ਜਾਗਦਾ ਹੀ



Sri Satguru Jagjit Singh Ji eLibrary NamdhariElibrary@gmail.com

ਸੁਤਿਆਂ ਵਾਂਗ ਸੁਪਨੇ ਲੈਣ ਲਗ ਪਿਆ। ਉਸ ਦੀਆਂ ਅੱਖਾਂ ਅਗੇ ਤੇਜ ਕੌਰ ਦਾ ਬੁਤ ਸੀ। ਪੂਰੇ ਜੋਬਨ ਵਿਚ ਬਲ ਰਹੀ ਚਿਖਾ ਵਿਚੋਂ ਉਠ ਕੇ ਜਿਹੜਾ ਉਸ ਨੂੰ ਆਖ ਰਿਹਾ ਸੀ, 'ਲੰਬੜਾ ! ਕਿਧਰ ਜਾ ਰਿਹਾ ਏਂ, ਏਧਰ ਆ। ਤਰੇ ਜੀਵਨ ਦਾ ਦਾਣਾ ਪਾਣੀ ਮੁਕ ਗਿਆ ਹੈ। ਤੇਰੇ ਪਾਪ ਤੇ ਗ਼ਦਾਰੀ ਦਾ ਪਿਆਲਾ ਨੱਕ ਨੱਕ ਭਰ ਗਿਆ। ਤੂੰ ਪਿੰਡ ਦੀ ਨੂੰਹ ਦੀ ਨਿਰਾਦਰੀ ਹੁੰਦੀ ਅੱਖਾਂ ਨਾਲ ਦੇਖੀ, ਤੂੰ ਹਉਕਾ ਨਾ ਭਰਿਆ। ਫਿਰ ਮੇਰੀ ਬਲਦੀ ਚਿਖਾ ਤੇ ਮੇਰੇ ਪਤੀ ਨੂੰ ਜਿਹੜਾ ਧਰਮੀ ਤੇ ਦੇਸ਼ ਭਗਤ ਹੈ, ਗ੍ਰਿਫ਼ਤਾਰ ਕਰਾਉਣ ਲਈ, ਨਹੀਂ ਗੋਲੀ ਮਰਵਾਉਣ ਲਈ ਪੁਲਸ ਚਾੜ੍ਹ ਲਿਆਇਆ ਏਂ।

ਲੰਬਰਦਾਰ ਦੀਆਂ ਅੱਖਾਂ ਅੱਗੇ ਹਨੇਰਾ ਆ ਗਿਆ, ਉਸ ਦੇ ਸਿਰ ਨੂੰ ਚੱਕਰ ਆਉਣ ਲੱਗੇ। ਉਹ ਖਿਸਕਣ ਲਗਾ ਤਾਂ ਇਕ ਉਚਾ ਲੰਮਾ ਜਵਾਨ ਉਸ ਵਲ ਹੋਇਆ, ਉਸ ਨੂੰ ਬਾਹੋਂ ਫੜ ਕੇ ਆਖਣ ਲੱਗਾ-'ਲੰਬੜਾ ! ਉਰਾਂ ਹੋ ਗਲ ਸੁਣ !'

ਲੰਬਰਦਾਰ ਤਾਰਾ ਸਿੰਘ ਦਾ ਲਹੂ ਠੰਢਾ ਹੋ ਗਿਆ, ਉਸ ਦਾ ਗਲਾ ਭਾਰੀ ਹੋ ਗਿਆ, ਜ਼ਬਾਨ ਖੁੰਡੀ ਹੋ ਗਈ। ਅੱਖਾਂ ਤਾੜੇ ਲੱਗ ਗਈਆਂ, ਉਹ ਘਬਰਾ ਗਿਆ।

ਡਰ ਨਾਲ ਜੀਉਂਦਾ ਹੀ ਮੋਇਆਂ ਬਰਾਬਰ ਹੋ ਗਿਆ। ਮਰਦਾਂ ਨੇ ਦੇਖਿਆ, ਇਸਤਰੀਆਂ ਨੇ ਦੇਖਿਆ, ਸਾਰੇ ਚੁਪ ਰਹੇ, ਅਹਿਲ ਰਹੇ। ਸਭ ਨੂੰ ਉਸ ਉਤੇ ਗੁਸਾ ਸੀ। ਸਾਰੇ ਉਸ ਦੀ ਜਾਨ ਦੇ ਦੁਸ਼ਮਨ ਸਨ, ਪਰ ਡਰਦੇ ਨਹੀਂ ਸਨ ਉਭਾਸਰਦੇ, ਕਿਉਂਕਿ ਅੰਗਰੇਜ਼ਾਂ ਦਾ ਰਾਜ ਸੀ, ਜਿਹੜਾ ਸੱਤਾਂ ਸਾਗਰਾਂ ਤੋਂ ਪਾਰੋਂ ਆ ਕੇ ਰਾਜ ਕਰ ਰਿਹਾ ਸੀ ਤੇ ਭਾਰਤ ਦੇ ਲੋਕਾਂ ਨੂੰ ਕੀੜੇ ਮਕੌੜਿਆਂ ਤੋਂ ਵਧ ਕੁਝ ਨਹੀਂ ਸੀ ਸਮਝਦਾ। ਸਾਮਰਾਜੀ ਕਠੋਰਤਾ ਤੇ ਹਤਿਆ ਉਸ ਦੇ ਲਹੂ ਦਾ ਤਾਜ਼ਾ ਉਬਾਲ ਸੀ, 'ਟੁਮ ਲੋਗ ਕੋ ਮਾਰ ਦੇਗਾ ! ਘਰ ਸਾੜ ਦੇਗਾ, ਹਮ ਗੋਰਾ ਲੋਕ ਐਂ। ਟੁਮ ਕਾਲੇ ਕੁਲੀ!' ਉਹ ਜਿਥੇ ਜਾਂਦਾ ਸੀ ਆਖਦਾ ਸੀ।



Sri Satguru Jagjit Singh Ji eLibrary NamdhariElibrary@gmail.com

ਜੇਹਲਾਂ ਭਰੀਆਂ ਹਨ, ਮੁਕਦਮੇਂ ਚਲਦੇ ਸਨ, ਫਾਂਸੀ ਦੇ ਰਸੇ ਹਰ ਰੋਜ਼ ਜਵਾਨਾਂ ਦੇ ਗਲ ਪੈਂਦੇ ਸਨ, ਸੈਂਕੜੇ ਗੋਲੀਆਂ ਰੋਜ਼ ਠੰਢੀਆਂ ਕੀਤੀਆਂ ਜਾਂਦੀਆਂ ਸਨ । ਭਾਰਤੀ ਨਾਰੀ ਦੀ ਅਸਮਤ ਲੁਟੀ ਜਾਂਦੀ ਸੀ । ਬਰਤਾਨੀਆਂ ਦੇ ਸਾਰੇ ਹਰਾਮਦੇ ਬੱਚੇ ਟਾਮੀ ਪੁਲਸ ਤੇ ਫੌਜ ਵਿਚ ਭਰਤੀ ਕਰਕੇ ਪਵਿਤਰ ਭਾਰਤ ਭੂਮੀ ਨੂੰ ਲਿਤਾੜਨ ਵਾਸਤੇ ਲਿਆਂਦੇ ਗਏ ਸਨ । ਰਾਸ ਕੁਮਾਰੀ ਤੋਂ ਹਿਮਾਲਾ ਦੀਆਂ ਚੋਟੀਆਂ ਚੋਟੀਆਂ ਤਕ–ਦਰਿਆ ਕਾਬਲ ਤੋਂ ਬ੍ਰਹਮਪੁਤਰਾ ਤਕ ਬਰਤਾਨਵੀ, ਸਾਮਰਾਜ ਦੀ ਸਾਰੀ ਖੂਨੀ ਸ਼ਕਤੀ ਹਰਕਤ ਵਿਚ ਆਈ ਹੋਈ ਸੀ। ਲਾਠੀ ਗੋਲੀ ਦੀ ਸਰਕਾਰ ਸੀ। ਇਸ ਵਾਸਤੇ ਲੋਕ ਡਰਦੇ ਸਨ। ਬਹੁਤੇ ਉਜੜਨੋਂ ਡਰਦੇ ਸਨ, ਪਰ ਦਿਲ ਕਰਕੇ ਸਾਰੇ ਬਰਤਾਨਵੀ ਸਾਮਰਾਜ ਦੇ ਵੈਰੀ ਸਨ।

ਲੰਬਰਦਾਰ ਨਹੀਂ ਹਿਲਿਆ, ਨਹੀਂ ਬੋਲਿਆ । ਨਾ ਉਸ ਨੂੰ ਹਿਲਣ ਬੋਲਣ ਦਾ ਮੌਕਾ ਦਿਤਾ ਗਿਆ। ਚਿਖਾ ਬਲਦੀ ਸੀ । ਪੂਰੇ ਜ਼ੋਰ ਨਾਲ ਅਗ ਦੇ ਅਲੰਬੇ ਨਿਕਲ ਰਹੇ ਸਨ । ਉਸ ਵਿਚ ਸੜ ਰਿਹਾ ਸੀ ਤੇਜ ਕੌਰ ਦਾ ਤਨ। ਮਨ ਤਾਂ ਉਡ ਚੁਕਾ ਸੀ।

ਉਸ ਨੂੰ ਚਿਖਾ ਦੇ ਕੋਲ ਖਿਚ ਕੇ ਜਵਾਨ ਲੈ ਗਿਆ । ਉਹ ਬੋਲਿਆ, 'ਲੰਬਰਾ ! ਇਹ ਅਗ ਬਲਦੀ ਹੋਈ ਤੈਨੂੰ ਸੱਦਦੀ ਹੈ।'

ਇਹ ਸੁਣ ਕੇ ਲੰਬਰਦਾਰ ਦੀ ਇਕ ਡਾਡ ਨਿਕਲੀ। ਬਹੁਤ ਡਰਾਉਣੀ ਡਾਡ, ਪਰ ਡਾਡ ਦੇ ਨਾਲ ਇਕ ਵਾਰ 'ਠਾਹ' ਹੋਇਆ। ਪਸਤੌਲ ਦੀ ਗੋਲੀ ਉਸ ਦੀਆਂ ਮੌਰਾਂ ਵਿਚ ਵਜੀ ਤੇ ਉਹ ਮੂੰਹ ਭਾਰ ਤੇਜ ਕੌਰ ਦੀ ਬਲਦੀ ਚਿਖਾ ਉਤੇ ਡਿਗ ਪਿਆ। ਪਸਤੌਲ ਦੀ ਕੀਮਤੀ ਗੋਲੀ ਹੋਰ ਖਰਾਬ ਕਰਨ ਦੀ ਲੋੜ ਨਾ ਪਈ। ਸਾਰੇ ਵੇਖਦੇ ਰਹੇ । ਕਿਸੇ ਨਾ ਕੰਨ ਹਿਲਾਇਆ ਨਾ ਜ਼ਬਾਨ ਹਿਲਾਈ। ਸਭ ਬੁਤ ਬਣੇ ਖਲੋਤੇ ਰਹੇ। ਅਹਿਲ ਬੁਤ।

ਲੰਬਰਦਾਰ ਦੇ ਲੀੜਿਆਂ ਨੂੰ ਅੱਗ ਨੇ ਸਮੇਟ ਲਿਆ । ਉਸ ਦੇ ਦੁਧ ਚਿਟੇ ਵਾਲ ਸੜਨ ਲੱਗੇ-ਮੂੰਹ ਸੜ ਗਿਆ। ਚੁਕ ਕੇ ਹੋਰ ਅਗੇ



Sri Satguru Jagjit Singh Ji eLibrary NamdhariElibrary@gmail.com

ਸੁਟਿਆ ਗਿਆ। ਕੌਣ ਅਗੇ ਹੋ ਕੇ ਆਖੇ, ਇਹ ਨਾ ਕਰੋ। ਸੰਤਾ ਸਿੰਘ ਤੇ ਉਸ ਦੇ ਸਾਥੀ ਲਾਗੇ ਹੋ ਗਏ। ਚਿਖਾ ਨੂੰ ਘੇਰੀ ਰਖਿਆ।

ਫਿਰ ਕੁਢਣਾਂ ਨਾਲ ਨੰਬਰਦਾਰ ਦੇ ਸਰੀਰ ਅਗੇ ਅਗੇ ਕਰਕੇ ਅਗ ਵਿਚ ਲਕਾ ਦਿਤਾ ਗਿਆ। ਜਦੋਂ ਦੇਖਿਆ ਕਿ ਝੁਲਸਿਆ ਗਿਆ ਤੇ ਹੁਣ ਬਾਹਰ ਨਹੀਂ ਨਿਕਲ ਸਕਦਾ ਤਾਂ ਇਕ ਜਵਾਨ ਨੇ ਸੰਤਾ ਸਿੰਘ ਦੇ ਕੰਨ ਵਿਚ ਕਿਹਾ, 'ਚਲੋ ਹੁਣ।'

ਚਿਖਾ ਬਲ ਰਹੀ ਸੀ। ਤੇਜ ਕੌਰ ਤੇ ਲੰਬਰਦਾਰ ਦਾ ਤਨ ਭੁਸਮ ਹੋ ਰਿਹਾ ਸੀ—ਪਾਪ ਦਾ ਫਲ ਉਹ ਭੁਗਤ ਰਿਹਾ ਸੀ। ਲੋਕ ਕੋਲ ਖਲੋਤੇ ਸਨ। ਇਸਤਰੀਆਂ ਰਤਾ ਦੂਰ ਹੋ ਕੇ ਸਭ ਕੁਝ ਵੇਖ ਰਹੀਆਂ ਸਨ ਅਤੇ ਸੰਤਾ ਸਿੰਘ ਤੇ ਉਸ ਦੇ ਸਾਥੀ ਡੁਬਦੇ ਸੂਰਜ ਵਲ ਪਿਠ ਦੇ ਕੇ ਖੇਤਾਂ ਵਲ ਜਾ ਰਹੇ ਸਨ। ਉਹ ਹੌਲੀ ਹੌਲੀ ਅਗੇ ਚਲੇ ਗਏ।

ਧਾਮੀਆਂ ਦੀਆਂ ਮੜ੍ਹੀਆਂ ਵਿਚ ਚਿਖਾ ਬਲਦੀ ਰਹੀ।

★



Sri Satguru Jagjit Singh Ji eLibrary NamdhariElibrary@gmail.com

# ੯.

ਅੱਧ ਭਾਦਰੋਂ ਬੀਤ ਚੁਕਿਆ ਸੀ—੧ ਸਤੰਬਰ ੧੯੨੨ ਈ. ਸੀ, ਪਰ ਬਾਰਸ਼ ਨਹੀਂ ਸੀ ਹੁਕੀ। ਕਦੀ ਛੜਾਕਿਆਂ ਦੇ ਰੂਪ ਵਿਚ ਤੇ ਕਦੀ ਮੋਹਲੇਧਾਰ ਬਾਰਸ਼ ਹੋ ਜਾਂਦੀ ਸੀ। ਦਰਿਆ ਸਤਿਲੁਜ ਤੇ ਬਿਆਸ ਚੜ੍ਹਾ ਵਿਚ ਸਨ। ਦੁਆਬੇ ਦੀ ਬਹੁਤ ਸਾਰੀ ਧਰਤੀ ਪਾਣੀ ਨਾਲ ਕੱਜੀ ਸੀ। ਦਰਿਆਵਾਂ ਤੋਂ ਦੂਰ ਦੀ ਧਰਤੀ ਦੇ ਬਹੁਤੇ ਹਿਸੇ ਤੇ ਪਾਣੀ ਸੀ। ਖੇਤ, ਪਹੇ ਤੇ ਛਪੜ ਟੋਬੇ ਪਾਣੀ ਨਾਲ ਭਰੇ ਪਏ ਸਨ। ਪੱਕੀਆਂ ਤੋਂ ਬਿਨਾਂ ਚਲਣਾ ਕਠਨ ਸੀ। ਘੋੜੀਆਂ ਘੋੜੇ ਵੀ ਗਿੱਲੀ ਧਰਤੀ ਤੇ ਚਲਦੇ ਹੋਏ ਛੇਤੀ ਹਫ ਜਾਂਦੇ ਸਨ। ਪਹਿਲੀ ਸਤੰਬਰ ਦਾ ਦਿਨ ਬੀਤ ਗਿਆ। ਤਰਕਾਲਾਂ ਪੈਣ ਲੱਗੀਆਂ। ਅਜੇ ਡੂੰਘੀਆਂ ਤਰਕਾਲਾਂ ਨਹੀਂ ਸਨ ਪਈਆਂ ਕਿ ਕਪੂਰਥਲਾ ਦੇ ਪਿੰਡ ਬਬੇਲੀ ਨੂੰ ਪੁਲਸ ਦੀ ਧਾੜ ਨੇ ਘੇਰਾ ਪਾ ਲਿਆ। ਪੁਲਸ ਵੀ ਥੋੜੀ ਨਹੀਂ ਸੀ। ਜਰਮਨੀ ਦੀ ਜੰਗ ਵਾਂਗ ਇਕ ਕਿਸਮ ਦਾ ਫੌਜੀ ਘੇਰਾ ਸੀ। ਭਾਰੀ ਪੁਲਸ ਦੀ ਗਾਰਦ ਰਸਾਲਾ ਨੰਬਰ ੧੩ ਦੇ ਜਵਾਨ, ਉਹਨਾਂ ਦਾ ਅਫਸਰ ਮਿਸਟਰ ਸਮਿਥ, ਇਕ ਏ. ਐਸ. ਪੀ., ਰਿਆਸਤ ਕਪੂਰਥਲਾ ਦਾ ਆਈ. ਜੀ. ਦੀਵਾਨ ਦੀਵਾਨ ਦੁਰਗਾ ਦਾਸ ਅਤੇ ਪੰਜਾਬ ਪੁਲੀਸ ਵਲੋਂ ਖਾਂ ਬਹਾਦਰ ਮੀਆਂ ਅਬਦੁਲ ਅਜ਼ੀਜ਼ ਵਡੇ ਅਫਸਰ ਪੁਜੇ ਸਨ। ਉਹਨਾਂ ਨੂੰ ਡੀ. ਸੀ. ਜਲੰਧਰ ਨੇ ਭੇਜਿਆ ਸੀ, ਕਿਉਂਕਿ ਝੋਲੀ ਚੁਕ ਸੂਬੇਦਾਰ ਗੇਂਦਾ ਸਿੰਘ ਮਾਨੂਕੇ ਘੜਿਆਲ ਦੇ ਪੁਤਰ ਨੇ ਇਤਲਾਹ ਦਿਤੀ ਸੀ ਕਿ ਬਬੇਲੀ ਦੇ ਸ਼ਿਵ ਸਿੰਘ ਦੀ ਹਵੇਲੀ ਵਿਚ ਬਬਰਾਂ ਦਾ ਇਕ ਜਥਾ ਲੁਕਿਆ ਬੈਠਾ ਹੈ ਅਤੇ ਕਿਸੇ ਥਾਂ ਕੋਈ ਵਾਰਦਾਤ ਕਰਨ ਲਈ ਗੋਂਦਾਂ ਗੁੰਦ ਰਿਹਾ ਹੈ।



Sri Satguru Jagjit Singh Ji eLibrary NamdhariElibrary@gmail.com

ਸੂਬਦਾਰ ਗੇਂਦਾ ਸਿੰਘ ਤੇ ਉਸ ਦੇ ਪੁਤਰ ਦੁਆਬੇ ਦੇ ਮੁਖੀ ਝੋਲੀ ਚੁਕ ਸਨ। ਜਲੰਧਰ ਤੇ ਹੁਸ਼ਿਆਰਪੁਰ ਦੇ ਡੀ. ਸੀ. ਉਨ੍ਹਾਂ ਨੂੰ ਰਬ ਸਮਝਦੇ ਸਨ ਤੇ ਉਨ੍ਹਾਂ ਦੀ ਹਰ ਗਲ ਤੇ ਭਰੋਸਾ ਕਰਦੇ ਸਨ। ਬਬਰਾਂ ਦੀ ਗ੍ਰਿਫਤਾਰੀ ਵਾਸਤੇ ਉਨ੍ਹਾਂ ਨੂੰ ਉਚੇਚਾ ਸਦ ਕੇ ਸਰਕਾਰ ਵਲੋਂ ਆਖਿਆ ਗਿਆ ਸੀ। ਉਹ ਵੀ ਮੌਤ, ਧਰਮ ਤੇ ਦੇਸ਼ ਭੁਲ ਕੇ ਬਰਤਾਨਵੀ ਸਾਮਰਾਜ ਦੇ ਪੂਰੇ ਵਫਾਦਾਰ ਸਿਪਾਹੀ ਬਣ ਗਏ ਸਨ। ਉਨ੍ਹਾਂ ਨੂੰ ਮੁਰੱਬੇ ਮਿਲਣੇ ਸੀ ਲਾਇਲਪੁਰ ਦੀ ਬਾਰ ਵਿਚ ਮੁਰੱਬੇ।

ਬਬੇਲੀ ਨੂੰ ਪੁਲਸ ਨੇ ਘੇਰ ਲਿਆ। ਉਹ ਸੀ ਬਾਹਰਲਾ ਮੋਰਚਾ ਤੇ ਫਿਰ ਅੰਦਰਲਾ ਮੋਰਚਾ ਮਲਿਆ ਗਿਆ ਸ. ਸ਼ਿਵ ਸਿੰਘ ਦੇ ਘਰ ਨੂੰ ਘੇਰ ਕੇ। ਸਾਰੇ ਪਿੰਡ ਵਿਚ ਹਾਹਾਕਾਰ ਮਚ ਗਈ। ਲੋਕ ਆਪੋ ਆਪਣੇ ਕੋਠਿਆਂ ਵਿਚ ਵੜ ਗਏ। ਅੰਦਰਾਂ ਤੋਂ ਬੂਹੇ ਮਾਰ ਲਏ। ਪੁਲਸ ਵਲੋਂ ਵੀ ਹੁਕਮ ਹੋ ਗਿਆ, 'ਜੇ ਕੋਈ ਘਰੋਂ ਬਾਹਰ ਨਿਕਲਿਆ ਜਾਂ ਕਿਸੇ ਨੇ ਨੱਸਣ ਦਾ ਜਤਨ ਕੀਤਾ ਤਾਂ ਉਸ ਨੂੰ ਗੋਲੀ ਮਾਰ ਦਿਤੀ ਜਾਏਗੀ। ਕੋਈ ਆਦਮੀ ਬੱਬਰਾਂ ਦੀ ਮਦਦ ਕਰਨ ਦੀ ਹਿੰਮਤ ਨਾ ਕਰੇ।

ਸਬਬ ਨਾਲ ਮੀਂਹ ਦੇ ਦਿਨ ਸਨ। ਲੋਕ ਰੋਟੀ ਪਾਣੀ ਸਬਾਤਾਂ ਵਿਚ ਜਾਂ ਅੰਦਰੀਂ ਕਰ ਰਹੇ ਸਨ। ਹੁਕਮ ਸੁਣ ਕੇ ਕਈ ਤਾਂ ਐਸੇ ਘਬਰਾਏ ਕਿ ਉਹਨਾਂ ਨੂੰ ਖਾਣਾ ਪੀਣਾ ਭੁਲ ਗਿਆ। ਉਹ ਬਾਲ-ਬਚਿਆਂ ਨੂੰ ਸਾਂਭ ਕੇ ਅੰਦਰੀਂ ਵੜ ਗਏ। ਸਾਰੇ ਪਿੰਡ ਵਿਚ ਮੌਤ ਵਰਗੀ ਚੁਪ ਹੋ ਗਈ।

ਸ. ਸ਼ਿਵ ਸਿੰਘ ਦੀ ਇਸਤਰੀ ਤੇ ਉਸ ਦੇ ਬਚਿਆਂ ਨੇ ਹਿੰਮਤ ਕੀਤੀ। ਉਹ ਛੇਤੀ ਨਾਲ ਨਿਕਲ ਕੇ ਦੂਸਰੇ ਘਰ ਜਾ ਵੜੇ। ਸ਼ਿਵ ਸਿੰਘ ਅੰਦਰੇ ਹੀ ਰਿਹਾ। ਬਬਰਾਂ ਦੀ ਪਾਰਟੀ ਬੈਠਕ ਵਿਚ ਬੈਠੀ ਸੀ। ਦੁਰਗਾ ਦਾਸ ਆਈ. ਜੀ. ਕਪੂਰਥਲਾ ਆਪ ਤਾਂ ਦੂਰ ਬੈਠ ਗਿਆ। ਬਾਕੀ ਦਿਆਂ ਨੂੰ ਅਗੇ ਕੀਤਾ। ਇਕ ਚੁਬਾਰੇ ਦੀ ਬਾਰੀ ਵਿਚ ਖਲੋ ਕੇ ਬੱਬਰਾਂ ਨੂੰ ਅਵਾਜ਼ ਮਾਰੀ, 'ਹਥਿਆਰ ਸੁਟ ਕੇ ਆਪਣੇ ਆਪ ਨੂੰ ਪੁਲਸ ਦੇ ਹਵਾਲੇ ਕਰ ਦਿਓ, ਨਹੀਂ ਤੇ ਗੋਲੀ ਚਲਾ ਦਿਤੀ ਜਾਏਗੀ।'



Sri Satguru Jagjit Singh Ji eLibrary NamdhariElibrary@gmail.com

ਇਸ ਅਵਾਜ਼ ਦਾ ਉਤਰ ਬਬਰਾਂ ਵਲੋਂ ਪੱਕੀ ਰਾਈਫਲ ਦੀ ਗੋਲੀ ਚਲਣ ਨਾਲ ਮਿਲਿਆ। ਉਹ ਗੋਲੀ ਖਾਲੀ ਨਾ ਗਈ। ਅਵਾਜ਼ ਦੀ ਸੂਹ ਨਾਲ ਚਲਾਈ ਹੋਈ ਗੋਲੀ ਇਕ ਲੱਤ ਵਿਚ ਵੱਜੀ। ਗੋਲੀ ਚਲਾਉਣ ਦਾ ਭਾਵ ਸੀ ਕਿ ਮੁਕਾਬਲਾ।

ਗੋਲੀ ਚਲਣ ਦੇ ਦਸ ਕੁ ਮੰਟ ਬਾਅਦ ਇਕ ਬੰਬ ਬਬਰਾਂ ਵਲੋਂ ਸੁਟਿਆ ਗਿਆ। ਉਸ ਦਾ ਬੜਾ ਤਮਾਕਾ ਹਇਆ। ਦੋ ਤਿੰਨ ਸਿਪਾਹੀ ਉਡ ਗਏ। ਐਸਾ ਧਮਾਕਾ ਪਿਆ ਕਿ ਰਾਤ ਦੇ ਸਮੇਂ ਗਿੱਲੀ ਧਰਤੀ ਹੋਣ ਕਰਕੇ ਕੋਹਾਂ ਤਕ ਸੁਣਾਈ ਦਿਤੀ ਪਲਸ ਵਾਲੇ ਘ ਬਰ ਗਏ। ਭਾਵੇਂ ਇਨਾਮ ਪ੍ਰਾਪਤੀ ਦਾ ਸਵਾਲ ਸੀ, ਫਿਰ ਵੀ ਅਗੇ ਹੋ ਕੇ ਮਰਨਾ ਕਿਹੜਾ ਸੌਖਾ ਸੀ, ਉਹ ਕਈ ਕਦਮ ਪਿਛੇ ਹਟ ਗਏ।

ਦੁਰਗਾ ਦਾਸ ਆਈ. ਜੀ., ਮਿਸਟਰ ਸਮਿਥ ਅਤੇ ਖਾਂ ਬਹਾਦਰ ਅਬਦੁਲ ਅਜ਼ੀਜ਼ ਦੀ ਮੀਟਿੰਗ ਹੋਈ। ਲੰਮੀ ਸੋਚ ਵਿਚਾਰ ਬਾਅਦ ਫੈਸਲਾ ਹੋਇਆ ਕਿ ਕਰੜਾ ਪਹਿਰਾ ਰਖਿਆ ਜਾਏ। ਰਾਤ ਲੜਾਈ ਨਾ ਹੋਵੇ ਤਾਂ ਚੰਗਾ ਹੈ, ਲੜਾਈ ਦਿਨੇ ਹੋਏ। ਹਨੇਰੇ ਵਿਚ ਹੋ ਸਕਦਾ ਹੈ ਕਿ ਬਹੁਤਾ ਨੁਕਸਾਨ ਹੋਵੇ ਤੇ ਉਹ ਨਿਕਲ ਜਾਣ।

ਪਰ ਲੜਾਈ ਨੂੰ ਰੋਕਣਾ ਜਾਂ ਕਰਨਾ ਉਹਨਾਂ ਦੇ ਅਖਤਿਆਰ ਵਿਚ ਨਹੀਂ ਸੀ। ਮੁਕਾਬਲ ਦੀ ਚੂਲ ਘੁਮਾਉਣ ਵਾਲੇ ਤਾਂ ਬੱਬਰ ਸਨ।

'ਕਿਸੇ ਨੇ ਮੁਖਬਰੀ ਕਰ ਦਿਤੀ। ਹੋਣੀ ਹੋ ਕੇ ਰਹਿੰਦੀ ਹੈ, ਭਾਊ! ਦਸ ਹੁਣ ਕੀ ਕਰਨਾ ਚਾਹੀਦਾ ਹੈ।

ਬਿਸ਼ਨ ਸਿੰਘ ਮਾਂਗਟ ਨੇ ਸ. ਉਦੇ ਸਿੰਘ ਰਾਮਗੜ੍ਹ ਨੂੰ ਪੁਛਿਆ।

'ਹੁਣ ਤਾਂ ਸਿਧੇ ਹੋ ਕੇ ਸਿਰ ਦੇਣੇ ਪੈਣਗੇ। ਜਿੰਨਾ ਚਿਰ ਕਾਰਤੂਸ ਹਨ, ਉਨ੍ਹਾਂ ਚਿਰ ਲੜਿਆ ਜਾਏਗਾ। ਕਿਉਂ ਮਹਿੰਦਰ ਸਿੰਘ?'

'ਬਿਲਕੁਲ! ਖਤਰੇ ਦਾ ਮੁਕਾਬਲਾ ਕਰਨਾ ਹੀ ਖਤਰੇ ਤੋਂ ਬਚਣਾ ਹੈ। ਡਰਿਆਂ ਤੇ ਢਿਲੇ ਪਿਆਂ ਤਾਂ ਖਤਰਾ ਉਤੇ ਚੜ੍ਹ ਜਾਂਦਾ ਹੈ।' ਸ. ਉਦੇ ਸਿੰਘ ਨੇ ਆਪਣੇ ਮਨੋਭਾਵਾਂ ਤੇ ਪਰਗਟ ਕਰ ਦਿਤਾ।



Sri Satguru Jagjit Singh Ji eLibrary NamdhariElibrary@gmail.com

'ਗਲੀ ਵਿਚ, ਨਾਲ ਦੇ ਕੋਠਿਆਂ ਉਤੇ–ਬਾਹਰ ਸਾਰੇ ਪੁਲਸ ਹੈ। ਇਕ ਰਾਹ ਹੈ ਕਿਸੇ ਨੇ ਨਸਣਾ ਹੋਵੇ ਉਹ ਸਾਹਮਣੇ ਕੋਠੇ ਤੋਂ ਜਾ ਕੇ ਛਪੜ ਵਿਚ ਛਾਲ ਮਾਰ ਕੇ ਅਗੇ ਜਾਏ–ਖਤਰਾ ਫਿਰ ਵੀ ਹੈ।'

'ਹਨੇਰਾ ਬਹੁਤ ਸਹਾਇਤਾ ਕਰ ਸਕਦਾ ਹੈ।'

ਇਉਂ ਅਜੇ ਸਲਾਹੀਂ ਹੀ ਕਰ ਰਹੇ ਸਨ ਕਿ ਗੋਰੇ ਅਫਸਰਾਂ ਨੇ ਪੁਲਸ ਵਾਲਿਆਂ ਨੂੰ ਹੁਕਮ ਦਿਤਾ ਕਿ ਉਹ ਅਗੇ ਵਧਣ ਤੇ ਬੱਬਰਾਂ ਨੂੰ ਫੜਨ। ਉਸ ਨ ਖਿਆਲ ਕੀਤਾ ਕਿ ਜੇ ਮਰਨਗੇ ਤਾਂ ਹਿੰਦੁਸਤਾਨੀ ਸਿਪਾਹੀ ਗੋਰਿਆਂ ਦਾ ਕੀ ਜਾਣਾ ਹੈ ? ਭੁਖਾ ਤੇ ਗੁਲਾਮ ਦੇਸ! ਅਨਪੜ੍ਹ ਤੇ ਅਗਿਆਨੀ ! ਉਸ ਵਿਚੋਂ ਜਵਾਨ ਭਰਤੀ ਕਰ ਲੈਣੇ ਔਖੇ ਨਹੀਂ ਸਨ। ਅੰਗਰੇਜ਼ ਸਾਮਰਾਜ ਵਾਸਤੇ ਦੂਰ ਦੂਰ ਜਾ ਕੇ ਜਵਾਨ ਲੜਦ ਸਨ। ਉਹੋ ਆਪਣੇ ਵੀਰਾਂ ਨੂੰ ਮਾਰਦੇ ਸਨ, ਜਿਹੜੇ ਉਨ੍ਹਾਂ ਦੇ ਪਰਵਾਰਾਂ ਵਾਸਤੇ ਹੀ ਸੁਤੰਤਰਤਾ ਦਾ ਘੋਲ ਕਰਦੇ ਸਨ।

ਸ਼ਿਵ ਸਿੰਘ ਦੇ ਘਰ ਸਾਰੇ ਬਬਰ ਸਤ ਕੁ ਸਨ। ਕਿਸੇ ਕੰਮ ਆਏ ਸਨ। ਸ਼ਿਵ ਸਿੰਘ ਨੂੰ ਨਾਲ ਲੈ ਕੇ ਉਹਨਾਂ ਕਿਤੇ ਜਾਣਾ ਸੀ। ਸ਼ਿਵ ਸਿੰਘ ਉਨ੍ਹਾਂ ਦੇ ਹੀ ਵਿਚਾਰਾਂ ਦਾ ਬੰਦਾ ਸੀ।

ਭਾਈ ਕਰਮ ਸਿੰਘ ਦੌਲਤਪੁਰ ਬੜਾ ਅਣਖੀਲਾ ਤੇ ਦਲੇਰ ਸੀ। ਉਸ ਨੇ ਬੰਦੂਕ ਸੰਭਾਲੀ ਤੇ ਕੋਠ ਉਤੇ ਚੜ੍ਹ ਗਿਆ। ਸਾਥੀਆਂ ਨੂੰ ਕਿਹਾ, ਚੌਗਿਰਦੇ ਮੋਰਚੇ ਮਲ ਲੋ। ਅਸਾਂ ਦਾ ਏਥੇ ਸ਼ਹੀਦ ਗੰਜ ਬਣੇਗਾ। ਲੜੋ ! ਵਤਨ, ਕੌਮ ਤੇ ਧਰਮ ਬਦਲੇ ਲੜੋ !

ਮੈਂ ਬੂਹੇ ਅਗੇ ਬੈਠਦਾ ਹਾਂ।'

ਉਦੇ ਸਿੰਘ ਨੇ ਕਿਹਾ।

ਸਾਰਿਆਂ ਨੇ ਮੋਰਚੇ ਮੱਲ ਲਏ। ਫੌਜ ਪੁਲਸ ਨਾਲ ਮੁਕਾਬਲਾ ਕਰਨਾ ਸ਼ੁਰੂ ਕਰ ਦਿਤਾ। ਆਪਣੇ ਆਪ ਉਤੇ ਪਹਾੜ ਵਰਗਾ ਭਰੋਸਾ ਸੀ। ਇਕ ਜਵਾਨ ਆਪਣੇ ਆਪ ਨੂੰ ਐਸਾ ਬਲੀ ਸਮਝਦਾ ਸੀ ਕਿ ਉਹ ਬਰਤਾਨਵੀ ਸਾਮਰਾਜ ਦੀਆਂ ਭਾਰਤ ਵਿਚੋਂ ਸਫਾਂ ਵਲ੍ਹੇਟ ਦੇਵੇਗਾ। ਬਰਤਾਨੀਆ ਦੀ ਅਮੁਕ ਫੌਜੀ ਸ਼ਕਤੀ ਉਸ ਨੂੰ ਕੁਝ ਵੀ



Sri Satguru Jagjit Singh Ji eLibrary NamdhariElibrary@gmail.com

ਨਹੀਂ ਸੀ ਦਿਸਦੀ।

ਗੋਲੀ ਚਲਣੀ ਸ਼ੁਰੂ ਹੋਈ । ਠਾਹ ! ਠਾਹ !!' ਹੋਣ ਲੱਗੀ। ਬਾਹਲੇ ਐਵੇਂ ਹੀ ਗੋਲੀ ਅੰਨ੍ਹੇਵਾਹ ਚਲਾਈ ਜਾਣ ਲੱਗੇ–ਸਿਰਫ ਭੈ ਪੈਦਾ ਕਰਨ ਲਈ। ਬਬਰ ਸੂਰਮੇ ਵੀ ਗੋਲੀ ਦਾ ਜਵਾਬ ਗੋਲੀ ਨਾਲ ਦੇਣ ਲੱਗੇ। ਰਾਤ ਦਾ ਸਮਾਂ ਸੀ।

ਗੋਲੀ ਸਿਰਫ ਮਨ ਦੀ ਇਕਾਗਰਤਾ ਤੇ ਕੰਨਾਂ ਨਾਲ ਵੈੜ ਲੈ ਕੇ ਚਲਾਈ ਜਾਂਦੀ ਸੀ। ਦਿਸਦਾ ਕੁਝ ਨਹੀਂ ਸੀ ਕਾੜ ਕਾੜ ਗੋਲੀ ਚਲਦੀ ਜਾਂਦੀ ਸੀ।

ਪਿੰਡ ਦੇ ਲੋਕਾਂ ਨੂੰ ਨੀਂਦ ਕਿਥੋਂ ਆਉਣੀ ਸੀ। ਉਹ ਤਾਂ ਅਗਲੇ ਤੋਂ ਅਗਲੇ ਅੰਦਰੀਂ ਵੜ ਗਏ। ਗਰਮੀਆਂ ਦੇ ਦਿਨ ਸਨ। ਅੰਦਰੀਂ ਲੋਹੜ ਦਾ ਵੱਟ ਸੀ। ਮੁੜ੍ਹਕਾ ਪਾਣੀ ਵਾਂਗ ਚੋਂਦਾ ਸੀ, ਫਿਰ ਵੀ ਲੋਕ ਬਾਹਰ ਨਹੀਂ ਸਨ ਨਿਕਲਦੇ। ਉਹ ਇਹ ਵੀ ਖਿਆਲ ਕਰਦੇ ਸਨ ਕਿ ਕਿਤੇ ਬੰਬ ਦਾ ਗੋਲਾ ਉਹਨਾਂ ਦੇ ਘਰ ਉਤੇ ਨਾ ਆ ਡਿਗੇ। ਮਾਵਾਂ ਬਚਿਆਂ ਨੂੰ ਛਾਤੀਆਂ ਨਾਲ ਘੁਟ ਕੇ ਬੈਠ ਗਈਆਂ ਸਨ। ਸਜ-ਵਿਆਤੇ ਤੇ ਜਵਾਨ ਜੋੜੇ ਘਾਬਰੇ ਤੇ ਭੈ ਭੀਤ ਹੋਏ ਇਕ ਦੂਸਰੇ ਦੇ ਨੇੜੇ ਹੋ ਕੇ ਬੈਠੇ ਸਨ ਤੇ ਮਨ ਵਿਚ ਧਾਰਦੇ ਸਨ, ਇਕੱਠੇ ਹੀ ਮਰੀਏ ਜੇ ਮੌਤ ਆਵੇ। ਬਬੇਲੀ ਤੇ ਉਹ ਰਾਤ ਪਰਲੋ ਦੀ ਰਾਤ ਸੀ।

'ਭਾਊ ! ਫਤਹ...ਫਤਹ. ਮੈਂ ਚਲਿਆ।' ਬਿਸ਼ਨ ਸਿੰਘ ਮਾਂਗਟ ਨੇ ਹੌਲੀ ਹੌਲੀ ਅਟਕ ਕੇ ਨਾਲ ਦੇ ਸਾਥੀ ਨੂੰ ਆਖਿਆ, ਜਦੋਂ ਉਸ ਨੂੰ ਇਕ ਗੋਲੀ ਵੱਖੀ ਵਿਚ ਵਜੀ। ਅਜੇ ਹੋਰ ਕੁਝ ਆਖਣ ਹੀ ਲਗਾ ਸੀ ਕਿ ਉਸੇ ਵੇਲੇ ਦੂਸਰੀ ਗੋਲੀ ਮੱਥੇ ਵਿਚ ਵੱਜ ਗਈ। ਉਹ ਸ਼ਹੀਦ ਹੋ ਗਿਆ।

ਬਿਸ਼ਨ ਸਿੰਘ ਮਾਂਗਟ ਦੇ ਪਿਛੋਂ ਮਹਿੰਦਰ ਸਿੰਘ ਤੇ ਕਰਮ ਸਿੰਘ ਦੌਲਤ ਪੁਰ ਵੀ ਵੈਰੀ ਨਾਲ ਸੁਤੰਤਰਤਾ ਦਾ ਘੋਲ ਘੁਲਦੇ ਹੋਏ ਸ਼ਹੀਦ ਹੋ ਗਏ। ਆਪਣਾ ਜੀਵਨ ਸਫਲ ਕਰ ਗਏ

ਉਦੇ ਸਿੰਘ ਨੇ ਦੂਸਰਿਆਂ ਨੂੰ ਕਿਹਾ, 'ਸਾਥੀਓ ! ਦਿਨ ਦਾ ਚੜ੍ਹਾ



Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਹੋਣ ਲਗਾ ਹੈ । ਮੈਂ ਗੋਲੀ ਚਲਾਈ ਜਾਂਦਾ ਹਾਂ, ਇਕ ਪਾਸਾ ਖਾਲੀ ਹੋਇਆ ਹੈ–ਸ਼ਾਇਦ ਵੈਰੀ ਦੇ ਕੁਝ ਆਦਮੀ ਮਰੇ ਜਾਂ ਜ਼ਖਮੀ ਹੋਏ ਨੇ– ਤੁਸੀਂ ਨਿਕਲ ਜਾਓ ! ਸ਼ਹੀਦਾਂ ਦੇ ਸਰੀਰ ਚੁਕ ਕੇ ਲਜਾਣੇ ਤਾਂ ਕਠਨ ਹਨ, ਪਰ ਤੁਸੀਂ ਨਿਕਲ ਜਾਓ । ਹੁਣ ਵੇਲਾ ਹੈ, ਮੀਂਹ ਵੀ ਵਰ੍ਹਨ ਵਾਲਾ ਜੇ, ਬੱਦਲ ਹੋਏ ਹਨ । ਜੀਵਨ ਤੇ ਮੌਤ ਦਾ ਘੋਲ ਹੋ ਰਿਹਾ ਹੈ ।'

'ਅਸੀਂ ਵੀ ਏਥੇ ਸ਼ਹੀਦ ਹੁੰਦੇ ਹਾਂ ।' ਉਸ ਦੇ ਸਾਥੀਆਂ ਨੇ ਉਤਰ ਦਿਤਾ ।

'ਨਹੀਂ, ਨਿਰਾ ਮਰਨਾ ਹੀ ਅਸਾਂ ਦਾ ਮਨੋਰਥ ਨਹੀਂ । ਵੈਰੀ ਨੂੰ ਮਾਰਨਾ ਮਨੋਰਥ ਹੈ । ਅਸੀਂ ਸਿਪਾਹੀ ਹਾਂ । ਵਤਨ ਦੇ ਸਿਪਾਹੀ, ਨਿਕਲ ਜਾਓ । ਜੇ ਰਾਹ ਵਿਚ ਕੋਈ ਭਾਣਾ ਵਰਤ ਗਿਆ ਤਾਂ ਠੀਕ ਹੈ । ਫਿਰ ਮਰਦਾਂ ਵਾਂਗ ਡਟ ਕੇ ਲੜਨਾ ਤੇ ਮਰਨਾ । ਰਬ ਨਾ ਕਰੇ, ਜੇ ਜੀਉਂਦੇ ਫੜੇ ਜਾਓ ਤਾਂ ਜਥੇ ਦਾ ਭੇਤ ਲੈ ਕੇ ਮਰਨਾ । ਕੂੜੇ ਜੀਵਨ ਬਦਲੇ ਕਿਤੇ ਪੁਲਸ ਦੇ ਝੱਪੇ ਵਿਚ ਨਾ ਆ ਜਾਣਾ ।...ਮੈਂ ਸ਼ਾਇਦ ਨਾ ਮਿਲ ਸਕਾਂ । ਮੋਰਚੇ ਉਤੇ ਡਟਿਆ ਰਹਾਂਗਾ ਸਾਥੀਆਂ ਨੂੰ ਸਾਰੀ ਗਲ ਦਸ ਦੇਣੀ । ਇਹ ਵੀ ਹੁਸ਼ਿਆਰ ਕਰਨਾ ਕਿ ਮਾੜੇ ਤੇ ਸਰਕਾਰੀ ਬੰਦੇ ਜਥੇ ਵਿਚ ਆ ਰਹੇ ਨੇ । ਉਹਨਾਂ ਦਾ ਖਿਆਲ ਰਖਣਾ–ਜਸੂਸਾਂ ਤੋਂ ਬਚਣਾ ਤੇ ਲੜਾਈ ਲੜੀ ਜਾਣੀ ।'

ਬਿਜਲੀ ਲਿਸ਼ਕੀ ਤੇ ਕੜਕੀ । ਬਹੁਤ ਜ਼ੋਰ ਨਾਲ ਕੜਕੀ, ਜਿਵੇਂ ਕਿਤੇ ਡਿਗੀ ਸੀ । ਕਾਲੀ ਰਾਤ ਨਾਲੋਂ ਵੀ ਕਾਲੀ ਘਟਾ ਅਸਮਾਨ ਉਤੇ ਛਾਈ ਹੋਈ ਸੀ । ਉਦੇ ਸਿੰਘ ਨੇ ਗੋਲੀ ਚਲਾਉਣੀ ਸ਼ੁਰੂ ਕਰ ਦਿਤੀ । ਉਸ ਨੇ ਅੰਤਮ ਦਮ ਤਕ ਡਟੇ ਰਹਿਣ ਦਾ ਫੈਸਲਾ ਕੀਤਾ ਸੀ ।

ਤਿੰਨ ਸਾਥੀ ਨਿਕਲੇ ਉਹਨਾਂ ਵਿਚ ਇਕ ਰਾਮ ਸਿੰਘ ਸੀ । ਉਹ ਅਗੇ ਲੱਗਿਆ । ਬਿਜਲੀ ਫਿਰ ਲਿਸ਼ਕੀ । ਉਸ ਦੀ ਲਿਸ਼ਕ ਵਿਚ ਉਹਨਾਂ ਦਾ ਮੂੰਹ ਸੀ, ਉਧਰ ਪਥਕਣਾਂ ਸਨ ਤੇ ਅਗੇ ਪਾਥੀਆਂ ਦੇ ਗੁਹਰੇ ਸਨ ਉਧਰ ਘੋੜ ਸਵਾਰ ਵੀ ਖਲੋਤੇ ਦਿਸੇ । ਇਕ ਕੰਧ ਦੇ ਨਾਲ ਜੁੜ ਕੇ ਉਹਨਾਂ ਵੌੜ ਲਈ । ਪਰ ਮੀਂਹ ਦੀ ਕਿਣ-ਮਿਣ ਨੇ



Sri Satguru Jagjit Singh Ji eLibrary NamdhariElibrary@gmail.com

ਵੈੜ ਲੈਣ ਦਾ ਕੰਮ ਖਤਮ ਕਰ ਦਿਤਾ । ਕੁਝ ਸੁਣਾਈ ਨਹੀਂ ਸੀ ਦਿੰਦੀ । ਉਹ ਅਗੇ ਹੋਏ । ਉਦੈ ਸਿੰਘ ਦੇ ਰੌਲੀ ਚਲਾਉਣ ਤੇ ਅਗੋਂ ਗੋਲੀ ਚਲਣ ਦੀ ਅਵਾਜ਼ ਆਈ । ਹੌਲੀ ਹੌਲੀ ਤੁਰਦੇ, ਗਿਲੀ ਧਰਤੀ ਤੇ ਝੁਕ ਕੇ ਤੁਰਦੇ ਹੋਏ ਉਹ ਪਥੱਕਣ ਵਿਚ ਪੁਜੇ ਤਾਂ ਉਨ੍ਹਾਂ ਦੇ ਅਗੋਂ ਦੋ ਗੋਲੀਆਂ ਚਲਣ ਦੀ ਅਵਾਜ਼ ਆਈ । ਉਹ ਗੋਲੀਆਂ ਸ਼ਾਇਦ ਬਿਨਾਂ ਨਿਸ਼ਾਨੇ ਤੋਂ, ਐਵੇਂ ਅੰਨ੍ਹੇ-ਵਾਹ ਚਲਾਈਆਂ ਗਈਆਂ ਸਨ । ਉਹ ਪਾਥੀਆਂ ਦੇ ਇਕ ਗਹੀਰੇ ਨਾਲ ਲਗ ਗਏ । ਪਾਸੇ ਤੇ ਘੋੜ ਸਵਾਰ ਦਿਖਾਈ ਦਿਤੇ, ਨਾਲ ਮੀਂਹ ਦੇ ਕਾਰਨ ਘੋੜਾ ਹਿਣਕ ਪਿਆ ।

ਜਿਧਰ ਘੋੜਾ ਹਿਣਕਿਆ ਸੀ, ਉਧਰ ਨਾ ਹੋਏ ਤੇ ਇਕ ਵੱਲ ਕਰਕੇ ਅਗੇ ਵਧੀ ਗਏ ਐਨ ਜਦੋਂ ਪਥਕਣਾਂ ਮੁਕਣ ਲਗੀਆਂ ਤੇ ਅਗੇ ਖੁਲ੍ਹੇ ਖੇਤ ਆ ਜਾਣੇ ਸੀ ।—ਕਮਾਦ, ਕਪਾਹ, ਚਰੀ ਤੇ ਜਵਾਰਾਂ ਦੇ ਖੇਤ । ਉਹਨਾਂ ਉਤੇ ਫਿਰ ਗੋਲੀ ਚਲੀ । ਪਰ ਗਲੀਆਂ ਸ਼ਾਂ ਸ਼ਾਂ ਤੇ ਟੀਂ ਟੀਂ ਕਰਦੀਆਂ ਉਹਨਾਂ ਦੇ ਕੋਲੋਂ ਦੀ ਅਗੇ ਲੰਘ ਗਈਆਂ । ਉਹਨਾਂ ਨੇ ਅਗੋਂ ਗੋਲੀ ਦਾ ਉਤਰ ਨਾ ਦਿਤਾ ਕਿ ਫੌਜ ਦਾ ਮੂੰਹ ਉਹਨਾਂ ਵਲ ਨਾ ਹੋ ਜਾਏ । ਗੋਲੀ ਚਲਦੀ ਗਈ । ਉਹ ਸਰਕਦੇ ਸਰਕਦੇ ਕਮਾਦਾਂ ਵਿਚ ਜਾ ਵੜੇ ।

ਗੋਲੀ ਦੀ ਮਾਰ ਤੋਂ ਦੂਰ ਹੋ ਕੇ ਉਹਨਾਂ ਨੇ ਸੁਣਿਆ, ਉਦੈ ਸਿੰਘ ਜਵਾਬੀ ਗੋਲੀ ਚਲਾ ਰਿਹਾ ਸੀ । ਉਹ ਅਗੇ ਨਿਕਲ ਗਏ । ਉਦੈ ਸਿੰਘ ਅੰਤਮ ਸਵਾਸਾਂ ਤਕ ਲੜਦਾ ਹੋਇਆ ਸ਼ਹੀਦ ਹੋ ਗਿਆ ।



Sri Satguru Jagjit Singh Ji eLibrary NamdhariElibrary@gmail.com

# ੧੦.

ਰਾਤ ਬੀਤ ਗਈ। ਦਿਨ ਚੜ੍ਹਿਆ, ਅਕਾਸ਼ ਨਿਰਮਲ ਹੋ ਗਿਆ। ਸੂਰਜ ਬੜੀ ਤੇਜ਼ੀ ਨਾਲ ਉਦੇ ਹੋਇਆ। ਸੂਰਜ ਦੀਆਂ ਕਿਰਨਾਂ ਨੇ ਬਾਰਸ਼ ਨਾਲ ਧੋਤੀ ਹੋਈ ਬਨਾਸਪਤੀ ਦੀ ਹਰਿਆਵਲ ਨੂੰ ਚਮਕਾ ਦਿਤਾ।

ਪਰ ਬਬੇਲੀ ਨਗਰ ਦਾ ਸਾਹ ਘੁਟਿਆ ਹੀ ਰਿਹਾ। ਗੋਲੀ ਚਲਣ ਦੀ ਅਵਾਜ਼ ਜਦੋਂ ਅੰਦਰੀਂ ਵੜੇ ਲੋਕਾਂ ਦੇ ਕੰਨੀਂ ਨਾ ਪਈ ਤਾਂ ਉਨ੍ਹਾਂ ਸੁਖ ਦਾ ਸਾਹ ਲਿਆ। ਘਰਾਂ ਦੇ ਬੂਹੇ ਖੋਲ੍ਹ ਕੇ ਵਿਹੜਿਆਂ ਵਿਚ ਹੋ ਕੇ ਖੁਲ੍ਹੀ ਹਵਾ ਭਖੀ ਤੇ ਜੰਗਲ ਪਾਣੀ ਜਾਣ ਤੇ ਡੰਗਰਾਂ ਨੂੰ ਪੱਠੇ ਪਾਉਣ ਦਾ ਜਤਨ ਕਰਨ ਲਗੇ। ਪਰ ਪੁਲਸ ਨੇ ਸਭ ਨੂੰ ਰੋਕ ਦਿਤਾ। ਸਿਰਫ ਬੱਚਿਆਂ ਤੇ ਤੀਵੀਆਂ ਨੂੰ, ਉਹ ਵੀ ਨੰਗੇ ਮੂੰਹ, ਭਾਵੇਂ ਕੋਈ ਪਿੰਡ ਦੀ ਨੂੰਹ ਹੈ ਜਾਂ ਧੀ, ਬਾਹਰ ਨਿਕਲ ਸਕਦੀ ਸੀ, ਜਿਸ ਨੂੰ ਪੁਲਸ ਦੇ ਸਿਪਾਹੀ ਦੇਖ ਸਕਣ ਤੇ ਜਾਣ ਸਕਣ ਕਿ ਤੀਵੀਂ ਦੇ ਲੀੜੇ ਪਾ ਕੇ ਕੋਈ ਰਾਤ ਦਾ ਲੁਕਿਆ 'ਬਬਰ' ਤਾਂ ਬਾਹਰ ਨਹੀਂ ਨਿਕਲ ਚਲਿਆ। ਸਜ ਵਿਆਹੀਆਂ ਨੂੰਹਾਂ, ਜਿਹੜੀਆਂ ਘੁੰਡ ਕਢ ਕੇ ਬਾਹਰ ਜਾਂਦੀਆਂ ਸਨ, ਉਨ੍ਹਾਂ ਵਾਸਤੇ ਮੁਸ਼ਕਲ ਆ ਬਣੀ। ਉਹ ਘਬਰਾ ਕੇ ਘਰਾਂ ਤੋਂ ਬਾਹਰ ਨਾ ਨਿਕਲੀਆਂ। ਸਭ ਨੇ ਆਪਣੇ ਘਰਾਂ ਵਿਚ ਹੀ ਰਹਿਣਾ ਠੀਕ ਸਮਝਿਆ।

ਪਿੰਡ ਦੇ ਨੰਬਰਦਾਰ, ਚੌਕੀਦਾਰ ਤੇ ਕੁਝ ਕੁ ਪਗ ਬੰਨ੍ਹ ਬੰਦਿਆਂ ਨੂੰ ਨਾਲ ਲੈ ਕੇ ਪੁਲਸ ਦੇ ਵਡੇ ਅਫਸਰਾਂ ਨੇ ਘਰਾਂ ਦੀਆਂ ਤਲਾਸ਼ੀਆਂ ਲਈਆਂ ਪਰ ਕਿਤੋਂ ਲੁਕਿਆ ਹੋਇਆ ਕੋਈ ਓਪਰਾ ਜਾਂ ਸ਼ੱਕੀ ਬੰਦਾ ਨਾ ਨਿਕਲਿਆ। ਪੁਲਸ ਦੀ ਰੋਟੀ ਦਾ ਸਾਰਾ ਭਾਰ ਸਾਰੇ ਪਿੰਡ



Sri Satguru Jagjit Singh Ji eLibrary NamdhariElibrary@gmail.com

ਉਤੇ ਪਾ ਦਿਤਾ। ਲੋਕਾਂ ਦੇ ਕੁਕੜ ਤੇ ਬਕਰੇ ਮਲੋ ਮਲੀ ਫੜ ਝਟਕਾਏ ਤੇ ਹਲਾਲ ਕੀਤੇ ਗਏ। ਕਿਸੇ ਨੇ ਦਾਦ ਫਰਿਆਦ ਨਾ ਸੁਣੀ! ਕੇ

ਸ. ਸ਼ਿਵ ਸਿੰਘ, ਉਸ ਦੇ ਬੱਚੇ ਅਤੇ ਉਸ ਦੀ ਪਤਨੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਨੰਬਰਦਾਰ ਤੇ ਪਿੰਡ ਦੇ ਝੋਲੀ ਚੁਕਾਂ ਨੇ ਇਕ ਦੋ ਆਦਮੀ ਹੋਰ ਫੜਾ ਦਿਤੇ। ਚੁਗਲੀ ਇਹ ਮਾਰੀ ਕਿ ਇਨ੍ਹਾਂ ਕੋਲ ਬਾਹਰੋਂ ਬੰਦੇ ਆਉਂਦੇ ਜਾਂਦੇ ਹਨ।

ਸ਼ਿਵ ਸਿੰਘ ਦਾ ਘਰ ਸਾੜ ਦਿਤਾ ਗਿਆ, ਉਸ ਦੇ ਮਾਲ ਡੰਗਰ ਨੂੰ ਕੁਰਕ ਕਰ ਲਿਆ ਤੇ ਉਸ ਨੂੰ ਇਕ ਪਾਸੇ ਲਿਜਾ ਕੇ ਦੀਵਾਨੋ ਦੁਰਗਾ ਦਾਸ ਨੇ ਪਹਿਲਾਂ ਰਤਾ ਨਰਮੀ ਨਾਲ ਕਿਹਾ, 'ਦਸ ਇਹ ਚਾਰ ਮਰਨ ਵਾਲੇ ਕੌਣ ਹਨ ? ਇਨ੍ਹਾਂ ਦੇ ਨਾਲ ਕੌਣ ਸਨ ਤੇ ਹੁਣ ਉਹ ਕਿਧਰ ਗਏ ਹਨ ?

'ਮਰਨ ਵਾਲਿਆਂ ਵਿਚੋਂ ਮੈਂ ਇਕ ਨੂੰ ਜਾਣਦਾ ਹਾਂ, ਬਿਸ਼ਨ ਸਿੰਘ ਮਾਂਗਟ ਨੂੰ, ਮੇਰਾ ਜਾਣੂ ਪਛਾਣੂ ਸੀ ਤੇ ਹੋਰ ਮੈਂ ਕਿਸੇ ਨੂੰ ਨਹੀਂ ਜਾਣਦਾ, ਉਹ ਕੌਣ ਸਨ ? ਕਿਉਂ ਏਥੇ ਆਏ ਤੇ ਕੀ ਉਹਨਾਂ ਦਾ ਕੰਮ ਸੀ। ਬਿਸ਼ਨ ਸਿੰਘ ਨੇ ਆਖਿਆ ਸੀ ਕਿ ਉਹ ਉਸ ਦੇ ਮਿਤਰ ਹਨ ਤੇ ਉਨ੍ਹਾਂ ਇਕ ਦਿਨ ਏਥੇ ਰਹਿਣਾ ਹੈ।' ਸ਼ਿਵ ਸਿੰਘ ਨੇ ਉਤਰ ਦਿਤਾ।

'ਨਸਣ ਵਾਲੇ ਕਿੰਨੇ ਸਨ ?'

'ਤਿੰਨ !'

'ਕਿਧਰ ਗਏ ?'

'ਮੈਨੂੰ ਕੋਈ ਪਤਾ ਨਹੀਂ, ਮੈਂ ਤਾਂ ਡਰਦਾ ਮਾਰਾ ਤੂੜੀ ਵਾਲੇ ਜਾ ਵੜਿਆ ਸਾਂ।'

'ਤੂੰ ਉਨ੍ਹਾਂ ਕੋਲ ਹਥਿਆਰ ਨਹੀਂ ਸੀ ਵੇਖੇ ?'

'ਨਹੀਂ ! ਉਹ ਲੁਕਾਏ ਹੋਣਗੇ।'

'ਤੇਰਾ ਬਬਰਾਂ ਨਾਲ ਸਬੰਧ ਦਸੀਦਾ ਹੈ।'

'ਨਹੀਂ ! ਮੇਰਾ ਕੋਈ ਸਬੰਧ ਨਹੀਂ !'

'ਤੂੰ ਝੂਠ ਬਲਦਾ ਹੈਂ। ਦੇਖ ਤੇਰੇ ਉਤੇ ਮੁਕਦਮਾ ਤਾਂ ਬਣ



Sri Satguru Jagjit Singh Ji eLibrary NamdhariElibrary@gmail.com

ਗਿਆ, ਤੂੰ ਕਾਤਲਾਂ ਤੇ ਬਾਗੀਆਂ ਨੂੰ ਪਨਾਹ ਦਿਤੀ ਹੈ। ਤੇਰੇ ਘਰ ਉਹਨਾਂ ਉਹਨਾਂ ਪੁਲਸ ਦਾ ਮੁਕਾਬਲਾ ਕੀਤਾ ਹੈ ਤੇ ਤੂੰ ਉਨ੍ਹਾਂ ਦੀ ਸਹਾਇਤਾ ਕੀਤੀ ਹੈ। ਤੇਰਾ ਭੋਂ ਭਾਂਡਾ ਸਭ ਜ਼ਬਤ ਹੋ ਜਾਣਾ ਹੈ।'

'ਘਰ ਮੇਰਾ ਸਾੜ ਦਿਤਾ, ਘਰ ਦਾ ਸਾਰਾ ਅਸਬਾਬ ਸੜ ਗਿਆ, ਮਾਲ ਡੰਗਰ ਸਾਂਭ ਲਿਆ—ਭੋਂ ਵੀ ਸਰਕਾਰ ਲੈ ਲਵੇ। ਤਕੜੇ ਦਾ ਸੱਤੀਂ ਵੀਹ ਸੌ! ਪਰ ਮੇਰੇ ਵਿਚ ਕੁਝ ਨਹੀਂ।'

'ਦੇਖ ਸ਼ਿਵ ਸਿੰਘਾ! ਤੈਨੂੰ ਪਤਾ ਹੈ, ਮੈਂ ਆਈ. ਜੀ. ਕਪੂਰਥਲਾ ਹਾਂ। ਮੇਰੇ ਹਥ ਵਸ ਬਹੁਤ ਕੁਝ ਹੈ ਤੈਨੂੰ ਬਚਾ ਵੀ ਸਕਦਾ ਹਾਂ। ਮੈਂ ਚਾਹੁੰਦਾ ਆਂ ਅਜੇ ਵੀ ਤੂੰ ਮੇਰੇ ਆਖੇ ਲਗੇਂ ਤਾਂ ਤੈਨੂੰ ਤੇਰਾ ਹੋਇਆ ਨੁਕਸਾਨ ਵੀ ਪੂਰਾ ਕਰਾ ਦਿਤਾ ਜਾਵੇਗਾ। ਮੁਕਦਮੇ ਤੋਂ ਵੀ ਬਚ ਜਾਏਂਗਾ ਤੇ ਮਹਾਰਾਜੇ ਤੇ ਅੰਗਰੇਜ਼ੀ ਸਰਕਾਰ ਵਲੋਂ ਇਨਾਮ ਵੀ ਦੁਆਵਾਂਗਾ—ਤੂੰ ਸੁਲਤਾਨੀ ਗਵਾਹ ਬਣ ਜਾ। ਬਬਰਾਂ ਦੇ ਅੱਡੇ, ਉਨ੍ਹਾਂ ਦੇ ਨਾਂ ਪਤੇ ਦਸ ਦੇ ਅਤੇ ਸਮੇਂ ਤੋਂ ਲਾਭ ਉਠਾ।'

'ਵੇਖੋ ਸਰਕਾਰ! ਮੈਨੂੰ ਕੁਝ ਪਤਾ ਨਹੀਂ। ਝੂਠ ਬੋਲ ਕੇ ਨਿਰਦੋਸ਼ੇ ਬੰਦਿਆਂ ਨੂੰ ਮੈਂ ਫਾਂਸੀ ਨਹੀਂ ਲੁਆਉਣਾ ਚਾਹੁੰਦਾ। ਤੁਸੀਂ ਚਾਹੇ ਮੈਨੂੰ ਛਡੋ, ਮਾਰੋ, ਫਾਹੇ ਲਾਓ ਜਾਂ ਕੈਦ ਕਰੋ, ਮੈਨੂੰ ਤਾਂ ਕੁਝ ਪਤਾ ਨਹੀਂ।'

ਦੀਵਾਨ ਦੁਰਗਾ ਦਾਸ ਦੇ ਨਾਲ ਖਾਂ ਬਹਾਦਰ ਅਬਦੁਲ ਅਜ਼ੀਜ਼ ਸੀ। ਉਸ ਨੇ ਦੀਵਾਨ ਸਾਹਿਬ ਨੂੰ ਆਖਿਆ, 'ਦੀਵਾਨ ਸਾਹਿਬ! ਲਾਤੋਂ ਕ ਭੂਤ ਬਾਤੋਂ ਸੇ ਨਹੀਂ ਮਾਨਤੇ। ਆਪ ਇਸ ਨੂੰ ਸਿਪਾਹੀਆਂ ਦੇ ਹਵਾਲੇ ਕਰੋ।

ਦੀਵਾਨ ਦੁਰਗਾ ਦਾਸ ਦਾ ਕੰਮ ਹੋ ਗਿਆ ਸੀ। ਉਸ ਨੇ ਛੇਤੀ ਕਪੂਰਥਲੇ ਪੁਜਣਾ ਸੀ, ਜ਼ਰੂਰ ਹਦਾਇਤਾਂ ਦੇ ਕੇ ਕਪੂਰਥਲੇ ਨੂੰ ਚਲਿਆ ਗਿਆ ਤੇ ਪਿਛੋਂ ਖਾਂ ਬਹਾਦਰ ਦੀ ਇੱਛਾ ਨਾਲ ਇਕ ਦੌਰ ਸਖਤੀ ਦਾ ਸ਼ੁਰੂ ਹੋਇਆ। ਮਿਸਟਰ ਸਮਿਥ ਕੁਝ ਪੁਲੀਸ ਰਾਮ ਸਿੰਘ ਤੇ ਉਸ ਦੇ ਸਾਥੀਆਂ ਦੇ ਪਿਛੇ ਤੁਰ ਗਈ। ਉਨ੍ਹਾਂ ਦੇ ਨਾਲ ਇਕ ਖੋਜੀ ਸੀ। ਬਾਰਸ਼ ਦੇ ਦਿਨ ਸਨ, ਖੋਜੀ ਨੇ ਖੁਰਾ ਲਭ ਲਿਆ।



Sri Satguru Jagjit Singh Ji eLibrary NamdhariElibrary@gmail.com

ਸ਼ਿਵ ਸਿੰਘ ਨੂੰ ਸਖਤੀ ਨਾਲ ਪੁਛਣ ਲਗੇ ਕਿ ਉਹ 'ਬੱਬਰ ਅਕਾਲੀ ਜਥੇ ਦੇ ਮੈਂਬਰਾਂ ਤੇ ਉਨ੍ਹਾਂ ਦੇ ਅਡਿਆਂ ਦਾ ਪਤਾ ਥਹੁ ਦਸੇ। ਉਸ ਨੂੰ ਮਾਰਿਆ ਗਿਆ। ਪੁਠਾ ਟੰਗ ਦਿਤਾ ਗਿਆ ਤੇ ਫਿਰ ਕੁਟਿਆ ਗਿਆ, ਪਰ ਮਾਂ ਦੇ ਲਾਲ ਨ ਧਰਮ ਪਾਲਿਆ। ਇਹ ਕਿਹਾ, 'ਮੈਨੂੰ ਕੁਝ ਪਤਾ ਨਹੀਂ। ਮੈਂ ਪਾਪ ਨਹੀਂ ਕਰਨਾ, ਮੈਂ ਅਕ੍ਰਿਤਘਣ ਦੇਸ਼ ਧਰੋਹੀ ਨਹੀਂ ਬਣਨਾ। ਬੇਸ਼ਕ ਮਾਰ ਸੁਟੋ।

ਪੁਲਸ ਉਸ ਵੇਲੇ ਸਭ ਕੁਝ ਸੀ। ਬਰਤਾਨਵੀ ਸਾਮਰਾਜ ਦੇ ਰੋਅਬ ਨੇ ਉਸ ਨੂੰ ਪਾਗਲ ਕੀਤਾ ਹੋਇਆ ਸੀ।

ਸ਼ਿਵ ਸਿੰਘ ਦੀ ਇਸਤਰੀ ਨੂੰ ਤੰਗ ਕੀਤਾ। ਉਸ ਨੂੰ ਮਾਰਿਆ, ਗਾਲ੍ਹਾਂ ਕੱਢੀਆਂ ਕਿ ਉਹ ਹੀ ਕੁਝ ਦਸੇ, ਪਰ ਉਸ ਨੂੰ ਸਚ ਮੁਚ ਹੀ ਕੁਝ ਪਤਾ ਨਹੀਂ ਸੀ। ਉਹ ਬੇੜੀ ਮਾਰ ਖਾ ਕੇ ਹੀ ਬੇਸੁਰਤ ਹੋ ਜਾਂਦੀ ਰਹੀ।

ਪੂਰਾ ਦਿਨ ਸਖਤੀ ਹੋਈ। ਅੰਤ ਸ਼ਿਵ ਸਿੰਘ ਤੇ ਉਸ ਦੇ ਟੱਬਰ ਨੂੰ ਬੰਨ੍ਹ ਕੇ ਕਪੂਰਥਲੇ ਨੂੰ ਲੈ ਤੁਰੇ। ਸਾਰੇ ਪਿੰਡ ਨੂੰ ਬੁਰੀ ਤਰ੍ਹਾਂ ਡਰਾ ਧਮਕਾ ਗਏ।

★



Sri Satguru Jagjit Singh Ji eLibrary NamdhariElibrary@gmail.com

# ੧੧.

ਮਨੁਖ ਦੇ ਸੁਭਾ ਦਾ ਇਤਿਹਾਸ ਸਾਖੀ ਭਰਦਾ ਹੈ ਕਿ ਅਨੇਕਾਂ ਐਸੇ ਮਨੁਖ ਹੋਏ ਨੇ ਜਿਨ੍ਹਾਂ ਨੇ ਕੋਈ ਨਾ ਕੋਈ ਥੋੜੀ ਜਹੀ ਸ਼ਕਤੀ ਪਾ ਕੇ ਮੌਤ ਤੇ ਰੱਬ ਦੋਹਾਂ ਨੂੰ ਭੁਲਾ ਦਿਤਾ। ਉਹ ਖਿਆਲ ਕਰਦੇ ਰਹੇ ਕਿ ਉਚੀਆਂ ਕੰਧਾਂ, ਫੌਜਾਂ, ਹਥਿਆਰ ਜਾਂ ਕਰਮਾਤਾਂ ਉਨ੍ਹਾਂ ਨੂੰ ਕਾਲ ਦੇ ਭਾਰੀ ਹਥ ਤੋਂ ਬਚਾ ਸਕਨਗੀਆਂ ਤੇ ਉਹ ਜੋ ਜੀਅ ਚਾਹੁਣ ਕਰਨ। ਕਮਜ਼ੋਰਾਂ ਦੀ ਦਿਲੀ ਜਾਣ ਮਲੀ ਜਾਣ ਕੌਣ ਪੁਛਦਾ ਹੈ। ਪਰ ਕਿਸੇ ਨਾ ਕਿਸੇ ਹੀਲੇ ਬਹਾਨੇ ਮੌਤ ਉਨ੍ਹਾਂ ਦੇ ਕੋਲ ਪੁਜ ਹੀ ਜਾਂਦੀ ਰਹੀ। ਕਿਸੇ ਕਿਸੇ ਰਾਵਣ ਵਰਗੇ ਨੇ ਕਿਲ੍ਹੇ ਬਣਵਾ ਕੇ ਸਮੁੰਦਰ ਦੀ ਖਾਈ ਚੌਗਿਰਦੇ ਰਖੀ, ਪਰ ਮਰਨਾ, ਉਸ ਨੂੰ ਫਿਰ ਵੀ ਪਿਆ।

ਬੀਤੇ ਇਤਿਹਾਸ ਨੂੰ ਪੜ੍ਹ ਕੇ ਕਈਆਂ ਨੂੰ ਹੋਸ਼ ਨਹੀਂ ਰਹਿੰਦੀ। ਉਹ ਲਾਲਚ ਤੇ ਬਲ ਹੰਕਾਰ ਨਾਲ ਐਸੇ ਪਾਗਲ ਹੁੰਦੇ ਹਨ ਕਿ ਕਰਤਾਰ ਦੀ ਸ਼ਕਤੀ ਨੂੰ ਭੁਲ ਜਾਂਦੇ ਹਨ। ਮਨ-ਆਈਆਂ ਕਰਨ ਲੱਗ ਪੈਂਦੇ ਹਨ। ਸੂਬੇਦਾਰ ਗੇਂਦਾ ਸਿੰਘ ਮਾਣੇਕੇ ਘੜਿਆਲ ਐਸੇ ਹੀ ਪੁਰਸ਼ਾਂ ਵਿਚੋਂ ਸੀ। ਉਹ ਫੌਜ ਵਿਚ ਰਿਹਾ ਸੀ। ਉਸ ਨੇ ਸਤਿਗੁਰੂ ਦੀ ਸਿਖੀ ਬਾਬਤ ਵੀ ਬਹੁਤ ਕੁਝ ਸੁਣਿਆ, ਪੜ੍ਹਿਆ ਤੇ ਆਪ ਵੀ ਲੋਕਾਂ ਨੂੰ ਦਸਿਆ ਸੀ ਕਿ ਲਾਲਚ ਤੇ ਹਉਮੇ ਜੀਵ ਨੂੰ ਪਾਗਲ ਕਰ ਦਿੰਦਾ ਹੈ। ਉਸ ਨੂੰ ਇਹ ਵੀ ਪੂਰਾ ਗਿਆਨ ਸੀ ਕਿ ਖਾਲਸਾ ਪੰਥ ਅਥਵਾ ਸਿੰਘ ਦੀ ਰਚਨਾ ਗੁਰੂ ਸਾਹਿਬ ਨੇ ਦੇਸ਼ ਨੂੰ ਸੁਤੰਤਰ ਕਰਾਉਣ ਤੇ ਧਰਮ, ਦੇਸ਼ ਦੀ ਅਣਖ ਬਚਾਉਣ ਖਾਤਰ ਹੀ ਕੀਤੀ। ਉਸ ਸਮੇਂ ਹਕੂਮਤ ਮੁਗਲ ਦੀ ਸੀ ਤਾਂ ਗੇਂਦਾ ਸਿੰਘ ਦੇ ਸਮੇਂ ਬਰਤਾਨੀਆ ਦੀ ਹਕੂਮਤ



Sri Satguru Jagjit Singh Ji eLibrary NamdhariElibrary@gmail.com

ਸੀ। ਦੋਵੇਂ ਹਕੂਮਤਾਂ ਪ੍ਰਦੇਸੀ ਤੇ ਭਾਰਤ ਦੀ ਸੁਤੰਤਰਤਾ ਤੇ ਸੰਸਕ੍ਰਿਤੀ ਦੀਆਂ ਦੁਸ਼ਮਣ ਸਨ। ਉਹ ਜਾਣਦਾ ਸੀ ਕਿ ਨੌਕਰਸ਼ਾਹੀ ਨੇ ਭਾਰਤੀਆਂ ਨੂੰ ਅਨੇਕਾਂ ਕੋਝੇ ਢੰਗਾਂ ਨਾਲ ਕੁਚਲਿਆ ਤੇ ਬੇ ਇਜ਼ਤ ਕੀਤਾ ਸੀ। ਗੋਰਾ ਨੌਕਰਸ਼ਾਹੀ ਭਾਰਤ ਨੂੰ ਲੁਟੀ ਜਾਂਦੀ ਸੀ। ਭਾਰਤ ਦੀ ਅਕਲ, ਸ਼ਕਤੀ ਤੇ ਜੀਵਨ ਦੇ ਵਸੀਲਿਆਂ ਨੂੰ ਵਧਣੋਂ ਰੋਕਦੀ ਸੀ ਅਤੇ ਗੋਰਾ ਸ਼ਾਹੀ ਦਾ ਦਬ ਦਬਾ ਬਿਠਾਉਂਦੀ ਸੀ।

ਸੂਬੇਦਾਰ ਗੇਂਦਾ ਸਿੰਘ ਨੇ ਕੰਨਾਂ ਨਾਲ ਸੁਣਿਆ ਤੇ ਅੱਖਾਂ ਨਾਲ ਦੇਖਿਆ ਸੀ ਕਿ ਕਿਵੇਂ ਜਲ੍ਹਿਆਂ ਵਾਲੇ ਬਾਗ਼ ਵਿਚ ਜਨਰਲ ਡਾਇਰ ਨੇ ਕਈ ਸੈਂਕੜੇ ਭਾਰਤੀਆਂ ਨੂੰ ਗੋਲੀ ਨਾਲ ਭੁੰਨ ਕੇ ਅਕ੍ਰਿਤਘਣਤਾ ਦਾ ਸਬੂਤ ਦਿਤਾ ਸੀ। ਜਰਮਨੀ ਦੇ ਵਿਰੁਧ ਭਾਰਤੀ ਜਵਾਨ ਤਨੋਂ ਮਨੋਂ ਹੋ ਕੇ ਲੜੇ ਸਨ, ਖੁਦ ਗੇਂਦਾ ਸਿੰਘ ਵੀ ਸਮੁੰਦਰੋਂ ਪਾਰ ਗਿਆ ਸੀ, ਪਰ ਜਦੋਂ ਜੰਗ ਜਿਤੀ ਗਈ ਤਾਂ ਜਿਥੇ ਭਾਰਤੀਆਂ ਨੂੰ ਸੁਤੰਤਰ ਕਰਨਾ ਸੀ ਉਥੇ ਉਹਨਾਂ ਦੀ ਗੁਲਾਮੀ ਨੂੰ ਹੋਰ ਪਕਿਆਂ ਕਰਨ ਲਈ ਕਾਲੇ ਕਾਨੂੰਨ ਘੜਨੇ ਸ਼ੁਰੂ ਕਰ ਦਿਤੇ ਗਏ। ਜੇ ਉਨ੍ਹਾਂ ਕਾਨੂੰਨਾਂ ਦੀ ਵਿਰੋਧਤਾ ਕੀਤੀ ਗਈ ਤਾਂ ਤੋਪ ਤੇ ਗੋਲੀ ਨੂੰ ਚਲਾਇਆ ਗਿਆ। 'ਬਗ਼ਾਵਤ' ਦੇ ਮੁਕਦਮੇ ਚਲਾ ਕੇ ਸੈਂਕੜਿਆ ਨੂੰ ਕਾਲੇ ਪਾਣੀ ਦੀਆਂ ਜਿਹਲਾਂ ਵਿਚ ਸੁਟਿਆ ਗਿਆ। ਉਨ੍ਹਾਂ ਦਾ ਦੋਸ਼ ਇਹੋ ਸੀ ਕਿ ਉਹ ਆਖਦੇ ਸਨ– ਇਹ ਦੇਸ ਸਾਡਾ ਹੈ। ਗੋਰਿਓ, ਆਪਣੇ ਦੇਸ ਚਲੇ ਜਾਓ ਜਾਂ ਅਸਾਂ ਨਾਲ ਇਨਸਾਨਾਂ ਤੇ ਸੁਤੰਤਰ ਬੰਦਿਆਂ ਵਾਲਾ ਸਲੂਕ ਕਰੋ–ਪਸ਼ੂ ਨਾ ਸਮਝੋ ਅਜ਼ਾਦੀ ਦਾ ਹੱਕ ਹਰ ਕੁਦਰਤ ਨੇ ਹਰ ਮਨੁਖ ਨੂੰ ਦਿਤਾ ਹੈ, ਪਰ ਸੁਣਦਾ ਕੌਣ ਦਾ ਸੀ?

ਗੇਂਦਾ ਸਿੰਘ ਸਮਝਦਾਰ ਸੂਬੇਦਾਰ ਸੀ, ਪੜ੍ਹਿਆ ਲਿਖਿਆ ਸੀ ਉਸ ਨੂੰ ਸਭ ਕਾਸੇ ਦਾ ਪਤਾ ਸੀ! ਉਸ ਦੇ ਵੇਖਦਿਆਂ ਹੀ ਤਾਂ ਮਹੰਤ ਨਰੈਣ ਦਾਸ ਨੇ ਸ੍ਰੀ ਨਨਕਾਣਾ ਸਾਹਿਬ ਵਿਚ ਖ਼ੂਨੀ ਸਾਕਾ ਕੀਤਾ ਸੀ ਸਰਦਾਰ ਦਲੀਪ ਸਿੰਘ ਤੇ ਉਸ ਦੇ ਸਾਥੀਆਂ ਨੂੰ ਸਤਿਗੁਰੂ ਨਾਨਕ ਦੇਵ ਜੀ ਦੇ ਅਸਥਾਨ ਤੇ ਕੁਹਾੜੀਆਂ, ਬੰਦੂਕਾਂ, ਤਲਵਾਰਾਂ ਨਾਲ ਵੱਟੇ



Sri Satguru Jagjit Singh Ji eLibrary NamdhariElibrary@gmail.com

ਟੋਟੇ ਕੀਤਾ ਤੇ ਤੇਲ ਪਾ ਕੇ ਸਾੜਿਆ ਸੀ। ਸਿਰਫ਼ ਇਸ ਹੌਂਸਲੇ ਨਾਲ ਕਿ ਬਰਤਾਨਵੀ ਸਾਮਰਾਜ ਦੀ ਪੁਲਸ ਤ ਫੌਜ ਮਹੰਤ ਨਰੈਣ ਦਾਸ ਦੇ ਪਿਛੇ ਸੀ ਤੇ ਮਹੰਤ ਬਰਤਾਨਵੀ ਸਾਮਰਾਜ ਦਾ ਇਕ ਵਠਾ-ਵੱਟਾ ਸੀ। ਸਾਰੇ ਸਿਖ ਜਗਤ ਵਿਚ ਹਾਹਾਕਾਰ ਮੱਚ ਗਈ ਸੀ। ਸਿੰਘਾਂ ਦੇ ਗੁਰਦਵਾਰੇ ਸਨ। ਸਿੰਘ ਗੁਰਦੁਆਰਿਆਂ ਦੀ ਸੰਭਾਲ ਕਰਨਾ ਚਾਹੁੰਦੇ ਸਨ, ਪਰ ਗੋਰਾ ਨੌਕਰਸ਼ਾਹੀ ਐਵੇਂ ਲੱਤਾਂ ਅੜਾਉਂਦਾ ਸੀ।

ਸੂਬੇਦਾਰ ਗੇਂਦਾ ਸਿੰਘ ਦੀ ਹਾਜ਼ਰੀ ਵਿਚ ਹੀ ਤਾਂ ਗੁਰੂ ਕੇ ਬਾਗ਼ ਦਾ ਮੋਰਚਾ ਲੱਗਿਆਂ ਸੀ। ਬੀ. ਟੀ. ਗੋਰੇ ਨੇ ਸਿੰਘਾਂ ਨੂੰ ਡਾਂਗਾਂ ਨਾਲ ਇਉਂ ਕੁਟਿਆ ਸੀ ਜਿਵੇਂ ਕਿਸਾਨ ਛੋਂਹ ਜਾਂ ਤੋਰੀਏ ਦੇ ਖਲਵਾੜੇ ਨੂੰ ਕੁਟਦਾ ਹੈ। ਅਕਾਲੀ ਲੀਡਰ ਜੇਹਲਾਂ ਵਿਚ ਸੁਟੇ ਗਏ ਸਨ। ਸਾਰੇ ਦੇਸ਼ ਵਿਚ ਹਲਚਲ ਮਚ ਗਈ ਸੀ। ਕੀ ਸੂਬੇਦਾਰ ਗੇਂਦਾ ਸਿੰਘ ਉਸ ਵੇਲ ਸੁਤਾ ਹੋਇਆ ਸੀ ? ਉਹ ਕਿਤੇ ਲੰਡਨ ਦੀਆਂ ਉੱਚੀਆਂ ਅਟਾਰੀਆਂ ਵਿਚ ਤਾਂ ਨਹੀਂ ਸੀ ਰਹਿੰਦਾ। ਉਹ ਦੁਆਬੇ ਦੇ ਪਿੰਡ ਵਿਚ ਸੀ। ਜਿਹੜੀ ਸਖਤੀ ਦੁਆਬੇ ਤੇ ਮਾਝੇ ਵਿਚ ਪੁਲਸ ਤੇ ਫੌਜ ਕਰਦੀ ਸੀ ਉਹ ਦੇਖਦਾ ਸੀ। ਫਿਰ ਵੀ ਸੂਬੇਦਾਰ ਗੇਂਦਾ ਸਿੰਘ ਬਰਤਾਨਵੀ ਸਾਮਰਾਜ ਉਦੇ ਭਰੋਸਾ ਰੱਖਦਾ ਸੀ ਕਿ ਇਸ ਰਾਜ ਨੇ ਕਦੀ ਭਾਰਤ ਵਿਚੋਂ ਖਤਮ ਨਹੀਂ ਹੋਣਾ। ਉਸ ਨੂੰ ਸੁਨਹਿਰੀ ਮੌਕਾ ਮਿਲਿਆ ਹੈ ਕਿ ਉਹ ਦੇਸ਼ ਦੇ ਵਸਨੀਕਾਂ ਨਾਲ ਅਕ੍ਰਿਤਘਣਤਾ ਤੇ ਗ਼ਦਾਰੀ ਕਰਕੇ ਮਾਇਆ ਖ਼ਤਾਬ ਤੇ ਜਗੀਰ ਇਕੱਠੀ ਕਰ ਲਵੇ। ਜੇ ਭਾਰਤ ਗੁਲਾਮ ਹੁੰਦਾ ਸੀ ਤਾਂ ਉਸ ਨੂੰ ਕੀ ? ਜੇ ਭਰਾ ਲੁਟੀਦੇ ਜਾਂ ਮਾਰੀਦੇ ਸਨ ਉਸ ਨੂੰ ਕੀ ? ਉਹ ਤਾਂ ਮਹਾਰਾਜਾ ਕਪੂਰਥਲਾ, ਗਵਰਨਰ ਪੰਜਾਬ, ਡੀ. ਸੀ. ਤੇ ਸੈਸ਼ਨ ਜਜਾਂ ਵਰਗਿਆਂ ਦੇ ਗੋਡੇ ਲਾਗੇ ਕੁਰਸੀ ਤੇ ਜਾ ਬੈਠਦਾ ਸੀ। ਉਸ ਦੇ ਪੁਤ ਪੋਤੇ ਤਾਂ ਐਸ਼ ਕਰਨਗੇ। ਉਹ ਪੁਜ ਕੇ ਸਵਾਰਥੀ ਸੀ। ਜੇ ਕੋਈ ਭਲਾ ਮਾਣਸ ਉਸ ਨੂੰ ਸਮਝਾਣ ਦਾ ਜਤਨ ਕਰਦਾ, "ਗੇਂਦਾ ਸਿੰਘ ! ਗੋਰੇ ਦੀ ਝੋਲੀ ਚੁਕਣੀ ਛਡ ਦੇ। ਲੋਕਾਂ ਵਿਚ ਜਾਗਰਤ ਆ ਗਈ ਹੈ। ਅੰਗਰੇਜ਼ ਦੇ ਵਿਰੁਧ ਲੋਕ ਉਠੇ ਹੋਏ



Sri Satguru Jagjit Singh Ji eLibrary NamdhariElibrary@gmail.com

ਹਨ, ਐਵੇਂ ਕੋਈ ਤੇਰੇ ਉਤੇ ਹੱਥ ਚੁਕੂ।' ਤਾਂ ਗੇਂਦਾ ਸਿੰਘ ਆਖਦਾ, 'ਛਡ ਓਏ ਪਰ੍ਹਾਂ ਐਸੀਆਂ ਗਲਾਂ । ਗੇਂਦਾ ਸਿੰਘ ਤੇ ਹੱਥ ਚੁਕਣ ਵਾਲਾ ਅਜੇ ਜੰਮਿਆਂ ਹੀ ਨਹੀਂ । ਜਿਸ ਦਿਨ ਗੇਂਦਾ ਸਿੰਘ ਦੇ ਸਿਰ ਵਿਚ ਕਿਸੇ ਲਾਠੀ ਮਾਰੀ, ਉਸ ਦਿਨ ਦੁਆਬੇ ਵਿਚ ਪਰਲੋ ਆ ਜਾਏਗੀ, ਪਿੰਡਾਂ ਵਿਚ ਹਲ ਵਗ ਜਾਣਗੇ । ਲੰਡਨ ਤਕ ਸਾਰੀ ਬਰਤਾਨਵੀ ਫੌਜ ਹਰਕਤ ਵਿਚ ਆ ਜਾਏਗੀ।' ਉਸ ਵੇਲੇ ਗੇਂਦਾ ਸਿੰਘ ਇਹ ਵੀ ਭੁਲ ਜਾਂਦਾ ਕਿ ਉਹ ਦੁਆਬੇ ਵਿਚ ਜੰਮਿਆ ਸੀ । ਉਸ ਦਾ ਗੋਰਾ ਬਦੇਸ਼ੀ ਮਾਲਕ ਉਸ ਨੂੰ ਵੀ 'ਕਾਲਾ ਆਦਮੀ' ਸਮਝਦਾ ਸੀ।

ਸਰਕਾਰੀ ਖਜ਼ਾਨੇ ਵਿਚੋਂ ਰੁਪਿਆ ਹਾਸਲ ਕਰਕੇ ਉਸ ਨੇ ਪੱਕੀਆਂ ਹਵੇਲੀਆਂ ਪਾਈਆਂ ਸਨ । ਉਸ ਦੇ ਕਾਮੇ ਸਨ, ਉਸ ਕੋਲ ਪਸਤੌਲ ਸੀ, ਕਾਰਤੂਸਾਂ ਵਾਲੀਆਂ ਬੰਦੂਕਾਂ ਸਨ । ਉਹ ਐਸੇ ਹੀ ਭੁਲੇਖਿਆਂ ਦਾ ਸ਼ਿਕਾਰ ਹੋਇਆ ਰਿਹਾ।

ਬਬਰ ਅਕਾਲੀ ਜਥਾ ਕਾਇਮ ਹੋਇਆ ਤਾਂ ਉਹ ਡਰਿਆ ਨਹੀ ਸਗੋਂ ਉਸ ਨੇ ਸਮਝਿਆ ਕਿ ਉਸ ਨੂੰ ਕਮਾਈ ਕਰਨ ਦਾ ਮੌਕਾ ਹਥ ਆ ਗਿਆ। ਉਸ ਨੂੰ ਕੀ ਘਾਟਾ ? 'ਬਬਰ ਅਕਾਲੀ' ਉਸ ਦਾ ਕੀ ਵਿਗਾੜ ਲੈਣਗੇ ?

ਉਹ ਸਰਕਾਰ ਦੀ ਸਹਾਇਤਾ ਕਰੇਗਾ, ਜ਼ਮੀਨ ਤੇ ਨਗਦੀ ਇਨਾਮ ਲਏਗਾ। ਹੋ ਸਕਦਾ ਸੀ ਉਸ ਨੂੰ ਆਉਂਦੇ ਸਾਲ ਨੂੰ 'ਸਰ' ਦਾ ਖ਼ਤਾਬ ਮਿਲ ਜਾਂਦਾ। ਉਹ ਨਸ ਭਜ ਕਰਨ ਲਗਾ। ਉਸ ਦਾ ਪੁਤਰ ਵੀ ਸਗੋਂ ਨਾਲ ਹੀ ਤੁਰਿਆ ।'ਜੇਸੀ ਕੋਕੋ ਤੇਸੇ ਬਚੇ' ਵਾਲੀ ਗਲ ਹੋਈ।

ਸ. ਕਿਸ਼ਨ ਸਿੰਘ ਵਿਣਗ ਬਬਰ ਅਕਾਲੀ ਨੇ ਕਿਸੇ ਦੇ ਰਾਹੀਂ ਉਸ ਨੂੰ ਸੁਨੇਹਾ ਭੇਜਿਆ ਕਿ ਉਹ (ਗੇਂਦਾ ਸਿੰਘ) ਅਰਾਮ ਨਾਲ ਘਰ ਬੈਠ ਜਾਏ। ਬੱਬਰਾਂ ਨਾਲ ਮਥਾ ਨਾ ਲਾਏ, ਨਹੀਂ ਤੇ ਉਸ ਤੁਰਨਾ ਫਿਰਨਾ ਮੁਸ਼ਕਲ ਹੋ ਜਾਏਗਾ। ਉਸ ਦਾ ਕਿਸੇ ਲਿਹਾਜ਼ ਨਹੀਂ ਕਰਨਾ ।

ਸਿਆਣੇ ਆਖਦੇ ਨੇ ਕੁਤੇ ਦੀ ਮੌਤ ਆਵੇ, ਉਹ ਮਸੀਤੇ ਮੂਤਦਾ ਹੈ ਸੱਪ ਦੀ ਮੌਤ ਆਵੇ ਤਾਂ ਚੁਰਾਹੇ ਵਿਚ ਬੈਠਦਾ ਹੈ, ਪਰ ਜਦੋਂ



Sri Satguru Jagjit Singh Ji eLibrary NamdhariElibrary@gmail.com

ਕਿਸੇ ਚੁਗਲ਼ ਦੀ ਮੌਤ ਆਵੇ ਉਹ ਕਿਸੇ ਜਿਆਣੇ ਦੀ ਸਿੱਖਿਆ 'ਨਹੀਂ' ਸੁਣਦਾ ਸਗੋਂ ਨਾਸਾਂ ਟੱਡਦਾ ਹੈ।

ਗੇਂਦਾ ਸਿੰਘ ਨੇ ਅਗੋਂ ਉਲਟਾ ਜਵਾਬ ਭੇਜਿਆ, 'ਕਿਸ਼ਨ ਸਿੰਘ ਤੇ ਕਰਮ ਸਿੰਘ ਝਿੰਗੜ ਨੂੰ ਫੜਾ ਕੇ ਮੈਂ ਐਨਾ ਇਨਾਮ ਹਾਸਲ ਕਰਨਾ ਹੈ ਕਿ ਮੇਰੀ ਹਵੇਲੀ ਵਿਚ ਸੰਗ ਮਰਮਰ ਲਗ ਜਾਣ।'

ਆਖਦੇ ਨੇ ਅੱਤ ਰਬ ਨੂੰ ਨਹੀਂ ਭਾਉਂਦੀ। ਬਬੇਲੀ ਪਿੰਡ ਦੀ ਘਟਨਾ ਵਾਪਰੀ। ਖੂਨੀ ਘਟਨਾ। ਚਾਰ ਬਬਰ ਸ਼ਹੀਦ ਹੋ ਗਏ। ਸ਼ਿਵ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਸ ਦਾ ਘਰ ਸੜਿਆ ਤੇ ਉਸ ਦੇ ਪਰਵਾਰ ਦੀ ਬੇਇਜ਼ਤੀ ਹੋਈ। ਸਭ ਕਾਸੇ ਦਾ ਜ਼ਿਮੇਵਾਰ ਸੂਬੇਦਾਰ ਗੇਂਦਾ ਸਿੰਘ ਨੂੰ ਹੀ ਠਹਿਰਾਇਆ ਗਿਆ। ਸ. ਕਿਸ਼ਨ ਸਿੰਘ ਵਿਣਿਗ ਨੇ ਹੁਕਮ ਦਿਤਾ ਸਭ ਤੋਂ ਪਹਿਲਾਂ ਸੂਬੇਦਾਰ ਗੇਂਦਾ ਸਿੰਘ ਨੂੰ ਸੋਧਿਆ ਜਾਏ। ਇਹ ਮਹਾਂ ਚੰਡਾਲ ਦੇਸ ਤੇ ਪਰਜਾ ਦਾ ਵੈਰੀ ਹੈ, ਗ਼ਦਾਰ ਹੈ ਤੇ ਗਦਾਰ ਦੀ ਸਜ਼ਾ ਸਦਾ ਮੌਤ ਤੁਰੀ ਆਈ ਹੈ'

ਸਾਰੇ 'ਬਬਰ ਅਕਾਲੀ' ਕਿਸ਼ਨ ਸਿੰਘ ਨੂੰ ਆਪਣਾ ਆਗੂ ਮੰਨਦੇ ਸਨ। ਉਸ ਦੇ ਇਕ ਬੋਲ ਤੇ ਜਾਨ ਵਾਰਨ ਨੂੰ ਤਿਆਰ ਰਹਿੰਦੇ ਸਨ ਨੰਦ ਸਿੰਘ ਦੀ ਸਰਪਰਸਤੀ ਹੇਠ ਇਕ ਟੋਲੀ ਸੂਬੇਦਾਰ ਗੇਂਦਾ ਸਿੰਘ ਨੂੰ ਸੋਧਣ ਵਾਸਤੇ ਤੁਰੀ। ਤੁਰੀ ਸਿਰ ਤੇ ਖੱਫਣ ਬੰਨ੍ਹ ਕੇ, ਜੀਵਨ ਦੀ ਆਸ ਛਡ ਕੇ। ਮਰਨਾ ਕਿਹੜਾ ਸੌਖਾ ਹੈ। ਉਹ ਧੰਨ ਸਨ, ਜਿਹੜੇ ਦੇਸ਼ ਦੀ ਸੁਤੰਤਰਤਾ ਵਾਸਤੇ ਮਰਦੇ ਰਹੇ। ਅਮਰ ਹਨ ਉਹ। ਆਪਣੇ ਲਹੂ ਨਾਲ ਸੁਤੰਤਰਤਾ ਦਾ ਇਤਿਹਾਸ ਲਿਖ ਗਏ।

ਦੁਸਹਿਰ ਦਾ ਦਿਨ ਸੀ। ਗਰਮੀ ਘਟ ਗਈ ਸੀ। ਬੜਾ ਸੁਹਾਵਣਾ ਮੌਸਮ ਸੀ। ਲੌਢਾ ਵੇਲਾ ਸੀ। ਭੱਠੀਆਂ ਧਪੀਆਂ ਹੋਈਆਂ ਸਨ। ਧੜਾ ਧੜ ਮਕਈ ਦੇ ਦਾਣੇ ਭੁਨਾਏ ਜਾ ਰਹੇ ਸਨ। ਮਾਣੇਕੇ ਘੜਿਆਲ ਵਿਚ ਖੂਬ ਰੌਣਕ ਸੀ। ਹਲਾਂ ਵਾਲੇ ਜੋਤਰੇ ਲਾ ਕੇ ਮੁੜ ਆਏ ਸਨ ਤੇ ਵਾਗੀ ਡੰਗਰ ਘਰਾਂ ਨੂੰ ਲਿਆ ਰਹੇ ਸਨ।


Sri Satguru Jagjit Singh Ji eLibrary NamdhariElibrary@gmail.com

ਸੂਬੇਦਾਰ ਗੇਂਦਾ ਸਿੰਘ ਬਾਹਰੋਂ ਆਏ ਦੋਂਹ ਰਿਸ਼ਤੇਦਾਰਾਂ ਦੇ ਨਾਲ ਆਪਣੀ ਹਵੇਲੀ ਵਿਚ ਬੈਠਾ ਹੋਇਆ ਸ਼ਰਾਬ ਪੀ ਰਿਹਾ ਸੀ। ਨਿਕਾ ਨਿਕਾ ਹਾੜ੍ਹਾ ਪੀਂਦਾ ਤੇ ਨਸ਼ੇ ਦੇ ਲੋਰ ਵਿਚ ਆਪਣੀ ਵਡਿਆਈ ਦੀਆਂ ਗਲਾਂ ਕਰੀ ਜਾਂਦਾ ਸੀ। ਕਦੀ ਯੂਰਪ ਦੀ ਜੰਗ ਦੀਆਂ ਗੱਲਾਂ ਕਰਦਾ, ਕਦੀ ਆਪਣੀ ਨੌਕਰੀ ਦੀਆਂ ਤੇ ਕਦੀ ਅੰਗਰੇਜ਼ ਕੌਮ ਦੀ ਉਸਤਤ ਕਰਦਾ। ਮੁਰਗੀ ਦੇ ਭੁਜੇ ਹੋਏ ਮਾਸ ਦੀ ਥਾਲੀ ਲਾਗੇ ਪਈ ਸੀ।

ਉਸ ਦੇ ਕੋਲ ਬੈਠੇ ਪ੍ਰਾਹੁਣੇ ਕੋਈ ਓਪਰੇ ਨਹੀਂ ਸਨ। ਇਕ ਉਸ ਦਾ ਕੁੜਮ ਸੀ ਤੇ ਦੂਸਰਾ ਕੁੜਮ ਦਾ ਗੁਆਂਢੀ। ਦੋਵੇਂ ਸੂਬੇਦਾਰ ਕੋਲ ਪੁਜੇ ਸਨ ਕਿ ਗੁਆਂਢੀ ਦਾ ਮੁੰਡਾ ਚੋਰੀ ਵਿਚ ਫਸ ਗਿਆ ਸੀ, ਉਸ ਦੇ ਚਲਾਣ ਨੂੰ ਰੋਕਣਾ ਸੀ। ਕੁੜਮਾਚਾਰੀ ਦਾ ਸਤਿਕਾਰ ਹੋ ਰਿਹਾ ਸੀ। ਬੋਤਲਾਂ ਘਰ ਦੀ ਕੱਢੀ ਸ਼ਰਾਬ ਦੀਆਂ ਨਹੀਂ ਸਨ, ਸਗੋਂ ਠੇਕੇ ਦੀ ਸ਼ਰਾਬ ਦੀਆਂ ਸਨ। ਪੀਂਦਾ ਰੋਜ਼ ਸੀ ਕਿਉਂ ਕਿ ਪੀਣ ਦੀ ਬੀਮਾਰੀ ਉਸ ਨੂੰ ਫੌਜ ਵਿਚ ਲਗ ਗਈ ਸੀ। ਫੌਜ ਵਿਚੋਂ ਵਿਹਲਾ ਹੋਇਆ ਤਾਂ ਸਰਕਾਰੀ ਅਫਸਰਾਂ ਦੇ ਮੇਲ ਜੋਲ, ਲੋਕਾਂ ਦੇ ਕੰਮ ਸਵਾਰਨ ਤੇ ਮੁਫਤ ਦੀ ਪੀਣ ਨਾਲ ਬੀਮਾਰੀ ਵਧ ਗਈ ਸੀ।

ਸੂਬਦਾਰ ਗੇਂਦਾ ਸਿੰਘ ਦੇ ਗਲ ਪਸਤੌਲ ਪਿਆ ਹੋਇਆ ਸੀ ਕਿਉਂਕਿ ਉਹ ਕਦੀ ਪਸਤੌਲ ਦਾ ਵਿਸਾਹ ਨਹੀਂ ਸੀ ਕਰਦਾ। ਉਸ ਵਿਚ ਗੋਲੀਆਂ ਭਰ ਕੇ ਰਖਦਾ ਸੀ। ਉਸ ਨੂੰ ਡਰ ਜ਼ਰੂਰ ਹੁੰਦਾ ਸੀ, ਪਰ ਉਹ ਆਪਣੇ ਕਰਤਵ ਨੂੰ ਨਹੀਂ ਸੀ ਬਦਲਦਾ।

ਉਹ ਘੁਟ ਘੁਟ ਪੀ ਕੇ ਗਲੀਂ ਲੱਗਾ ਹੋਇਆ ਸੀ ਕਿ ਉਸ ਦੀ ਕੰਨੀਂ ਰਸੀਲੀ ਬੀਨ ਵਜਣ ਦੀ ਧੁਨ ਪਈ। ਬੀਨ ਵਜਾਉਣ ਵਾਲਾ ਕੋਈ ਚੰਗਾ ਬੀਨ ਦਾ ਉਸਤਾਦ ਪ੍ਰਤੀਤ ਹੁੰਦਾ ਸੀ। ਉਸ ਨੇ ਲਾਗੇ ਖਲੋਤੇ ਆਪਣੇ ਇਕ ਖੇਤ ਮਜ਼ਦੂਰ ਨੂੰ ਆਖਿਆ, 'ਉਏ ਚੰਨਣਾ! ਮਾਰ ਓਏ ਬਾਜ ਸਾਲੇ ਵੀਨ ਵਾਲੇ ਨੂੰ।'

ਤੇੜ ਸੂਤਨਾ, ਗਲ ਪਾਟਾ ਹੋਇਆ ਮੈਲਾ ਕੁੜਤਾ, ਲਤਾਂ-ਪੈਰ ਨੰਗੇ ਤੇ ਸਿਰ ਉਤੇ ਲੀਰਾਂ ਦਾ ਬੁਕ ਪਗ ਵਲੀ, ਸੌਲੇ ਰੰਗ ਦਾ ਚੰਨਣ



Sri Satguru Jagjit Singh Ji eLibrary NamdhariElibrary@gmail.com

ਆਪਣੇ ਮਾਲਕ ਦਾ ਹੁਕਮ ਮੰਨ ਕੇ ਬਾਹਰ ਗਿਆ । ਉਸ ਨੇ ਵੇਖਿਆ, ਢਿੱਲੀ ਜਿਹੀ ਪੱਗ ਬੰਨ੍ਹੀਂ ਇਕ ਜੋਗੀ ਜਿਹਾ, ਭਗਵੇ ਰੰਗ ਦੇ ਖੁਲ੍ਹੇ ਜਿਹੇ ਲਿਬਾਸ ਵਾਲਾ ਵਹਿੰਗੀ ਤੇ ਦੋ ਛਿੱਕੂ ਚੁਕੀ ਮਲਕੜੇ ਮਲਕੜੇ ਤੁਰਿਆ ਆਉਂਦਾ ਸੀ ਤੇ ਉਸ ਦੇ ਨਾਲ ਬੜੀ ਮਸਤੀ ਨਾਲ ਬੀਨ ਵਜਾ ਰਿਹਾ ਸੀ । ਦੋਹਾਂ ਦੀ ਉਮਰ ਇਕੋ ਜਿਹੀ ਸੀ । ਬੇ ਤਰਤੀਬੀਆਂ ਖੁਲ੍ਹੀਆਂ ਦਾਹੜੀਆਂ, ਕੰਨਾਂ ਵਿਚ ਮੁੰਦਰਾਂ ਅਤੇ ਗਲ ਵਿਚ ਰੰਗ-ਬਰੰਗੀ ਪੱਥਰ ਦੇ ਮਣਕਿਆਂ ਦੀਆਂ ਗਾਨੀਆਂ ਸਨ । ਉਹਨਾਂ ਨੇ ਭਗਵੇ ਰੰਗ ਦੀਆਂ ਹੀ ਢਿੱਲੀਆਂ ਜਿਹੀਆਂ ਪੱਗਾਂ ਵਲੀਆਂ ਹੋਈਆਂ ਸਨ ।

'ਬਾਵਾ ਜੀ ! ਸੱਪ ਦਿਖਾਓ !

ਬੱਚੇ ਆਖਦੇ ਸਨ, ਪਰ ਉਹ ਸੂਬੇਦਾਰ ਦੀ ਹਵੇਲੀ ਵਲ ਮਸਤ ਤੁਰੇ ਆਉਂਦੇ ਸਨ ।

'ਬਾਵਾ ਜੀ ! ਸੂਬੇਦਾਰ ਸਾਹਿਬ ਨੇ ਤੁਸਾਂ ਨੂੰ ਸੱਦਿਆ ਹੈ—ਰਤਾ ਹਵੇਲੀ ਵਿਚ ਵੜੋ । ਉਹ ਵੀਨ ਸੁਣਨ ਨੂੰ ਕਹਿੰਦੇ ਆ ।'

'ਹੂੰ' ਆਖ ਕੇ ਵਹਿੰਗੀ ਵਾਲਾ ਅਗੇ ਹੋਇਆ । ਉਸ ਦੇ ਪਿਛੇ-ਪਿਛੇ ਬੀਨ ਵਾਲਾ । ਬੀਨ ਵਜਦੀ ਗਈ । ਅਗਲੇ ਦੀਆਂ ਅੱਖਾਂ ਬੜੀਆਂ ਮਸਤ ਤੇ ਲਾਲ ਸੁਰਖ ਸਨ । ਜਿਵੇਂ ਉਸ ਨੇ ਧਤੂਰਾ ਪੀਤਾ ਹੋਇਆ ਸੀ ।

ਉਨ੍ਹਾਂ ਦੋਹਾਂ ਵਲ ਸੂਬੇਦਾਰ ਤੇ ਉਸ ਦਾ ਕੁੜਮ ਦੇਖਣ ਲਗ ਪਏ ਬੀਨ ਸੂਬੇਦਾਰ ਦੇ ਕੰਨਾਂ ਨੂੰ ਐਸੀ ਭਾਈ ਕਿ ਉਹ ਤਾਂ ਸਪ ਵਾਂਗ ਕੀਲਿਆ ਹੀ ਗਿਆ । ਕੋਈ ਦਸ ਕੁ ਫੁਟ ਹਟਵੇਂ ਪੁਜ ਕੇ ਸਪੇਰਿਆਂ ਨੇ ਵਹਿੰਗੀ ਰਖ ਦਿਤੀ ਬੀਨ ਵਜਾਉਣੀ ਬੰਦ ਕੀਤੀ ਤੇ ਬੀਨ ਵਾਲੇ ਨੇ ਸੂਬੇਦਾਰ ਨੂੰ ਪਛਿਆ, 'ਮੋਤੀਆਂ ਬਾਲੀ ਸਰਕਾਰ ਦਾ ਪਰਤਾਪ ਬਧੇ, ਲੱਖਾਂ ਦਾ ਦਾਤਾ ! ਕੀ ਹੁਕਮ ਹੈ ?

'ਤੁਸੀਂ ਕੌਣ ਹੋ ? ਜੋਗੀ ਜਾਂ ਸਪੇਰੇ ।'

'ਨੰਬਰਦਾਰ ਨੇ ਨਸ਼ੇ ਦੇ ਲੋਰ ਵਿਚ ਰੋਅਬ ਨਾਲ ਪੁਛਿਆ ।



Sri Satguru Jagjit Singh Ji eLibrary NamdhariElibrary@gmail.com

'ਮੋਤੀਆਂ ਬਾਲੀ ਸਰਕਾਰ ਸਪੇਰੇ ਆਂ, ਜਹਿਰੀਲੇ ਤੋਂ ਜ਼ਹਿਰੀਲੇ ਸਪਾਂ ਨੂੰ ਬੀ ਫੜ ਕੇ ਉਹਨਾਂ ਦੀਆਂ ਸਿਰੀਆਂ ਵਿਚੋਂ ਜ਼ਹਿਰੀਲੇ ਮਣਕੇ ਕੱਢ ਲੈਂਦੇ ਆਂ। ਸਾਡੇ ਬਡੇ ਬਡੇਰੇ ਭੀ ਐਸਾ ਹੀ ਧੰਦਾ ਕਰਦੇ ਸਨ। ਅਸੀਂ ਲਾਇਲਪੁਰ ਦੀ ਬਾਰ ਬਲੋਂ ਆਏ ਆਂ। ਹੁਕਮ ਦੇਵੀਏ ਤਾਂ ਇਕ ਕਾਲਾ ਨਾਗ ਤੇ ਇਕ ਕਰੁੰਡੀਆ ਸਪ ਦਿਖਾਈਏ, ਬੀਨ ਬਜੇਗੀ ਉਹ ਨਚੇਗਾ।'

'ਜ਼ਰੂਰ ਦਿਖਾਓ! ਸੂਬਦਾਰ ਗੇਂਦਾ ਸਿੰਘ ਜੀ ਐਸੇ ਸ਼ੁਗਲ ਖੂਬ ਵੇਖਦੇ ਹਨ।' ਸੂਬੇਦਾਰ ਦਾ ਹੁਕਮ ਬੋਲਿਆ।

ਵਹਿੰਗੀ ਵਾਲੇ ਨੇ ਇਕ ਪਾਸੇ ਦੇ ਛਾਬੇ ਵਿਚੋਂ ਇਕ ਛਿਕੂ ਬਾਹਰ ਕੱਢਿਆ ਤੇ ਉਸ ਛਿਕੂ ਦਾ ਢੱਕਣ ਲਾਹਿਆ, ਤਾਂ ਉਸ ਵਿਚੋਂ ਕਾਲਾ ਨਾਗ ਉਪਰ ਉਠਿਆ। ਉਸ ਛਿਕੂ ਧਰਤੀ ਤੇ ਰੱਖ ਦਿਤਾ। ਬੀਣ ਵਾਲੇ ਨੇ ਬੀਨ ਵਜਾਈ। ਜਿਉਂ ਜਿਉਂ ਬੀਨ ਵਜਾਉਂਦਾ ਗਿਆ, ਤਿਉਂ ਤਿਉਂ ਕਾਲਾ ਨਾਗ ਉਪਰ ਸਿਰੀ ਕਰਦਾ ਗਿਆ। ਆਖਰ ਕੋਈ ਦਸ ਪੰਦਰਾਂ ਮਿੰਟਾਂ ਪਿਛੋਂ ਸਪ ਫਨ ਖਿਲਾਰ ਕੇ ਪੂਰਾ ਖੜਾ ਹੋ ਗਿਆ। ਉਸ ਦੀ ਜੀਭ ਸੂਈ ਵਰਗੀ ਕਾਹਲੀ ਕਾਹਲੀ ਹਿਲਣ ਲੱਗੀ। ਸੂਬੇਦਾਰ ਡਰਿਆਂ ਨਾ, ਸਗੋਂ ਉਸ ਨੇ ਇਕ ਪੇਗ ਨਸ਼ੇ ਦਾ ਹੋਰ ਪੀਤਾ।

ਉਸ ਦੇ ਸੱਪ ਨਾਲ ਹੀ ਇਕ ਸੱਪ ਹੋਰ ਡੱਬੀ ਵਿਚੋਂ ਕਢਿਆ। ਉਹ ਛੋਟਾ ਜਿਹਾ ਸੀ। ਉਸ ਨੂੰ ਕਰੁੰਡੀਆ ਸੱਪ ਕਹਿੰਦੇ ਸਨ। ਜਿਸ ਨੂੰ ਲੜ ਜਾਏ ਉਹ ਨੂੰ ਆਖੇਗਾ, 'ਪਰੇ ਹੋ ਕੇ ਡਿਗ ਤੇ ਪਾਣੀ ਨਾ ਮੰਗ।' ਪਰ ਉਹਨਾਂ ਸਪੇਰਿਆਂ ਡੱਬੀ ਵਿਚ ਪਾ ਰੱਖਿਆ ਸੀ।

ਬੀਨ ਵਜਾਉਣ ਵਾਲਾ ਫੂਕਾਂ ਮਾਰਦਾ ਤੇ ਗਲ੍ਹਾਂ ਫੁਲਾਉਂਦਾ ਹੋਇਆ ਅੱਖਾਂ ਚੁਕ ਕੇ ਸਾਰੀ ਹਵੇਲੀ ਵਿਚ ਦੇਖੀ ਜਾਂਦਾ ਸੀ। ਹਵੇਲੀ ਵਿਚ ਡੰਗਰ ਬੱਝੇ ਹੋਏ ਸਨ। ਬੀਨ ਨੂੰ ਸੁਣ ਕੇ ਹੋਰ ਕੋਈ ਜੀ ਹਵੇਲੀ ਵਿਚੋਂ ਨਹੀਂ ਨਿਕਲਿਆ। ਜਿਵੇਂ ਕੋਈ ਨਹੀਂ ਸੀ। ਸੂਬੇਦਾਰ ਦਾ ਘਰ ਪਿੰਡ ਦੇ ਅੰਦਰ ਸੀ। ਉਸ ਦੀ ਨੂੰਹ ਤੇ ਉਸ ਦਾ



Sri Satguru Jagjit Singh Ji eLibrary NamdhariElibrary@gmail.com

ਪੁਤ ਅੰਦਰਲੇ ਘਰੀਂ ਰਹਿੰਦੇ ਸਨ। ਉਸ ਦਿਨ ਉਸ ਦਾ ਪੁਤਰ ਰੋਰੋ ਵੀ ਪਿੰਡ ਨਹੀਂ ਸੀ। ਉਹ ਕਿਸੇ ਡੀ. ਸੀ. ਨਾਲ ਗਿਆ ਹੋਵੇਗਾ।

ਕਾਲਾ ਨਾਗ ਹਵੇਲੀ ਦੀ ਬੈਠਕ ਤੇ ਡੰਗਰਾਂ ਵਾਲਿਆਂ ਕੋਠਿਆਂ ਦੇ ਬਰਾਂਡੇ ਵਲ ਤੁਰ ਪਿਆਂ। ਉਸ ਦੇ ਪਿਛੇ ਹੀ ਸੂਬੇਦਾਰ ਦੀਆਂ ਅਖਾਂ ਤੁਰੀਆਂ। ਉਸ ਨੇ ਇਕ ਸਪੇਰੇ ਨੂੰ ਕਿਹਾ, 'ਫੜ ਓਏ! ਕਿਤੇ ਅੰਦਰ ਨਾ ਜਾ ਵੜੇ।

'ਕੋਈ ਡਰ ਨਹੀਂ ਸਰਕਾਰ! ਵੇਖੋ! ਅੰਦਰੋਂ ਹੋਰ ਕਾਲਾ ਨਾਗ ਨਿਕਲੇਗਾ। ਇਹ ਤਦੇ ਉਧਰ ਨੂੰ ਨਿਕਲਿਆ ਹੈ। ਵੇਖੋ! ਵੇਖੋ!'

ਬੀਨ ਵਜਾਉਨ ਵਾਲੇ ਨੇ ਬੀਨ ਨੂੰ ਵਜਾਉਂਦਿਆਂ ਹੋਇਆਂ ਬਾਹਰ ਵਲ ਵੇਖਿਆ। ਹਵੇਲੀ ਦੇ ਬੂਹੇ ਅਗੇ ਉਸ ਨੂੰ ਕੁਝ ਬਚੇ ਖਲੋਤੇ ਦਿਸੇ। ਸਿਆਣਾ ਬੰਦਾ ਕੋਈ ਨਹੀਂ ਸੀ। ਸ਼ਾਇਦ ਇਸ ਕਰਕੇ ਕਿ ਸੂਬੇਦਾਰ ਦਾ ਸੁਭਾ ਰਤਾ ਕਰੜਾ ਸੀ। ਉਹ ਆਪਣੀ ਹਵੇਲੀ ਵਿਚ ਚਿੜੀ ਨਹੀਂ ਸੀ ਫੜਕਣ ਦੇਂਦਾ। ਬੀਨ ਵਜਣੋਂ ਇਕ ਦਮ ਬੰਦ ਹੋ ਗਈ ਤੇ ਉਸ ਨੇ ਨਾਲ ਦੇ ਸਾਥੀ ਨੂੰ ਕਿਹਾ, ਸਪ ਨੂੰ ਫੜ ਲੈ! ਕਿਤੇ ਸਚਮੁਚ ਹੀ ਅੰਦਰ ਨਾ ਚਲਿਆ ਜਾਏ।'

'ਫੜਨਾ ਆ।' ਉਸ ਨੇ ਅਗੋਂ ਉਤਰ ਦਿਤਾ।

ਸੂਬੇਦਾਰ ਗੇਂਦਾ ਸਿੰਘ ਤੇ ਉਸ ਦੇ ਕੁੜਮ ਦਾ ਧਿਆਨ ਸਪ ਵਲ ਹੋ ਗਿਆ। ਵਹਿੰਗੀ ਵਾਲਾ ਸਪੇਰੇ ਵਲ ਹੋਇਆ ਹੀ ਸੀ ਕਿ ਬੀਨ ਵਾਲੇ ਨੇ ਅੱਖ ਦੇ ਫੁਰਨੇ ਵਿਚ ਆਪਣੇ ਭਗਵੇ ਚੋਲੇ ਹੇਠੋਂ ਪਸਤੌਲ ਕਢਿਆ ਤੇ ਠਾਹ ਠਾਹ ਕਰਕੇ ਤਿੰਨ ਗੋਲੀਆਂ ਚਲਾ ਦਿਤੀਆਂ। ਸੂਬੇਦਾਰ ਗੇਂਦਾ ਸਿੰਘ ਓਥੇ ਹੀ ਢੇਰ ਹੋ ਗਿਆ ਤੇ ਇਕ ਗੋਲੀ ਉਸ ਦੇ ਕੁੜਮ ਨੂੰ ਵਜੀ। ਉਹ ਜ਼ਖ਼ਮੀ ਹੋ ਕੇ ਮੰਜੇ ਤੇ ਡਿਗ ਪਿਆ। ਤੇ ਤੀਸਰਾ ਡਰ ਕੇ ਹੀ ਮੰਜੀ ਤੇ ਲੰਮਾ ਪੈ ਗਿਆ। ਵਹਿੰਗੀ ਵਾਲੇ ਨੇ



Sri Satguru Jagjit Singh Ji eLibrary NamdhariElibrary@gmail.com

ਰਤਾ ਢਿਲ ਨਾ ਕੀਤੀ। ਨਾ ਸਪ ਨੂੰ ਫੜਿਆ ਤੇ ਨਾ ਵਹਿੰਗੀ ਚੁਕੀ। ਉਸਨੇ ਸੂਬੇਦਾਰ ਦੇ ਗਲੋਂ ਪਸਤੌਲ ਲਾਹ ਲਿਆ।

ਗੋਲੀਆਂ ਚਲਣ ਦਾ ਖੜਕਾ ਸੁਣ ਕੇ ਬੂਹੇ ਅਗੋਂ ਬਚੇ ਨਸ ਗਏ। ਚੰਨਣ ਨਸ ਕੇ ਅੰਦਰ ਜਾ ਵੜਿਆ। ਉਸ ਨੇ ਕਿਸੇ ਨੂੰ ਫੜਨ ਦਾ ਯਤਨ ਨਾ ਕੀਤਾ। ਦੋਵੇਂ ਸਪੇਰੇ ਵਹਿੰਗੀ, ਸਪਾਂ ਦੇ ਛਿਕੂ ਸਭ ਛਡ ਕੇ, ਪਰ ਬੀਨ ਲੈ ਕੇ ਹਵੇਲੀ ਦੇ ਬੂਹੇ ਵਲ ਵਧੇ। ਉਨ੍ਹਾਂ ਸਪੇਰਿਆਂ ਨੇ 'ਬੱਬਰਾਂ' ਦਾ ਰੂਪ ਧਾਰਨ ਕਰ ਲਿਆ। ਹਵੇਲੀ ਤੋਂ ਬਾਹਰ ਨਿਕਲੇ ਤਾਂ ਅਗੇ ਉਹਨਾਂ ਦੇ ਦੋ ਸਾਥੀ ਸਨ। ਉਹਨਾਂ ਕੋਲ ਬੰਦੂਕਾਂ ਸਨ। ਪਹਿਲਾਂ ਉਹ ਬੰਦੂਕਾਂ ਲੁਕਾ ਕੇ ਓਪਰਿਆਂ ਵਾਂਗ ਹਵੇਲੀ ਵਿਚ ਹੋ ਰਹੇ ਤਮਾਸ਼ੇ ਨੂੰ ਦਖਦੇ ਸਨ।

ਸੂਰਜ ਡੁਬ ਚੁਕਾ ਸੀ। ਪਰ ਚਾਨਣ ਅਜੇ ਚੰਗਾ ਸੀ। ਦੂਰ ਤਕ ਜਾਂਦਾ ਆਦਮੀ ਦਿਸ ਪੈਂਦਾ ਸੀ। ਹਵਾ ਵਿਚ ਗੋਲੀਆਂ ਚਲਾਉਂਦੇ ਹੋਏ ਉਹ ਖੇਤਾਂ ਨੂੰ ਤੁਰ ਪਏ। ਕਿਸੇ ਨੂੰ ਨਾ ਹੌਸਲਾ ਉਨ੍ਹਾਂ ਦਾ ਪਿਛਾ ਕਰਨ ਦਾ ਹੋਇਆ ਤੇ ਨਾ ਕਿਸੇ ਰੌਲਾ ਪਾਇਆ ਕਿ ਸੂਬੇਦਾਰ ਗੇਂਦਾ ਸਿੰਘ ਮਾਰਿਆ ਗਿਆ।



Sri Satguru Jagjit Singh Ji eLibrary NamdhariElibrary@gmail.com

# ੧੨.

ਨਵੰਬਰ ਦਾ ਮਹੀਨਾ ਸੀ, ਗਰਮੀ ਘਟ ਗਈ ਸੀ ਤੇ ਠੰਢ ਪੈ ਰਹੀ ਸੀ, ਪਰ ਡਿਪਟੀ ਕਮਿਸ਼ਨਰ ਜਾਲੰਧਰ ਮਿਸਟਰ ਸੀ. ਡਬਲਿਊ. ਜੇਕਬ ਨੂੰ ਬਹੁਤ ਗਰਮੀ ਲੱਗ ਰਹੀ ਸੀ । ਉਹ ਘੜੀ ਘੜੀ ਠੰਢਾ ਪਾਣੀ ਪੀਂਦਾ ਸੀ । ਉਸ ਦੀ ਕੋਠੀ ਦੇ ਚੌਗਿਰਦੇ ਹਥਿਆਰਬੰਦ ਪੁਲੀਸ ਦਾ ਸਖਤ ਪਹਿਰਾ ਸੀ। ਕੋਠੀ ਦੇ ਅੰਦਰਲੇ ਨੌਕਰ ਚਾਕਰ ਵੀ ਘਬਰਾਏ ਹੋਏ ਸਨ । ਕਿਉਂਕਿ ਮਿਸਟਰ ਜੇਕਬ ਘੜੀ ਘੜੀ ਪਿਛੋਂ ਉਨ੍ਹਾਂ ਉਤੇ ਖਿਝਦਾ ਸੀ । ਇਹੋ ਆਖੀ ਜਾਂਦਾ, 'ਓ ਟੁਮ ! ਕਾਲੇ ਕੁਲੀ ...ਕੁਟੇ ! ਹੋਸ਼ ਸੇ ਰਹੋ। ਕੋਈ ਬਬਰ ਨ ਆਨੇ ਪਾਏ।'

ਜ਼ਿਲਾ ਜਲੰਧਰ ਦਾ ਰਾਖਾ ਆਪ ਡਰ ਰਿਹਾ ਸੀ। ਉਸ ਨੂੰ ਸਾਰੇ ਪੰਜਾਬੀ–ਉਸ ਦੇ ਵਫਾਦਾਰ ਘਰੇਲੂ ਨੌਕਰ, ਸਰਕਾਰੀ ਚਪੜਾਸੀ ਪੀ. ਏ. ਤੇ ਪੁਲਸ ਦੇ ਸਿਪਾਹੀ ਬੱਬਰਾਂ ਦਾ ਰੂਪ ਦਿਖਾਈ ਦਿੰਦੇ ਸਨ । ਉਸ ਨੇ ਕਮਿਸ਼ਨਰ ਨੂੰ ਟੈਲੀਫੂਨ ਕੀਤਾ ਕਿ ਉਹ ਆਪਣੀ ਕੋਠੀ ਦੀ ਰਾਖੀ ਵਾਸਤੇ ਗੋਰਾ ਸਿਪਾਹੀ ਚਾਹੁੰਦਾ ਹੈ । ਕਾਲਿਆਂ ਤੇ ਇਸ ਕਰਕੇ ਭਰੋਸਾ ਨਹੀਂ ਕਿ ਕਾਲੇ ਬੰਦਿਆਂ ਨੂੰ ਮਾਰ ਕੇ ਉਨ੍ਹਾਂ



Sri Satguru Jagjit Singh Ji eLibrary NamdhariElibrary@gmail.com

ਦੀਆਂ ਬਰਦੀਆਂ ਬੱਬਰ ਪਾ ਕੇ ਪਹਿਰਿਆਂ ਤੇ ਆ ਖਲੋਂਦੇ ਤੇ ਖ਼ੂਨ ਕਰ ਜਾਂਦੇ ਹਨ । ਜੈਕਬ ਨੂੰ ਸਾਰਾ ਦੇਸ਼ ਹੀ ਬੱਬਰ ਬਣ ਗਿਆ ਪ੍ਰਤੀਤ ਹੋਣ ਲੱਗ ਪਿਆ ਸੀ । ਕਮਿਸ਼ਨਰ ਨੇ ਉਸ ਦੀ ਗਲ ਮੰਨ ਲਈ ਕਿਉਂਕਿ ਕਮਿਸ਼ਨਰ ਵੀ ਗੋਰਾ ਸੀ। ਪਰਦੇਸ ਵਿਚ ਗੋਰ ਦੀ ਰਾਖੀ ਗੋਰਾ ਜ਼ਰੂਰ ਕਰਦਾ ਸੀ । ਫੌਜ ਵਿਚੋਂ ਗੋਰੇ ਮੰਗਵਾਏ ਗਏ। ਉਹ ਡੀ. ਸੀ. ਜਲੰਧਰ ਦੀ ਕੋਠੀ ਅਗੇ ਪਹਿਰਾ ਦੇਣ ਲਗੇ । ਬੜੇ ਹੁਸ਼ਿਆਰ ਹੋ ਕੇ। ਚਿੜੀ ਨਹੀਂ ਸੀ ਫਟਕਣ ਦਿੰਦੇ। ਔਰਤ, ਮਰਦ, ਬੱਚਾ ਕੋਈ ਨਹੀਂ ਸੀ ਅਗੇ ਜਾ ਸਕਦਾ । ਮਿਸਟਰ ਜੇਕਬ ਕੋਠੀ ਦੇ ਅੰਦਰ ਸੀ। ਟੈਲੀਫੋਨ ਨਾਲ ਬਹੁਤੇ ਕੰਮ ਹੁੰਦੇ ਸਨ । ਉਸ ਦੀ ਮੇਮ ਕੁਝ ਘਬਰਾਈ ਸੀ। ਉਹ ਫੈਸ਼ਨ ਕਰਨ, ਖਾਣ ਪੀਣ ਵਿਚ ਰਝੀ ਰਹਿੰਦੀ ਸੀ ਜਾਂ ਗ੍ਰਾਮੋਫੋਨ ਤੇ ਰੀਕਾਰਡ ਲਾ ਕੇ ਸੁਣਦੀ ਸੀ ਜਿਹੜੇ ਵਲੈਤੋਂ ਨਵੇਂ ਨਵੇਂ ਆਏ ਸਨ। ਉਸ ਦੇ ਬੱਚਾ ਕੋਈ ਨਹੀਂ ਸੀ ਹੋਇਆ । ਉਹ ਜੇਕਬ ਨੂੰ ਖੁਸ਼ ਰਖ ਕੇ ਮੌਜ-ਮਿਲਾ ਕਰਨਾ ਚਾਹੁੰਦੀ ਸੀ, ਬਹਾਰ ਦੇ ਦਿਨ ਮਨਾਉਣਾ ਲੋਚਦੀ ਸੀ, ਪਰ ਸਾਹਿਬ ਕਬਰਾਂ ਦੇ ਰੁਖਾਂ ਵਾਂਗ ਉਦਾਸ ਸੀ । ਉਸ ਦਾ ਗੋਰਾ ਰੰਗ ਪੀਲਾ ਹੁੰਦਾ ਜਾਂਦਾ ਸੀ, ਕਿ ਗਵਰਨਰ ਪੰਜਾਬ ਵਲੋਂ ਉਸ ਨੂੰ ਸਖਤ ਝਾੜ ਪੈ ਰਹੀ ਸੀ ਕਿ ਉਸ ਦਾ ਜ਼ਿਲਾ ਬਾਗ਼ੀਆਂ ਦਾ ਅੱਡਾ ਬਣ ਰਿਹਾ ਸੀ । ਉਹ ਦਬਾਉਂਦਾ ਕਿਉਂ ਨਹੀਂ ਸੀ।

ਉਸ ਦਿਨ ਉਹ ਇਸ ਵਾਸਤੇ ਬਹੁਤਾ ਘਬਰਾਇਆ ਸੀ ਕਿ ਉਸ ਦੀ ਕੋਠੀ ਵਿਚ ਕੁਝ ਕੁ ਉਚ ਅਧਿਕਾਰੀਆਂ ਦੀ ਮੀਟਿੰਗ ਰੱਖੀ ਹੋਈ ਸੀ । ਲਾਹੌਰੋਂ ਮਿਸਟਰ ਮੈਂਗਰ ਏ. ਆਈ. ਜੀ. ਆਏ ਸਨ, ਡੀ. ਸੀ. ਹੁਸ਼ਿਆਰਪੁਰ, ਹੁਸ਼ਿਆਰਪੁਰ ਜਲੰਧਰ ਤੇ ਕਪੂਰਥਲੇ ਦੇ ਐਸ. ਐਸ. ਪੀ., ਮਹਾਰਾਜਾ ਕਪੂਰਥਲਾ ਦਾ ਪੀ. ਏ. ਅਤੇ ਦੀਵਾਨ ਦੁਰਗਾ ਦਾਸ ਵੀ ਪੁਜੇ ਹੋਏ ਸਨ ਪੰਜਾਬ ਸਰਕਾਰ ਦੇ ਉਚੇਰੇ ਭੇਜੇ ਪੁਲਸ ਅਫਸਰ, ਖਾਂ ਸਾਹਿਬ ਮੀਆਂ ਅਬਦੁਲ ਇਮਾਮ ਵੀ ਆਏ ਸਨ । ਉਸ ਨੇ ਬਬਰਾਂ ਨੂੰ ਦਬਾਉਣ ਦਾ ਬੀੜਾ ਚੁਕਿਆ ।



Sri Satguru Jagjit Singh Ji eLibrary NamdhariElibrary@gmail.com

ਉਹ ਬੜਾ ਕਠੋਰ ਚਿਤ ਅਫਸਰ ਸੀ। 'ਮਾਂ ਜੇ ਮੈਂ ਥਾਣੇਦਾਰ ਹੋਵਾਂ ਤਾਂ ਤੇਰੇ ਚਿਤੜ ਕੁਟਾਂ' ਵਾਲੀ ਅਖੋਤ ਉਸ ਉਤੇ ਘਟਦੀ ਸੀ। ਸਤ ਫੁਟ ਉਚਾ ਪਠਾਣੀ ਕੱਦ ਕਾਠ ਦਾ ਬੰਦਾ ਸੀ। ਉਸ ਦਾ ਜਨਮ ਮੀਆਂ ਵਾਲੀ ਦੇ ਜੰਗਲੀ ਇਲਾਕੇ ਵਿਚ ਹੋਇਆ ਸੀ। ਗਾਲ੍ਹ ਤੋਂ ਬਿਨਾਂ ਉਹ ਕਿਸੇ ਦੇਸ਼ੀ ਨਾਲ ਗਲ ਕਰਨਾ ਜਾਣਦਾ ਹੀ ਨਹੀਂ ਸੀ।

ਹੋਰ ਅਫਸਰਾਂ ਦਾ ਤਾਂ ਖਿਆਲ ਸੀ ਕਿ ਕੁਝ ਕੁ ਵਫ਼ਾਦਾਰ ਝੋਲੀ ਚੁਕ ਉਸ ਇਕਤਰਤਾ ਵਿਚ ਸਦੇ ਜਾਣ, ਪਰ ਮਿਸਟਰ ਜੇਕਬ ਨਹੀਂ ਸੀ ਮੰਨਿਆ। ਉਹ ਆਖਦਾ ਸੀ, 'ਉਨ ਪਰ ਭਰੋਸਾ ਨਹੀਂ ਵੋਹ ਬੀ ਤੋ ਦੁਸ਼ਮਨ ਹੋ ਸਕਤਾ ਹੈ।'

ਮਿਸਟਰ ਜੇਕਬ ਨੇ ਸਰਕਾਰ ਪੰਜਾਬ ਦਾ ਹੁਕਮ ਸੁਣਾਉਣ ਪਿਛੋਂ ਅੰਗਰੇਜ਼ੀ ਵਿਚ ਦਸਿਆ ਕਿ ਵਫਾਦਾਰ ਗੇਂਦਾ ਸਿੰਘ ਵੀ ਮਾਰਿਆ ਗਿਆ, ਬੱਬਰ ਲਹਿਰ ਵਧਦੀ ਜਾ ਰਹੀ ਹੈ। ਇਸ ਨੂੰ ਹਰ ਕੀਮਤ ਤੇ ਰੋਕਿਆ ਜਾਵੇ। ਫੌਜ, ਪੁਲੀਸ ਮਿਲ ਕੇ ਕੰਮ ਕਰਨ। ਸਖ਼ਤੀ ਕਰੋ। ਜਿਸ ਦੇ ਪਾਸ ਕੋਈ ਬੱਬਰ ਬੈਠੇ, ਗਲ ਕਰੇ ਜਾਂ ਕੋਈ ਬਾਗੀ ਦੀ ਮਦਦ ਕਰੇ, ਉਸ ਨੂੰ ਝਟਾ ਪਟ ਗ੍ਰਿਫਤਾਰ ਕਰੋ। ਕਿਸ਼ਨ ਸਿੰਘ ਤੇ ਕਰਮ ਸਿੰਘ ਜੇਹੇ ਜਿਹੜੇ ਹੋਰ ਵਡੇ ਸ਼ਰਾਰਤੀ ਹਨ, ਉਹਨਾਂ ਨੂੰ ਫੜਨ ਵਾਸਤੇ ਬਹੁਤ ਭਾਰੀ ਇਨਾਮ ਦਾ ਐਲਾਨ ਕੀਤਾ ਜਾਏਗਾ।

ਹਰ ਇਕ ਨੇ ਆਪਣੀ ਆਪਣੀ ਸਲਾਹ ਦਿਤੀ। ਦੁਰਗਾ ਦਾਸ ਨੇ ਦਸਿਆ ਕਿ ਬਬਰਾਂ ਦੀ ਗਿਣਤੀ ਸੱਠ ਸੱਤਰ ਹੋ ਗਈ ਦਸੀਦੀ ਹੈ। ਲੋਕ ਬਬਰਾਂ ਨੂੰ ਮਦਦ ਦੇਣ ਲਗ ਪਏ ਹਨ ਸ਼ਿਵ ਸਿੰਘ ਬਬੇਲਾ ਨੂੰ ਕੁਟਿਆ ਪੁੱਠਾ ਟੰਗਿਆ, ਕਈ ਸਖ਼ਤੀਆਂ ਕੀਤੀਆਂ ਹਨ, ਪਰ ਉਸ ਨੇ ਕੁਝ ਨਹੀਂ ਦਸਿਆ।'

ਮਿਸਟਰ ਮੌਂਗਰ ਏ. ਆਈ. ਜੀ. ਨੇ ਬਹੁਤ ਸਾਰੀਆਂ ਵਿਉਂਤਾਂ ਦਸਣ ਦੇ ਨਾਲ ਕਿਹਾ, 'ਜਿਸ ਨੂੰ ਫੜੋ, ਉਸ ਨੂੰ ਸੁਲਤਾਨੀ ਗਵਾਹ ਬਣਾਓ। ਆਪਣੇ ਵਫਾਦਾਰ ਆਦਮੀ ਬਬਰਾਂ ਦੀ ਪਾਰਟੀ ਵਿਚ ਭਰਤੀ



Sri Satguru Jagjit Singh Ji eLibrary NamdhariElibrary@gmail.com

ਕਰਾਓ, ਉਹ ਪੂਰੀ ਜਾਸੂਸੀ ਕਰਨ। ਚਾਰ-ਪੰਜ ਜਵਾਨ ਤੀਵੀਆਂ ਲਭੋ ਜਿਹੜੀਆਂ ਬਬਰਾਂ ਨੂੰ ਪਰੇਮ-ਜਾਲ ਵਿਚ ਫਸਾਉਣ। ਬਦਸ਼ਾਹ ਦੇ ਵਾਸਤੇ ਵਫ਼ਾਦਾਰੀ ਕਰਨ ਦਾ ਇਹੋ ਚੰਗਾ ਸਮਾਂ ਹੈ। ਜਿਹੜਾ ਵੀ ਕੋਈ ਜਿਵੇਂ ਥੋੜੀ ਬਹੁਤੀ ਸਰਕਾਰ ਦੀ ਸਹਾਇਤਾ ਕਰੇਗੀ, ਉਸ ਨੂੰ ਕੋਲੋਂ ਇਨਾਮ ਦਵਾਇਆ ਜਾਵੇਗਾ।...ਰੁਪੈ, ਅਸਲੇ ਤੇ ਆਦਮੀਆਂ ਦੀ ਕੋਈ ਪਰਵਾਹ ਨਹੀਂ ਦੁਆਬੇ ਦੇ ਸਾਰੇ ਨਿਕੇ-ਵਡੇ ਸਰਕਾਰੀ ਅਫਸਰਾਂ ਦੀ ਜ਼ਿੰਦਗੀ ਮੌਤ ਦਾ ਸੁਆਲ ਹੈ। ਅਸਾਂ ਸੁਣਿਆ ਏ ਦੇਸ਼ ਦੀਆਂ ਵਡੀਆਂ ਪਾਰਟੀਆਂ ਵੀ ਇਹਨਾਂ ਦੇ ਪਿਛੇ ਹਨ। ਹਥਿਆਰ ਰਿਆਸਤਾਂ ਵਿਚੋਂ ਮਿਲ ਰਹੇ ਨੇ। ਰਾਜਿਆਂ ਵਲ ਇਕ ਖੁਫੀਆ ਚਿਠੀ ਭੇਜੀ ਜਾ ਰਹੀ ਹੈ ਕਿ ਉਹ ਹਥਿਆਰਾਂ ਦੀ ਸਪਲਾਈ ਰੋਕਣ। ਲੋਕਾਂ ਦੇ ਮਨਾਂ ਵਿਚ ਇਹ ਯਕੀਨ ਕਰਾਓ ਕਿ ਅੰਗਰੇਜ਼ੀ ਰਾਜ ਭਾਰਤ ਵਿਚੋਂ ਕਦੀ ਵੀ ਖ਼ਤਮ ਨਹੀਂ ਹੋਏਗਾ। ਜੇ ਅੰਗਰੇਜ਼ੀ ਰਾਜ ਖਤਮ ਹੋ ਗਿਆ ਤਾਂ ਭਾਰਤ ਵਿਚ ਘਰੇਲੂ ਜੰਗ ਛਿੜ ਜਾਏਗੀ, ਕਿਉਂਕਿ ਭਾਰਤੀਆਂ ਨੂੰ ਰਾਜ ਕਰਨ ਦੀ ਜਾਚ ਨਹੀਂ ਅਨਪੜ੍ਹ ਤੇ ਲਾਲਚੀ ਹਨ।...ਦੇਖੋ ਅਗਰੇਜ਼ੀ ਰਾਜ ਵਿਚ ਕਿੰਨੇ ਸੁਖ ਹਨ। ਪਹਿਲਾਂ ਨਾ ਸੜਕਾਂ ਪਕੀਆਂ ਸਨ, ਨਾ ਰੇਲ ਸੀ ਤੇ ਨਾ ਤਾਰ। ਡਾਕ ਦਾ ਵੀ ਪ੍ਰਬੰਧ ਨਹੀਂ ਸੀ। ਲੋਕਾਂ ਨੂੰ ਅੰਗਰੇਜ਼ ਰਾਜ ਦੀਆਂ ਬਰਕਤਾਂ ਦਾ ਗਿਆਨ ਕਰਾਉ।...ਸਖਤੀ ਜ਼ਰੂਰ ਕਰੋ। ਇਕ ਦੋ ਪਿੰਡ ਫੂਕੋ, ਖੇਤ ਉਜਾੜੋ। ਤੀਵੀਆਂ ਨੂੰ ਨੰਗਿਆਂ ਕਰ ਕੇ ਪਿੰਡਾਂ ਦੇ ਚੌਕਾਂ ਵਿਚ ਬਿਠਾਉ, ਕੁਟੋ! ਤਾਕਿ ਲੋਕ ਡਰ ਜਾਣ। ਡਰ ਦਾ ਤੂਫਾਨ ਲਿਆ ਦਿਓ। ਉਪਰ ਮੈਂ ਸਮਝ ਲਵਾਂਗਾ। ਜਲਿਆਂ ਵਾਲੇ ਬਾਗ ਅੰਮ੍ਰਿਤਸਰ, ਤੇ ਗੁਜਰਾਂਵਾਲੇ, ਜੋ ਸ਼ਰਾਰਤੀਆਂ ਨੂੰ ਦਬਾਣ ਲਈ ਸਖਤੀ ਵਰਤੀ ਸੀ ਤਾਂ ਸਰਕਾਰ ਦਾ ਕੀ ਕਿਸੇ ਨੇ ਵਿਗਾੜ ਲਿਆ। ਅੰਗਰੇਜ਼ ਰਾਜ ਸਾਰੇ ਸੰਸਾਰ ਤੇ ਹੈ, ਜਿਹੜਾ ਜਰਮਨੀ ਨੂੰ ਹਾਰ ਦੇ ਸਕਦਾ ਹੈ, ਉਹ ਹਿੰਦੁਸਤਾਨੀਆਂ ਕੋਲੋਂ ਹਾਰ ਨਹੀਂ ਖਾ ਸਕਦਾ।'

ਇਸ ਤਰ੍ਹਾਂ ਮਿਸਟਰ ਮੋਂਗਾਰ ਜੋਸ਼ ਵਿਚ ਬੋਲੀ ਗਿਆ। ਉਹ



Sri Satguru Jagjit Singh Ji eLibrary NamdhariElibrary@gmail.com

ਹੰਢਿਆ ਹੋਇਆ ਪੁਲਸ ਅਫ਼ਸਰ ਸੀ। ਭਾਰਤ ਵਿਚ ਨੌਕਰੀ ਕਰਦਿਆਂ ਹੋਇਆਂ ਉਸ ਨੂੰ ਵੀਹ ਸਾਲ ਹੋ ਗਏ ਸਨ। ੧੯੦੪ ਤੋਂ ਜਿਹੜੀ ਵੀ ਜਾਗਰਤੀ ਦੀ ਲਹਿਰ ਉਠੀ ਸੀ ਉਸ ਵਿਚ ਉਸ ਨੇ ਵਤਨਪ੍ਰਸਤਾਂ ਨੂੰ ਕੁਚਲਿਆ ਸੀ। ਇਹਨਾਂ ਜ਼ੁਲਮਾਂ ਕਰਨ ਕਰਕੇ ਉਸ ਨੂੰ 'ਖੂਨੀ ਮੌਂਗਰ' ਕਿਹਾ ਜਾਂਦਾ ਸੀ। ਬੰਗਾਲ ਤੋਂ ਬਿਹਾਰ ਵਿਚ ਉਸ ਨੇ ਕੌਮ-ਪ੍ਰਸਤਾਂ ਉਤੇ ਅਨੇਕਾਂ ਜ਼ੁਲਮ ਢਾਏ ਸਨ। ਉਸ ਦੇ ਹੱਥ ਮਾਸੂਮ ਜਨਤਾ ਦੇ ਲਹੂ ਨਾਲ ਰੰਗੇ ਹੋਏ ਸਨ। ਏਸੇ ਕਰਕੇ ਉਹ ਮਾਮੂਲੀ ਥਾਨੇਦਾਰ ਤੋਂ ਏ. ਆਈ. ਜੀ. ਦੇ ਅਹੁਦੇ ਤਕ ਪੁਜਿਆ ਸੀ। ਗਵਰਨਰ ਪੰਜਾਬ ਨੇ ਉਸ ਨੂੰ ਕੋਲ ਸਦ ਕੇ ਉਚੇਚੀ ਹਦਾਇਤ ਦਿਤੀ ਸੀ। ਉਸ ਵੇਲੇ ਸਾਰਾ ਪੰਜਾਬ ਜਾਗ ਪਿਆ ਸੀ: ਅਕਾਲੀ ਲਹਿਰ, ਗੁਰਦੁਆਰਾ ਸੁਧਾਰ ਲਹਿਰ ਜ਼ੋਰਾਂ ਤੇ ਸੀ, ਦੇਸ਼ ਦੀ ਕੌਮੀ ਜਮਾਤ, ਕਾਂਗਰਸ ਇਸ ਦੀ ਹਮਾਇਤ ਕਰਦੀ ਸੀ, ਹਿੰਦੂ ਸਿਖਾਂ ਤੋਂ ਬਿਨਾਂ ਮੁਸਲਮਾਨਾਂ ਦਾ ਬਹੁਤਾ ਹਿਸਾ ਇਸ ਲਹਿਰ ਦੇ ਨਾਲ ਹਮਦਰਦੀ ਜਤਾਉਂਦਾ ਸੀ, ਸਾਰੀਆਂ ਜੇਹਲਾਂ ਦੇਸ਼ ਭਗਤਾਂ ਨਾਲ ਭਰੀਆਂ ਜਾ ਰਹੀਆਂ ਸਨ, ਪ੍ਰਦੇਸਾਂ ਵਿਚ ਆਵਾਜ਼ ਉਚੀ ਹੋ ਗਈ ਸੀ। ਬਦੇਸ਼ਾਂ ਤੋਂ ਸਿਖ ਪੰਜਾਬ ਨੂੰ ਆ ਰਹੇ ਸਨ, ਫੌਜਾਂ ਵਿਚੋਂ ਕਈ ਨਾਵੇਂ ਕਟਾ ਰਹੇ ਸਨ ਕਿ ਅੰਗਰੇਜ਼ ਦੀ ਨੌਕਰੀ ਕਰਨ ਨਾਲੋਂ ਅੰਗਰੇਜ਼ ਨੂੰ ਦੇਸੋਂ ਕਢਣ ਵਿਚ ਹੀ ਭਲਾ ਹੈ। ਸਾਰੇ ਪੰਜਾਬ ਵਿੱਚ ਗੜਬੜ ਸੀ।

ਜਦੋਂ ਮਿਸਟਰ ਮੌਂਗਰ ਜੋਸ਼ੀਲੀ ਤਕਰੀਰ ਕਰ ਰਿਹਾ ਸੀ। ਜਦੋਂ ਸਾਰੇ ਸੋਚ ਰਹੇ ਸਨ ਕਿ ਬਬਰਾਂ ਨੂੰ ਕਿਵੇਂ ਖਤਮ ਕੀਤਾ ਜਾਏ। ਜਦੋਂ ਮਿ: ਜੇਕਬ ਨੂੰ ਆਪਣੀ ਨੌਕਰੀ ਤੇ ਜਾਨ ਦੀ ਚਿੰਤਾ ਸੀ, ਬੰਗਲੇ ਦੇ ਬਾਹਰ ਪੋਲੀਸ ਦਾ ਪਹਿਰਾ ਸੀ। ਉਸ ਵੇਲੇ ਇਕ ਦਮ ਦੋ ਧਮਾਕੇ ਇਕ-ਦੂਸਰੇ ਦੇ ਪਿਛੋਂ ਕੋਈ ਮਿੰਟ ਦੋ ਮਿੰਟ ਪਿਛੋਂ ਪਏ। ਉਨ੍ਹਾਂ ਧਮਾ-ਕਿਆਂ ਨਾਲ ਸਾਰਾ ਬੰਗਲਾ ਹਿਲ ਗਿਆ, ਜੇਕਬ ਕੁਰਸੀ ਤੋਂ ਤਿਲਕ ਪਿਆ, ਮੌਂਗਰ ਦੇ ਕੰਨ ਬੰਦ ਹੋ ਗਏ ਤੇ ਜ਼ਬਾਨ ਰੁਕ ਗਈ। ਦੂਸਰੇ ਤ੍ਰਬ੍ਹਕ ਕੇ ਕੁਰਸੀਆਂ ਤੋਂ ਉਠੇ ਤੇ ਹਰ ਇਕ ਦੇ ਮੂੰਹੋਂ ਨਿਕਲਿਆ,



Sri Satguru Jagjit Singh Ji eLibrary NamdhariElibrary@gmail.com

'ਬੰਬ ! ਬੰਬ ਫਟ ਗਏ ! ਕਿਥੇ ?'

ਸਾਰੇ ਬਾਹਰ ਨਿਕਲੇ । ਬੰਗਲੇ ਦੀ ਬਾਹਰਲੀ ਕੰਧ ਦੇ ਲਾਗੇ ਧੂੰਆਂ ਸੀ। ਗੋਰਾ ਫੌਜ ਦੇ ਜਵਾਨ ਘਬਰਾਏ ਹੋਏ ਬੰਦੂਕਾਂ ਤਾਣੀ ਖਲੋਤੇ ਸਨ । ਇਨਚਾਰਜ ਸਾਰਜੰਟ ਨੇ ਆ ਕੇ ਸਾਰਿਆਂ ਨੂੰ ਸਲੂਟ ਮਾਰ ਕੇ ਅੰਗਰੇਜ਼ੀ ਵਿਚ ਦਸਿਆ, ਇਕ ਮੰਗਤੀ ਜਹੀ ਬੁਢੀ ਤੀਵੀਂ ਅਗੇ ਆਉਣਾ ਚਾਹੁੰਦੀ ਸੀ ਉਸ ਨੂੰ ਰੋਕਿਆ ਗਿਆ, ਉਹ ਰੁਕਦੀ ਨਹੀਂ ਸੀ, ਮਲੋ ਮਲੀ ਅੰਦਰ ਆਉਂਦੀ ਸੀ । ਗੇਟ ਦੇ ਸਿਪਾਹੀਆਂ ਨੇ ਉਸ ਨੂੰ ਫੜ ਕੇ ਇਕ ਪਾਸੇ ਬਿਠਾਉਣਾ ਚਾਹਿਆ, ਪਹਿਲਾਂ ਉਹ ਰੋ ਪਈ ਫਿਰ ਉਸ ਨੇ ਆਟਾ ਮੰਗਣ ਵਾਲੀ ਝੋਲੀ ਵਿਚੋਂ ਬੰਬ ਕਢ ਕੇ ਐਨੀ ਜਲਦੀ ਸੁਟੇ ਕਿ ਰਾਖ ਸਿਪਾਹੀਆਂ ਨੂੰ ਮੌਕਾ ਹੀ ਨਾ ਮਿਲਿਆ ਆਪਣਾ ਬਚਾਓ ਕਰਨ ਦਾ। ਤਿੰਨ ਆਦਮੀ ਮਰ ਗਏ। ਕੰਧ ਬਾਹਰਲੀ ਢੱਠੀ ਹੈ।'

'ਉਹ ਔਰਤ ?' ਮੌਂਗਰ ਨੇ ਪੁਛਿਆ।

'ਫੜੀ ਗਈ ! ਉਹ ਨਸੀ ਨਹੀਂ, ਸਗੋਂ ਬੈਠ ਕੇ ਪਾਗਲਾਂ ਵਾਂਗ ਹਸੀ ਜਾਣ ਲਗ ਪਈ। ਉਹ ਕੁਝ ਬੋਲੀ, ਪਰ ਸਮਝ ਨਹੀਂ ਲੱਗੀ।'

'ਚੰਗਾ ਕੀਤਾ ! ਉਸ ਨੂੰ ਗੋਲੀ ਨਹੀਂ ਮਾਰੀ ! ਉਸ ਦੀ ਤਲਾਸ਼ੀ ਲੈ ਕੇ ਉਸ ਨੂੰ ਅੰਦਰ ਲੈ ਆਓ। ਦੂਰ ਤਕ ਆਦਮੀ ਭੇਜੀ । ਕਿਤੇ ਹੋਰ ਨਾ ਸ਼ੈਤਾਨ ਖਲੋਤੇ ਹੋਣ। ਮੀਆਂ ਜੀ, ਤੁਸੀਂ ਵੀ ਜਾਓ ! ਜਾਓ, ਦੁਰਗਾ ਦਾਸ ਜੀ !'

ਮੌਂਗਰ, ਡੀ. ਸੀ. ਜਲੰਧਰ ਜੇਕਬ ਤੇ ਡੀ. ਸੀ. ਹੁਸ਼ਿਆਰਪੁਰ, ਤਿੰਨੇ ਹੀ ਹੈਰਾਨ ਤੇ ਭੈ ਭੀਤ ਹੋ ਗਏ । ਉਹਨਾਂ ਨੇ ਹਿੰਦੁਸਤਾਨੀ ਅਫਸਰਾਂ ਨੂੰ ਹੀ ਦੇਖਣ ਵਾਸਤੇ ਭੇਜਿਆ। ਉਹ ਖਲੋਤੇ ਹੋਏ ਉਸ ਮੰਗਤੀ ਤੀਵੀਂ ਦੀ ਉਡੀਕ ਕਰਨ ਲਗੇ, ਜਿਸ ਨੇ ਬੰਬ ਸੁਟੇ ਸਨ । ਤਿੰਨ ਗੋਰੇ ਫੌਜੀ ਮਾਰ ਦਿਤੇ । ਡੀ ਸੀ. ਦੇ ਬੰਗਲੇ ਬੰਬ ਮਾਰਨ ਆਈ। ਕਿੰਨੀ ਦਿਲ ਵਾਲੀ ਤੀਵੀਂ ਹੋਏਗੀ ? ਉਹ ਸੋਚਦੇ ਰਹੇ।

ਤਿੰਨ ਫੌਜੀਆਂ ਦੇ ਪਹਿਰੇ ਹੇਠ ਜਿਨ੍ਹਾਂ ਦੇ ਹੱਥ ਵਿਚ ਸੰਗੀਨਾਂ



Sri Satguru Jagjit Singh Ji eLibrary NamdhariElibrary@gmail.com

ਵਾਲੀਆਂ ਬੰਦੂਕਾਂ ਤਣੀਆਂ ਹੋਈਆਂ ਸਨ, ਇਕ ਤੀਵੀਂ ਆਈ। ਮੈਲਾ ਤੇ ਫਟਿਆ ਹੋਇਆ ਤੇੜ ਘੱਗਰਾ—ਜਿਸ ਦੇ ਹੇਠਲੇ ਪਾਸੇ ਲਾਲ ਪਟੀ ਲਗੀ ਹੋਈ ਸੀ। ਗਲ ਕਤਰਾਂ ਵਾਲਾ ਖਦਰ ਦਾ ਕੁੜਤਾ, ਮੈਲਾ-ਨਿਰਾ ਚਿਕੜ ਤੇ ਥਿੰਦਾ, ਉਹ ਵੀ ਤਿੰਨ ਚੌਂਹ ਥਾਂਵਾਂ ਤੋਂ ਫਟਿਆ ਹੋਇਆ ਤੇ ਸਿਰ ਤੇ ਪੁਰਾਣੀ ਲਾਲ ਫੁਲਕਾਰੀ। ਵਡੇਰੀ ਉਮਰ ਦੀ। ਲੱਕ ਕੁਬਾ, ਚਿਹਰੇ ਤੇ ਹਥਾਂ ਉਤੇ ਝੁਰੜੀਆਂ ਪਈਆਂ ਹੋਈਆਂ। ਅੱਖਾਂ ਨਿਕੀਆਂ, ਸਿਰ ਦੇ ਵਾਲ ਬਿਲਕੁਲ ਦੁਧ ਚਿਟੇ। ਮੂੰਹ ਵਿਚ ਵਿਰਲੇ ਦੋ ਕੁ ਦੰਦ। ਮੋਟੇ ਸੁਕੇ ਬੁਲ੍ਹ, ਉਹ ਕੋਈ ਦਾਦੀ ਸੀ। ਉਮਰ ਸੱਤਰ ਸਾਲ ਤੋਂ ਉਪਰ ਹੀ ਹੋਏਗੀ, ਘਟ ਨਹੀਂ।

ਉਹ ਹੱਸਦੀ ਸੀ। ਉਸ ਨੂੰ ਡਰ ਸੀ ਨਾ ਸਹਿਮ ਤੇ ਨਾ ਸੰਗ। ਉਹ ਬੰਗਲੇ ਦੇ ਬਰਾਂਡੇ ਵਿਚ ਪਹੁੰਚ ਗਈ।

'ਮੈਂ ਬੰਬ ਮਾਰੇ ਹਨ। ਮੇਰੀ ਇੱਛਾ ਪੂਰੀ ਨਹੀਂ ਹੋਈ। ਮੈਂ ਤਾਂ ਸਾਹਬ ਦਾ ਬੰਗਲਾ ਉਡਾਉਣ ਆਈ ਸੀ। ਉਸ ਚੰਦਰੇ ਸਾਹਿਬ ਦਾ ਬੰਗਲਾ, ਜਿਸ ਨੇ ਮੇਰਾ ਪੋਤਰਾ ਗੋਲੀਆਂ ਨਾਲ ਭੁੰਨ ਸੁਟਿਆ। ਖੂਨ ਦਾ ਬਦਲਾ ਖੂਨ। ਇਹੋ ਨਾ?

ਉਹ ਤੀਵੀਂ ਬੜੀ ਨਿਰਭੇਤਾ ਨਾਲ ਬੋਲੀ ਗਈ। ਸਾਰੇ ਅਫਸਰ ਹੈਰਾਨ ਖਲੋਤੇ ਇਕ ਦੂਸਰੇ ਦੇ ਮੂੰਹ ਵਲ ਤਕਦੇ ਰਹੇ

'ਮੇਰਾ ਨਾਂ ਨਦੋ ਏ ਨੰਦੋ! ਮੈਂ ਸਾਹਬ ਨੂੰ ਮਾਰਨਾ ਸੀ, ਉਸ ਦੀ ਮੇਮ ਨੂੰ ਮਾਰਨਾ ਸੀ—ਪਰ ਮਰ ਗਏ ਬਿਚਾਰੇ ਤਿੰਨ ਮੁੰਡੇ—ਕਿਸੇ ਮਾਂ ਦੇ ਲਾਲ।

ਇਹ ਆਖ ਕੇ ਉਹ ਖਿੜ ਖਿੜਾ ਕੇ ਹੱਸ ਪਈ ਬਹੁਤ ਭਿਆ-ਨਕ ਹਾਸਾ, ਪਾਗਲਾਂ ਵਾਲਾ ਹਾਸਾ ਤੇ ਫਿਰ ਗੰਭੀਰ ਹੋ ਗਈ। ਮਿਸਟਰ ਮੋਂਗਰ ਉਸ ਵਲ ਦੇਖਦੇ ਰਹੇ। ਜੇਕਬ ਡਰ ਨਾਲ ਕੰਬਦੇ ਰਹੇ। ਉਹਨਾਂ ਨੂੰ ਆਪਣੀ ਮੇਮ ਚੇਤੇ ਆਈ। ਉਨ੍ਹਾਂ ਦੇ ਮਥੇ ਉਤੇ ਤਰੇਲੀ ਸੀ।

'ਕੋਈ ਚੜੇਲ!'

ਜੇਕਬ ਦੇ ਮੂੰਹੋਂ ਨਿਕਲ ਹੀ ਗਿਆ। ਪਰ ਮਿਸਟਰ ਮੋਂਗਰ



Sri Satguru Jagjit Singh Ji eLibrary NamdhariElibrary@gmail.com

ਉਸ ਤੋਂ ਵੀ ਦੀਆਂ ਸਾਰੀਆਂ ਗਲਾਂ ਸੁਣਨਾ ਚਾਹੁੰਦਾ ਸੀ । ਉਹ ਭੇਤ ਕਢਣਾ ਚਾਹੁੰਦਾ ਸੀ ਕਿ ਉਹ ਕੌਣ ਹੈ ? ਕਿਥੋਂ ਆਈ ? ਉਸ ਨੂੰ ਬੰਬ ਕਿਸ ਦਿਤੇ ? ਕੀ ਉਹ ਆਦਮੀਆਂ ਦਾ ਪਤਾ ਟਿਕਾਣਾ ਦਸੇਗੀ ?

'ਦੀਵਾਨ ਦੁਰਗਾ ਦਾਸ ! ਤੂੰ ਕਪੂਰਥਲਿਓਂ ਏਂ ਵਾਹ ਨੀ ਕਿਸਮਤ !'

ਦੀਵਾਨ ਦੁਰਗਾ ਦਾਸ ਵਲ ਵੇਖ ਕੇ ਉਸ ਨੇ ਇਉਂ ਕਿਹਾ, ਜਿਵੇਂ ਉਸ ਦੀ ਜਾਣੂ ਸੀ

'ਹਾਂ ! ਮੈਂ ਦੀਵਾਨ ਦੁਰਗਾ ਦਾਸ ਆਂ । ਜੋ ਹੋਇਆ ਠੀਕ ਹੈ ਨੰਦੋ ! ਹੁਣ ਤੂੰ ਠੰਢੇ ਦਿਲ ਨਾਲ ਗਲ ਕਰ ! ਤੈਨੂੰ ਦੁਖ ਸੀ, ਤੈਨੂੰ ਗੁਸਾ ਆਇਆ-ਕੋਈ ਡਰ ਨਹੀਂ ਆ ! ਸਾਹਿਬ ਲੋਕ ਤੈਨੂੰ ਕੁਝ ਨਹੀਂ ਆਖਣਗੇ ।'

'ਕਿਉਂ ਨਾ ਆਖਣ, ਜਮ ਜਮ ਆਖਣ । ਮੈਂ ਇਨ੍ਹਾਂ ਦੇ ਬੰਦੇ ਮਾਰੇ ਹਨ, ਇਹ ਮੈਨੂੰ ਮਾਰ ਦੇਣ । ਮੈਂ ਮਰਨ ਆਈ ਹਾਂ ਕਿਉਂਕਿ ਮੈਨੂੰ ਰੋਟੀ ਦੇਣ ਵਾਲਾ ਕੋਈ ਨਹੀਂ ਰਿਹਾ-ਸਾਰੇ ਸਰਕਾਰ ਨੇ ਮਾਰ ਦਿਤੇ ਹਨ । ਪੋਤਰਿਓਂ ਨੂੰਹ ਘਰੋਂ ਕਢਾ ਦਿਤੀ ਹੈ ।

ਬੁਢੜੀ ਮਾਈ ਨੰਦੋ ਇਉਂ ਬੋਲਦੀ ਰਹੀ ।


Sri Satguru Jagjit Singh Ji eLibrary NamdhariElibrary@gmail.com

## ੧੩.

'ਜਿੰਨਾ ਚਿਰ ਇਕ ਵੀ ਗੋਰੇ (ਅੰਗਰੇਜ਼) ਦਾ ਪੁਤਰ ਮੇਰੇ ਦੇਸ ਵਿਚ ਹੈ, ਗੋਲੀ ਚਲਦੀ ਰਹੇਗੀ, ਬੰਬ ਵਜਦੇ ਰਹਿਣਗੇ। ਮੇਰੇ ਪੁਤ-ਪੋਤਰੇ ਮਰਦੇ ਰਹਿਣਗੇ।

ਬੁਢੜੀ ਨੰਦੋ ਨੇ ਆਖਿਆ।

ਇਉਂ ਪਰਤੀਤ ਹੁੰਦਾ ਸੀ ਕਿ ਜਿਉਂ ਜਿਉਂ ਪੁਲਸ ਵਾਲੇ ਉਸ ਨੂੰ ਪੁਛਦੇ ਸਨ ਕਿ ਉਹ ਕੌਣ ਹੈ ਤੇ ਉਸ ਨੂੰ ਬੰਬ ਕਿਸ ਨੇ ਦਿਤੇ ? ਤਿਉਂ-ਤਿਉਂ ਉਸ ਦੇ ਸਰੀਰ ਦੇ ਅੰਦਰੋਂ ਗਵਾਚੀ ਹੋਈ ਸ਼ਕਤੀ ਮੁੜ ਵਾਪਸ ਆ ਰਹੀ ਸੀ। ਪੌਣੀ ਸਦੀ ਦੇ ਲੰਮੇ ਸਮੇਂ ਦੀਆਂ ਠੰਢੀਆਂ ਤੱਤਾਂ ਨੇ, ਜਿਹੜਾ ਉਸ ਦੇ ਸਰੀਰ ਨੂੰ ਸੁਕਾ ਕੇ ਕਰੂਪ ਤੇ ਝੁਰੜੋ-ਝੁਰੜੀ ਕੀਤਾ ਸੀ, ਕਾਲੀਆਂ ਰਸੀਆਂ ਵਰਗੇ ਵਟ ਪਾਏ ਸਨ–ਉਹ ਵਟ ਦੂਰ ਹੋਣ ਲੱਗ ਪਏ ਸੀ। ਉਸ ਦਾ ਲਹੂ ਖੋਲ ਰਿਹਾ ਸੀ। ਸੁਕਾ ਹੱਡ ਮਾਸ ਲਹੂ ਦਾ ਰੂਪ ਧਾਰਨ ਕਰ ਰਿਹਾ ਸੀ। ਅੱਖਾਂ ਦੀ ਜੋਤ ਵਧ ਰਹੀ ਸੀ। ਉਸੇ ਤਰ੍ਹਾਂ ਜਿਵੇਂ ਡੁਬਦਾ ਸੂਰਜ ਬਹੁਤਾ ਲਾਲ ਹੁੰਦਾ ਹੈ।



Sri Satguru Jagjit Singh Ji eLibrary NamdhariElibrary@gmail.com

ਦੀਵਾਨ ਦੁਰਗਾ ਦਾਸਾ ! ਤੂੰ ਮੈਥੋਂ ਕੀ ਪੁਛਦਾ ਏਂ ? ਤੈਨੂੰ ਨਹੀਂ ਪਤਾ ਮੈਂ ਉਹੋ ਈ ਨੰਦੋ ਆਂ, ਜਿਸ ਦੇ ਪੁਤਰ ਨੂੰ ਤੂੰ ਫੜਿਆ ਸੀ–ਯਾਦ ਈ–ਕੁਝ ਚਿਰ ਪਹਿਲਾਂ–ਜਦੋਂ ਆਖਦਾ ਸੈਂ, ਇਹ ਮਿਰਕਨ ਤੋਂ ਆਏ ਬਾਗੀਆਂ ਦਾ ਹਾਮੀ ਹੈ, ਸਰਕਾਰ ਦੇ ਵਿਰੁਧ ਬਗਾਵਤ ਕਰਨਾ ਚਾਹੁੰਦਾ ਹੈ ਮੈਂ ਤੇਰੇ ਤਰਲੇ ਕਢੇ ਸੀ, ਬੁਢੜੀ ਦੇ ਪੁਤ ਨੂੰ ਕੁਝ ਨਾ ਆਖ ਇਹ ਕਿਸੇ ਦਾ ਸਾਥੀ ਨਹੀਂ, ਤੂੰ ਉਸ ਨੂੰ ਵੀਹ ਸਾਲ ਕੈਦ ਕਰਵਾਈ, ਉਸ ਨੂੰ ਕਾਲੇ ਪਾਣੀ ਭੇਜਿਆ, ਜਿਥੇ ਉਸ ਨੂੰ ਕੁਟ ਕੁਟ ਕੇ ਮਾਰ ਦਿਤਾ ਗਿਆ। ਉਸ ਨੂੰ ਮਰੇ ਨੂੰ ਬਹੁਤੁ ਦਿਨ ਨਹੀਂ ਹੋਏ । ਸਿਰਫ...ਸਿਰਫ ਇਕ ਸਾਲ...ਤੇ ਤੂੰ ਬਣ ਗਿਓਂ ਵਡਾ ਅਫਸਰ, ਤੇਰੇ ਮਹਾਰਾਜੇ ਨੂੰ ਮਿਲਿਆ ਖਿਤਾਬ ਇਸ ਕਰਕੇ ਬੁਢੜੀ ਦੇ ਪੁਤਰ ਨੂੰ ਨਿਰਦੋਸ਼ ਪਕੜਾ ਕੇ ਆਪਣੇ ਬਦੇਸ਼ੀ ਬਾਤ ਗੋਰੇ ਨੂੰ ਖੁਸ਼ ਕੀਤਾ ।'

'ਮਾਈ ਨੰਦੋ ਤੂੰ...ਪਿੰਡੋਂ ਏਂ । ਤੇਰੇ ਪੁਤਰ ਦਾ ਨਾਂ ਸ਼ਾਮ ਸਿੰਘ ਸੀ ?'

ਦੀਵਾਨ ਦੁਰਗਾ ਦਾਸ ਨੇ ਆਖਿਆ । ਜਲੰਧਰ ਥਾਣਾ ਸਦਰ ਦੇ ਇਕ ਕਮਰੇ ਵਿਚ ਮਾਈ ਨੰਦੋ ਉਸੇ ਹਾਲਤ ਵਿਚ ਭੋਂ ਉਤੇ ਬੈਠੀ ਸੀ, ਜਿਸ ਹਾਲਤ ਵਿਚ ਉਹ ਫੜੀ ਗਈ ਸੀ । ਦੀਵਾਨ ਦੁਰਗਾਦਾਸ ਦੇ ਕੋਲ ਦੋ ਥਾਣੇਦਾਰ ਖਲੋਤੇ ਸਨ। ਉਹ ਮਾਈ ਨੰਦੋ ਦੀ ਜ਼ਬਾਨੋਂ ਨਿਕਲੇ ਸਾਰੇ ਬੋਲ ਲਿਖੀ ਜਾਂਦੇ ਸਨ

'ਜਦੋਂ ਮੇਰੇ ਪੁਤਰ ਦਾ ਸ਼ਾਮ ਸਿਹੋਂ ਦਾ ਮੁਕੱਦਮਾ ਲਾਹੌਰ ਭੁਗਤ ਰਿਹਾ ਸੀ। ਮੈਂ ਤੱਤੀ ਬੁਢੇਪੇ ਵਿਚ ਪੋਤਰੇ ਦੀ ਉਂਗਲੀ ਫੜੀ ਲਾਹੌਰ ਦੇ ਵਕੀਲਾਂ ਕੋਲ ਫਿਰਦੀ ਸਾਂ ਤੇ ਮੇਰੀ ਨੂੰਹ ਘਰ ਸੀ। ਨੂੰਹ...ਤੇਰੀ ਰਿਆਸਤ ਦੇ ਤੇਰੇ ਬੰਦੇ, ਸਿਪਾਹੀ ਆਏ। ਉਸ ਨੂੰ ਘਰੋਂ ਲੈ ਗਏ, ਇਹ ਆਖ ਕੇ ਕਿ ਕਪੂਰਥਲੇ ਹਾਜ਼ਰ ਕਰਨਾ ਹੈ ਤੇਰਾ ਪਤੀ ਸ਼ਾਇਦ ਬਚ ਜਾਏ, ਉਹ ਭੋਲੀ ਪਤੀ ਨੂੰ ਬਚਾਉਣ ਬਦਲੇ ਬਿਨਾਂ ਸੋਚੇ ਸਮਝੇ ਦੇ ਘਰੋਂ ਉਨ੍ਹਾਂ ਦੇ ਨਾਲ ਤੁਰ ਪਈ । ਉਹ ਮੇਰੇ ਪੁਤਰ ਦੀ ਦੂਸਰੀ ਵਹੁਟੀ ਸੀ, ਹੱਥ ਮੂੰਹ ਲੱਗਦੀ ਜਵਾਨ–ਦੁਰਗਾਦਾਸਾ, ਕੀ ਤੈਨੂੰ ਪਤਾ ਨਹੀਂ ? ਤੇਰੇ ਸਿਪਾਹੀਆਂ



Sri Satguru Jagjit Singh Ji eLibrary NamdhariElibrary@gmail.com

ਨੇ ਉਸ ਨੂੰ ਦਸ ਰਾਤਾਂ ਕੋਲ ਰੱਖਿਆ, ਉਸ ਨਾਲ ਮੂੰਹ ਕਾਲਾ ਕੀਤਾ। ਨਿਰਦੋਸ਼ ਧਰਮਣ ਤੀਵੀਂ ਦਾ ਸਤਿਆਨਾਸ ਕੀਤਾ ਤੇ ਫਿਰ ਛਡ ਦਿਤਾ । ਉਹ ਰੋਂਦੀ ਪਿਟਦੀ ਘਰ ਆਈ, ਬੂਹਾ ਮਾਰ ਕੇ ਅੰਦਰ ਪੈ ਗਈ–ਜੀਉਂਦੀ ਬਾਹਰ ਨਾ ਨਿਕਲੀ। ਸ਼ਰਮ ਦੀ ਮਾਰੀ ਮਰ ਗਈ। ਮੇਰੇ ਨੂੰਹ ਪੁਤ ਦਾ ਖੂਨ ਤੇਰੇ ਸਿਰ ਹੈ, ਰਿਆਸਤ ਕਪੂਰਥਲਾ ਦੇ ਮਹਾਰਾਜੇ ਦੇ ਸਿਰ ਹੈ। ਦੱਸ ! ਗੋਲੀ ਨਾ ਚਲੇ ? ਬੰਬ ਨਾ ਪੈਣ ?

ਮਾਈ ਨੰਦੋ ਸੱਚੀ ਸੀ । ਉਸ ਵੇਲੇ ਸੱਚ ਇਕ ਅਪਾਰ ਸ਼ਕਤੀ ਬਣ ਕੇ ਉਸ ਦੀ ਖੁੰਡੀ ਜ਼ਬਾਨ ਤੋਂ ਪਰਗਟ ਹੋ ਰਿਹਾ ਸੀ । ਉਹ ਨਿਰਭੈ ਆਤਮਾ ਬਣ ਚੁਕੀ ਸੀ, ਕਿਉਂਕਿ ਜੀਵਨ ਦੀ ਇੱਛਾ ਨਹੀਂ ਸੀ ਰੱਖੀ। ਜੀਵਨ ਦੀ ਲੋੜ ਵੀ ਨਹੀਂ ਸੀ, ਕਿਉਂਕਿ ਕੋਈ ਰਿਹਾ ਹੀ ਨਹੀਂ ਸੀ, ਜਿਸ ਵਾਸਤੇ ਜਿਉਂਦੀ ਰਹਿੰਦੀ। ਦੁਰਗਾ ਦਾਸ ਹੰਢਿਆ ਹੋਇਆ ਪੁਲਸ ਅਫਸਰ ਸੀ । ਉਹ ਮਾਈ ਨੰਦੋ ਦੇ ਗੁਸੇ ਤੇ ਸਚ ਵਿਚੋਂ ਕੁਝ ਲਭਣਾ ਚਾਹੁੰਦਾ ਸੀ। ਉਹ ਚੁਪ ਕਰਕੇ ਸਭ ਕੁਝ ਸੁਣੀ ਗਿਆ

'ਨੂੰਹ ਮਰ ਗਈ, ਪੁਤ ਮਰ ਗਿਆ ਤੇ ਮੇਰਾ ਆਸਰਾ ਸੀ ਮੇਰਾ ਪੋਤਰਾ, ਨਾਲ ਸੀ ਪੋਤਰਿਓਂ ਨੂੰਹ । ਪਰ ਮਹੀਨਾ ਕੁ ਹੋਇਆ, ਮੇਰਾ ਪੋਤਰਾ ਬਬਰਾਂ ਦੇ ਨਾਲ ਤੇਰੀ ਪੁਲਸ ਨੇ ਮਾਰ ਦਿਤਾ । ਉਸ ਦੀ ਮੌਤ ਨੂੰ ਵੇਖ ਕੇ ਅਤੇ ਪੁਲਸ ਕੋਲੋਂ ਡਰ ਕੇ ਮੇਰੀ ਨੂੰਹ ਬੰਤੋ ਪਤਾ ਨਹੀਂ ਕਿਧਰ ਗਈ। ਉਹ ਨਾ ਪੇਕੇ ਹੈ ਨਾ ਕਿਸੇ ਰਿਸ਼ਤੇਦਾਰ ਦੇ । ਉਹ ਚਲੀ ਗਈ। ਅੱਜ ਉਸ ਨੂੰ ਪੰਦਰਾਂ ਦਿਨ ਹੋਏ ਨੇ ਗਈ ਨੂੰ । ਕੌਣ ਜਾਣੇ, ਮਰ ਗਈ ਕਿ ਜੀਉਂਦੀ ਹੈ ? ਮੈਂ ਇਕਲੀ ਘਰ ਰਹਿ ਗਈ । ਘਰ...ਘਰ ਦੇ ਕੋਠੇ, ਘਰ ਦੀ ਭਾਜੜ ਮੈਨੂੰ ਡਰਾਉਣੀ ਲੱਗੀ, ਸਾਰੀਆਂ ਚੀਜ਼ਾਂ ਮੈਨੂੰ ਲਾਹਨਤਾਂ ਪਾਉਂਦੀਆਂ ਦਿਸੀਆਂ ਕਿ ਮੈਂ ਟੱਬਰ ਨੂੰ ਖਾਣੀ ਕਿਉਂ ਬਚ ਰਹੀ। ਮੈਨੂੰ ਪਹਿਲਾਂ ਮਰਨਾ ਚਾਹੀਦਾ ਸੀ। ਮੇਰੀ ਬਾਰੀ ਸੀ ।

ਮੈਨੂੰ ਰੰਜ ਆਇਆ। ਮੈਂ ਘਰ ਦੀ ਭਾਜੜ ਨੂੰ ਦੇਖਣ ਲਗੀ। ਦਿਲ ਕੀਤਾ, ਸਭ ਕੁਝ ਲੁਟਾ ਦਿਆ ਜੋ ਚੰਗੀ ਚੀਜ਼ ਏ ਉਹ ਲੋਕਾਂ ਨੂੰ ਦੇ ਦਿਆਂ ਤੇ ਫਿਰ ਲਾ ਕੇ ਅਗ ਸੜ ਮਰਾਂ ਆਪ ! ਕੀ ਲਾਭ ਜੀਉਣ



Sri Satguru Jagjit Singh Ji eLibrary NamdhariElibrary@gmail.com

ਦਾ। ਪਰ ਜਿਉਂ ਹੀ ਮੈਂ ਘਰ ਦੀ ਭਾਜੜ ਏਧਰ ਓਧਰ ਸੁਟੀ ਤਾਂ ਇਕ ਘੜੇ ਵਿਚੋਂ ਮੈਨੂੰ ਇਹ ਗੋਲੇ ਮਿਲੇ। ਮੇਰੇ ਪੁਤ ਨੇ ਮੈਨੂੰ ਕਦੀ ਦਿਖਾਏ ਸਨ ਤੇ ਕਿਹਾ ਸੀ, 'ਮਾਂ, ਇਹ ਗੋਲੇ ਬੰਬ ਹੁੰਦੇ ਨੇ ਬੰਬ। ਸੁਟਿਆਂ ਫਟ ਜਾਂਦੇ ਨੇ ਤੇ ਨਾਲ ਬੈਰੀਆਂ ਨੂੰ ਮਾਰ ਜਾਂਦੇ।' ਬਸ ਉਹ ਗਲ ਮੇਰੇ ਪਲੇ ਬੱਝੀ ਹੋਈ ਸੀ। ਮੈਂ...'

'ਪਰ ਇਹ ਬੰਬ ਤੇਰੇ ਪੁਤ ਵੇਲੇ ਦੇ ਸਨ ਕਿ ਤੇਰੇ ਪੋਤਰੇ ਨੇ ਲਿਆ ਕੇ ਰਖੇ ਸੀ ?' ਦੁਰਗਾ ਦਾਸ ਨੇ ਗਲ ਟੁਕ ਕੇ ਪੁਛਿਆ।

'ਇਸ ਗਲ ਦਾ ਸਿਰ ਸੜੀ ਨੂੰ ਕੀ ਪਤਾ ? ਪੁਤ ਵੇਲੇ ਦੇ ਕਾਹਨੂੰ ਹੋਣੇ ਨੇ ਪੋਤਰੇ ਨੇ ਹੀ ਰਖੇ ਹੋਣੇ ਆਂ। ਪੁਤ ਦੇ ਸਮੇਂ ਤਾਂ ਤੁਸਾ ਲੋਕਾਂ ਨੇ ਘਰ ਨੂੰ ਪੁਟ ਮਾਰਿਆ ਸੀ। ਸਾਰੇ ਭਾਂਡੇ ਭੰਨ ਸੁਟੇ ਥੇ। ਜੇ ਉਦੋਂ ਨਿਕਲ ਪੈਂਦੇ ਤਾਂ ਚੰਗਾ ਨਾ ਹੁੰਦਾ, ਮੇਰੇ ਪੁਤ ਦੇ ਖੂਨ ਦਾ ਬਦਲਾ ਲਿਆ ਜਾਂਦਾ। ਕੋਈ ਨਾ ਕੋਈ ਜ਼ਰੂਰ ਮਰਦਾ। ਇਹ ਮੇਰੇ ਪੋਤਰੇ ਨੇ ਹੀ ਰਖੇ ਹੋਣੇ ਆਂ। ਕਿੰਨਾ ਦਲੇਰ ਤੇ ਨੇਕ ਪੁਤਰ ਸਾ......'

ਬੁਢੜੀ ਨੰਦੋ ਰੁਕ ਗਈ। ਉਸ ਨੇ ਠੰਢਾ ਸਾਹ ਲਿਆ। ਉਸ ਦੇ ਨੈਣਾਂ ਵਿਚ ਅਥਰੂ ਆਏ। ਵਤਸਲ ਪਿਆਰ ਜਾਗ ਪਿਆ।

'ਮੈਂ ਦੋਵੇਂ ਬੰਬ ਚੁਕ ਲਏ ਤੇ ਤੁਰ ਪਈ। ਕਦੀ ਸੋਚਦੀ ਸਾਂ ਮਹਾਰਾਜੇ ਨੂੰ ਮਾਰਾਂ—ਕਦੀ ਤੇਰੇ ਬਲ ਧਿਆਨ ਆਉਂਦਾ ਸਾ ਤੇ ਅੰਤ ਫੈਸਲਾ ਮਨ ਨੇ ਕੀਤਾ ਜਲੰਧਰ ਦੇ ਡਿਪਟੀ ਦੇ ਬੰਗਲੇ ਜਾਵਾਂ। ਉਹੋ ਤਾਂ ਹੁਕਮ ਕੱਢਦਾ ਏ। ਉਸ ਨੇ ਤਾਂ ਮੇਰਾ ਪੋਤਰਾ ਮਰਵਾਇਆ ਏ। ਬਸ ਤੁਰ ਆਈ। ਬੁਰਾ ਹੋਇਆ ਗੋਰੇ ਸਿਪਾਹੀਆਂ ਦਾ ਜਿਨ੍ਹਾਂ ਅਗੇ ਨਾ ਹੋਣ ਦਿਤਾ। ਨਹੀਂ ਤੇ, ਮਾਰਦੀ ਸਾਹਬ ਦੇ ਮਥੇ, ਉਸ ਦੀ ਮੇਮ ਨੂੰ ਰੋੜਿਆ ਕਰਦੀ। ਬਦੇਸ਼ੀ ਵੱਟੇ ਏਥੇ ਅਸਾਡਾ ਸਤਿਆਨਾਸ ਕਰਦੇ ਆ ਇਹ ਹੈ ਬੰਬਾਂ ਦੀ ਕਹਾਣੀ। ਹੋਰ ਮੈਨੂੰ ਕੁਝ ਪਤਾ ਨਹੀਂ। ਮਾਰੋ, ਬਸ ਮੈਨੂੰ ਗੋਲੀ ਮਾਰੋ !'

'ਮਾਤਾ ਜੀ ਮੈਨੂੰ ਮੁਆਫ ਕਰੋ। ਮੈਂ ਤੁਸਾਂ ਨੂੰ ਦੁਖ ਪਹੁੰਚਾਇਆ



Sri Satguru Jagjit Singh Ji eLibrary NamdhariElibrary@gmail.com

ਤੁਸਾਂ ਮਰਨਾ ਕਿਵੇਂ ਏ ! ਜੀਉਂਦੇ ਰਹੋ, ਤੁਸਾਂ ਦੀ ਨੂੰਹ ਵੀ ਲੱਭ ਪਏਗੀ। ਸਰਕਾਰ ਨੂੰ ਮੈਂ ਆਖ ਦਿਆਂਗਾ, ਪਰ ਇਹ ਤਾਂ ਦਸੋ, ਤੁਸਾਂ ਦੇ ਘਰ ਕਿਹੜਾ ਬੱਬਰ ਤੁਸਾਂ ਦੇ ਪੋਤਰੇ ਕੋਲ ਆਉਂਦਾ ਸੀ, ਉਹ ਕਿਦੋਂ ਦਾ ਸੀ ? ਇਨਾਮ ਮਿਲੇਗਾ।'

'ਵੇ ਦੀਵਾਨਾ ! ਮੇਰੇ ਭਾਵੇਂ ਕਰ ਦੇ ਡਕਰੇ, ਮੈਨੂੰ ਭਾਵੇਂ ਕੁਤਿਆਂ ਕੋਲੋਂ ਪੜਵਾ ਸੁਟ । ਪਰ ਇਹ ਗਲ ਨਾ ਆਖੀਂ ਮੁੜ ਕੇ। ਮੈਂ ਕਿਉਂ ਪਾਪ ਕਰਾਂ, ਕੁਤੇ ਬਿਲੇ ਬਾਂਦਰ-ਮੂੰਹੇਂ ਗੋਰਿਆਂ ਬਦਲੇ ਆਪਣੇ ਪੁਤਰਾਂ ਨੂੰ ਫੜਾ ਕੇ ਫਾਹੇ ਲੁਆਵਾਂ ? ਕੋਈ ਮਾਂ, ਭਲਾ ਇਸ ਤਰ੍ਹਾਂ ਕਰ ਸਕਦੀ ਆ ? ਕੀ ਤੇਰੀ ਮਾਂ ਤੇਰੀ ਮੌਤ ਦਾ ਢੰਗ ਸੋਚਦੀ ? ਕਿਉਂ ਤੇਰੀ ਮਤ ਮਾਰੀ ਗਈ ਆ ? ਸਗੋਂ ਤੂੰ ਜਤਨ ਕਰ, ਗੋਰੇ ਤੋਂ ਦੂਰ ਹੋਣ ਦਾ। ਗੋਲੀ ਚਲਦੀ ਰਹਿਣੀ ਉ, ਬੰਬ ਫਟਦੇ ਰਹਿਣੇ ਉ, ਜਿੰਨਾ ਚਿਰ ਗੋਰੇ ਹਾਕਮ ਹਨ । ਮੈਂ ਸੱਚ ਆਖਦੀ ਊ । ਲੈ ਚਲ ਮੈਨੂੰ ਤਾਂ ਕਤਲ ਕਰ। ਨਾ ਕਤਲ ਕਰੇਂਗਾ ਤਾਂ ਕੰਧਾਂ ਨਾਲ ਸਿਰ ਮਾਰ ਕੇ ਮਰ ਜਾਊਂਗੀ। ਕਿਸ ਵਾਸਤੇ ਦੇਸ਼ ਦੇ ਪੁਤਰਾਂ ਨਾਲ ਧਰੋਹ ਕਰਾਂ। ਸੱਤਰ ਸਾਲ ਦੀ ਤਾਂ ਅਗੇ ਉਮਰ ਏ ! ਕੀ ਮੈਂ ਮੁਟਿਆਰ ਆਂ ਜੋ ਧਰਮ ਵੇਚਾਂ, ਚਾਰ ਦਿਨ ਜੀਉਣ ਵਾਸਤੇ ? ਹਟ ਜਾ ਮੇਰੇ ਕੋਲੋਂ ! ਭੇਜ ਦੇ ਜੇਹਲ ਤੇ ਚਲਾ ਲਈਂ ਮੁਕੱਦਮਾ ਇਹੋ ਕਹਾਂਗੀ ! ਪੁਤ ਤੇ ਪੋਤਰੇ ਦੇ ਖੂਨ ਦਾ ਬਦਲਾ ਲਿਆ ਏ ਤਿੰਨ ਗੋਰੇ ਮਾਰ ਕੇ—ਜਾਹ ਫੂਕ ਦੇ ਘਰ ! ਮਲ ਲੈ ਮੇਰੀ ਜ਼ਮੀਨ, ਘਰ ! ਮੈਨੂੰ ਨਹੀਂ ਲੋੜ ਕਿਸੇ ਗਲ ਦੀ।'

ਦੀਵਾਨ ਦੁਰਗਾ ਦਾਸ, ਪੁਰਾਣਾ ਪੁਲਸੀਆ ਤੇ ਰਿਆਸਤ ਦੀ ਪਰਜਾ ਨੂੰ ਤੰਗ ਕਰ ਕੇ ਰੱਜਿਆ ਹੋਇਆ ਟੋਡੀ ਸੀ । ਉਸ ਨੇ ਕਦੀ ਕਿਸੇ ਤੇ ਤਰਸ ਨਹੀਂ ਖਾਧਾ ਸੀ । ਉਸ ਦੇ ਅੱਥਰੂ ਮਗਰ ਮਛ ਵਾਲੇ ਹੁੰਦੇ ਸਨ ਤੇ ਚੁਪ ਤੇ ਮਿਠੇ ਬੋਲ ਬਗਲੇ ਭਗਤ ਵਾਲੇ । ਮਾਈ ਨੰਦੋ ਦੀ ਸਾਫ ਦਿਲੀ ਤੇ ਕੌਮ ਅਤੇ ਵਤਨ ਪ੍ਰਸਤੀ ਵੇਖ ਕੇ ਦੰਗ ਹੋ ਗਿਆ । ਸਤਰ ਸਾਲ ਦੀ



Sri Satguru Jagjit Singh Ji eLibrary NamdhariElibrary@gmail.com

ਬੁਢੜੀ ਨੂੰ ਉਹ ਕੀ ਆਖਦਾ ? ਉਹ ਤਾਂ ਖੁਦ ਖੂਨ ਦਾ ਇਕਬਾਲ ਕਰਦੀ ਸੀ। ਕੁਰਸੀ ਤੋਂ ਉਠ ਬੈਠਾ। ਉਹ ਪਹਿਲੇ ਦਿਨ ਜੀਵਨ ਵਿਚ ਹਾਰਿਆ। ਉਸ ਨੇ ਥਾਣੇਦਾਰਾਂ ਨੂੰ ਹੁਕਮ ਦਿਤਾ, 'ਲੈ ਜਾਓ ਮਾਈ ਨੂੰ ਤੇ ਜੇਹਲ ਦੀ ਹਵਾਲਾਟੇ ਭੇਜ ਦਿਓ ! ਕਤਲ ਦਾ ਕੇਸ ਮੁਕੰਮਲ ਕਰੋ।'

ਆਪ ਉਹ ਕਮਰੇ ਵਿਚੋਂ ਬਾਹਰ ਨਿਕਲ ਗਿਆ। ਮਾਈ ਨੰਦੋ ਹਸਦੀ ਤੇ ਮੁਸਕਰਾਉਂਦੀ ਰਹੀ। ਉਸ ਨੂੰ ਬਰਤਾਨਵੀ ਸਾਮਰਾਜ ਦੀ ਕਿਸੇ ਵੀ ਸਜ਼ਾ ਤੋਂ ਭੌ ਨਹੀਂ ਸੀ।



Sri Satguru Jagjit Singh Ji eLibrary NamdhariElibrary@gmail.com

## ੧੪.

ਬੇੜਾ ਕੌਮ ਦਾ ਜਿਨ੍ਹਾਂ ਨੇ ਗਰਕ ਕੀਤਾ,
ਸਿਰੀਂ ਜ਼ਾਲਮਾਂ ਦੇ ਖਾਕ ਪਾਉਣ ਲਗ ਪਉ।
ਦੇਸ਼ ਭਗਤਾਂ ਨੂੰ ਜਿਨ੍ਹਾਂ ਨੇ ਦੁਖ ਦਿਤਾ,
ਉਹਨਾਂ ਜ਼ਾਲਮਾਂ ਦੀ ਧੌਣ ਲਾਹਣ ਲੱਗ ਪਉ।
ਹਿੰਦ ਵਿਚ ਪਾਪੀ ਨਹੀਂ ਰਹਿਣ ਦੇਣੇ,
ਜਿਥੇ ਕਿਥੇ ਦੇਖੋ ਵੰਡਾਂ ਪਾਣ ਲਗ ਪਉ।
ਸਾੜੋ ਚੌਂਕੀਆਂ ਲੁਟੋ ਖਜ਼ਾਨਿਆਂ ਨੂੰ,
ਅਤੇ ਨਾਵਿਆਂ ਧੁਮ ਧਮਾਣ ਲਗ ਪਉ।
ਕੰਮ ਦੂਸਰਾ ਵੀ ਨਾਲ ਸ਼ੁਰੂ ਕਰਨਾ,
ਰੇਲਾਂ ਹੇਠਾਂ ਵੀ ਬੰਬ ਟਿਕਾਣ ਲੱਗ ਪਉ।

* * *

ਹਿੰਦੂ, ਮੁਸਲਮਾਨੋ ਤੇ ਸਿੰਘ ਸੂਰਿਓ ਵੇ,
ਵੇਲਾ ਆ ਗਿਆ ਗਦਰ ਮਚਾਵਣੇ ਦਾ।



Sri Satguru Jagjit Singh Ji eLibrary NamdhariElibrary@gmail.com

ਅਸੀਂ ਵੇਖ ਬੇਅਦਬੀਆਂ ਹੁੰਦੀਆਂ ਨੂੰ,
ਜਿਹਾ ਵਕਤ ਨਾ ਝੱਟ ਲੰਘਾਵਣੇ ਦਾ।
ਜ਼ੁਲਮ ਵੇਖ ਕੇ ਕਿਉਂ ਤੂੰ ਰਹਿਓ ਚੁਪ ਬੈਠੇ,
ਵਕਤ ਆ ਗਿਆ ਤੇਗ ਉਠਾਵਣੇ ਦਾ।

* * *

ਬਬਰੀ ਕਾਰਕੁਨਾਂ ਦੀ ਉਚੇਰੀ ਇਕੱਤਰਤਾ ਹੋ ਰਹੀ ਸੀ। ਉਸ ਇਕੱਤਰਤਾ ਵਿਚ ਉਹਨਾਂ ਦਾ ਆਪਣਾ ਛਪਿਆ ਅਖਬਾਰ 'ਬਬਰ ਅਕਾਲੀ' ਨਾਂ ਦਾ ਪੜ੍ਹਿਆ ਜਾ ਰਿਹਾ ਸੀ। ਉਪਰੋਕਤ ਕਵਿਤਾ ਉਸ ਅਖਬਾਰ ਦੀਆਂ ਭੜਕਾਊ ਕਵਿਤਾਵਾਂ ਵਿਚੋਂ ਇਕ ਸੀ।

'ਬਬਰ ਅਕਾਲੀ' ਅਖਬਾਰ ਪ੍ਰੈਸ ਵਿਚ ਨਹੀਂ ਸੀ ਛਪਦਾ, ਸਗੋਂ ਸਾਈਕਲੋਸਟਾਈਲ ਤੇ ਛਾਪਿਆ ਜਾਂਦਾ ਸੀ। ਉਸ ਨੂੰ ਜਨਤਾ ਵਿਚ ਵੰਡਿਆ ਜਾਂਦਾ ਸੀ। ਪਰ ਇਹ ਸਰਕਾਰ ਦੇ ਬੰਦਿਆਂ ਦੇ ਵੀ ਹੱਥ ਲੱਗ ਗਿਆ ਤੇ ਉਹ ਵੀ ਹਲਕਾਏ ਕੁਤੇ ਵਾਂਗ ਨਸ-ਭਜ ਕਰਕੇ ਅਖਬਾਰ ਦੇ ਛਪਣ ਦਾ ਟਿਕਾਣਾ ਲਭਦੇ ਫਿਰਦੇ ਸਨ। ਪਰ ਉਹਨਾਂ ਨੂੰ ਬੱਬਰਾਂ ਦੇ ਕੇਂਦਰ ਦਾ ਪਤਾ ਨਹੀਂ ਲੱਗਦਾ ਸੀ।

ਸਰਕਾਰੀ ਜਾਸੂਸਾਂ ਕੋਲੋਂ ਪਰੇਡੇ ਤੇ ਅਨਜਾਣੇ ਰਹਿਣ ਕਰਕੇ ਹੀ ਉਹ ਇਕੱਤਰਤਾ, ਹੁਸ਼ਿਆਰਪੁਰ ਤੋਂ ਅਗੇ ਸ਼ਿਵਾਲਕ ਦੀਆਂ ਪਹਾੜੀਆਂ ਦੇ ਪੈਰਾਂ ਵਿਚ ਹੋ ਰਹੀ ਸੀ, ਚੰਦ ਚਾਂਦਨੀ ਰਾਤ ਸੀ। ਚਿੜੀ ਵੀ ਹਿਲੇ ਤਾਂ ਪਤਾ ਲੱਗ ਜਾਂਦਾ ਸੀ। ਉਹ ਇਕਤਰਤਾ ਲਾ-ਪਰਵਾਹੀ ਨਾਲ ਨਹੀਂ, ਸਗੋਂ ਸੁਚੇਤਤਾ ਨਾਲ ਕਰ ਰਹੇ ਸਨ। ਉਪਰ ਦੂਰ ਦੂਰ ਤਕ ਚੌਗਿਰਦੇ ਰਾਖੇ ਬਿਠਾਏ ਹੋਏ ਸਨ ਕਿ ਕੋਈ ਸਰਕਾਰੀ ਕਰਮਚਾਰੀ ਜਾਂ ਚੁਗਲ ਨਾ ਆ ਜਾਵੇ। ਚੁਗਲ ਤੇ ਝੋਲੀ ਚੁਕ ਤਾਂ ਸ਼ਿਕਾਰੀਆਂ ਵਾਂਗ ਨਸੇ ਭਜੇ ਫਿਰਦੇ ਰਹਿੰਦੇ ਸਨ।

ਝੋਲੀ ਚੁਕ, ਚੁਗਲ, ਥਾਣੇਦਾਰ ਤੇ ਹੋਰ ਸਰਕਾਰੀ ਕਰਮਚਾਰੀ ਜੇ ਨਸੇ ਭਜੇ ਨਾ ਫਿਰਨ ਤਾਂ ਕਰਦੇ ਕੀ ? ਸਾਰੇ ਦੁਆਬੇ ਵਿਚ ਤਾਂ ਹਾ ਹਾ ਕਾਰ ਮਚ ਗਈ ਸੀ। ਤੇਰਾਂ-ਚੌਦਾਂ ਝੋਲੀ ਚੁਕ ਮਾਰੇ ਗਏ ਸਨ



Sri Satguru Jagjit Singh Ji eLibrary NamdhariElibrary@gmail.com

ਗਵਰਨਰ ਸਮੇਤ ਸਾਰੀ ਪੰਜਾਬ ਦੀ ਗੋਰਾ ਸ਼ਾਹੀ ਕੰਬ ਉਠੀ ਸੀ। ਮਰਨ ਵਾਲਿਆਂ ਦੇ ਰਿਸ਼ਤੇਦਾਰ ਤੇ ਮਿਤਰ ਉਹਨਾਂ ਦੇ ਅਗੇ ਜਾ ਕੇ ਪਿਟਦੇ ਸਨ ਕਿ 'ਬੱਬਰਾਂ ਨੂੰ ਫੜਿਆ ਜਾਏ। ਬਬਰਾਂ ਦੇ ਸਹਾਇਕ ਤੇ ਸੰਚਾਲਕ ਖੁਫੀਆ ਢੰਗ ਨਾਲ ਗਲਾਂ ਬਾਤਾਂ ਵਿਚ ਹੀ ਲੋਕਾਂ ਨੂੰ ਪਰਗਟ ਕਰਦੇ ਸਨ ਕਿ ਬੱਬਰਾਂ ਨੇ ਕੋਈ ਝੋਲੀ ਚੁਕ ਜੀਉਂਦਾ ਨਹੀਂ ਰਹਿਣ ਦੇਣਾ। ਸਰਕਾਰ ਨੇ ਭਾਰੀ ਇਨਾਮ ਰਖੇ ਸਨ ਕਿ ਬੱਬਰਾਂ ਨੂੰ ਫੜਨ ਵਾਲਿਆਂ ਨੂੰ ਦਿਤੇ ਜਾਣ। ਕਈ ਇਨਾਮ ਲੈਣ ਦੇ ਲਾਲਚ ਵਿਚ ਵੀ ਬਬਰਾਂ ਦੇ ਪਿਛੇ ਲਗ ਰਹੇ ਸਨ। ਪੰਜਾਬ ਵਿਚ ਬਗਾਵਤ ਦਾ ਭਾਰੀ ਖਤਰਾ ਪੈਦਾ ਹੋ ਗਿਆ, ਕਿਉਂਕਿ ਉਸ ਵੇਲੇ ਗੁਰਦਵਾਰਾ ਸੁਧਾਰ ਲਹਿਰ ਜ਼ੋਰ ਤੇ ਸੀ, ਸਾਰੇ ਦੇਸ ਵਿਚ ਸਿਵਲ ਨਾ ਫੁਰਮਾਨੀ ਸ਼ੁਰੂ ਸੀ ਅਤੇ ਬੰਗਾਲ ਵਿਚ ਜੁਗਗਰਦਾਂ ਨੇ ਸਰਕਾਰ ਨੂੰ ਵਖਤ ਪਾਇਆ ਹੋਇਆ ਸੀ। ਸਰਕਾਰ ਹਿੰਦ ਘਬਰਾਈ ਹੋਈ ਸੀ। ਲੰਡਨ ਤੇ ਕਲਕਤੇ ਵਿਚਾਲੇ ਤਾਰਾਂ ਚਿਠੀਆਂ ਦਾ ਤਾਣਾ ਤਣਿਆ ਰਹਿੰਦਾ ਸੀ। 'ਕੀ ਕੀਤਾ ਜਾਏ ? ਕੀ ਹੋ ਰਿਹਾ ਹੈ ?' ਦੇ ਸਵਾ ਪੁਛੇ ਦਸੇ ਜਾਂਦੇ ਸਨ।

ਇਕੱਤਰਤਾ ਹੋ ਰਹੀ ਸੀ। ਜੋਸ਼, ਗੰਭੀਰਤਾ ਤੇ ਦੂਰੰਦੇਸ਼ੀ ਦੇ ਅਨੋਖੇ ਹੀ ਝਲਕਾਰੇ ਸਨ ਹਨੇਰੀ ਖੱਡ ਵਿਚ ਚੰਦ ਬੰਦੇ ਬੈਠ ਕੇ ਬਰਤਾਨਵੀ ਸਾਮਰਾਜ ਦਾ ਤਖਤਾ ਉਲਟਾਣ ਲਈ ਵਿਚਾਰਾਂ ਕਰ ਰਹੇ ਸਨ। ਉਨ੍ਹਾਂ ਨੂੰ ਮਾਣ ਸੀ ਕਿ ਉਹਨਾਂ ਦੀਆਂ ਸਾਰੀਆਂ ਵਿਉਂਤਾਂ ਨੇਪਰੇ ਚੜ੍ਹ ਰਹੀਆਂ ਸਨ। ਉਹਨਾਂ ਦੇ ਉਦੇਸ਼ ਵਿਚ ਉਨ੍ਹਾਂ ਨੂੰ ਭਾਰੀ ਸਫਲਤਾ ਪ੍ਰਾਪਤ ਹੋ ਰਹੀ ਸੀ।

ਉਸ ਇਕੱਠ ਦੀ ਪਰਧਾਨਗੀ ਸ. ਕਿਸ਼ਨ ਸਿੰਘ ਜੀ ਗੜਗਜ ਵਿਣਗਾਂ ਵਾਲੇ ਕਰ ਰਹੇ ਸਨ, ਜਿਹੜੇ ਸਾਰੀ ਲਹਿਰ ਦੇ ਜਨਮ ਦਾਤਾ ਤੇ ਆਗੂ ਸਨ। ਉਸ ਨੇ ਕਿਹਾ—

'ਭਾਰਤ ਮਾਤਾ ਦੇ ਸਪੁਤਰੋ' ਸਤਿਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਨਿਰਭੈ ਜੋਧਿਓ ! ਤੁਸਾਂ ਦੀ ਕਮਾਈ ਸਫਲ ਹੋ ਰਹੀ ਹੈ। ਕਈ ਝੋਲੀ ਚੁਕ ਆਪਣੇ ਖੋਟੇ ਕਰਮ ਤੇ ਦੇਸ਼ ਧਰੋਹੀ ਬਣਨ ਦਾ ਕੌੜਾ ਫਲ



Sri Satguru Jagjit Singh Ji eLibrary NamdhariElibrary@gmail.com

ਖਾਂਦੇ ਹੋਏ ਨਰਕਾਂ ਵਲ ਤੁਰ ਗਏ ਹਨ । ਹਰ ਪਾਸਿਓਂ ਜਿਤ ਹੀ ਜਿਤ ਹੋ ਰਹੀ ਹੈ। ਭਾਵੇਂ ਅਸਾਂ ਵਿਚ ਕੁਝ ਸਿਰਲਥ, ਦੇਸ਼ ਭਗਤ ਭਾਰਤ ਦੀ ਸੁਤੰਤਰਤਾ ਦਾ ਘੋਲ-ਘੁਲਦੇ ਹੋਏ ਸ਼ਹੀਦੀਆਂ ਪ੍ਰਾਪਤ ਕਰਕੇ ਅਮਰ ਜੀਵਨ ਪ੍ਰਾਪਤ ਕਰ ਚੁਕੇ ਹਨ, ਫਿਰ ਵੀ ਉਤਸ਼ਾਹ ਵਧਦਾ ਹੀ ਜਾ ਰਿਹਾ ਹੈ। ਖੁਸ਼ੀ ਦੀ ਗਲ ਹੈ ਕਿ 'ਬਬਰ ਅਕਾਲੀ' ਜਥੇ ਵਿਚ ਸਿਆਣੇ ਅਤੇ ਦਲੇਰ ਪੁਰਸ਼ ਸ਼ਾਮਲ ਹੋ ਰਹੇ ਹਨ ਉਹ ਅਸਾਂ ਨੂੰ ਹਰ ਤਰ੍ਹਾਂ ਸਹਾਇਤਾ ਦੇਣਗੇ। ਉਨ੍ਹਾਂ ਵਿਚੋਂ ਤਿੰਨ ਹਾਜ਼ਰ ਹਨ—ਸ. ਦਲੀਪ ਸਿੰਘ, ਮਾ: ਮੋਤਾ ਸਿੰਘ ਤੇ ਸ. ਹਰੀ ਸਿੰਘ। ਅਜੇ ਅਸਾਂ ਦੀ ਗਿਣਤੀ ਥੋੜੀ ਹੈ, ਅਕਾਲ ਪੁਰਖ ਮਿਹਰ ਕਰੇ, ਗਿਣਤੀ ਪੰਜ ਹਜ਼ਾਰ ਹੋ ਜਾਏ ਤਾਂ ਸਾਰੇ ਗੋਰਿਆਂ ਨੂੰ ਧਕੇ ਮਾਰ ਮਾਰ ਕੇ ਸਮੁੰਦਰ ਵਿਚ ਡੋਬ ਦਿਆਂਗੇ।'

ਇਹ ਵਾਕ ਸ. ਕਿਸ਼ਨ ਸਿੰਘ ਨੇ ਬੜਾ ਜ਼ੋਰ ਦੇ ਕੇ ਬੋਲਿਆ। ਉਸ ਦੇ ਹੱਥ ਦੀ ਮੁਕੀ ਆਪਣੇ ਆਪ ਹੀ ਵਟੀ ਗਈ ਤੇ ਉਹ ਜੋਸ਼ ਨਾਲ ਬੋਲੀ ਗਿਆ—

'ਅਸਾਂ ਨੂੰ ਪਤਾ ਲਗਾ ਹੈ ਕਿ ਪੁਲਸ ਜਤਨ ਕਰ ਰਹੀ ਹੈ ਕਿ ਆਪਣੇ ਆਦਮੀਆਂ ਨੂੰ ਅਸਾਡੇ ਵਿਚ ਧਸੋੜੇ ਉਹ ਜਾਸੂਸੀ ਕਰਨ। ਰਤਾ ਸੋਚ ਤੇ ਦੇਖ ਭਾਲ ਕਰਕੇ ਸਾਥੀ ਬਣਾਉਣੇ ਚਾਹੀਦੇ ਹਨ। ਮਾਇਆ ਦੀ ਸਖਤ ਜ਼ਰੂਰਤ ਹੈ । ਜਿਵੇਂ ਹੋਏ ਮਾਇਆ ਪ੍ਰਾਪਤ ਕਰਨੀ ਚਾਹੀਏ । ਹੁਣ ਤਕ ਦਸ ਹਜ਼ਾਰ ਰੁਪਿਆ ਕੁਝ ਸਜਣਾਂ ਨੇ ਜਾਨਾਂ ਹੀਲ ਕੇ ਉਹਨਾਂ ਕੰਜੂਸ ਸ਼ਾਹੂਕਾਰਾਂ ਦੀਆਂ ਤਜੌਰੀਆਂ ਵਿਚੋਂ ਲਿਆਂਦਾ ਹੈ ਜਿਹੜੇ ਕਿਸੇ ਨੂੰ ਨੌਂਵੇ ਵਿਚੋਂ ਜੂੰ ਕਢ ਕੇ ਵੀ ਨਹੀਂ ਦਿੰਦੇ । ਪਿਸ਼ਾਵਰ, ਪਟਿਆਲੇ ਤੇ ਨਾਭੇ ਤੋਂ ਹਥਿਆਰ ਪ੍ਰਾਪਤ ਕਰਨ ਲਈ ਬੰਦੇ ਭੇਜੇ ਹਨ। ਇਕ ਦੋ ਦਿਨਾਂ ਤਕ ਆ ਜਾਣਗੇ।

ਕਿਸ਼ਨ ਸਿੰਘ ਨੇ ਆਪਣੀ ਰੀਪੋਰਟ ਪੇਸ਼ ਕਰ ਦਿਤੀ ਤਾਂ ਕੁਝ ਜਵਾਨਾਂ ਨੇ ਆਪਣੇ ਖਿਆਲ ਪਰਗਟ ਕੀਤੇ । ਅਜੇ ਕੋਈ ਵੱਡਾ ਫੈਸਲਾ ਕਰਨ ਹੀ ਲਗੇ ਸਨ, ਨਵੀਂ ਵਿਉਂਤ ਪਰਗਟ ਕਰਨੀ ਹੀ ਸੀ ਕਿ ਬਾਹਰ



Sri Satguru Jagjit Singh Ji eLibrary NamdhariElibrary@gmail.com

ਖਲੋਤੇ ਰਾਖੇ ਨੇ ਆ ਕੇ ਜਥੇਦਾਰ ਕਿਸ਼ਨ ਸਿੰਘ ਦੇ ਕੰਨ ਵਿਚ ਕੁਝ ਆਖਿਆ, ਉਸ ਨੂੰ ਉਠਾ ਕੇ ਰਤਾ ਪਰੇ ਲੈ ਗਿਆ ਤੇ ਕਿਹਾ—

'ਇਕ ਤੀਵੀਂ ਆਈ ਹੈ। ਉਹ ਆਖਦੀ ਏ, ਤੁਸਾਂ ਨੂੰ ਮਿਲਣਾ ਹੈ। ਕਾਰਨ ਕੋਈ ਨਹੀਂ ਦਸਦੀ। ਉਹ ਮੀਟਿੰਗ ਵਿਚ ਆਉਣਾ ਚਾਹੁੰਦੀ ਹੈ। ਉਹ ਆਖਦੀ ਹੈ ਕਿ ਉਹ...ਤੋਂ ਆਈ ਹੈ ਤੇ ਦਾਰਾ ਸਿੰਘ ਦੀ ਤੀਵੀਂ ਹੈ। ਦਾਰਾ ਸਿੰਘ ਮੀਟਿੰਗ ਵਿਚ ਬੈਠਾ ਹੈ।'

'ਪਰ ਉਹ ਆ ਕਿਵੇਂ ਗਈ?'

'ਕ ਪਤਾ?'

'ਕਿਤੇ ਉਸ ਦੇ ਪਿਛੇ ਪੁਲਸ ਨਾ ਹੋਏ। ਉਸ ਨੇ ਪੁਲਸ ਨੂੰ ਡਰਦਿਆਂ ਭੇਤ ਨਾ ਪ੍ਰਗਟ ਕਰ ਦਿਤਾ ਹੋਵੇ?'

'ਉਹ ਤਾਂ ਕਹਿੰਦੀ ਹੈ, ਕੱਲੀ ਆਈ ਏ।'

'ਕਲੀ! ਐਡੀ ਦੂਰ ਕਲੀ! ਫਿਰ ਉਸ ਨੂੰ ਇਹ ਥਾਂ ਦਸੀ ਕਿਸ?'

'ਦਾਰਾ ਸਿੰਘ ਨੇ ਗਲ ਕੀਤੀ ਹੋਵੇਗੀ।'

'ਇਹ ਕਿਵੇਂ ਹੋ ਸਕਦਾ ਹੈ? ਸਾਰੇ ਮੈਂਬਰਾਂ ਨੂੰ ਪੱਕੀ ਕੀਤੀ ਗਈ ਸੀ ਕਿ ਇਕੱਤਰਤਾ ਦਾ ਸਮਾਂ ਤੇ ਥਾਂ ਟਿਕਾਣਾ ਕਿਸੇ ਨੂੰ ਨਹੀਂ ਦੱਸਣਾ।'

'ਕੋਈ ਸਾਜ਼ਸ਼ ਜ਼ਰੂਰ ਹੈ।'

'ਫਿਰ ਹੁਕਮ ਕਰੋ।'

'ਉਸ ਦੀ ਤਲਾਸ਼ੀ ਲੈ ਕੇ, ਉਸ ਨੂੰ ਅਗੇ ਲਿਆਉ ਤੇ ਪਿਛੇ ਦੂਰ ਤਕ ਆਦਮੀ ਭੇਜੋ, ਪਤਾ ਕਰੋ ਕੋਈ ਇਸ ਦੇ ਪਿਛੇ ਤਾਂ ਨਹੀਂ।'

'ਉਹ ਤਾਂ ਸੌਂਹਾਂ ਖਾਂਦੀ ਹੈ ਕਿ ਉਸ ਦੇ ਨਾਲ ਕੋਈ ਨਹੀਂ। ਉਹ ਮਿਤਰ ਹੈ, ਦੁਸ਼ਮਨ ਨਹੀਂ। ਉਹ ਬਬਰਾਂ ਨੂੰ ਕਿਸੇ ਖਤਰੇ ਦੀ ਚਿਤਾਵਨੀ ਕਰਾਉਣਾ ਚਾਹੁੰਦੀ ਹੈ।'

'ਰਤਾ ਖਲੋ।'

ਇਹ ਆਖ ਕੇ ਕਿਸ਼ਨ ਸਿੰਘ ਮੁੜ ਮੀਟਿੰਗ ਵਿਚ ਗਿਆ ਤੇ



Sri Satguru Jagjit Singh Ji eLibrary NamdhariElibrary@gmail.com

ਉਸ ਨੇ ਬਾਬੂ ਸੰਤਾ ਸਿੰਘ ਤੇ ਸੁੰਦਰ ਸਿੰਘ ਮਖਸੂਮ ਪੁਰ ਨੂੰ ਉਠਾ ਕੇ ਬਾਹਰ ਲੈ ਆਂਦਾ ਤੇ ਪਰੇ ਜਾ ਕੇ ਉਹਨਾਂ ਨਾਲ ਗਲ ਕੀਤੀ। ਸੁੰਦਰ ਸਿੰਘ ਨੂੰ ਆਖਿਆ, 'ਤੂੰ ਦਾਰਾ ਸਿੰਘ ਦਾ ਖਿਆਲ ਰਖ। ਉਹ ਜੇ ਨਠਣ ਲਗੇ, ਜੇ ਕੋਈ ਮਾੜੀ ਹਰਕਤ ਕਰੇ ਤਾਂ ਬੇਸ਼ਕ ਗੋਲੀ ਮਾਰ ਦੇਈਂ। ਉਸ ਦੀ ਤੀਵੀਂ ਜੋ ਆਈ ਹੈ, ਜ਼ਰੂਰ ਦਾਲ ਵਿਚ ਕੁਝ ਕਾਲਾ ਕਾਲਾ ਹੈ'

ਬਾਬੂ ਸੰਤਾ ਸਿੰਘ ਤੇ ਕਿਸ਼ਨ ਸਿੰਘ ਅਗੇ ਚਲੇ ਗਏ। ਤੀਵੀਂ ਨੂੰ ਕੋਲ ਸਦਿਆ। ਉਸ ਨੇ ਬੜੀ ਹਮਦਰਦੀ ਤੇ ਭਰੇ ਗਲੇ ਨਾਲ ਆਖਿਆ-'ਸ਼ਕ ਨਾ ਕਰੋ ਵੀਰ ਜੀ! ਮੈਂ ਦਾਰਾ ਸਿੰਘ ਦੇ ਘਰੋਂ ਹਾਂ। ਕੀ ਤੁਸਾਂ ਦੀ ਮੀਟਿੰਗ ਹੋ ਗਈ ਹੈ?'

'ਕਿਉਂ?'

'ਕੋਈ ਵਿਉਂਤ ਨਵੀਂ ਤਾਂ ਨਹੀਂ ਸੋਚੀ?'

'ਕਈ ਸੋਚੀਆਂ ਹਨ।'

'ਕਿਸੇ ਨੂੰ ਮਾਰਨ ਦੀ ਵਿਉਂਤ-ਕਲ ਕਰਨ ਵਾਲੇ ਕੰਮ!'

'ਅਜੇ ਤਾਂ ਨਹੀਂ ਸੋਚੇ, ਪਰ ਤੇਰਾ ਮਤਲਬ?'

'ਮੇਰਾ ਮਤਲਬ ਹੈ, ਵੀਰੋ! ਮੇਰਾ ਮਤਲਬ ਹੈ!'

'ਕੀ ਮਤਲਬ ਹੈ-ਕੁਝ ਦਸ?'

'ਦਸਦੀ ਆਂ, ਦਸਣ ਵਾਸਤੇ ਆਈ ਹਾਂ-ਮੈਨੂੰ ਘੇਰ ਪੈ ਰਹੀ ਹੈ, ਮੈਂ ਬੋਂਦਲ ਰਹੀ ਹਾਂ-ਤੁਸੀਂ!

'ਕੀ?'

'ਮੇਰੇ ਪਤੀ ਨੂੰ ਸਦੋ!'

'ਕਿਉਂ?'

'ਕੰਮ ਹੈ-ਤੁਸਾਂ ਸਾਰਿਆਂ ਦਾ ਭਲਾ ਹੈ-ਕਰਤਾਰ ਨੂੰ ਹਾਜ਼ਰ ਨਾਜ਼ਰ ਜਾਣ ਕੇ ਮੈਂ ਆਖਦੀ ਹਾਂ-ਸਾਰਿਆਂ ਦਾ ਭਲਾ ਹੈ।'

ਬਾਬੂ ਸੰਤਾ ਸਿੰਘ ਆ ਗਿਆ। ਉਹ ਦਾਰਾ ਸਿੰਘ ਨੂੰ ਸਦ ਲਿਆਇਆ।



Sri Satguru Jagjit Singh Ji eLibrary NamdhariElibrary@gmail.com

ਦਾਰਾ ਸਿੰਘ ਤੀਹ ਬੱਤੀ ਸਾਲ ਦੀ ਉਮਰ ਦਾ ਗਭਰੂ ਸੀ। ਉੱਚਾ ਲੰਮਾ ਕੱਦ ਤੇ ਸੋਹਣਾ ਸਰੀਰ ਸੀ। ਜਥੇ ਵਿਚ ਸ਼ਾਮਲ ਹੋਇਆਂ ਉਸ ਨੂੰ ਅੱਠ ਕੁ ਮਹੀਨੇ ਹੋਏ ਸਨ ਤੇ ਉਸ ਦੀਆਂ ਦਲੇਰੀਆਂ ਦੇਖ ਕੇ, ਇਹ ਜਾਣ ਕੇ ਕਿ ਬੜਾ ਵਫਾਦਾਰ ਤੇ ਵਧ ਚੜ੍ਹ ਕੇ ਹਿੱਸਾ ਲੈਣ ਵਾਲਾ ਹੈ, ਸ. ਕਿਸ਼ਨ ਸਿੰਘ ਨੇ ਆਪਣੇ ਭਰੋਸੇ ਵਿਚ ਲੈ ਲਿਆ ਸੀ। ਉਸ ਤੇ ਕਿਸੇ ਕਿਸਮ ਦਾ ਸ਼ੱਕ ਨਹੀਂ ਸੀ ਕੀਤਾ ਜਾਂਦਾ। ਉਸ ਨੂੰ ਤਾਂ ਹਥਿਆਰ ਲੈਣ ਵੀ ਭੇਜਿਆ ਜਾਂਦਾ ਸੀ। ਇਕ ਵਾਰ ਪਟਿਆਲੇ ਤੋਂ ਹੋ ਆਇਆ ਤੇ ਕਈਆਂ ਉਹਨਾਂ ਬਬਰਾਂ ਦਾ ਜਾਣੂ ਹੋ ਚੁਕਿਆ ਸੀ, ਜਿਹੜੇ ਗੁਪਤ ਢੰਗ ਨਾਲ ਪਿੰਡ ਰਹਿ ਕੇ ਬਬਰਾਂ ਦੀ ਮਾਲੀ ਤੇ ਇਖਲਾਕੀ ਸਹਾਇਤਾ ਕਰਦੇ ਸਨ। ਦਲੀਪ ਸਿੰਘ ਨੇ ਉਸ ਦੀ ਸਿਫਾਰਸ਼ ਕੀਤੀ ਸੀ। ਉਹ ਜ਼ਬਾਨ ਦਾ ਵੀ ਰਸੀਲਾ ਸੀ। ਉਸ ਦੀ ਜਵਾਨ ਵਹੁਟੀ ਬਲਬੀਰ ਕੌਰ ਸ਼ਿਵਾਲਕ ਦੀਆਂ ਪਹਾੜੀਆਂ ਦੇ ਪੈਰਾਂ ਵਿਚ ਪੁਜੀ। ਆਪਣੇ ਪਿੰਡੋਂ ਤੁਰ ਕੇ ਉਸ ਨੂੰ ਕੋਈ ਤੀਹ-ਬੱਤੀ ਮੀਲ ਦਾ ਪੰਧ ਕਰਨਾ ਪਿਆ। ਫਿਰ ਇਕੱਲੀ। ਇਹ ਗਲਾਂ ਭੇਤ ਭਰੀਆਂ ਸਨ। ਸ. ਕਿਸ਼ਨ ਸਿੰਘ ਸਭ ਕੁਝ ਜਾਣਨ ਨੂੰ ਕਾਹਲਾ ਸੀ।

ਦਾਰਾ ਸਿੰਘ ਆਇਆ। ਨੇੜੇ ਆ ਕੇ ਚੰਦ ਦੀ ਚਾਂਦਨੀ ਵਿਚ ਜਦੋਂ ਉਸ ਨੇ ਆਪਣੀ ਜਵਾਨ ਪਤਨੀ ਨੂੰ ਵੇਖਿਆ ਤਾਂ ਉਹ ਠਠੰਬਰ ਗਿਆ। ਉਸ ਦਾ ਦਿਲ ਧੜਕਿਆ, ਮੱਥਾ ਠਣਕਿਆ ਤੇ ਉਸ ਨੇ ਕਾਹਲੀ ਨਾਲ ਪੁਛਿਆ—

'ਤੂੰ ਏਥੇ ਕਿਵੇਂ ?'

'ਜਿਵੇਂ ਤੁਸੀਂ ਏਥੇ।'

ਤੀਵੀਂ ਬਲਬੀਰ ਕੌਰ ਨੇ ਉਤਰ ਦਿਤਾ।

ਬਲਬੀਰ ਕੌਰ ਪੁਜ ਕੇ ਜਵਾਨ ਤੇ ਸੋਹਣੀ ਸੀ। ਉਸ ਦੇ ਘਰ ਅਜੇ ਤਕ ਬਾਲ ਕੋਈ ਨਹੀਂ ਸੀ ਹੋਇਆ। ਉਹ ਅਰੋਗ ਸੀ। ਉਸ ਦੀਆਂ ਕਾਲੀਆਂ ਅੱਖਾਂ ਚਮਕ ਰਹੀਆਂ ਸਨ। ਉਹ ਕੰਬੀ ਜਾਂਦੀ ਸੀ।



Sri Satguru Jagjit Singh Ji eLibrary NamdhariElibrary@gmail.com

'ਮੈਂ ਆਈ ਆਂ।' ਉਹ ਬੋਲੀ–'ਮੈਂ ਆਈ ਹਾਂ ਮਰਨ ਤੇ ਤੈਨੂੰ ਮਾਰਨ।'

ਇਹ ਬੋਲ ਸੁਣ ਕੇ ਕਿਸ਼ਨ ਸਿੰਘ ਤੇ ਬਾਬੂ ਸੰਤਾ ਸਿੰਘ ਦੰਗ ਰਹਿ ਗਏ। ਉਹ ਹੈਰਾਨ ਹੋਏ। ਉਨ੍ਹਾਂ ਦੇ ਕੰਨ ਖੜੇ ਹੋ ਗਏ ਤੇ ਬਿਰਤੀਆਂ ਇਕਾਗਰ ਹੋ ਗਈਆਂ।

'ਕੀ ਆਖਦੀ ਆਂ?'

ਦਾਰਾ ਸਿੰਘ ਕੁਝ ਕਾਹਲਾ ਪਿਆ।

'ਮੈ...ਮੈਂ ਆਖਦੀ ਆਂ ਤੂੰ ਬੇਈਮਾਨ ਦੇਸ਼-ਧਰੋਹੀ ਬਣ ਗਿਆ ਏਂ। ਤੂੰ ਵਿਕ ਗਿਆ ਏਂ। ਅਗੇ ਸਾਡੇ ਉਲਾਦ ਨਹੀਂ ਹੋਈ, ਕੀ ਪਤਾ ਕਿਸ ਪਾਪ ਦਾ ਫਲ ਤ.. ।'

ਇਹ ਸੁਣ ਕੇ ਕਿਸ਼ਨ ਸਿੰਘ ਨੇ ਪਸਤੌਲ ਹਥ ਲੈ ਕੇ ਉਸ ਦੇ ਘੋੜੇ ਉਤੇ ਉਂਗਲ ਰਖ ਦਿਤੀ।

ਹ 'ਤੂੰ ਕੀ ਬਕਦੀ ਏਂ?' ਕੀ ਆਖਦੀ ਏਂ ਪਾਗਲ ਤਾਂ ਨਹੀਂ ਗਈ?...ਕਿਤੇ ਤੂੰ ਹੀ ਤਾਂ ਪੁਲਸ ਕੋਲ ਨਹੀਂ ਵਿਕ ਗਈ? ਤੇਰੇ ਬਾਪ ਨੇ ਤਾਂ ਚਲਾਕੀ ਨਹੀਂ ਖੇਡੀ?'

ਦਾਰਾ ਸਿੰਘ ਕਾਹਲੀ ਕਾਹਲੀ ਥਿੜਕ ਥਿੜਕ ਕੇ ਬੋਲੀ ਗਿਆ। ਉਸ ਦੇ ਚਿਹਰੇ ਤੇ ਤਰੇਲੀ ਆ ਗਈ। ਉਹ ਬਲਬੀਰ ਕੌਰ ਦੇ ਹੋਰ ਨੇੜੇ ਹੋਣ ਹੀ ਲਗਾ ਸੀ ਕਿ ਕਿਸ਼ਨ ਸਿੰਘ ਨੇ ਲਲਕਾਰਾ ਮਾਰਿਆ–

'ਇਥੇ ਜੰਮ ਕੇ ਖਲੋਤਾ ਰਹੋ। ਜੇ ਅਗੇ ਹੋਇਓਂ ਤਾਂ ਗੋਲੀ।'

ਫਿਰ ਉਸ ਨੇ ਬਲਬੀਰ ਕੌਰ ਨੂੰ ਸੰਬੋਧਨ ਕਰਕੇ ਪੁਛਿਆ–

ਬੀਬੀ! ਬੁਝਾਰਤਾਂ ਨਾ ਪਾ ਸਿਧੀ ਗਲ ਕਰ। ਮਾਮਲਾ ਕੀ ਹੈ? ਵੇਲਾ ਥੋੜਾ ਹੈ, ਕੰਮ ਬਹੁਤ ਕਰਨੇ ਹਨ। ਛੇਤੀ ਦਸ।'

'ਵੀਰ ਜੀ!' ਬਲਬੀਰ ਕੌਰ ਬੋਲੀ, 'ਇਹ ਪੁਲਸ ਕੋਲ ਵਿਕ ਗਿਆ ਹੈ। ਮੈਂ ਸਾਰੀਆਂ ਗਲਾਂ ਸੁਣ ਲਈਆਂ। ਇਹ ਤੁਸਾਂ ਨੂੰ ਫੜਾ ਦੇਗਾ। ਇਸ ਦੀ ਜੇਬ ਵਿਚ ਡੈਰੀ ਹੈ, ਸਾਰੀ ਕਾਰਵਾਈ ਪੁਲਸ ਨੂੰ



Sri Satguru Jagjit Singh Ji eLibrary NamdhariElibrary@gmail.com

ਦਸੇਗਾ। ਮੈਂ ਨੱਸੀ ਆਈ। ਇਸ ਨੇ ਥਾਂ ਟਿਕਾਣਾ ਪੁਲਸ ਨੂੰ ਦਸਿਆ ਸੀ। ਮੈਂ ਸੁਣ ਲਿਆ। ਸ਼ਾਇਦ ਪੁਲਸ ਵੀ ਆ ਜਾਏ—ਕਿਤੇ ਲੁਕੀ ਹੋਏ—ਇਹ ਗੱਦਾਰ ਬਣ ਗਿਆ—ਝੋਲੀਚੁਕ ਹੋ ਗਿਆ, ਕੁਲ ਨੂੰ ਕਲੰਕ ਲਾਉਣ ਲੱਗਾ। ਮੈਂ ਅਭਾਗਣ—ਮੈਂ ਨਹੀਂ ਚਾਹੁੰਦੀ ਲੋਕ ਸਾਨੂੰ ਲਾਹਨਤਾਂ ਪਾਉਣ। ਅਸੀਂ ਮੂੰਹ ਕਾਲੇ ਵਾਲੇ ਲੁਕਦੇ ਫਿਰੀਏ—ਇਹ ਤੁਸਾਂ ਨੂੰ ਧੋਖਾ ਦੇ ਰਿਹਾ ਏ! ਪੁਲਸ, ਫੌਜ! ਸਾਰੇ ਆ ਰਹੇ ਤੇ ਨਸ ਜਾਓ! ਉਹ ਆ ਰਹੇ ਨੇ...ਮੈਂ ਥੱਕ ਗਈ, ਮੈਂ ਘਬਰਾ ਗਈ!'

ਇਉਂ ਬੋਲਦੀ ਬੋਲਦੀ ਉਹ ਘਬਰਾ ਕੇ ਡਿਗ ਪਈ। ਉਹ ਬੌਂਦਲ ਗਈ ਸੀ। ਉਸ ਦੇ ਸਿਰ ਨੂੰ ਚੱਕਰ ਆਇਆ ਤੇ ਇਕਾ-ਇਕ ਡਿਗ ਪਈ। ਪੱਥਰ ਉਤੇ ਸਿਰ ਵੱਜਾ ਤੇ ਲਹੂ ਵਗ ਤੁਰਿਆ।

'ਇਹ ਤੁਸਾਂ ਨੂੰ ਧੋਖਾ ਦੇ ਰਿਹਾ ਐ! ਪੁਲਸ, ਫੌਜ...... ਸਾਰੇ ਨੱਸ ਜਾਓ! ਬਚ ਜਾਓ! ਇਹ ਡੋਰੀ ਦਿੰਦਾ ਹੈ।' ਉਹ ਆਪ ਮੁਹਾਰੇ ਬੋਲਦੀ ਗਈ।

ਉਸ ਦਾ ਸਿਰ ਚਕਰਾ ਗਿਆ। ਤੀਵੀਂ ਸੀ। ਆਪਣੇ ਪਤੀ ਦੇ ਵਿਰੁਧ ਉਸ ਨੇ ਵੱਡਾ ਦੋਸ਼ ਲਾਇਆ। ਇਸੇ ਵਾਸਤੇ ਸ਼ਾਇਦ ਘਬਰਾ ਗਈ—ਇਕ ਪਾਸੇ ਪਤੀ ਸੀ ਤੇ ਦੂਜੇ ਪਾਸੇ ਦੇਸ਼, ਕੌਮ...ਕੌਣ ਵੱਡਾ? ਕਿਸ ਨੂੰ ਚੰਗਾ ਕਹੇ? ਇਸ ਬਦਲੇ ਉਸ ਦੇ ਹਿਰਦੇ ਵਿਚ ਘੋਲ ਹੁੰਦਾ ਰਿਹਾ ਸੀ। ਅੰਤ ਉਸ ਦੇ ਮਨ ਨੇ ਦੇਸ਼ ਦਾ ਪੱਖ ਲਿਆ, ਉਹ ਘਰੋਂ ਨੱਠੀ ਤੇ ਜੰਗਲ ਵਿਚ ਆ ਪੁਜੀ।

ਦਾਰਾ ਸਿੰਘ ਨੱਠਣ ਲੱਗਾ। ਉਸ ਨੇ ਪਸਤੌਲ ਤਾਣ ਲਿਆ। ਉਹ ਆਪਣੇ ਅਸਲੇ ਵਿਚ ਪਰਗਟ ਹੋ ਗਿਆ 'ਹਟ ਜਾਓ! ਮੈਂ ਗੋਲੀ ਮਾਰ ਦਿਆਂਗਾ! ਹਟ ਜਾਓ!'

ਇਹ ਆਖ ਕੇ ਉਹ ਕਦਮ ਚੁਕਣ ਲੱਗਾ ਸੀ ਕਿ ਸਰਦਾਰ



Sri Satguru Jagjit Singh Ji eLibrary NamdhariElibrary@gmail.com

ਕਿਸ਼ਨ ਸਿੰਘ ਨੇ ਉਸ ਦੀ ਲੱਤ ਵਿਚ ਗੋਲੀ ਮਾਰੀ । ਪਸ ੌਲ ਦੀ ਗੋਲੀ ਚਲਣ ਦਾ ਐਨਾ ਖੜਕਾ ਹੋਇਆ ਕਿ ਪਹਾੜੀ ਇਕਾਂਤ ਗੂੰਜ ਉਠੀ । ਮਨੁਖਾਂ ਤਾਂ ਕੰਨ ਚੁਕਣੇ ਸਨ, ਪੰਛੀ ਤੇ ਜਾਨਵਰ ਵੀ ਜਾਗ ਪਏ ।

ਦਾਰਾ ਸਿੰਘ ਨੇ ਵੀ ਗੋਲੀ ਚਲਾਈ, ਪਰ ਵਾਰ ਖਾਲੀ ਗਿਆ । ਉਸ ਦੀ ਇਹ ਹਰਕਤ ੇਖ ਕੇ ਕਿਸ਼ਨ ਸਿੰਘ ਦੇ ਸਾਥੀ ਨੇ ਦਾਰਾ ਸਿੰਘ ਦੀ ਪਿੱਠ ਵਿਚ ਗੋਲੀ ਮਾਰੀ ਉਹ ਵਲ ਖਾ ਕੇ ਪਥਰੀਲੀ ਧਰਤੀ ਤੇ ਡਿਗ ਪਿਆ ।

'ਅਗੇ ਕੀ ਕਰਨਾ ਚਾਹੀਏ' ਅਜੇ ਇਹ ਵਿਚਾਰ ਮਨ ਵਿਚ ਕਰ ਹੀ ਰਹੇ ਸਨ ਕਿ ਕਿਸ਼ਨ ਸਿੰਘ ਦੇ ਪਤਲੇ ਕੰਨਾਂ ਸੁਣਿਆਂ-ਘੋੜਿਆਂ ਦੇ ਸੁੰਬਾਂ ਦੀ ਟਿਪ ਟਿਪ, ਰਾਤ ਦੀ ਸ਼ਾਂਤੀ ਤੇ ਚੁਪ ਨੂੰ ਭੰਗ ਕਰਦੀ ਹੋਈ ਅਗੇ ਵਧੀ ਆ ਰਹੀ ਸੀ ।

'ਪੁਲਸ !'

ਉਸ ਦੇ ਮੂੰਹੋਂ ਨਿਕਲਿਆ ।

'ਆਦਮੀਆਂ ਨੂੰ ਸਦੋ । ਇਹਨਾਂ ਦੋਹਾਂ ਨੂੰ ਚੁਕਣ ਤੇ ਅਗੇ ਵਧ ਚਲੀਏ, ਪੁਲਸ ਆ ਗਈ । ਦਾਰਾ ਸਿੰਘ ਕਾਲੀ ਭੇਡ ਹੀ ਨਿਕਲਿਆ ।'

ਕਿਸ਼ਨ ਿੰਘ ਦਾ ਸਾਥੀ ਬਾਕੀ ਸਾਥੀਆਂ ਵਲ ਨਠ ਪਿਆ ।



Sri Satguru Jagjit Singh Ji eLibrary NamdhariElibrary@gmail.com

# ੧੫.

ਦੋ ਢਾਈ ਮਹੀਨੇ ਦਾ ਸਮਾਂ ਬੀਤ ਗਿਆ, ਪਰ ਨਿਹਾਲੋ ਆਪਣੀ ਮਾਸੀ ਕਰਤਾਰ ਕੌਰ ਕੋਲੋਂ, ਪਿੰਡ ਰਾਣੀ ਪੁਰ ਨਾ ਗਈ, ਕਿਉਂਕਿ ਉਥੋਂ ਚੀਆਂ ਖਬਰਾਂ ਭੇੜੀਆਂ ਆਉਂਦੀਆਂ ਸਨ । ਜ਼ੈਲਦਾਰ ਬਿਸ਼ਨ ਸਿੰਘ ਦੇ ਕਤਲ ਨੇ ਪਿੰਡ ਦਾ ਹੁਲੀਆ ਹੀ ਵਿਗਾੜ ਦਿਤਾ ਸੀ। ਕਾਤਲ ਫੜੇ ਨਹੀਂ ਸਨ ਗਏ। ਜ਼ੈਲਦਾਰ ਦਾ ਮੁੰਡਾ ਸਗੋਂ ਬਹੁਤਾ ਭੂਤਰ ਪਿਆ ਤੇ ਪਿੰਡ ਦੇ ਲੋਕਾਂ ਨੂੰ ਤੰਗ ਕਰਨ ਲਗਾ।

'ਮੇਰੇ ਪਿਤਾ ਦੇ ਕਾਤਲਾਂ ਦਾ ਤੁਸਾਂ ਨੂੰ ਪਤਾ ਹੈ । ਕਾਤਲਾਂ ਦਾ ਪਤਾ ਦਿਓ, ਨਹੀਂ ਤੇ ਅਰਾਮ ਨਾਲ ਨਹੀਂ ਜੀਊਣ ਦਿਆਂਗਾ।'

ਉਹ ਸਾਰੇ ਪਿੰਡ ਨੂੰ ਲਲਕਾਰ ਕੇ ਆਖਦਾ ਸੀ । ਲੋਕ ਮਨ ਹੀ ਮਨ ਉਸ ਨੂੰ ਗਾਲ੍ਹਾਂ ਦਿੰਦੇ, ਬਦ-ਅਸੀਸਾਂ ਦਿੰਦੇ ਹੋਏ ਥੱਕਦੇ ਨਹੀਂ ਸਨ, ਪਰ ਪਰਗਟ ਤੌਰ ਤੇ ਕੋਈ ਮੂੰਹ ਨਹੀਂ ਸੀ ਖੋਲਦਾ । ਜਿਹੜਾ ਮੂੰਹ ਖੋਲਦਾ ਸੀ, ਉਹੋ ਹੀ ਬਾਚੀਆਂ ਭੁਨਾ ਬੈਠਦਾ ਸੀ । ਜ਼ੈਲਦਾਰ ਦੇ ਪੁਤਰ ਨੂੰ ਕਿਸੇ ਦਾ ਡਰ ਨਹੀਂ ਸੀ । ਰਿਆਸਤ ਅਤੇ ਅੰਗਰੇਜ਼ੀ ਸਰਕਾਰ ਦੀ



Sri Satguru Jagjit Singh Ji eLibrary NamdhariElibrary@gmail.com

ਪੁਲੀਸ ਉਸ ਦੇ ਪਿੱਠ ਤੇ ਸੀ

ਜ਼ੈਲਦਾਰ ਦੇ ਕਾਤਲਾਂ ਦਾ ਪਤਾ ਕਢਨ ਦੇ ਪਜ ਨਾਲ ਪੁਲਸ ਵਾਲੇ ਵੀ ਤੀਸਟੇ ਦਿਨ ਉਥੇ ਆ ਬੈਠਦੇ ਤੇ ਲੋਕਾਂ ਦੇ ਕੁਕੜ ਖਾਂਦੇ ਸ਼ਰਾਬਾਂ ਪੀਂਦੇ ਅਤੇ ਪਾਪ ਕਰਮ ਕਰਦੇ ਸਨ । ਮਨ-ਮਰਜ਼ੀ ਕਰਦੇ. ਕਈਆਂ ਭਲੇਮਾਨਸਾਂ ਦੀ ਇਜ਼ਤ-ਆਬਰੂ ਮਿਟੀ ਵਿਚ ਰੋਲਦੇ ਸਨ । ਕਈ ਭਲੇ-ਮਾਨਸ ਪਿੰਡੋਂ ਹੀ ਨਿਕਲ ਗਏ ।

ਐਸੀਆਂ ਹਾਲਤਾਂ ਦੇਖ ਕੇ, ਸੋਹਣ ਸਿੰਘ ਨੇ ਨਿਹਾਲੋ ਨੂੰ ਪਿੰਡ ਨਾ ਸਦਿਆ । ਉਹ ਸੋਚਦਾ, ਜ਼ੈਲਦਾਰ ਦੇ ਮੁੰਡੇ ਕੋਲੋਂ ਕਦੀ ਭਲਾ ਨਹੀਂ ਹੋ ਸਕਦਾ ।

ਆਦਮ ਪੁਰ ਵਿਚ ਨਿਹਾਲੋ ਦਾ ਵੀ ਦਿਲ ਲਗ ਗਿਆ । ਉਹ ਵੀ ਆਪਣੀ ਮਾਸੀ ਦੀ ਧੀ-ਭੈਣ ਬਿਸ਼ਨੋ ਨਾਲ ਨਿਘਾ ਸਹੇਲਪੁਣਾ ਪਾ ਬੈਠੀ, ਕੁਝ ਕੁੜੀਆਂ ਹੋਰ ਸਹੇਲੀਆਂ ਬਣ ਗਈਆਂ । ਚਰਖਾ ਕਤਦੀਆਂ ਇਕੱਠੀਆਂ ਬੈਠ ਕੇ ਕਸੀਦਾ ਕਢਦੀਆਂ । ਕਸੀਦਾ ਕਢਣ ਦਾ ਬੜਾ ਰਿਵਾਜ ਸੀ ।

ਨਿਹਾਲੋ ਦੀ ਮਾਸੀ ਨੇ ਤਿੰਨ ਫੁਲਕਾਰੀਆਂ ਰੰਗਾ ਦਿਤੀਆਂ । ਬਿਸ਼ਨੀ ਦਾ ਵਿਆਹ ਕਰਨਾ ਸੀ, ਉਸ ਦੇ ਵਿਆਹ ਲਈ ਫੁਲਕਾਰੀਆਂ ਤੇ ਬਾਗ ਚਾਹੀਦੇ ਸਨ । ਨਿਹਾਲੋ ਦਾ ਹੱਥ ਸਾਫ ਸੀ । ਉਹ ਬੂਟੀ ਬੜੀ ਸੁਚੱਜਤਾ ਨਾਲ ਪਾਉਂਦੀ ਸੀ ।

ਮੰਗੋ ਮਹਿਰੀ ਕੋਲ ਇਹ ਗੁਣ ਸੀ ਕਿ ਉਹ ਦਰੀਆਂ ਉਣਨਾ, ਨਵਾਰ ਬਣਾਉਣੀ, ਕਰੋਸ਼ੀਏ ਦਾ ਕੰਮ ਤੇ ਪੱਟ ਦੇ ਬਾਗ-ਫੁਲਕਾਰੀਆਂ ਕਢਣ ਵਿਚ ਤਾਂ ਉਸਤਾਦ ਮੰਨੀ ਹੋਈ ਸੀ । ਕਈ ਕੁੜੀਆਂ ਉਸ ਕੋਲੋਂ ਸਿਖਿਆ ਕਰਦੀਆਂ ਸਨ । ਨਿਹਾਲੋ ਵੀ ਉਸ ਦੇ ਘਰ ਆਉਣ ਜਾਣ ਲਗ ਪਈ ।

ਇਕ ਦਿਨ ਨਿਹਾਲੋ ਮੰਗੋ ਦੇ ਘਰ ਕਸੀਦਾ ਕਢਦੀ ਸੀ ਕਿ ਰਾਮ ਸਿੰਘ ਆ ਗਿਆ ਮੰਗੋ ਨੇ ਰਾਮ ਸਿੰਘ ਨੂੰ ਆਦਰ ਨਾਲ ਅੰਦਰ ਬਿਠਾਇਆ । ਸੁਖ ਸਾਂਦ ਪੁਛੀ ਤੇ ਪਾਣੀ ਪਿਲਾਇਆ ।



Sri Satguru Jagjit Singh Ji eLibrary NamdhariElibrary@gmail.com

ਰਾਮ ਸਿੰਘ ਨੇ ਨਿਹਾਲੋ ਨੂੰ ਪਛਾਣ ਲਿਆ। ਉਸ ਨੇ ਮੰਗੋ ਨੂੰ ਪੁਛਿਆ-'ਬਾਹਰ ਬੈਠੀ ਕੁੜੀ ਰਾਣੀ ਪੁਰ ਤੋਂ ਸੋਹਣ ਸਿਹੋਂ ਦੀ ਧੀ ਐ ?'

'ਆਹੋ'

'ਏਥੇ ਕੀਹਦੇ ਘਰ ਆਈ ਐ ?'

'ਆਪਣੀ ਮਾਸੀ ਕਰਤਾਰ ਕੌਰ ਕੋਲ।'

'ਰਤਾ ਅੰਦਰ ਸਦ ਸੂ।'

'ਮੰਗੋ ਨੇ ਨਿਹਾਲੋ ਨੂੰ ਅਵਾਜ਼ ਦਿਤੀ-

'ਕੁੜੇ ਨਿਹਾਲੋ ਉਰੇ ਆ।'

ਨਿਹਾਲੋ ਉਠ ਕੇ ਅੰਦਰ ਆ ਗਈ। ਰਾਮ ਸਿੰਘ ਉਸ ਨੂੰ ਵੇਖ ਕੇ ਮੁਸਕਰਾ ਪਿਆ। ਨਿਹਾਲੋ ਕੁਝ ਸ਼ਰਮਾ ਗਈ। ਉਸ ਨੇ ਅੱਖਾਂ ਨੀਵੀਆਂ ਕਰ ਲਈਆਂ।

'ਨਿਹਾਲੋ ! ਤੂੰ ਕਦੋਂ ਆਈ ਏਂ ਏਥੇ ?'

ਨਿਹਾਲੋ ਨੇ ਅੱਖਾਂ ਉਚੀਆਂ ਕੀਤੀਆਂ। ਨਿਗਾਹ ਭਰ ਕੇ ਉਸ ਵਲ ਵੇਖਿਆ ਤੇ ਉਤਰ ਦਿਤਾ-

'ਦੋ ਢਾਈ ਮਹੀਨੇ ਹੋ ਗਏ ਨੇ, ਜਦੋਂ ਜ਼ੈਲਦਾਰ ਦਾ ਕਤਲ ਹੋਇਆ ਸੀ, ਆਈ ਸਾਂ।'

'ਅਜੇ ਪਿੰਡ ਨਹੀਂ ਜਾਣਾ ?'

'ਬਾਪੂ ਆਏਗਾ ਤਾਂ ਜਾਵਾਂਗੀ।'

ਰਾਮ ਸਿੰਘ ਨੇ ਨਿਹਾਲੋ ਦੀਆਂ ਮੋਟੀਆਂ ਅੱਖਾਂ ਵਿਚ ਅੱਖਾਂ ਪਾ ਕੇ ਤਕਿਆ ਤਾਂ ਉਹ ਕੁਝ ਕੰਬ ਗਈ। ਉਸ ਨੇ ਅੱਖਾਂ ਦੇ ਛਪਰ ਨੀਵੇਂ ਕਰ ਲਏ-ਉਹ ਲਾਜਵੰਤੀ ਵਾਂਗ ਰਾਮ ਸਿੰਘ ਦੀ ਨਿਗਾਹ-ਛੋਹ ਨਾਲ ਕੁਮਲਾ ਗਈ।

ਤੂੰ ਕੁਝ ਲਿਸੀ ਹੋਈ ਜਾਪਦੀ ਏਂ ?'

'ਨਹੀਂ ਅਜੇ ਨਾਲੋਂ ਤਕੜੀ ਆਂ। ਉਂਜ ਹੀ ਤੁਸਾਂ ਚਿਰ ਪਿਛੋਂ ਵੇਖਿਆ ਐ।'



Sri Satguru Jagjit Singh Ji eLibrary NamdhariElibrary@gmail.com

'ਆ, ਪੰਜ ਕੁ ਮਹੀਨੇ ਹੋ ਹੀ ਗਏ ਨੇ। ਵੰਦਰਾ ਜ਼ੈਲਦਾਰ ਮਾਰਿਆ ਗਿਆ।'

'ਮਾੜੇ ਬੰਦਿਆਂ ਨੂੰ ਇਉਂ ਹੀ ਮਰਨਾ ਪੈਂਦਾ ਐ।'

'ਬੈਠ ਜਾਹ।'

ਲਾਗੇ ਪੀਹੜੀ ਪਈ ਸੀ, ਨਿਹਾਲੋ ਪੀਹੜੀ ਤੇ ਬੈਠ ਗਈ। ਮੰਗੋ ਨੇ ਦੋਹਾਂ ਨੂੰ ਕਿਹਾ—'ਤੁਸੀਂ ਗਲਾਂ ਕਰੋ। ਮੈਂ ਰੋਟੀ ਤਿਆਰ ਕਰਾਂ।'

'ਨਹੀਂ ਚਾਚੀ, ਰੋਟੀ ਦਾ ਲੋੜ ਨਹੀਂ। ਮੈਂ ਹੁਣੇ ਚਲੇ ਜਾਣਾ ਏ। ਅਸਾਂ ਰਾਤ ਨੂੰ......ਇਕੱਠੇ ਹੋਣਾ ਏ। ਧਰਮੂ ਵੀ ਉਥੇ ਹੋਏਗਾ।'

'ਧਰਮੂ ਆਪਣੇ ਪੁਤਰ ਦਾ ਨਾਂ ਸੁਣ ਕੇ ਉਸ ਦੀ ਹਿੱਕ ਵਿਚੋਂ ਉਸ ਦਾ ਮਾਂ-ਦਿਲ, ਮਮਤਾ ਨਾਲ ਤੜਪ ਉਠਿਆ।

'ਚਾਚੀ! ਜੀਵਨ ਮੌਤ ਦਾ ਘੋਲ ਘੁਲਦਿਆਂ ਸਟ-ਪੇਟ ਲਗ ਜਾਂਦੀ ਐ। ਲੋਕਾਂ ਨੂੰ ਸੁਖੀ ਕਰਨ ਲਈ ਕਿਸੇ ਨੂੰ ਤਾਂ ਮਰਨਾ ਹੀ ਪੈਂਦਾ ਐ। ਗੁਲਾਮ ਦੇਸਾਂ ਨੂੰ ਅਜ਼ਾਦ ਮਾਵਾਂ ਦੇ ਪੁਤਰ ਹੀ ਕਰਾਇਆ ਕਰਦੇ ਨੇ।'

'ਮੈਂ ਤਾਂ ਖੁਸ਼ ਆਂ—ਪੁਤਰ ਨੇਕ ਕੰਮ ਕਰ ਰਿਹਾ ਐ, ਫਿਰ ਭੀ ਮਾਂ ਜੂ ਹੋਈ ਕਦੀ ਕਦੀ ਕਲੇਜੇ ਨੂੰ ਖੋਹ ਪੈਂਦੀ ਐ।'

ਸਵਾ ਕੁ ਘੰਟਾ ਗਲਾਂ ਕਰਕੇ ਤਰਕਾਲਾਂ ਪੈਣ ਤੋਂ ਪਹਿਲਾਂ ਹੀ ਰਾਮ ਸਿੰਘ ਮੰਗੋ ਦੇ ਘਰੋਂ ਚਲਿਆ ਗਿਆ।

ਨਿਹਾਲੋ ਪਹਿਲਾਂ ਰਾਮ ਸਿੰਘ ਨੂੰ ਜਾਣਦੀ ਸੀ। ਉਹ ਦਿਆਲੀ ਦੇ ਘਰ ਆਉਂਦਾ ਜਾਂਦਾ ਸੀ। ਦੋਵੇਂ ਇਕ ਦੂਸਰੇ ਵਲ ਖਿਚੇ ਗਏ ਸਨ। ਕਿੰਨਾ ਕਿੰਨਾ ਚਿਰ ਗਲਾਂ ਕਰਦੇ ਰਹਿੰਦੇ ਸਨ। ਨਿਹਾਲੋ ਨੂੰ ਜਦੋਂ ਵੀ ਪਤਾ ਲੱਗਦਾ ਕਿ ਰਾਮ ਸਿੰਘ ਪਿੰਡ ਆਇਆ ਹੋਇਆ ਹੈ ਤਾਂ ਉਹ ਕਿਸੇ ਨਾ ਕਿਸੇ ਬਹਾਨੇ ਦਿਆਲੀ ਦੇ ਘਰ ਚਲੀ ਜਾਂਦੀ ਤੇ ਗਲਾਂ ਕਰ ਲੈਂਦੀ ਜ਼ੈਲਦਾਰ ਦੇ ਕਤਲ ਵਾਲੇ ਦਿਨ ਤੋਂ ਸਤ ਕੁ



Sri Satguru Jagjit Singh Ji eLibrary NamdhariElibrary@gmail.com

ਦਿਨ ਪਹਿਲਾਂ ਉਹ ਮਿਲੇ ਸਨ ਤੇ ਰਜ ਕੇ ਗਲਾਂ ਕੀਤੀਆਂ ਸਨ। ਉਸ ਵੇਲੇ ਉਸ ਨੇ ਨਿਹਾਲੋ ਨੂੰ ਦਸ ਦਿਤਾ ਸੀ ਕਿ ਉਹ ਜ਼ੈਲਦਾਰ ਦਾ ਖੂਨ ਕਰ ਦੇਵੇਗਾ। ਉਹ ਦੇਸ ਦੀ ਖਾਤਰ ਕੰਮ ਕਰੇਗਾ ਭਾਵੇਂ ਉਸ ਨੂੰ ਡਾਕੇ ਕਿਉਂ ਨਾ ਮਾਰਨੇ ਪੈਣ—ਮਰਨਾ ਕਿਉਂ ਨਾ ਪਵੇ।

ਮੰਗੋ ਦੇ ਘਰੋਂ ਤੁਰਨ ਲੱਗਿਆਂ ਰਾਮ ਸਿੰਘ ਨੇ ਨਿਹਾਲੋ ਨੂੰ ਆਖਿਆ ਸੀ 'ਨਿਹਾਲੋ ! ਜੀਉਂਦੇ ਰਹੇ ਤਾਂ ਮਿਲਾਂਗੇ। ਕੰਮ ਔਖੇ ਹਨ। ਝੋਲੀ ਚੁਕਾਂ ਦਾ ਸੁਧਾਰ ਕਰ ਰਹੇ ਆਂ। ਹੁਣ ਤਾਂ ਲੜਨ-ਮਰਨ ਵਲ ਧਿਆਨ ਏ—ਚੇਤੇ ਰੱਖੀਂ।'

ਨਿਹਾਲੋ ਕੋਈ ਉਤਰ ਨਹੀਂ ਸੀ ਦੇ ਸਕੀ। ਉਹ ਜਾਂਦੇ ਨੂੰ ਦੇਖਦੀ ਰਹੀ ਸੀ। ਉਸ ਦੀ ਸਜੀ ਅਖ ਵਿਚੋਂ ਹੰਝੂ ਡੁਲ੍ਹ ਪਿਆ ਸੀ।

*           *           *

ਅਠ ਕੁ ਦਿਨ ਪਿਛੋਂ ਆਦਮਪੁਰ ਦੇ ਵਸਨੀਕ ਡੂੰਘੀਆਂ ਤਰਕਾਲਾਂ ਵੇਲੇ ਆਪਣੇ ਘਰਾਂ ਵਿਚ ਬੈਠੇ ਰੋਟੀ ਟੁਕ ਖਾ ਰਹੇ ਸਨ। ਕੋਈ ਮਾਲ ਡੰਗਰ ਨੂੰ ਪੱਠੇ ਪਾ ਰਿਹਾ ਸੀ। ਕੋਈ ਰੋਟੀ ਟੁਕ ਖਾ ਵਿਹਲੇ ਬੈਠੇ ਏਧਰ ਓਧਰ ਦੀਆਂ ਗਲਾਂ ਕਰ ਰਹੇ ਸਨ ਕਿ ਪੱਕੀਆਂ ਬੰਦੂਕਾਂ ਦੀ ਗੋਲੀ ਚਲਣ ਦੀ ਅਵਾਜ਼ ਆਈ। ਉਸ ਨੇ ਸਾਰਿਆਂ ਨੂੰ ਚੋਕੰਨੇ ਕਰ ਦਿਤਾ।

'ਪੁਲਸ ਆਈ।'

'ਡਾਕੂ ਆਏ।'

'ਕਿਤੇ ਬਬਰ ਨਾ ਆਏ ਹੋਣ।'

ਲੋਕਾਂ ਦੇ ਵਿਚਾਰ ਸਨ। ਪਰ ਸਭ ਸਹਿਮ ਗਏ। ਤੀਵੀਆਂ ਨਸ ਕੇ ਅੰਦਰੀਂ ਵੜ ਗਈਆਂ। ਘਰਾਂ ਦੇ ਬੂਹੇ ਬੰਦ ਕਰ ਲਏ। ਕਿਸੇ ਨੂੰ ਹੌਂਸਲਾ ਨਾ ਪਿਆ ਕਿ ਪਤਾ ਕਰਦਾ ਕਿ ਕੌਣ ਗੋਲੀ ਚਲਾ ਰਿਹਾ ਸੀ।



Sri Satguru Jagjit Singh Ji eLibrary NamdhariElibrary@gmail.com

੧੯੨੨-੨੩ ਦੇ ਐਸੇ ਹਾਲ ਸਨ, ਜਦੋਂ ਸਾਰੇ ਦੇਸ ਵਿਚ ਬਦ-ਅਮਨੀ ਸੀ। ਰਿਆਸਤਾਂ ਦੀ ਸਾਰੀ ਦੀ ਸਾਰੀ ਪੁਲੀਸ ਦੇਸ ਭਗਤਾਂ, ਅਕਾਲੀਆਂ ਤੇ ਬਬਰਾਂ ਨੂੰ ਫੜਨ ਤੇ ਭੜਕ ਰਹੀ ਦੇਸ਼ ਭਗਤੀ ਦੀ ਜਵਾਲਾ ਨੂੰ ਨਪਣ ਵਿਚ ਰੁਝੀ ਹੋਈ ਸੀ। ਚੋਰਾਂ ਤੇ ਡਾਕੂਆਂ ਵਲ ਉਸ ਦਾ ਉਕਾ ਹੀ ਧਿਆਨ ਨਹੀਂ ਸੀ। ਦੇਸ ਦੇ ਚੋਰ ਤੇ ਡਾਕੂ ਗਰਮ ਹੋ ਗਏ ਸਨ। ਉਹ ਘਰ ਲੁਟਦੇ ਤੇ ਰਾਹ ਮਾਰਦੇ ਸਨ। ਰਿਆਸਤਾਂ ਦੀਆਂ ਫੌਜਾਂ ਵਿਚੋਂ ਕਈ ਜਵਾਨ ਪਕੀਆਂ ਰਾਈਫਲਾਂ ਲੈ ਕੇ ਭਗੋੜੇ ਹੋ ਕੇ ਡਾਕੂ ਬਣ ਗਏ ਤੇ ਵੈਰੀਆਂ ਦਾ ਖੂਨ ਕਰਦੇ ਸਨ। ਜਿਹੜਾ ਕੋਈ ਫੜਿਆ ਵੀ ਜਾਂਦਾ, ਉਸ ਦਾ ਮੁਕਦਮਾਂ ਨੇਪਰੇ ਨਾ ਚੜ੍ਹਦਾ -ਜਾਂ ਸਾਲ ਸਾਲ ਹਵਾਲਾਤ ਵਿਚ ਹੀ ਹਵਾਲਾਟੀ ਸੜਦਾ ਰਹਿੰਦਾ ਵਢ', ਬੇਈਮਾਨੀ ਦਾ ਦੌਰ ਸੀ। ਪਟਵਾਰੀ, ਲੰਬਰਦਾਰ ਤੇ ਚੌਕੀਦਾਰ ਸਭ ਈਮਾਨ ਛਡ ਗਏ ਸਨ। ਬਸ ਰਾਜ ਦੀ ਝੋਲੀ ਚੁਕਣਾ ਤੇ ਇਨਾਮ ਪ੍ਰਾਪਤ ਕਰਨੇ ਹੀ ਕੰਮ ਰਹਿ ਗਿਆ ਸੀ।

ਆਦਮ ਪੁਰ ਵਿਚ ਨਾ ਪੁਲਸ ਆਈ ਸੀ ਤੇ ਨਾ ਹੀ ਬਬਰ ਆਏ ਸਨ, ਕਿਸੇ ਚੁਗਲ ਨੂੰ ਮਾਰਨ। ਬੰਦੂਕ ਦਾ ਫਾਇਰ ਕਰਨ ਵਾਲੇ ਡਾਕੂ ਸਨ। ਉਨ੍ਹਾਂ ਦਾ ਲੀਡਰ ਵਰਿਆਮ ਸਿੰਘ ਇਕ ਭਗੋੜਾ ਫੌਜੀ ਸੀ। ਸਾਰਾ ਪਿੰਡ ਘੇਰ ਲਿਆ। ਉਹਨ੍ਹਾਂ ਕੋਲ ਪੱਕੀਆਂ ਬੰਦੂਕਾਂ, ਪਸਤੌਲ ਤੇ ਛਵੀਆਂ ਸਨ।

ਉਸ ਵੇਲੇ ਵਰਿਆਮ ਸਿੰਘ ਧੁਗੇ ਦੇ ਨਾਂ ਤੋਂ ਸਾਰਾ ਦੁਆਬਾ ਡਰਦਾ ਸੀ। ਉਸ ਨੇ ਤਕੜੇ ਡਾਕੇ ਮਾਰੇ ਸਨ। ਉਸ ਦੇ ਨਾਲ ਚੋਖੇ ਬੰਦੇ ਸੀ ਤੇ ਪੁਲਸ ਉਨ੍ਹਾਂ ਦਾ ਪਿਛਾ ਕਰਨ ਵਿਚ ਕਾਮਯਾਬ ਨਹੀਂ ਸੀ ਹੋਈ। ਉਸ ਦਾ ਨਾਂ ਸੁਣ ਕੇ ਹੀ ਲੋਕਾਂ ਦਾ ਲਹੂ ਫਰਫ ਵਾਂਗ ਜੰਮ ਜਾਇਆ ਕਰਦਾ ਸੀ। ਦਲੇਰ, ਜਵਾਨ ਤੇ ਫੁਰਤੀਲਾ ਬਹੁਤਾ ਸੀ। ਉਸ ਦੇ ਬਾਬਤ ਬਹੁਤ ਸਾਰੀਆਂ ਕਹਾਣੀਆਂ ਪ੍ਰਚਲਤ ਸਨ। ਉਨ੍ਹਾਂ ਕਹਾਣੀਆਂ ਵਿਚ ਇਹ ਤਾਂ ਸਚ ਸੀ ਕਿ ਜਦੋਂ ਵਰਿਆਮ ਸਿੰਘ ਫੌਜ ਵਿਚ ਸੀ ਤਾਂ ਇਕ ਦਿਨ ਸ਼ਾਮ ਦੀ ਹਾਜ਼ਰੀ ਛਾਉਣੀ ਵਿਚ ਲਵਾ ਕੇ ਉਹ



Sri Satguru Jagjit Singh Ji eLibrary NamdhariElibrary@gmail.com

ਨੱਠ ਗਿਆ ਤੇ ਵੀਹ ਮੀਲ ਦੂਰ ਇਕ ਪਿੰਡ ਵਿਚ ਆਪਣੇ ਵੈਰੀ ਨੂੰ ਕਤਲ ਕਰਕੇ ਮੁੜ ਸਵੇਰ ਦੀ ਹਾਜ਼ਰੀ ਲਾਉਣ ਸਮੇਂ ਹਾਜ਼ਰ ਹੋ ਗਿਆ। ਛਾਉਣੀ ਵਿਚ ਕਿਸੇ ਨੂੰ ਪਤਾ ਨਾ ਲਗਾ ਕਿ ਉਹ ਬਾਹਰ ਗਿਆ ਸੀ। ਫਿਰ ਵੀ ਉਸ ਤੇ ਮੁਕਦਮਾ ਚਲਿਆ, ਪਰ ਹਾਜ਼ਰੀਆਂ ਲਗੀਆਂ ਹੋਣ ਕਰਕੇ ਉਹ ਸਾਫ ਬਰੀ ਹੋ ਗਿਆ ਤੇ ਡਾਕੂ ਬਣ ਗਿਆ। ਉਸ ਘਟਨਾ ਦੇ ਸਾਲ ਪਿਛੋਂ, ਉਹ ਫੌਜ ਵਿਚੋਂ ਨਠ ਗਿਆ ਤੇ ਡਾਕੂ ਬਣ ਗਿਆ। ਡਾਕੂ ਵੀ ਭਿਆਨਕ। ਉਹ ਸੰਨ ੧੮੯੩ ਈ: ਵਿਚ ਜੰਮਿਆ ਸੀ। ਡਾਕੇ ਮਾਰਨ ਸਮੇਂ ਉਹ ਛਬੀ ਸਤਾਈ ਸਾਲ ਦਾ ਜਵਾਨ ਸੀ।

'ਡਾਕੂ ਵਰਿਆਮ ਸਿੰਘ ਦਾ ਟੋਲਾ ਆਇਆ ਹੈ। ਕੋਈ ਕੁਸਕੇ ਨਾ ਤੇ ਨਠਣ-ਭਜਣ ਦਾ ਯਤਨ ਨਾ ਕਰੇ। ਸਭ ਆਪੋ ਆਪਣੇ ਘਰ ਰਹਿਣ।'

ਇਕ ਡਾਕੂ ਨੇ ਇਕ ਘਰ ਦੇ ਕੋਠੇ ਉਤੇ ਚੜ੍ਹ ਕੇ ਸਾਰੇ ਪਿੰਡ ਨੂੰ ਉਚੀ ਆਵਾਜ਼ ਵਿਚ ਇਉਂ ਹੌਂਸਲੇ ਨਾਲ ਆਖਿਆ ਜਿਵੇਂ ਉਪਰ ਕੋਈ ਸਰਕਾਰ ਨਹੀਂ ਹੁੰਦੀ। ਕੋਈ ਪੁਲਸ ਤੇ ਕੋਈ ਫੌਜ ਨਹੀਂ ਹੁੰਦੀ।

ਡਾਕੂਆਂ ਨੇ ਪਿੰਡ ਦੇ ਦੋ ਚਾਰ ਘਰ ਲੁਟ ਲਏ। ਕਿਸੇ ਜੀ ਦਾ ਨੁਕਸਾਨ ਨਾ ਕੀਤਾ। ਪਰ ਜਾਣ ਲਗੇ ਨਿਹਾਲੋ ਦੀ ਮਾਸੀ ਦੇ ਘਰ ਵੜ। ਘਰ ਦੀ ਕੋਈ ਟੂਮ ਤਾਂ ਨਾ ਚੁਕੀ, ਪਰ ਨਿਹਾਲੋ ਨੂੰ ਚੁਕ ਲਿਆ। ਨਿਹਾਲੋ ਦੀ ਮਾਸੀ ਨੇ ਧਾਹ ਮਾਰੀ—ਉਸ ਦਾ ਮਾਸੜ ਉਠ ਕੇ ਫੜਨ ਲਗਾ ਤਾਂ ਉਹਨਾਂ ਦੇ ਸੀਨਿਆਂ ਤੇ ਪਸਤੌਲ ਦੀਆਂ ਨਾਲੀਆਂ ਰਖੀਆਂ ਗਈਆਂ। ਉਹ ਵਿਚਾਰੇ ਦਤਾ ਨਾ ਕੁਸਕੇ। ਉਨ੍ਹਾਂ ਨੇ ਲਹੂ ਦੇ ਘੁਟ ਭਰ ਲਏ ਡਰ ਤੇ ਸਰਮ ਨਾਲ ਨਿਹਾਲੋ ਦੇ ਅੰਗ ਝੂਠੇ ਪੈ ਗਏ। ਉਹ ਤੇ ਉਚੀ ਚਾਗਰਾਂ ਵੀ ਨਾ ਮਾਰ ਸਕੀ। ਉਸ ਨੂੰ ਬਾਹਰ ਲੈ ਆਂਦਾ ਗਿਆ। ਘਰ ਦੇ ਅਗੇ ਡਾਕੂ ਬੰਦੂਕ ਲੈ ਕੇ ਖਲੋਤਾ ਰਿਹਾ।

ਦੂਸਰੇ ਪਾਸੇ ਵਿਚਾਰੀ ਮੰਗੋ ਮਹਿਰੀ ਨੂੰ ਚੁਕਿਆ ਗਿਆ। ਉਸ ਨੂੰ ਵੀ ਡਾਕੂ ਨਾਲ ਲੈ ਤੁਰੇ।



Sri Satguru Jagjit Singh Ji eLibrary NamdhariElibrary@gmail.com

ਮੰਗੋ ਦੇ ਦੁਕਣ ਤੋਂ ਕਿਆਸ ਲਾਇਆ ਗਿਆ ਕਿ ਪਿੰਡ ਵਿਚ ਡਾਕੂਆਂ ਨੂੰ ਸਦਣ ਵਾਲਾ ਸ਼ਾਮਾ ਅਮਲੀ ਸੀ। ਉਸੇ ਨੇ ਵਰਿਆਮ ਸਿੰਘ ਨੂੰ ਸਦਿਆ ਸੀ। ਪਰ ਆਪ ਪਾਪੀ ਕਈ ਦਿਨ ਤੋਂ ਪਿੰਡ ਨਹੀਂ ਸੀ ਵੜਿਆ।

ਡਾਕੂ ਚਲੇ ਗਏ। ਦੂਰ ਨਿਕਲ ਗਏ ਤਾਂ ਸਾਰਾ ਪਿੰਡ ਡਾਡਾਂ ਮਾਰਨ ਲਗ ਪਿਆ। ਨਿਹਾਲੋ ਦੀ ਮਾਸੀ ਕਰਤਾਰ ਕੌਰ ਨੇ ਤਾਂ ਕੰਧਾਂ ਨਾਲ ਸਿਰ ਮਾਰ ਮਾਰ ਕੇ ਸਿਰ ਪਾੜ ਲਿਆ ਤੇ ਡੂੰਘੇ ਵੈਣ ਪਾ ਪਾ ਕੇ ਰਾਤ ਨੂੰ ਰਵਾਉਣ ਲੱਗ ਪਈ ਸੀ। ਉਸੇ ਵੇਲੇ ਲੰਬਰਦਾਰ ਆਦਮੀਆਂ ਨੂੰ ਨਾਲ ਲੈ ਕੇ ਥਾਣੇ ਵਲ ਨਠ ਉਠਿਆ, ਕਿਉਂਕਿ ਡਾਕੂਆਂ ਨੇ ਲੰਬਰਦਾਰ ਦਾ ਵੀ ਘਰ ਲੁਟ ਲਿਆ ਸੀ।



Sri Satguru Jagjit Singh Ji eLibrary NamdhariElibrary@gmail.com

## ੧੬:

'ਨਿਹਾਲੋ ਨੂੰ ਡਾਕੂ ਵਰਿਆਮਾ ਚੁਕ ਕੇ ਲੈ ਗਿਆ।' ਇਹ ਖਬਰ ਜੰਗਲ ਦੀ ਅੱਗ ਵਾਂਗ ਰਾਣੀ ਪੁਰ ਆਦਮ ਪੁਰ ਤੇ ਚੌਗਿਰਦੇ ਦੇ ਪਿੰਡਾਂ ਵਿਚ ਅਗਲੀ ਸ਼ਾਮ ਹੋਣ ਤੋਂ ਪਹਿਲਾਂ ਪਹਿਲਾਂ ਖਿਲਰ ਗਈ।

ਸੋਹਣ ਸਿੰਘ, ਨਿਹਾਲ ਸਿੰਘ ਤੇ ਨਿਹਾਲੋ ਦੀ ਮਾਂ ਆਦਮ ਪੁਰ ਪੁਜੇ। ਉਨ੍ਹਾਂ ਦੇ ਭਾ ਦਾ ਹਨੇਰ ਛਾ ਗਿਆ, ਜਵਾਨ ਥੀ ਚੁਕੀ ਗਈ। ਸ਼ਰਮ ਤੇ ਡਰ ਦੇ ਪੱਥਰ ਉਨ੍ਹਾਂ ਦੇ ਸਿਰ ਵਿਚ ਵਜੇ। ਉਹ ਤਾਂ ਮੋਇਆਂ ਬਰੋਬਰ ਹੋ ਗਏ। ਜਹਾਨ ਉਜੜ ਗਿਆ, ਪਰਲੋ ਆ ਗਈ। ਨਿਹਾਲੋ ਦੀ ਮਾਂ ਤੇ ਮਾਸੀ ਨੂੰ ਡੋਬ ਪੈਣ ਲਗ ਪਏ। ਉਹ ਨੀਮ ਝਲੀਆਂ ਜਹੀਆਂ ਹੋ ਗਈਆਂ। ਉਹਨਾਂ ਦਾ ਮੰਦਾ ਹਾਲ ਦੇਖਿਆ ਨਹੀਂ ਸੀ ਜਾਂਦਾ।

ਰਾਮ ਸਿੰਘ ਤੇ ਧਰਮ ਸਿੰਘ ਨੂੰ ਪਤਾ ਲਗ ਗਿਆ। ਮੰਗੋ ਦੇ ਚੁਕੇ ਜਾਣ ਤੇ ਉਨ੍ਹਾਂ ਨੇ ਭਰੋਸਾ ਕਰ ਲਿਆ ਕਿ ਸ਼ਾਮੇ ਅਮਲੀ ਦੀ ਕਾਰ ਸ਼ੈਤਾਨੀ ਸੀ। ਉਹ ਬੰਦੂਕਾਂ ਲੈ ਕੇ ਸ਼ਾਮੇ ਦੀ ਭਾਲ ਵਿਚ ਤੁਰ ਪਏ। ਸ੍ਰ: ਕਿਸ਼ਨ ਸਿੰਘ ਗੜਗਜ ਨੂੰ ਖਬਰ ਕੀਤੀ ਗਈ ਕਿ ਡਾਕੂ ਵਰਿਆਮ ਸਿੰਘ ਨੇ ਹਨੇਰ ਮਾਰਿਆ ਹੈ, ਗਰੀਬ ਕਿਸਾਨ ਦੀ ਜਵਾਨ ਧੀ



Sri Satguru Jagjit Singh Ji eLibrary NamdhariElibrary@gmail.com

ਚੁਕ ਲਈ।

ਸ. ਕਿਸ਼ਨ ਸਿੰਘ ਨੇ ਬੰਦੇ ਇਕੱਠੇ ਕੀਤੇ, ਡਾਕੂਆਂ ਨੂੰ ਮਿਲਿਆ ਤੇ ਉਸ ਨੇ ਆਖਿਆ ਕਿ ਵਰਿਆਮ ਸਿੰਘ ਧੁਗੇ ਨੂੰ ਮਿਲਾਓ। ਜੇ ਉਹ ਨਾ ਮਿਲਿਆ—ਜੇ ਉਸ ਨੇ ਨਿਹਾਲੋ ਤੇ ਮੰਗੋ ਵਾਪਸ ਨਾ ਕੀਤੀਆਂ, ਤਾਂ ਦੁਆਬੇ ਦੇ ਡਾਕੂਆਂ ਵਿਰੁਧ ਵੀ ਉਸੇ ਤਰ੍ਹਾਂ ਜੰਗ ਛੇੜੀ ਜਾਏਗੀ, ਜਿਵੇਂ ਬੁਚੜ ਅੰਗਰੇਜ਼ਾਂ ਰਿਆਸਤੀ ਰਾਜਿਆਂ ਤੇ ਝੋਲੀ ਚੁਕਾਂ ਦੇ ਵਿਰੁਧ ਮੁਹਿੰਮ ਕੀਤੀ ਹੋਈ ਸੀ।

ਸ. ਕਿਸ਼ਨ ਸਿੰਘ ਗੜਗਜ ਬੜਾ ਤਕੜਾ ਬੁਲਾਰਾ, ਲੈਕਚਰਾਰ ਤੇ ਜੋਸ਼ੀਲਾ ਬੰਦਾ ਸੀ। ਉਸ ਨੇ ੩੩੭ ਤਕਰੀਰਾਂ ਲੋਕਾਂ ਵਿਚ ਕੀਤੀਆਂ ਸਨ। ਉਹ ਦਲੀਲਬਾਜ਼ ਸੀ। ਉਸ ਨੇ ਦੋਂਹ ਵਡੇ ਡਾਕੂਆਂ ਨੂੰ ਆਖਿਆ—

'ਉਸ ਵਰਿਆਮ ਸਿੰਘ ਧੁਗੇ ਨੂੰ ਆਖੋ! ਜੇ ਉਸ ਨੂੰ ਡਾਕੇ ਮਾਰਨ, ਖੂਨ ਕਰਨ ਦਾ ਸ਼ੌਕ ਹੈ—ਜੇ ਉਸ ਨੇ ਬਹਾਦਰੀ ਦਿਖਾਉਣੀ ਹੈ ਤਾਂ ਅਸਾਡੇ ਜਥੇ ਨਾਲ ਆ ਮਿਲੇ। ਟੋਡੀਆਂ ਦਾ ਸੁਧਾਰ ਕਰਕੇ ਮਨ ਦਾ ਚਾਅ ਲਾਹ ਲਵੇ। ਗਰੀਬਾਂ ਦੇ ਘਰ ਲੁਟ ਕੇ, ਲੋਕਾਂ ਦੀਆਂ ਬਹੂ-ਬੇਟੀਆਂ ਚੁਕ ਕੇ ਪਾਪੀ ਤੇ ਕੁਲ-ਕਲੰਕਤ ਕਿਉਂ ਬਣਦਾ? ਮਰ ਤਾਂ ਉਸ ਨੇ ਜਾਣਾ ਹੀ ਹੈ। ਫਾਂਸੀ ਲਗਣਾ ਹੈ—ਡਾਕੇ ਮਾਰੇ ਸੂ ਕਤਲ ਕੀਤੇ ਸੂ। ਅਜ ਵੀ ਕਰੇ। ਅਜ ਸੂਰਮਾ ਉਹ ਹੈ, ਜਿਹੜਾ ਦੇਸ਼ ਦੀ ਅਜ਼ਾਦੀ, ਦੇਸ਼ ਦੀ ਭਲਿਆਈ, ਅਣਖ ਤੇ ਜ਼ਿੰਦਗੀ ਬਦਲੇ ਲੜਦਾ ਮਰਦਾ। ਰਜਵਾੜੇ, ਬਦੇਸ਼ੀ ਗੋਰੇ, ਨੌਕਰਸ਼ਾਹੀ ਹਕੂਮਤ ਦੇ ਪੁਰਜੇ ਦੇਸ਼ ਨਾਲ ਗਦਾਰੀ ਕਰ ਰਹੇ ਹਨ। ਦੇਸ਼ ਦਾ ਬੱਚਾ ਬੱਚਾ ਦੁਖੀ ਹੈ। ਦੇਸ਼ ਦੀ ਨਾਰੀ ਨੰਗੀ ਤੇ ਭੁਖੀ ਹੈ ਹਾਲਾਤ ਵਿਚ ਕੀ ਸੂਰਮਿਆਂ ਨੂੰ ਸ਼ੋਭਾ ਦਿੰਦਾ ਹੈ ਕਿ ਉਹ ਲੁੱਟਣ? ਉਹ ਮਾਰਨ ਤੇ ਸਾਊ ਗਰੀਬਾਂ ਦੀਆਂ ਧੀਆਂ ਚੁਕਣ? ਜਾਓ ਮੇਰੇ ਵਲੋਂ ਆਖੋ! ਨਹੀਂ ਤੇ ਮੇਰਾ ਇਹ ਫੈਸਲਾ ਹੈ ਕਿ ਮੈਂ ਉਸ ਦੇ ਗਲ ਲਗ ਕੇ ਜਾਂ ਉਸ ਨੂੰ ਮਾਰ ਦਿਆਂਗਾ ਜਾਂ ਆਪ ਮਰ ਜਾਵਾਂਗਾ। ਐਸਾ ਪਾਪ ਤੇ ਅਨਰਥ ਨਹੀਂ ਦੇਖ



Sri Satguru Jagjit Singh Ji eLibrary NamdhariElibrary@gmail.com

ਸਕਦਾ।'

ਸ. ਕਿਸ਼ਨ ਗੜਗਜ ਦੀ ਸ਼ਖਸੀਅਤ ਨੂੰ ਸਾਰਾ ਦੁਆਬਾ ਮੰਨਦਾ ਸੀ। ਚੋਰ ਤੇ ਡਾਕੂ ਉਸ ਅਗੇ ਸਿਰ ਝੁਕਾਉਂਦੇ ਸਨ। ਉਸ ਦਾ ਸੁਨੇਹਾ ਵਰਿਆਮ ਸਿੰਘ ਨੂੰ ਮਿਲਿਆ। ਉਸ ਵੇਲੇ ਉਹ ਬਿਆਸਾ ਦੇ ਝੱਲ ਵਿਚ ਸੀ। ਉਹ ਸਲਾਹ ਕਰ ਰਿਹਾ ਸੀ ਕਿਤੇ ਵਡਾ ਡਾਕਾ ਮਾਰਨ ਦੀ। ਉਸ ਦੇ ਸਾਥੀ ਉਸ ਦੇ ਨਾਲ ਸਨ।

ਨਿਹਾਲੋ ਨੂੰ ਮੋੜ ਦੇ, ਮੰਗੋ ਦਾ ਪਤਾ ਦਸ। ਮੰਗੋ ਦਾ ਪੁਤਰ ਦੇਸ ਦੀ ਸੇਵਾ ਕਰ ਰਿਹਾ ਹੈ-ਚੰਗਾ ਨਹੀਂ ਕੀਤਾ।'

ਵਰਿਆਮ ਸਿੰਘ ਨੂੰ ਸੁਨੇਹਾ ਮਿਲਿਆ, ਉਸ ਨੇ ਉਤਰ ਦਿਤਾ -

'ਨਿਹਾਲੋ ਤਾਂ ਉਸ ਘੜੀ ਬੀਮਾਰ ਹੈ, ਜਿਸ ਘੜੀ ਉਸ ਨੂੰ ਚੁਕਿਆ। ਉਹ ਡਰ ਨਾਲ ਬੀਮਾਰ ਹੋ ਗਈ। ਉਹ ਵਾਪਸ ਤਾਂ ਕੀਤੀ ਜਾ ਸਕਦੀ ਹੈ ਤੇ ਮੰਗੋ ਸ਼ਾਮੇ ਅਮਲੀ ਕੋਲ ਹੈ।'

'ਨਿਹਾਲੋ ਨੂੰ ਛੇੜਿਆ ਤਾਂ ਨਹੀਂ?' ਫਿਰ ਸਵਾਲ ਹੋਇਆ।

'ਹੋਈ ਗਲ ਨਾ ਪੁਛ-ਉਹ ਅਜੇ ਤਕ ਕਵਾਰੀ ਹੈ। ਉਹ ਸੋਹਣੀ ਹੈ...ਪਰ...ਅੱਛਾ! ਹੁਣ ਤੂੰ ਸੁਨੇਹਾ ਹੀ ਐਸਾ ਦਿਤਾ ਹੈ, ਜਿਹੜਾ...।'

ਵਰਿਆਮ ਸਿੰਘ ਅਟਕ ਅਟਕ ਕੇ ਬੋਲਿਆ, ਜਿਵੇਂ ਦਿਲੀ ਭਾਵਾਂ ਨੂੰ ਉਹ ਪ੍ਰਗਟ ਕਰਨਾ ਨਹੀਂ ਸੀ ਚਾਹੁੰਦਾ। ਉਸ ਦੇ ਦਿਲ ਨੂੰ ਨਿਹਾਲੋ ਭਾ ਗਈ ਸੀ। ਉਹ ਡਰ ਕੇ ਬੀਮਾਰ ਹੋਈ ਸੀ। ਉਸ ਨੂੰ ਹੋਰ ਨਾ ਡਰਾਇਆ ਗਿਆ। ਉਸ ਦੇ ਕੋਲ ਬੈਠ ਕੇ ਉਸ ਦੇ ਤਾਪ ਨੂੰ ਹੋਰ ਨਾ ਵਧਾਇਆ ਗਿਆ। ਉਸ ਦੀ ਜਾਨ ਬਚਾਉਣ ਦਾ ਜਤਨ ਕੀਤਾ ਗਿਆ।

'ਉਹ ਕਿਹੜੇ ਪਿੰਡ ਹੈ?'

'ਨੇੜੇ ਹੀ।'

'ਮੰਗੋ?'



Sri Satguru Jagjit Singh Ji eLibrary NamdhariElibrary@gmail.com

'ਉਹ ਧਰਮ ਪੁਰ ਬੱਟ ਵਿਚ।'

ਕਦੋਂ ਆਉਣਗੀਆਂ ਦੋਵੇਂ ?

ਜਦੋਂ ਚਾਹੋ। ਪਰ ਸ: ਕਿਸ਼ਨ ਸਿੰਘ ਕਿਥੇ ਮਿਲੇਗਾ ? ਮੈਂ ਉਸ ਨੂੰ ਮਿਲਣਾ ਚਾਹੁੰਦਾ ਆਂ ?'

ਮੈਂ ਮਿਲਾ ਦਿਆਂਗਾ।'

ਚਲੋ ! ਅਜ ਤੋਂ ਮੈਂ ਡਾਕੇ ਮਾਰਨੇ ਛਡੇ-ਜਦੋਂ ਮੈਂ ਫੜਿਆ ਗਿਆ ਫਾਹੇ ਤਾਂ ਮੈਂ ਲਗ ਹੀ ਜਾਣਾ ਹੈ ! ਮੇਰੇ ਕੋਲੋਂ ਚਾਰ ਕਤਲ ਹੋਏ ਨੇ, ਡਾਕੇ ਮਾਰੇ ਹਨ-ਜਿੰਨਾਂ ਚਿਰ ਫੜਿਆ ਨਹੀਂ ਜਾਂਦਾ, ਉਨ੍ਹਾਂ ਚਿਰ ਤਾ ਦੇਸ਼ ਦੀ ਸੇਵਾ ਕਰ ਲਵਾਂ। ਮਿੱਤਰਾ ਚੰਗਾਂ ਕੀਤਾ ਈ ...ਮੈਂ ਭੁਲ ਕੇ ਕੁਰਾਹੇ ਤੁਰਿਆ ਜਾ ਰਿਹਾ ਸਾਂ...ਰੋਕ ਲਿਆ ਜੇ । ਕਿਸ਼ਨ ਸਿੰਘ ਮੇਰਾ ਗੁਰੂ ਹੋਇਆ ਨੇਕੀ ਦੇ ਰਸਤੇ ਪਾਉਣ ਲਗਾ ਏ।'

ਨੌਜਵਾਨ ਵਰਿਆਮ ਸਿੰਘ ਦੇ ਦਿਲ ਤੇ ਗਲ ਬੈਠ ਗਈ । ਉਸ ਨੇ ਆਪਣੇ ਸਾਥੀਆਂ ਨੂੰ ਆਖਿਆ-

'ਮਿਤਰੋ ! ਹੁਣ ਆਪਾਂ ਡਾਕਾ ਮਾਰਨ ਨਹੀਂ ਜਾਣਾ । ਅਜ ਤੋਂ ਦੇਸ਼ ਦੀ ਸੇਵਾ ਕਰਨੀ ਹੈ। ਉਨ੍ਹਾਂ ਦਾ ਸੁਧਾਰ ਕਰਨਾ ਹੈ-ਜਿਹੜੇ ਲੋਕਾਂ ਤੇ ਦੇਸ਼ ਦੇ ਦੁਸ਼ਮਨ ਹਨ। ਅੱਗ ਦੇ ਤੂਫਾਨ ਨਾਲ ਇਸੇ ਤਰ੍ਹਾਂ ਘੁਲਣਾ ਹੈ, ਪਰ ਕਿਸੇ ਮਹਾਂਪੁਰਸ਼ ਤੇ ਦੇਸ਼ ਭਗਤ ਦੇ ਹੁਕਮ ਨਾਲ। ਲੋਕਾਂ ਦੇ ਘਰ ਲੁਟ ਕੇ, ਲੋਕਾਂ ਨੂੰ ਕੰਗਾਲ ਕਰਕੇ, ਲੋਕਾਂ ਕੋਲੋਂ ਬਦ-ਅਸੀਸਾਂ ਨਹੀਂ ਲੈਣੀਆਂ। ਇਹ ਤਾਂ ਪਤਾ ਹੀ ਹੈ ਕਿ ਚੋਰ ਦੇ ਘਰ ਦੀਵਾ ਨਹੀਂ ਬਲਦਾ ਚੋਰ ਦੀ ਕੋਈ ਹਾਮੀ ਨਹੀਂ ਭਰਦਾ ਤੇ ਮਰਨ ਪਿਛੋਂ ਕੋਈ ਸਤਕਾਰ ਨਾਲ ਨਾਂ ਨਹੀਂ ਲੈਂਦਾ। ਚਲੋ ! ਦਿਆਲ ਪੁਰੇ ਵਲ।'



Sri Satguru Jagjit Singh Ji eLibrary NamdhariElibrary@gmail.com

## ੧੭.

ਸ. ਕਿਸ਼ਨ ਸਿੰਘ ਅਣਥੱਕ ਵਰਕਰ ਸੀ । ਉਹ ਰਾਤ ਦਿਨੇ ਆਪਣੇ ਉਦੇਸ਼ ਨੂੰ ਪੂਰਿਆਂ ਕਰਨ ਵਿਚ ਰੁਝਾ ਰਹਿੰਦਾ । ਪੰਜਾਬ ਪੁਲੀਸ ਨੇ ਭਾਰੀ ਇਨਾਮ ਉਸ ਦੀ ਗ੍ਰਿਫਤਾਰੀ ਦਾ ਰਖਿਆ ਸੀ। ਪੁਲਸ ਨੇ; ਨੰਬਰਦਾਰ ਤੇ ਝੋਲੀ ਚੁਕ ਰਾਤ ਦਿਨੇ ਮੂਹਾਂ ਹੀ ਕਢਦੇ ਰਹਿੰਦੇ ਹਨ, 'ਉਹ ਕਿਥੇ ਮਿਲੇ, ਕਿਥੇ ਹੋਏਗਾ ? ਜੇ ਫੜਿਆ ਗਿਆ ਤਾਂ ਭਾਗ ਦਾ ਸਤਾਰਾ ਚਮਕ ਪਏਗਾ, ਮੁਰੱਬੇ ਮਿਲਣਗੇ, ਨਗਦ ਇਨਾਮ ਮਿਲੇਗਾ, ਖ਼ਿਤਾਬ ਮਿਲਣਗੇ ਅਤੇ ਰਾਜ ਦਰਬਾਰ ਵਿਚ ਚੌਧਰ ਹੋਏਗੀ।' ਇਉਂ ਦੇਸ਼ ਦੇ ਦੁਸ਼ਮਨ ਮੂੰਹ ਵਿਚੋਂ ਲਾਲਾਂ ਸੁਟਦੇ ਸਨ ।

ਪਰ ਕਿਸ਼ਨ ਸਿੰਘ ਨੂੰ ਫੜਨਾ ਸੌਖਾ ਨਹੀਂ ਸੀ। ਉਹ ਜਲਸੇ ਵਿਚ ਤਕਰੀਰ ਕਰਦਾ ਕਰਦਾ ਹੀ ਇਕ ਦਮ ਛਾਈਂ ਮਾਈਂ ਹੋ ਜਾਂਦਾ ਸੀ। ਪੁਲਸ ਵਾਲੇ ਮੂੰਹ ਚੁਕ ਕੇ ਵੇਖਦੇ ਤੇ ਹਥ ਮਲਦੇ ਰਹਿ ਜਾਂਦੇ ਸਨ ।

ਸ. ਕਿਸ਼ਨ ਸਿੰਘ ਦਾ ਜਨਮ ਜਲੰਧਰ ਦੇ ਪਿੰਡ ਵੜਿੰਗ (ਜਾਂ ਵਿਨਿਗ) ਵਿਚ ਹੋਇਆ ਸੀ । ਸਕੂਲ ਵਿਚ ਪੜ੍ਹੇ ਸਨ । ਪੜ੍ਹਾਈ ਤੋਂ



Sri Satguru Jagjit Singh Ji eLibrary NamdhariElibrary@gmail.com

ਵੇਹਲਿਆਂ ਹੋ ਕੇ ੩੫ ਨੰਬਰ ਸਿਖ ਰਸਾਲੇ ਵਿਚ ਭਰਤੀ ਹੋ ਗਏ ਸਨ। ਫੌਜ ਵਿਚ ਰਹਿੰਦਿਆਂ ਹੋਇਆਂ ਇਨ੍ਹਾਂ ਦੀ ਰਾਜਸੀ ਸੂਝ ਬੂਝ ਐਨੀ ਵਧੀ ਕਿ ਅੰਗਰੇਜ਼ੀ ਸਾਮਰਾਜ ਦੀ ਗੁਲਾਮੀ ਨੂੰ ਬਹੁਤ ਬੁਰੀ ਤਰ੍ਹਾਂ ਅਨੁਭਵ ਕਰਨ ਲੱਗ ਪਏ। 'ਅੰਗਰੇਜ਼ੀ ਸਾਮਰਾਜ ਬਦਲੇ ਬਾਹਰ ਜਾ ਕੇ ਲੜਾਂਗੇ, ਮਰਾਂਗੇ? ਅਜ਼ਾਦ ਕੌਮਾਂ ਨੂੰ ਗੁਲਾਮ ਕਰਾਂਗੇ, ਆਪਣੀ ਗੁਲਾਮੀ ਦੇ ਸੰਗਲ ਆਪ ਪਕਿਆਂ ਕਰਨਾ ਕਿਧਰ ਦੀ ਅਕਲ ਹੈ? ਬਦੇਸ਼ੀ ਨੌਕਰਸ਼ਾਹੀ ਉਨ੍ਹਾਂ ਤੇ ਜ਼ੁਲਮ ਢਾਹ ਰਹੀ ਹੈ, ਜਿਹੜੇ ਵਤਨ ਦੇ ਪਰੇਮੀ ਹਨ। ਮੈਂ ਨੌਕਰੀ ਕਿਉਂ ਕਰਾਂ? ੧੩ ਰੁਪੇ ਮੁਲ ਮੇਰੀ ਕੀਮਤੀ ਜਾਨ ਦਾ ਹੈ?'

ਐਸੇ ਖਿਆਲ ਇਕ ਦਿਨ ਉਸ ਦੇ ਮਨ ਆਏ। ਉਸ ਨੇ ਨੌਕਰੀ ਛਡ ਦਿਤੀ। ਉਸ ਸਮੇਂ ਦੇਸ ਵਿਚ ਨਾ-ਮਿਲਵਰਤਣ ਤੇ ਅਕਾਲੀ ਗੁਰਦਵਾਰਾ ਸੁਧਾਰ ਲਹਿਰ ਚਲ ਰਹੀ ਸੀ। ਇਸ ਨੇ ਗੁਰੂ ਕੇ ਬਾਗ ਵਿਚ ਲਾਠੀਆਂ ਪੈਂਦੀਆਂ ਦੇਖੀਆਂ, ਨਿਰਾਦਰੀ ਹੁੰਦੀ ਤਕੀ ਤੇ ਨਨਕਾਣਾ ਸਾਹਿਬ ਦੇ ਸਾਕੇ ਵਿਚ ਵਤਨੀ ਪਿਆਰੇ ਤੇ ਪਰੇਮੀ ਬੰਦੇ ਸ਼ਹੀਦ ਹੁੰਦੇ ਸੁਣੇ ਤੇ ਦੇਖੇ ਤਾਂ ਲਹੂ ਉਬਲ ਪਿਆ। ਉਸੇ ਤਰ੍ਹਾਂ ਉਬਲਿਆ, ਜਿਵੇਂ ਜਵਾਲਾ ਮੁਖੀ ਪ੍ਰਬਤਾਂ ਵਿਚਾਲੇ ਠੰਢੇ ਪਾਣੀ ਦੇ ਚਸ਼ਮੇ ਉਬਲ ਪੈਂਦੇ ਹਨ। ਇਕ ਦਿਨ ਉਸ ਨੇ ਮਨ ਹੀ ਮਨ ਵਿਚ ਫੈਸਲਾ ਕੀਤਾ।

'ਲੋਹੇ ਨਾਲ ਲੋਹਾ ਲੜੇ। ਇਟ ਚੁਕਦੇ ਨੂੰ ਪੱਥਰ ਮਾਰਿਆ ਜਾਏ ਤਾਂ ਕੁਝ ਸੁਧਾਰ ਹੁੰਦਾ ਹੈ। ਰਾਜਸੀ ਸ਼ਕਤੀ-ਹਥਿਆਰਾਂ ਆਸਰੇ ਜੀਉਂਦੀ ਹੈ ਤੇ ਹਥਿਆਰਾਂ ਨਾਲ ਹੀ ਮਰਦੀ ਹੈ। ਸ਼ਾਂਤਮਈ ਸਤਿਆਗ੍ਰਹਿ ਨਾਲ ਸੁਤੰਤਰਤਾ ਛੇਤੀ ਨਹੀਂ ਮਿਲਣੀ। ਸ਼ੇਰ, ਮਗਰਮੱਛ ਤੇ ਬਘਿਆੜ ਅਗੇ ਹੱਥ ਜੋੜਨ ਨਾਲ ਜਾਨ ਨਹੀਂ ਬਚਦੀ।'

ਬੱਸ, ਉਸੇ ਦਿਨ ਆਪਣੇ ਸਾਥੀਆਂ ਅਗੇ ਵਿਚਾਰ ਰਖੇ। ਉਨ੍ਹਾਂ ਨੂੰ ਮਜਬੂਰ ਕੀਤਾ ਤੇ 'ਚਕਰਵਰਤੀ ਦਲ' ਨਾਮ ਦੀ ਜਥੇਬੰਦੀ ਕਾਇਮ ਕੀਤੀ। ਉਹੋ ਹੀ ਜਥੇਬੰਦੀ ਬਦਲ ਕੇ 'ਬਬਰ ਅਕਾਲੀ ਦਲ' ਦਾ ਰੂਪ



Sri Satguru Jagjit Singh Ji eLibrary NamdhariElibrary@gmail.com

ਧਾਰਨ ਕਰ ਗਈ-ਜਿਸ ਦੀਆਂ ਧੁੰਮਾਂ ਲੰਡਨ ਤਕ ਪੈ ਗਈਆਂ। ਬਰਤਾਨਵੀ ਸਾਮਰਾਜ ਇਕ ਵਾਰ ਕੰਬਿਆ। ਅੰਗਰੇਜ਼ ਮਾਵਾਂ ਪੰਜਾਬ ਵਿਚ ਰਹਿਣ ਵਾਲੇ ਅੰਗਰੇਜ਼ਾਂ ਦੀ ਸੁਖ ਮੰਗਣ ਲਗੀਆਂ। ਸ. ਕਿਸ਼ਨ ਸਿੰਘ ਉਹਨਾਂ ਵਾਸਤੇ ਇਕ ਭਿਆਨਕ ਹਊਆ ਬਣ ਗਿਆ।

ਸ. ਕਿਸ਼ਨ ਸਿੰਘ ਦਿਆਲਪੁਰੇ-ਜਿਹੜਾ ਹਮੀਰੇ ਤੇ ਕਰਤਾਰਪੁਰ ਦੇ ਨੇੜੇ ਜੀ. ਟੀ. ਰੋਡ ਉਤੇ ਕਪੂਰਥਲਾ ਰਿਆਸਤ ਵਿਚ ਹੈ-ਦੀ ਜੂਹ ਵਿਚ ਬੈਠਾ ਸੀ। ਉਸ ਦੇ ਕੁਝ ਸਾਥੀ ਉਸ ਦੇ ਨਾਲ ਸਨ, ਉਹ ਡਾਕੂ ਵਰਿਆਮ ਸਿੰਘ ਦੀ ਉਡੀਕ ਕਰ ਰਹੇ ਸਨ। 'ਸ਼ਮਸ਼ੇਰ' ਡਾਕੂ ਦੀ ਪਰੇਰਨਾ ਨਾਲ ਵਰਿਆਮ ਸਿੰਘ ਆਪਣੇ ਦਸਾਂ ਸਾਥੀਆਂ ਸਮੇਤ ਹਾਜ਼ਰ ਹੋਇਆ, ਉਸੇ ਤਰ੍ਹਾਂ ਜਿਵੇਂ ਕੋਈ ਦੋਸ਼ੀ ਕਿਸੇ ਰਾਜੇ ਦੇ ਸਨਮੁਖ ਪੇਸ਼ ਹੁੰਦਾ ਹੈ। ਉਸ ਦੇ ਨਾਲ ਨਿਹਾਲੋ ਸੀ, ਡਰੀ, ਉਦਰੀ ਤੇ ਬਿਮਾਰ। ਉਹ ਸੁਸ਼ੀਲ ਤੇ ਸਾਊ ਕੰਨਿਆਂ ਸੀ, ਜਿਉਂ ਹੀ ਓਪਰਿਆਂ ਬੰਦਿਆਂ ਦੇ ਹਥ ਆਈ ਤਿਉਂ ਹੀ ਡਰ ਦੇ ਗ਼ਮ ਨਾਲ ਗਸ਼ਾਂ ਖਾਣ ਲੱਗੀ। ਉਸ ਦੀ ਜਵਾਨੀ ਤੇ ਸੁੰਦਰਤਾ ਵਰਿਆਮ ਸਿੰਘ ਨੂੰ ਭਾਹੀ। ਉਸ ਨੇ ਮਨ ਹੀ ਮਨ ਵਿਚ ਉਸ ਨੂੰ ਆਪਣੀ ਬਨਾਉਣ ਦਾ ਖਿਆਲ ਕੀਤਾ, ਜਿਸ ਕਰਕੇ ਕਿਸੇ ਨੇ ਉਸ ਵਲ ਨਾ ਤਕਿਆ। ਇਸ ਖਿਆਲ ਨਾਲ ਕਿ ਜੇ ਧੱਕਾ ਕੀਤਾ, ਜਾਂ ਹਥ ਪਾਇਆ ਤਾਂ ਸ਼ਰਮ ਤੇ ਡਰ ਨਾਲ ਮਰ ਨਾ ਜਾਇ, ਉਸ ਦਾ ਇਸਤਰੀ ਧਰਮ ਬਚਿਆ ਰਿਹਾ! ਉਹ ਦਿਨੋ ਦਿਨ ਬੀਮਾਰ ਹੀ ਹੁੰਦੀ ਗਈ। ਸ਼ਾਇਦ ਰਬ ਨੇ ਇਉਂ ਉਸ ਦੀ ਲਾਜ ਰਖੀ, ਜਿਵੇਂ ਬਤੀ ਦੰਦਾਂ ਵਿਚ ਜੀਭ ਬਚਦੀ ਹੈ।

'ਅਛਾ! ਤੂੰ ਏਂ ਵਰਿਆਮ ਸਿੰਘ ਡਾਕੂ!' ਸ. ਕਿਸ਼ਨ ਸਿੰਘ ਨੇ ਪੁਛਿਆ।

'ਹਾਂ ਜੀ ਮੈਂ ਹਾਂ ਪਹਿਲਾਂ ਫੌਜੀ ਸਾਂ ਤੇ ਹੁਣ ਡਾਕੂ।'

'ਛੋਟੇ ਬੀਰ! ਤੂੰ ਭੁਲ ਗਿਆ, ਕੁਰਾਹੇ ਤੁਰਿਆ ਭੁਲਾਂ ਕੀਤੀਆਂ ਕੋਈ ਡਰ ਨਹੀਂ, ਬੰਦਾ ਭੁਲ ਸਕਦਾ ਹੈ। ਭੁਲਣਹਾਰ ਜੂ ਹੋਇਆ। ਹੁਣ ਬੀ ਸਿਧੇ ਰਾਹ ਵਲ ਮੁੜ ਪਿਆ, ਚੰਗਾ ਹੋਇਆ। ਅੱਛਾ, ਇਹ



Sri Satguru Jagjit Singh Ji eLibrary NamdhariElibrary@gmail.com

ਲੜਕੀ ਹੈ ਨਿਹਾਲ !'

ਸ. ਕਿਸ਼ਨ ਸਿੰਘ ਨੇ ਵਰਿਆਮ ਸਿੰਘ ਦੇ ਮੋਢੇ ਤੇ ਹਥ ਰਖ ਕੇ ਬੜੀ ਸੁਰੀਲੀ ਤੇ ਪਿਆਰ ਭਿੱਜੀ ਬੋਲੀ ਵਿਚ ਉਸ ਨੂੰ ਆਖਿਆ ਤੇ ਨਿਗਾਹ ਚੁਕ ਕੇ ਨਿਹਾਲੋ ਵਲ ਤਕਿਆ। ਉਹ ਡਰੀ ਤੇ ਸਹਿਮੀ ਖਲੋਤੀ ਸੀ।

'ਇਸ ਦੀ ਜ਼ਿੰਦਗੀ ਤਾਂ ਨਸ਼ਟ ਨਹੀਂ ਕੀਤੀ ?'

ਸ. ਕਿਸ਼ਨ ਸਿੰਘ ਨੇ ਪੁਛਿਆ।

'ਵਾਹਿਗੁਰੂ ਨੇ ਹੀ ਮਿਹਰ ਕੀਤੀ, ਕੋਈ ਭਾਣਾ ਬਰਤਾਇਆ, ਮੈਂ ਕੁਝ ਨਹੀਂ ਕਿਹਾ—ਪਰ ਇਹ ਬੀਮਾਰ ਹੋ ਗਈ।'

'ਤੇ ਮੰਗੋ...?'

'ਮੰਗੋ, ਉਸ ਪਿੰਡ ਦੇ ਸ਼ਾਮੇ ਅਮਲੀ ਕੋਲ ਹੈ—ਉਸ ਨੇ ਅਸਾਂ ਨੂੰ ਆਦਮਪੁਰ ਘਲਿਆ ਸੀ, ਘਰ ਦਸੇ ਸਨ ਤੇ ਡਾਕਾ ਮਰਵਾਇਆ ਸੀ ਤੇ ਉਸ ਨੇ ਆਖਿਆ ਸੀ, ਦੋਹਾਂ ਨੂੰ ਚੁਕ ਲਓ।'

'ਉਹ ਕਿਥੇ ਐ ?'

'ਉਹ...ਉਹ ਰਾਮ ਪੁਰ ਹੋਏਗਾ ਸ਼ਾਇਦ...ਉਹ ਪਿੰਡ ਨਹੀਂ ਜਾਏਗਾ। ਉਹ ਡਰਦਾ ਏ। ਬੰਦਾ ਭੈੜਾ, ਤੇ ਪੁਲਸ ਦਾ ਏ।'

'ਤੂੰ ਬੜਾ ਮਾੜਾ ਕੀਤਾ।'

'ਇਕ ਡਾਕੂ ਮਾੜਾ ਚੰਗਾ ਨਹੀਂ ਵੇਖਦਾ।'

'ਹੁਣ !'

'ਜੋ ਹੁਕਮ ਕਰੋ। ਤੁਸੀਂ ਮੇਰੇ ਅਫਸਰ ਤੇ ਮੈਂ ਸੇਵਕ ਸਿਪਾਹੀ।'

ਗੋਰੇ ਰਾਜ ਨੂੰ ਪਲਟਣਾ ਹੈ। ਝੋਲੀ ਚੁਕ ਦੇਸ਼ ਨਾਲ ਗਦਾਰੀ ਕਰ ਰਹੇ ਹਨ, ਪਹਿਲਾਂ ਇਹਨਾਂ ਦਾ ਸੁਧਾਰ ਕਰਨਾ ਹੈ ਤੇ ਫਿਰ ਗੋਰਿਆਂ ਦਾ। ਗਿਣਤੀ ਵਧ ਰਹੀ ਹੈ ਅਸਾਡੀ, ਮਾਇਆ ਤੇ ਹਥਿਆਰ ਆ ਰਹੇ ਨੇ। ਤਕੜਾ ਹੋ—ਚੋਰੀ, ਡਾਕਾ ਕਰਕੇ ਆਪਣੇ ਭਰਾਵਾਂ ਨੂੰ ਲੁਟਣ ਮਾਰਨ ਦੀ ਬਾਣ ਛੱਡ ਕੇ ਹਰ ਇਕ ਨੌਜਵਾਨ ਨੂੰ ਦੇਸ਼ ਸੇਵਾ ਕਰਨੀ ਚਾਹੀਦੀ ਹੈ, ਕੀਮਤੀ ਜਵਾਨੀ ਐਵੇਂ ਨਹੀਂ ਗਵਾਉਣੀ



Sri Satguru Jagjit Singh Ji eLibrary NamdhariElibrary@gmail.com

ਚਾਹੀਦੀ। ਡਾਕੂ ਦਾ ਜੀਵਨ ਉਸੇ ਤਰ੍ਹਾਂ ਦਾ ਹੈ, ਜਿਵੇਂ ਧੋਬੀ ਦਾ ਕੁਤਾ-'ਉਹ ਨਾ ਘਰ ਦਾ ਨਾ ਘਾਟ ਦਾ।' ਲੋਕ ਗਾਲ੍ਹਾਂ ਕਢਦੇ ਤੇ ਬਦ ਅਸੀਸਾਂ ਦਿੰਦੇ ਹਨ, ਅਤੇ ਸਰਕਾਰ ਜਾਂ ਗੋਲੀ ਮਾਰ ਦਿੰਦੀ ਹੈ ਜਾਂ ਜਿਹਲ ਵਿਚ ਸੁਟ ਕੇ ਜਵਾਨੀ ਗਾਲ ਦਿੰਦੀ ਹੈ। ਮੋਏ ਡਾਕੂ ਦਾ ਕੌਡੀ ਮੁਲ ਨਹੀਂ ਪੈਂਦਾ। ਦੇਸ਼ ਵਾਸਤੇ, ਕੌਮ ਤੇ ਧਰਮ ਵਾਸਤੇ ਕੋਈ ਮਰੇ ਤਾਂ ਲੋਕ ਯਾਦ ਰਖਦੇ ਹਨ, ਜਸ ਕਰਦੇ ਹਨ। ਸਤਿਗੁਰਾਂ ਨੇ ਚਾਰੇ ਲਾਲ ਵਾਰੇ ਸਿੰਘ ਸ਼ਹੀਦੀਆਂ ਪਾਉਂਦੇ ਰਹੇ। ਅੱਜ ਅਸੀਂ ਉਹਨਾਂ ਦੀ ਯਾਦ ਵਿਚ ਮੇਲੇ ਲਾਉਂਦੇ ਹਾਂ, ਕੀ ਕਦੀ ਕਿਸੇ ਨੇ ਡਾਕੂ ਦੀ ਵੀ ਸਮਾਧ ਬਣਾਈ ਹੈ? ਡਾਕੂ ਨੂੰ ਵੀ ਚੇਤੇ ਕੀਤਾ ਹੈ?'

'ਸਰਦਾਰ ਜੀ! ਬਸ ਅਗੇ ਦੀ ਸੇਵਾ ਦਸੋ, ਹੁਕਮ ਕਰੋ, ਪਿਛੇ ਜੋ ਹੋ ਬੀਤੀ ਸੋ ਹੋਈ।'

'ਮੇਰੇ ਨਾਲ ਰਹੋ, ਝੋਲੀ ਚੁਕ੍ਹਾਂ ਨੂੰ ਸੋਧਣਾ ਹੈ।'

ਸ. ਕਿਸ਼ਨ ਸਿੰਘ ਨੇ ਨਿਹਾਲੋ ਵਲ ਵੇਖਿਆ ਤੇ ਉਸ ਨੂੰ ਆਖਿਆ-'ਬੇਟੀ! ਆ, ਹੌਂਸਲਾ ਕਰ। ਵਾਹਿਗੁਰੂ ਨੇ ਤੇਰਾ ਧਰਮ ਰਖਿਅ-ਹੁਣ ਤੈਨੂੰ ਕੋਈ ਡਰ ਨਹੀਂ। ਅਜ ਤਰਕਾਲਾਂ ਨੂੰ ਰਾਮ ਸਿੰਘ ਤੇ ਕਰਮ ਸਿੰਘ ਤੇਰੇ ਘਰ ਛਡ ਆਉਣਗੇ, ਤੂੰ ਉਹਨਾਂ ਨੂੰ ਜਾਣਦੀ ਆਂ।'

'ਆਹੋ! ਨਿਹਾਲੋ ਨੇ ਉਤਰ ਦਿਤਾ। ਰਾਮ ਸਿੰਘ ਸ. ਕਿਸ਼ਨ ਸਿੰਘ ਦੇ ਕੋਲ ਹੀ ਆ ਖਲੋਤਾ ਸੀ।

'ਬਟੀ ਤੂੰ ਵਰਿਆਮ ਸਿੰਘ ਨੂੰ ਮੁਆਫ ਕਰ ਦੇ! ਇਹ ਤੇਰਾ ਬੀਰ ਏ।'

ਨਿਹਾਲੋ ਨੇ ਸ. ਕਿਸ਼ਨ ਸਿੰਘ ਤੇ ਵਰਿਆਮ ਸਿੰਘ ਵਲ ਵੇਖਿਆ ਉਸ ਦਾ ਜੀਅ ਇਕ ਵਾਰ ਫਿਰ ਭਰ ਆਇਆ, ਉਹ ਬੋਲ ਨਾ ਸਕੀ। ਉਸ ਦੀਆਂ ਭੁਬਾਂ ਨਿਚਲ ਗਈਆਂ ਤੇ ਸ. ਕਿਸ਼ਨ ਸਿੰਘ ਨੇ ਆਪਣੇ ਨੇੜੇ ਕਰਕੇ ਸਿਰ ਤੇ ਪਿਆਰ ਦੇ ਕੇ ਉਸ ਨੂੰ ਚੁਪ ਕਰਾਉਣ ਦਾ ਜਤਨ ਕੀਤਾ।



Sri Satguru Jagjit Singh Ji eLibrary NamdhariElibrary@gmail.com

# ੧੯.

ਜਿਵੇਂ ਕੁਦਰਤ ਅਸੂਲ ਹੈ, ਜੋ ਸਮੁੰਦਰ ਵਿਚ ਤੁਫਾਨ ਦੇ ਆਉਣ ਤੋਂ ਕੋਈ ਤਿੰਨ ਚਾਰ ਘੰਟੇ ਪਹਿਲਾਂ ਸਮੁੰਦਰ ਬਿਲਕੁਲ ਸ਼ਾਂਤ ਹੋ ਜਾਂਦਾ ਹੈ, ਕੋਈ ਵੱਡੀ ਛਲ ਨਹੀਂ ਨਹੀਂ ਉਠਦੀ। ਹਨੇਰੀ ਜਾਂ ਝਖੜ ਨੇ ਆਉਣਾ ਹੋਏ ਤਾਂ ਹਵਾ ਰੁਕ ਜਾਂਦੀ ਤੇ ਘੁਟ ਹੋ ਜਾਂਦਾ ਹੈ। ਸਿਆਣੇ ਉਸ ਸ਼ਾਂਤੀ ਜਾਂ ਘੁਟ ਤੋਂ ਖਿਆਲ ਕਰ ਲੈਂਦੇ ਹਨ ਕਿ ਜ਼ਰੂਰ ਕੋਈ ਵਡੀ ਹਨੇਰੀ ਜਾਂ ਅਸ਼ਾਂਤੀ ਆਏਗੀ, ਪਰ ਮੂਰਖ ਨਹੀਂ ਸਮਝਦੇ। ਠੀਕ ਤਿਵੇਂ ਸ਼ਾਮੇ ਅਮਲੀ ਦੇ ਕਬਜੇ ਆ ਜਾਣ ਤੇ ਮੰਗੋ ਦਾ ਦਿਲ-ਦਿਮਾਗ ਸ਼ਾਂਤ ਜਿਹਾ ਹੋਇਆ ਪ੍ਰਤੀਤ ਹੋਇਆ ਬਿਲਕੁਲ ਠੰਢਾ ਤੇ ਜੰਮਿਆ ਹੋਇਆ ਬਰਫ ਵਾਂਗ। ਡਾਕੂਆਂ ਕੋਲ ਉਹ ਰੋਈ, ਉਸ ਨੇ ਕੀਰੇ ਕਿ ਉਸ ਨੂੰ ਛਡ ਦਿਤਾ ਜਾਏ। ਸਭ ਤੋਂ ਵਡਾ ਦੁਖ ਉਸ ਨੂੰ ਨਿਹਾਲੋ ਦਾ ਸੀ—ਪਰ ਜਿਉਂ ਹੀ ਉਸ ਨੂੰ ਰਾਤ ਦੇ ਹਨੇਰੇ ਵਿਚ, ਇਕ ਢੂਹ ਦੇ ਉਤੇ ਲਿਜਾ ਕੇ ਸ਼ਾਮੇ ਅਮਲੀ ਦੇ ਹਵਾਲੇ ਕੀਤਾ—ਉਸ ਨੇ ਸ਼ਾਮੇ ਦੀ ਬਦ-ਸੂਰਤ ਵੇਖੀ ਤਾਂ ਉਹ ਇਕ ਦਮ ਚੁਪ ਹੋ ਗਈ। ਜਿਵੇਂ ਕਿ ਉਸ ਦੇ ਜੋਸ਼ ਉਸ ਦੇ ਲਹੂ ਉਬਾਲ, ਉਸ ਦੀ ਸਮਝ ਨੂੰ ਕਿਸੇ ਜਾਦੂ



Sri Satguru Jagjit Singh Ji eLibrary NamdhariElibrary@gmail.com

ਸ਼ਕਤੀ ਨੇ ਕੀਲ ਲਿਆ ਸੀ।

'ਲੈ ਬਈ ਅਮਲੀਆ ! ਅਸਾਂ ਤੇਰੀ ਗਲ ਪੂਰੀ ਕਰ ਦਿਤੀ–ਹੁਣ ਤੂੰ ਜਾਣ ਤੇ ਇਹ ਜਾਣੇ।'

ਇਹ ਆਖ ਕੇ ਵਰਿਆਮ ਸਿੰਘ ਨੇ ਮੰਗੋ ਨੂੰ ਅਮਲੀ ਦੇ ਹਵਾਲੇ ਕਰ ਦਿਤਾ ਤੇ ਆਪ ਤਰਦੇ ਬਣੇ। ਮੰਗੋ ਹੈਰਾਨੀ ਨਾਲ ਦੋਹਾਂ ਨੂੰ ਦੇਖਦੀ ਹੋਈ ਚੁਪ ਖਲੋਤੀ ਰਹੀ, ਉਸ ਦੀਆਂ ਅੱਖਾਂ ਵਿਚੋਂ ਅਥਰੂ ਸੁਕ ਗਏ, ਬੁਲ੍ਹ ਖੁਸ਼ਕੀ ਨਾਲ ਮੀਟੇ ਰਹੇ। ਦਿਲੋਂ ਉਠ ਕੇ ਗਰਮ ਜੇਹੀ ਹਵਾ ਉਸ ਦੇ ਦਿਮਾਗ ਨੂੰ ਚੜ੍ਹ ਗਈ ਗਈ।

ਵਰਿਆਮ ਸਿੰਘ ਚਲਿਆ ਗਿਆ। ਉਸ ਦੇ ਸਾਥੀ ਉਸ ਦੇ ਨਾਲ ਚਲੇ ਗਏ, ਨਿਹਾਲੋ ਨੂੰ ਨਾਲ ਲੈ ਗਏ। ਖੂਹ ਉਤੇ ਰਹਿ ਗਏ ਸਿਰਫ ਸ਼ਾਮਾ ਅਮਲੀ, ਉਸ ਦਾ ਰਿਸ਼ਤੇਦਾਰ ਦਿਆਲਾ-ਅਧਖੜ ਉਮਰ ਦਾ ਹੰਢਿਆ ਹੋਇਆ ਵੈਲੀ ਤੇ ਚਰ, ਮੰਗੋ ਦੇ ਜਾਂ ਰਾਤ ਦੇ ਜਾਦੂ ਕੀਲੇ ਰੁਖ ਤੇ ਬੁਢਾ ਬੋਹੜ ਜਿਸ ਦੇ ਹੇਠ ਘੁਪ ਹਨੇਰਾ ਸੀ, ਜਿਸ ਦੀਆਂ ਖੋੜਾਂ ਤੇ ਟਾਹਣੀਆਂ ਵਿਚ ਪੰਛੀ ਲੁਕੇ ਬੈਠੇ ਸਨ। ਹਨੇਰਾ ਸੀ, ਹਨੇਰਾ ! ਚੌਗਿਰਦੇ ਮੌਤ ਵਰਗੀ ਚੁਪ।

'ਆਓ ਕੋਠੇ ਵਿਚ ਬੈਠੋ ! ਮੰਜੇ ਹਨ। ਦਿਆਲੇ ਨੇ ਸ਼ਾਮੇ ਅਮਲੀ ਨੂੰ ਆਖਿਆ ਤੇ ਨਾਲ ਹੀ ਉਸ ਨੇ ਡਾਂਗ ਨਾਲ ਛੱਵੀ ਨੂੰ ਛਣਕਾਇਆ, ਸ਼ਾਇਦ ਮੰਗੋ ਨੂੰ ਇਹ ਜਤਾਉਣ ਲਈ ਕਿ ਜੇ ਉਸ ਨੇ ਉਰਾ ਪਰਾ ਕੀਤਾ ਤਾਂ ਉਸ ਛਵ੍ਹੀ ਨਾਲ ਉਸ ਦਾ ਕੰਮ ਪੂਰਾ ਕੀਤਾ ਜਾਣਾ ਸੀ।

'ਚਲ !' ਸ਼ਾਮੇ ਨੇ ਮੰਗੋ ਨੂੰ ਆਖਿਆ।

ਉਹ ਚੁਪ-ਚਾਪ ਤੁਰ ਪਈ ਸੀ। ਸਾਰੇ ਕੋਠੇ ਵਿਚ ਚਲੇ ਗਏ। ਕੱਲਾ ਤੇ ਨੀਵਾਂ ਕੋਠਾ ਸੀ। ਦਿਆਲ ਨੇ ਦੀਵਾ ਜਗਾਇਆ–ਦੀਵਾ ਤੇ ਡੱਬੀ ਉਥੇ ਹੀ ਪਏ ਰਹਿੰਦੇ ਸਨ, ਕਿਉਂਕਿ ਦਿਆਲਾ ਬਹੁਤਾ ਖੂਹ ਉਤੇ ਹੀ ਪਏ ਰਹਿੰਦੇ ਸੀ। ਕੋਠਾ ਕੀ ਸੀ, ਖੁਲ੍ਹੀ ਕੁੜ੍ਹ ਸੀ, ਜਿਸ ਵਿਚ ਡੰਗਰ ਬੰਨ੍ਹ ਕੇ, ਪੱਠਾ ਤੂੜੀ ਰਖ ਕੇ ਵੀ ਤਿੰਨ ਚਾਰ ਮੰਜੀਆਂ ਡੱਠ



Sri Satguru Jagjit Singh Ji eLibrary NamdhariElibrary@gmail.com

ਸਕਦੀਆਂ ਸਨ । ਵਿੰਗੀਆਂ ਟੇਢੀਆਂ, ਬੇਰੀਆਂ-ਕਿਰ ਕਰਾਂਦੀਆਂ ਲਕੜੀਆਂ ਕੰਧਾਂ ਉਪਰ ਪਾ ਕੇ ਕਾਨੇ ਤੇ ਉਪਰ ਮਿਟੀ ਪਾਈ ਹੋਈ ਸੀ। ਛੱਤ ਧੁਆਂਖੀ ਹੋਈ ਸੀ, ਕਿਉਂਕਿ ਅਮਲੀ ਦਿਆਲੇ ਦੀ ਚਾਹ ਅੰਦਰੇ ਹੀ ਰਖੇ ਇਟਾਂ ਦੇ ਚੁਲੇ ਉਤੇ ਕਾਲੀ ਤੇ ਕੁੰਡੇ ਟੁਟੇ ਵਾਲੀ ਪਿਤਲ ਦੀ ਪਤੀਲੀ ਵਿਚ ਬਣਿਆ ਕਰਦਾ ਸੀ । ਉਹ ਪਤੀਲੀ, ਦੋ ਗਲਾਸ, ਤਿੰਨ ਕੁ ਕੌਲੀਆਂ ਅਣ-ਮਾਂਜੀਆਂ ਚੁਲੇ ਦੇ ਲਾਗੇ ਹੀ ਪਈਆਂ ਸਨ। ਬੂਹੇ ਨੂੰ ਵਿਰਲੇ ਫਟਿਆਂ ਦਾ ਦਰਵਾਜ਼ਾ ਸੀ ।

ਦੀਵੇ ਦੀ ਲੋ ਵਿਚ ਮੰਗੋ ਨੂੰ ਦੋਹਾਂ ਦੀਆਂ ਸ਼ਕਲਾਂ ਡਰਾਉਣੀਆਂ ਲਗੀਆਂ। ਉਹ ਉਨ੍ਹਾਂ ਵਲ ਅਖਾਂ ਪਾੜ ਪਾੜ ਕੇ ਵੇਖਦੀ ਰਹੀ। ਸ਼ਾਮਾਂ ਕੋਈ ਜਵਾਨ ਨਹੀਂ ਸੀ, ਉਹ ਪੰਜਾਹ ਸਾਲ ਦੇ ਲਗ-ਭਗ ਹੋਏਗਾ । ਅਫੀਮ, ਪੋਸਤ, ਭੰਗ ਤੇ ਸ਼ਰਾਬ ਵਰਗੇ ਨਸ਼ਿਆਂ ਨੇ ਉਸ ਦੇ ਲੰਮੇ ਸਰੀਰ ਨੂੰ ਕੋਝਾ ਬਣਾ ਦਿਤਾ ਸੀ । ਕਤਰੀ ਹੋਈ ਦਾਹੜੀ ਨੂੰ ਖਜ਼ਾਬ ਲਾ ਕੇ ਕਾਲਾ ਕੀਤਾ ਹੋਇਆ ਸੀ ਤੇ ਅੰਦਰ ਵੜੀਆਂ ਅਖਾਂ ਵਿਚ ਕਾਲਾ ਸੁਰਮਾ ਪਾਇਆ ਹੋਇਆ ਸੀ। ਹੜਬਾਂ ਨਿਕਲੀਆਂ ਹੋਈਆਂ ਸਨ। ਲੱਕ ਵਿਚ ਵੀ ਥੋੜਾ ਜਿਹਾ ਕੁਬ ਸੀ, ਪਰ ਉਹ ਆਪਣੇ ਆਪ ਨੂੰ ਜਵਾਨ-ਗਭਰੂ ਸਮਝਦਾ ਤੇ ਰੰਗੀਲਾ ਬਣਦਾ ਸੀ। ਮੰਗੋ ਉਸ ਨੂੰ ਘ੍ਰਿਣਾ ਕਰਦੀ ਸੀ, ਉਸ ਦੀ ਸ਼ਕਲ ਨਹੀਂ ਸੀ ਵੇਖਣਾ ਚਾਹੁੰਦੀ। ਉਹ ਕਈ ਵਾਰ ਉਸ ਨੂੰ ਦੁਰਕਾਰ ਚੁਕੀ ਸੀ । ਮੰਦੀਆਂ ਗਾਲ੍ਹਾਂ ਦੇ ਚੁਕੀ ਸੀ, ਪਰ ਉਹ ਉਸ ਦਾ ਪਿਛਾ ਨਹੀਂ ਸੀ ਛਡਦਾ। ਉਸ ਵਲ ਵੇਖਦਿਆਂ ਹੋਇਆਂ ਮੰਗੋ ਦੇ ਕੰਨਾਂ ਵਿਚ ਉਹ ਬੋਲ ਗੂੰਜ ਉਠੇ, ਜਿਹੜੇ ਉਸ ਰਾਤ ਤੋਂ ਕੋਈ ਅਠ ਕੁ ਦਿਨ ਪਹਿਲਾਂ ਬਾਹਰੋਂ ਆਉਂਦੀ ਮੰਗੋ ਨੂੰ ਇਕੱਲੀ ਦੇਖ ਕੇ ਸ਼ਾਮੇ ਨੇ ਬੋਲੇ ਸੀ—

'ਮੰਗੋ ! ਕਰ ਲੈ ਤੰਗ, ਮਾਰ ਲੈ ਜੁਤੀਆਂ, ਪਰ ਯਾਦ ਰਖ, ਇਕ ਦਿਨ ਮੈਂ ਜ਼ਰੂਰ ਤੈਨੂੰ ਆਪਣੇ ਘਰ ਬਸਾਉਣਾ ਐ। ਭਾਵੇਂ ਕੈਦ ਕਿਉਂ ਨਾ ਭੁਗਤਣੀ ਪਏ।'

'ਚਲ ਕੁਤਿਆ, ਭੌਂਕਿਆ ਨਾ ਕਰ !' ਆਖ ਕੇ, ਧੜਕਦੇ ਦਿਲ,



Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਕਾਹਲੀ ਪੈਰ ਪੁਟਦੀ ਹੋਈ ਮੰਗੋ ਪਿੰਡ ਆ ਵੜੀ ਸੀ। ਉਸ ਨੂੰ ਸਾਰੀ ਰਾਤ ਨੀਂਦ ਨਹੀਂ ਸੀ ਆਈ ਉਸ ਦੇ ਹਿਰਦੇ ਵਿਚ ਅਨੋਖੀ ਹੀ ਲੜਾਈ ਸ਼ੁਰੂ ਹੋ ਗਈ ਸੀ। ਉਹ ਇਹ ਵੀ ਸੋਚਦੀ ਰਹੀ ਸੀ। ਕਿ ਕਿਵੇਂ ਉਸ ਹੋਲੋਂ ਪਿਛਾ ਛੁਡਾਏ ?

ਮੰਗੋ ਮੰਜੇ ਤੇ ਬੈਠ ਗਈ।

ਦਿਆਲਾ ਪਿੰਡ ਨੂੰ ਚਲਿਆ ਗਿਆ। ਉਸ ਨੇ ਕੁਝ ਲਿਆਉਣਾ ਸੀ।

ਮੰਗੋ ! ਹੁਣ ਪਿੰਡੋਂ ਤਾਂ ਆ ਗਈ। ਗੁਸਾ-ਗਿਲਾ ਛਡ ਮੈਂ ਤੇਰਾ ਮਾਲਕ ਆਸ਼ਕ ਆਂ–ਮਜਨੂੰ ਵਰਗਾ। ਹਸ ਕੇ ਖੁਸ਼ੀ ਨਾਲ ਮੇਰੇ ਘਰ ਬਹਿ ਜਾ। ਚਾਰ ਦਿਨ ਸੁਖ ਦੇ ਕਟ ਲੈ।' ਸ਼ਾਮੇ ਨੇ ਆਖਿਆ।

ਮੰਗੋ ਚੁਪ ਰਹੀ।

ਸ਼ਾਮਾ ਉਸ ਦੇ ਲਾਗੇ ਹੋਇਆ ਉਸ ਦੇ ਮੋਢੇ ਤੇ ਹਥ ਰਖਣ ਲਗਾ ਤਾਂ ਮੰਗੋ ਨੇ ਉਸ ਦੇ ਹਥ ਨੂੰ ਰੋਕਿਆ। ਹੌਲੀ ਜਹੀ ਬੋਲੀ–

'ਮੈਨੂੰ ਹੱਥ ਨਾ ਲਾ–ਮੇਰੇ ਕਲੇਜੇ ਵਿਚ ਵਲ ਪੈ ਰਹੇ ਹਨ। ਢਿਡ ਪੀੜ ਹੋ ਰਹੀ ਐ ਕਿਤੇ ਕੁਝ ਹੋ ਨਾ ਜਾਏ। ਜਿਹੜੀ ਕਰਤੂਤ ਤੂੰ ਕੀਤੀ ਸੋ ਚੰਗੀ ਕੀਤੀ। ਮੇਰੇ ਝਾਟੇ ਖੇਹ ਪਾ ਦਿਤੀ। ਜਗ ਵਿਚ ਨਸ਼ਰ ਕਰ ਦਿਤਾ ਹੁਣ ਜਾਨ ਨਾ ਲੈ।'

ਇਹ ਬੋਲ ਸੁਣ ਕੇ ਮੂਰਖ ਅਮਲੀ ਖੁਸ਼ ਹੋ ਗਿਆ। ਉਸ ਦਿਆਂ ਅਖਾਂ ਚਮਕੀਆਂ, ਉਸ ਦੇ ਸੁਕੇ ਬੁਲ੍ਹ ਮੁਸਕਰਾਇ ਤੇ ਵਰਾਛਾਂ ਖੁਲ੍ਹੀਆਂ।

'ਮੈਂ ਜਾਨ ਕਿਉਂ ਲੈਣੀ ਏ, ਸੁਖੀ ਸਾਂਦੀ ! ਤੇਰਾ ਤਾਂ ਹਥੀਂ ਬਧੀਂ ਗੁਲਾਮ ਰਹਾਂਗਾ। ਤੂੰ ਮੇਰੇ ਦਿਲ ਦੀ ਹਾਲਤ ਨਹੀਂ ਜਾਣਦੀ। ...ਮੈਂ ਤਾਂ !'

ਸ਼ਾਮਾ ਅਮਲੀ ਬੋਲੀ ਗਿਆ। ਉਹ ਤਾਂ ਕਾਮ-ਵਾਸ਼ਨਾ ਦਾ ਪੁਤਲਾ ਸੀ। ਕਾਮ-ਵਾਸ਼ਨਾ ਉਸ ਦੇ ਤਨ ਨੂੰ ਅਗ ਲਾਈ ਜਾਂਦੀ ਸੀ ਤੇ ਉਹ ਸਿਰ ਤੋਂ ਪੈਰਾਂ ਤਕ ਬਲਣ ਲਗਾ ਸੀ। ਇਕ ਰਾਤ, ਦੂਸਰਾ ਖੂਹ



Sri Satguru Jagjit Singh Ji eLibrary NamdhariElibrary@gmail.com

ਤੀਸਰੀ ਮੰਗੋ ਉਸ ਕੋਲ ਇਕੱਲੀ ਆਪਣੇ ਪਿੰਡੋਂ ਦੂਰ, ਫਿਰ ਭਲਾ ਉਹ ਕਿਵੇਂ ਰੁਕਦਾ ? ਉਹ ਤਾਂ ਭੁਖੇ ਬਘਿਆੜ ਵਾਂਗ ਮੰਗੋ ਦੇ ਤਨ ਨੂੰ ਖਾ ਜਾਣਾ ਚਾਹੁੰਦਾ ਸੀ। ਉਸ ਦੇ ਹਥ ਅਗੇ ਵਧੇ, ਲੰਮੇ ਸਮੇਂ ਦੀਆਂ ਠੰਢਾਂ ਤੱਤਾਂ ਵਿਚ ਝੁਰੜੇ ਹੋਏ ਹੱਥ-ਲੱਕੜਾਂ ਵਰਗੇ।

'ਮੰਗੋ ! ਕਲ ਮੈਂ ਤੇਰੇ ਤੇ ਚਾਦਰ ਪਾਵਾਂਗਾ । ਥੋੜੇ ਦਿਨ ਬਾਹਰ ਰਹਿ ਕੇ ਘਰ ਮੁੜ ਚਲਾਂਗੇ, ਲੋਕਾਂ ਕੀ ਆਖ ਲੈਣਗੇ—ਹੁਣ ਤਾਂ ਜੋ ਹੋਣਾ ਸੀ ਸੋ ਹੋ ਗਿਆ।'

ਸ਼ਾਮਾ ਅਮਲੀ ਬੋਲੀ ਗਿਆ ਤੇ ਮੰਗੋ ਦੇ ਲਾਗੇ ਹੁੰਦਾ ਗਿਆ, ਉਹ ਖੂਹ ਤੇ ਪਿੰਡੋਂ ਦੂਰ ਸੀ । ਸਮਾਂ ਰਾਤ ਦਾ, ਉਸ ਨੂੰ ਡਰ ਕੀ ? ਤਾਂ ਉਸ ਦੇ ਪਰ ਰ ਦਿਆਲੇ ਸੀ।

ਰਬ ਨੇ, ਤੀਵੀਂ ਦਾ ਦਿਲ ਬਨਾਉਣ ਲੱਗਿਆਂ ਕਈ ਗੁਪਤ ਵਿਸ਼ੇਸ਼ਤਾਈਆਂ ਰਖੀਆਂ ਹਨ। ਅਜ ਤਕ ਕੋਈ ਵਿਗਿਆਨਕ ਭੇਤ ਨਹੀਂ ਪਾ ਸਕਿਆ। ਤੀਵੀਂ ਮੋਮ ਵਾਂਗ ਨਰਮ ਵੀ ਹੈ ਤੇ ਪੱਥਰ ਵਾਂਗ ਕਰੜੀ, ਦਇਆ ਦੀ ਪੁਤਲੀ ਹੈ ਤੇ ਤਤਕਾਲ ਵੀ, ਧਰਮ ਦੀ ਦੇਵੀ ਵੀ ਤੇ ਸ਼ੈਤਾਨ ਦੀ ਭੈਣ ਵੀ, ਤਰਾਕਲ ਵੀ ਤੇ ਚੰਡਿਕਾ ਵੀ। ਕਿਹੜੇ ਸਮੇਂ ਕੀ ਬਣ ਜਾਣੀ ਹੈ, ਇਹ ਕਿਸੇ ਨੂੰ ਕੁਝ ਪਤਾ ਨਹੀਂ ਲਗਦਾ । ਇਛਰਾਂ ਵਾਂਗ ਪੁਤਰ ਬਦਲੇ ਅੰਨ੍ਹੀ ਵੀ ਹੋ ਸਕਦੀ ਹੈ ਤੇ ਪੂਰਨ ਵਰਗਾ ਧਰਮੀ ਪੁਤਰ ਛਡ ਕੇ ਘਰੋਂ ਵੀ ਨਿਕਲ ਸਕਦੀ । ਮੰਗੋ ਦੇ ਦਿਲ, ਦਿਮਾਗ ਦੀ ਹਾਲਤ ਨੂੰ ਸ਼ਾਮਾ ਨਹੀਂ ਸੀ ਸਮਝਦਾ, ਨਾ ਸਮਝ ਹੀ ਸਕਦਾ ਸੀ, ਉਹ ਤਾਂ ਕਾਮ-ਵਾਸ਼ਨਾ ਦੀ ਜਵਾਲਾ ਨਾਲ ਸੜ ਰਿਹਾ ਸੀ । ਉਹ ਮੰਗੋ ਦੇ ਤਨ ਨੂੰ ਚਬ ਜਾਣਾ ਚਾਹੁੰਦਾ ਸੀ।

ਮੰਗੋ ਚੁਪ ਸੀ, ਉਹ ਅਡੋਲ ਸੀ-ਇਸ ਕਰਕੇ ਨਹੀਂ ਕਿ ਉਹ ਡਰ ਗਈ ਸੀ, ਸਗੋਂ ਉਸ ਦੇ ਅੰਦਰ ਗੁਸੇ ਤੇ ਬਦਲੇ ਦੀ ਅੱਗ ਹੌਲੀ ਹੌਲੀ ਮਘ ਕੇ ਇਕ ਭਾਂਬੜ ਦਾ ਰੂਪ ਧਾਰਨ ਕਰ ਰਹੀ ਸੀ। ਉਹ ਸ਼ਾਮੇ ਵਲ ਦੇਖੀ ਜਾਂਦੀ, ਉਸ ਦੀਆਂ ਗਲਾਂ ਸੁਣੀ ਜਾਂਦੀ ਸੀ, ਜਿਹੜੀਆਂ ਉਸ ਨੂੰ ਸੁਣਨੀਆਂ ਨਹੀਂ ਸਨ ਚਾਹੀਦੀਆਂ।



Sri Satguru Jagjit Singh Ji eLibrary NamdhariElibrary@gmail.com

ਸ਼ਾਮਾ ਇਸ ਭੌ ਨਾਲ ਵਿਆਕੁਲ ਸੀ ਕਿ ਦਿਨ ਨਾ ਚੜ੍ਹ ਜਾਏ। ਦਿਨ ਚੜ੍ਹੇ ਕੀ ਪਤਾ ਹੋਣਾ ਸੀ ? ਉਹ ਰਾਤ ਹੀ ਤਾਂ ਉਸ ਵਾਸਤੇ ਕੀਮਤੀ ਸੀ, ਮੰਗੋ ਉਤੇ ਉਸ ਦਾ ਕਬਜ਼ਾ ਸੀ।

ਸ਼ਾਮਾ ਆਪਣੇ ਅਸਲੀ ਰੂਪ ਵਿਚ ਪ੍ਰਗਤ ਹੋ ਪਿਆ। ਉਸ ਨੇ ਮੰਗੋ ਦੀ ਬਾਂਹ ਫੜੀ। ਮੰਗੋ ਨੇ ਮਹਿਸੂਸ ਕੀਤਾ, ਉਸ ਦੀ ਬਾਂਹ ਫੜੀ ਗਈ ਹੈ—ਉਸੇ ਤਰ੍ਹਾਂ ਜਿਵੇਂ ਸੱਪਣੀ-ਨਾਗਨ ਅਨੁਭਵ ਕਰਦੀ ਹੈ ਕਿ ਕਿਸੇ ਨੇ ਉਸ ਦੇ ਤਨ ਨੂੰ ਛੂਹਿਆ ਹੈ ਤੇ ਉਹ ਜ਼ਹਿਰੀਲਾ ਡੰਗ ਮਾਰੇ—ਮੰਗੋ ਨੇ ਇਕ ਵਾਰ ਬਲਦੀਆਂ ਅੱਖਾਂ ਨਾਲ ਸ਼ਾਮੇ ਵਲ ਦੇਖਿਆ—ਬਾਂਹ ਦੇ ਫੜਨ ਨਾਲ ਮੰਦੇ ਵਿਚਾਰ ਛੋਹਣ ਤੇ ਉਸ ਦੇ ਤਨ ਮਨ ਹੀ ਅੱਗ ਬਲ ਉਠੀ ਵਾਸ਼ਨਾ ਦੀ ਨਹੀਂ, ਕ੍ਰੋਧ ਦੀ, ਜਿਸ ਦੇ ਪਿਛੇ ਸਤ, ਧਰਮ, ਅਣਖ ਤੇ ਇਸਤਰੀ ਸਵੈ-ਸਤਿਕਾਰ ਦਾ ਬਲ ਸੀ।

'ਮੇਰੀ ਬਾਂਹ ਛਡ ਦੇ। ਇਹੋ ਚੰਗਾ ਐ, ਚੁਪ ਕਰਕੇ ਰਾਤ ਕਟ ਲਾ—ਅਜ ਦੀ ਰਾਤ...।'

ਇਹ ਆਖ ਕੇ ਮੰਗੋ ਨੇ ਸਜੇ ਹਥ ਦੀ ਮੁਕੀ ਅਮਲੀ ਦੇ ਉਸ ਗੁੱਟ ਤੇ ਮਾਰੀ, ਜਿਸ ਹਥ ਨਾਲ ਉਸ ਨੇ ਮੰਗੋ ਦੇ ਖਬੇ ਘੁਟ ਨੂੰ ਘੁਟਿਆ ਸੀ ਤੇ ਆਪਣੇ ਵਲ ਖਿਚਣ ਲਗਾ ਸੀ।

ਬਾਹਰ ਖੜਕਾ ਹੋਇਆ। ਕਿਸੇ ਦੇ ਘੰਘਣ ਦੀ ਅਵਾਜ਼ ਆਈ ਸ਼ਾਮੇ ਨੇ ਹਥ ਛਡ ਦਿਤਾ। ਉਹ ਚੁਪ ਹੋ ਕੇ ਬਾਹਰ ਦੀ ਵੈੜ ਲੈਣ ਲਗਾ।

ਫਿਰ ਘੰਘੂਰਾ ਵਜਿਆ। ਪੈਰਾਂ ਦਾ ਖੜਕਾ ਹੋਇਆ। ਬਾਹਰ ਹਨੇਰਾ ਸੀ ਤੇ ਅੰਦਰ ਚਾਨਣ, ਖਿੜਕੇ ਢੁਕੇ ਸਨ।

'ਕੋਈ ਆਇਆ !' ਮੰਗੋ ਨੇ ਉੱਚੀ ਅਵਾਜ਼ ਵਿਚ ਆਖਿਆ। ਉਹ ਤਾਂ ਨਸ ਕੇ ਬਾਹਰ ਜਾਣਾ ਚਾਹੁੰਦੀ ਸੀ, ਜਾਂ ਸ਼ਾਮੇ ਦੇ ਗਲ਼ ਨੂੰ ਆਪਣੇ ਦੋਹਾਂ ਹਥਾਂ ਵਿਚ ਘੁਟ ਕੇ ਘੁਟ ਸੁਟਣਾ ਚਾਹੁੰਦੀ ਸੀ। ਉਹ ਖੂਨ ਕਰਨ ਤੇ ਤੁਲੀ ਪਈ ਸੀ।

'ਚੁਪ ਕਰ ਕਿਤੇ ਪੁਲਸ ਵਾਲੇ ਨਾ ਹੋਣ। ਉਹ ਵੀ ਬਬਰਾਂ ਨੂੰ



Sri Satguru Jagjit Singh Ji eLibrary NamdhariElibrary@gmail.com

ਲਭਦੇ ਫਿਰਦੇ ਹਨ। ਜੇ ਅਸੀਂ ਹਥ ਆ ਗਏ ਤਾਂ ਉਹ ਧਰਮੂ ਦਾ ਪਤਾ ਪੁਛਣਗੇ। ਕੀ ਦਸਾਂਗੇ ? ਮੈਂ ਤੇਰਾ ਦੁਸ਼ਮਨ ਨਹੀਂ, ਪ੍ਰੇਮੀ ਆਂ, ਜੇ ਮੇਰੇ ਆਖੇ ਲਗ ਜਾਂਦੀਓਂ ਤਾਂ ਐਥੋਂ ਤਕ ਨੌਬਤ ਨਾ ਪਹੁੰਚਦੀ।'

'ਔਂਤਰਿਆ ਚੁਪ ਰਹੋ ? ਪੁਲਸੀਏ ਹੋਣ ਜਾਂ ਡਾਕੂ ਮੈਂ ਤਾਂ ਰੌਲਾ ਪਾਵਾਂਗੀ।' ਮੰਗੋ ਹੋਰ ਉਚੀ ਬੋਲੀ।

ਬਾਹਰੋਂ ਅਵਾਜ਼ ਆਈ 'ਦੀਵਾ ਜਗਦਾ ਐ, ਅੰਦਰ ਗਲਾਂ ਵੀ ਹੁੰਦੀਆਂ ਹਨ'

ਇਸ ਦੇ ਨਾਲ ਹੀ ਬੂਹੇ ਨੂੰ ਧਕਾ ਵਜਾ ਤੇ ਅਵਾਜ਼ ਆਈ, 'ਕੌਣ ਐ ਓਏ ਅੰਦਰ ? ਬੂਹਾ ਖੋਹਲੋ !'

ਮੰਗੋ ਉਠਣ ਲਗੀ ਤਾਂ ਸ਼ਾਮੇ ਨੂੰ ਰੋਕਿਆ। ਹੌਲੀ ਜਿਹੀ ਆਖਿਆ, ਮੈਂ ਵੇਖਦਾ ਆਂ, ਤੂੰ ਪਾਸੇ ਹੋ ਜਾਹ ਅਗੇ ਕੁੜ੍ਹ ਵਿਚ ਲੁਕ ਜਾ ਪੁਲਸੀਏ ਜਾਪਦੇ ਨੇ।'

ਬਾਹਰਲਿਆਂ ਨੇ ਸ਼ਾਇਦ ਅਮਲੀ ਦਾ ਬੋਲ ਸੁਣ ਲਿਆ, ਉਨ੍ਹਾਂ ਅਵਾਜ਼ ਦਿਤੀ 'ਪੁਲਸੀਆਂ ਦੇ ਪੁਤਰਾ ਬੂਹਾ ਖੋਲ੍ਹ, ਨਹੀਂ ਤੇ ਲਗੇ ਈ ਖਿੜਕਾ ਤੋੜਨ।

ਸ਼ਾਮੇ ਅਮਲੀ ਦੇ ਸਿਰ ਪੱਥਰ ਪੈ ਗਏ। ਉਸ ਦੇ ਮਨ ਦੀਆਂ ਮਨ ਵਿਚ ਰਹੀਆਂ। ਉਲਟੇ ਲੈਣੇ ਦੇ ਦੇਣੇ ਪੈ ਗਏ। ਉਸ ਦਾ ਸਰੀਰ ਕੰਬਣ ਲਗ ਪਿਆ। ਵਾਸ਼ਨਾ ਦਾ ਲਹੂ ਠੰਢਾ ਹੋ ਗਿਆ। ਉਠਿਆ ਕੁੰਡੀ ਖੋਲ੍ਹੀ।

'ਪੁਲਸ ਵਾਲੇ !' ਉਸ ਦੇ ਮੂੰਹੋਂ ਆਪੇ ਹੀ ਨਿਕਲ ਗਿਆ।

'ਹਾਂ ! ਪੁਲਸ ਵਾਲੇ, ਪਰ ਤੂੰ ਕੌਣ ਐਂ ? ਤੇਰੇ ਨਾਲ ਇਹ ਤੀਵੀਂ ਕੌਣ ਐ ?'

ਦੋ ਬੰਦੇ ਅਗੇ ਹੋਏ ਤੇ ਦੋ ਪਿਛੇ ਰਹੇ। ਉਹਨਾਂ ਨੇ ਘੋੜੀਆਂ ਫੜੀਆਂ ਹੋਈਆਂ ਸਨ। ਚਾਰ ਸਿਪਾਹੀ ਸਨ। ਇਕ ਹੌਲਦਾਰ ਤੇ ਤਿੰਨ ਸਿਪਾਹੀ, ਉਹਨਾਂ ਚੌਹਾਂ ਕੋਲ ਪੱਕੀਆਂ ਬੰਦੂਕਾਂ ਸਨ। ਕੰਮ ਉਹਨਾਂ ਦਾ ਖਤਰੇ ਭਰਿਆ ਸੀ।



Sri Satguru Jagjit Singh Ji eLibrary NamdhariElibrary@gmail.com

'ਜੀ !...ਜੀ ਸੰਤੋ ਏ ਸੰਤੋ ।' ਸ਼ਾਮੇ ਨੂੰ ਕੁਝ ਦਸਣਾ ਹੀ ਪਿਆ।

'ਤੇਰੀ ਕੀ ਲਗਦੀ ਐ ?'

'ਮੇਰੀ...ਮੇਰੀ !

ਸ਼ਾਮਾ ਘਬਰਾ ਗਿਆ। ਉਹ ਕੀ ਦਸੇ ? ਹਵਾਲਦਾਰ ਕੁਝ ਛਿਥਾ ਪੈ ਕੇ ਬੋਲਿਆ-

ਹਾਂ ! ਤੇਰੀ, ਛੇਤੀ ਦਸ !'

'ਜੀ !'

'ਜੀ ਜੀ ਦਿਆ ਪੁਤਰਾ ਬੋਲ ਵੀ ! ਕੀ ਤੂੰ ਇਸ ਨੂੰ ਉਧਾਲੀ ਫਿਰਦਾ ਐਂ ?'

ਸ਼ਾਮੇ ਅਮਲੀ ਦਾ ਸਾਰਾ ਨਸ਼ਾ ਲੱਥ ਗਿਆ । ਅਫੀਮ ਦਾ ਨਸ਼ਾ ਇਸ਼ਕ ਦਾ ਨਸ਼ਾ ਇਕ ਦਮ ਉਤਰ ਗਿਆ। ਉਸ ਸਮੇਂ ਦੀ ਪੁਲਸ ਦੇ ਵਤੀਰੇ ਨੂੰ ਉਹ ਚੰਗੀ ਤਰ੍ਹਾਂ ਜਾਣਦਾ ਸੀ।

ਮੰਗੋ ਚੁਪ ਰਹੀ ਸੀ ਉਹ ਨੀਵਾਂ ਸਿਰ ਕਰਕੇ ਸੋਚੀ ਜਾ ਰਹੀ ਸੀ ਕਿ ਸਾਰਾ ਭੇਤ ਪਰਗਟ ਕਰੇ ਜਾਂ ਨਾ ਕਰੇ। ਕੁਝ ਇਸ ਗਲ ਨੇ ਵੀ ਝਿਜਕ ਵਿਚ ਸੁਟ ਦਿਤਾ-ਜੋ ਸ਼ਾਮੇ ਨੇ ਉਸ ਦਾ ਨਾਂ ਸੰਤੋ ਪੁਲਸ ਵਾਲਿਆਂ ਨੂੰ ਦਸਿਆ। ਸ਼ਾਮੇ ਨੇ ਝੂਠ ਬੋਲਿਆ-ਕਿਉਂ ? ਸ਼ਾਇਦ ਇਸ ਲਈ ਕਿ ਉਹ ਆਪਣਾ ਤੇ ਮੰਗੋ ਦਾ ਬਚਾ ਕਰਨਾ ਚਾਹੁੰਦਾ ਸੀ। ਮੰਗੋ ਇਕ ਬਾਗੀ ਬਬਰ ਦੀ ਮਾਂ ਸੀ । ਪੁਲਸ ਦੇ ਹਥ ਆਇਆਂ ਜ਼ਰੂਰੀ ਸੀ ਕਿ ਜਿਥੇ ਪੁਲਸ ਨੇ ਉਸ ਦੇ ਉਧਾਲੇ ਦਾ ਮੁਕੱਦਮਾ ਹੱਥ ਲੈਣਾ ਸੀ। ਉਥੇ ਧਰਮ ਸਿੰਘ ਬਾਰੇ ਵੀ ਪੁਛ ਗਿਛ ਕਰਨੀ ਸੀ। ਉਸ ਦੇ ਹਿਰਦੇ ਵਿਚ ਅਨੋਖੀ ਜੰਗ ਛਿੜ ਗਈ । ਇਕ ਪਾਸੇ ਸੀ ਸ਼ਾਮਾ ਜਿਹੜਾ ਉਸ ਦਾ ਇਸਤਰੀ ਧਰਮ ਲੁਟ ਕੇ ਉਸ ਦਾ ਜੀਵਨ ਨਸ਼ਟ ਤੇ ਕਲੰਕਤ ਕਰਨਾ ਚਾਹੁੰਦਾ ਸੀ-ਕੁਝ ਕਰਾ ਦਿਤਾ ਡਾਕੂਆਂ ਕੋਲੋਂ ਘਰੋਂ ਚੁਕਵਾ ਕੇ। ਉਸ ਨੂੰ ਇਹ ਵੀ ਗੁਸਾ ਸੀ ਕਿ ਸ਼ਾਮੇ ਦੀ ਸ਼ੈਤਾਨੀ ਨਾਲ ਹੀ ਨਿਹਾਲੋ ਕਵਾਰੀ ਮਾਸੂਮ ਲੜਕੀ ਡਾਕੂਆਂ ਦੇ ਪੰਜੇ ਵਿਚ ਫਸੀ।



Sri Satguru Jagjit Singh Ji eLibrary NamdhariElibrary@gmail.com

ਉਸ ਨਾਲ ਕੀ ਬੀਤੇਗੀ ? ਇਹ ਸੋਚ ਕੇ ਉਸ ਦੇ ਸਰੀਰ ਨੂੰ ਕੰਬਣੀ ਆਈ। ਸ਼ਾਮਾ ਉਸ ਨੂੰ ਇਕ ਖ਼ੂਨੀ, ਡਾਕੂ ਤੇ ਅਤਿਆਚਾਰੀ ਜਮਦੂਤ ਪ੍ਰਤੀਤ ਹੋਇਆ, ਨਫਰਤ ਦੀ ਅੱਗ ਇਕ ਭਾਂਬੜ ਬਣ ਕੇ ਬਲ ਉਠੀ। ਮੰਗੋ ਦਾ ਸਾਰਾ ਸਰੀਰ ਲੂਈ ਕੰਡੇ ਹੋ ਗਿਆ। ਉਸ ਦੇ ਕਲੇਜੇ ਦਾ ਰੁਗ ਭਰਿਆ ਗਿਆ, ਪੀੜਾਂ ਨਾਲ ਵਿਆਕੁਲ ਹੋਈ ਉਹ ਡਰਿਆ ਕੇ ਬੋਲੀ—'ਮੇਰਾ ਨਾਂ ਸੰਤੋ ਨਹੀਂ, ਮੰਗੋ ਐ ਮੰਗੋ! ਮੈਂ ਆਦਮ ਪੁਰ ਤੋਂ ਆਂ। ਇਹ ਸ਼ਾਮਾ ਅਮਲੀ ਐ! ਮੇਰਾ ਕੁਝ ਨਹੀਂ ਲਗਦਾ। ਕੁਝ ਨਹੀਂ ਲੱਗਦਾ।'

ਰਾਤ ਦੀ ਚੁਪ ਤੇ ਖੇਤਾਂ ਵਿਚ ਕੁਝ ਸੀ। ਮੰਗੋ ਦੇ ਬੋਲਾਂ ਨਾਲ ਉਹ ਗੂੰਜ ਉਠੀ। ਸ਼ਾਮੇ ਦੇ ਦੰਦ ਜੁੜ ਗਏ। ਉਸ ਦੇ ਬੁਲ੍ਹ ਖੁਸ਼ਕ ਹੋ ਗਏ। ਅਫੀਮ ਦਾ ਨਸ਼ਾ ਤਾਂ ਉਤਰ ਗਿਆ, ਪਰ ਸੰਘ ਸੁਕ ਗਿਆ। ਉਹਦਾ ਦਾ ਤਾਂ ਸਾਹ ਰੁਕਣ ਲੱਗਾ। ਉਹ ਬਿਟ ਬਿਟ ਮੰਗੋ ਵਲ ਵੇਖਣ ਲਗ ਪਿਆ।

'ਤੇਰਾ ਕੁਝ ਨਹੀਂ ਲਗਦਾ ਤਾਂ ਤੂੰ ਏਥੇ ਕਿਵੇਂ ਆਈ ?

'ਇਸ ਸ਼ਾਮੇ ਨੇ...ਇਸ ਚੰਦਰੇ ਨੇ ਡਾਕੂਆਂ ਨਾਲ ਮਿਲ ਕੇ, ਇਸ ਨੇ ਡਾਕਾ ਮਰਵਾਇਆ। ਆਪ ਵੀ ਨਾਲ ਸੀ। ਡਾਕੂ ਪਿੰਡ ਨੂੰ ਲੁਟ ਕੇ ਮੈਨੂੰ ਤੇ ਇਕ ਕੁੜੀ ਨਿਹਾਲੋ ਨੂੰ ਚੁਕ ਲਿਆਏ। ਮੈਨੂੰ ਇਸ ਦੇ ਹਵਾਲੇ ਕਰ ਗਏ ਤੇ ਨਿਹਾਲੋ ਨੂੰ ਲੈ ਗਏ। ਇਸ ਵੇਲੀ ਦਾ ਕੋਈ ਜਾਣੂ ਐ ਦਿਆਲਾ ਚੋਰ, ਜਿਸ ਦਾ ਇਹ ਖੂਹ ਐ—ਦੋਵੇਂ ਮੈਨੂੰ ਏਥੇ ਲੈ ਆਏ। ਉਹ ਤਾਂ ਪਿੰਡ ਨੂੰ ਚਲਿਆ ਗਿਆ ਈ ਤੇ ਇਹ...।'

'ਇਹ ਕੀ ?'

'ਕੀ ਦਸਾਂ...ਮੈਨੂੰ ਤੰਗ ਕਰਨ ਲੱਗਾ ਸੀ...ਤੁਸੀਂ ਆ ਗਏ। ਮੈਨੂੰ ਬਚਾਓ ਕਸਾਈ ਕੋਲੋਂ।'

'ਕਿਉਂ ਓਏ ਅਮਲੀਆ, ਜੋ ਕੁਝ ਇਹ ਆਖਦੀ ਆ ਸੋ ਠੀਕ ਐ ?'

ਹਵਾਲਦਾਰ ਸ਼ਾਮੇ ਵਲ ਹੋ ਗਿਆ।



Sri Satguru Jagjit Singh Ji eLibrary NamdhariElibrary@gmail.com

ਸ਼ਾਮਾਂ ਕੀ ਆਖੇ ? ਕਿਵੇਂ ਝੂਠੀ ਕਹਾਣੀ ਘੜੇ ? ਉਸ ਦੀ ਸੋਚ ਸ਼ਕਤੀ ਸੌਂ ਗਈ। ਉਹ ਚੁਪ ਰਿਹਾ।

'ਫੜ ਉਏ ! ਕਢ ਬਾਹਰ ਤੇ ਰਤਾ ਲੰਮਿਆਂ ਪਾ। ਵੇਖ ਫਿਰ ਸਭ ਕੁਝ ਦਸਦਾ।'

ਸ਼ਾਮਾ ਕੰਬ ਗਿਆ।

'ਜੋ ਕੁਝ ਦਸਦੀ ਆ ਸੋ ਠੀਕ ਐ !' ਸ਼ਾਮਾ ਬੋਲ ਪਿਆ।

'ਉਹ ਡਾਕੂ ਕਿਹੜੇ ਸਨ ?'

'ਜੀ ਬਰਿਆਮੇ ਦੀ ਟੋਲੀ।'

'ਬਰਿਆਮ ਸਿਹੁੰ ਦੀ !'

'ਜੀ ਸਰਕਾਰ ! ਮੋਤੀਆਂ ਵਾਲਿਓ ! ਮੈਂ ਤਾਂ ਪੁਲਸ ਦਾ ਵਫ਼ਾਦਾਰ ਸੇਵਕ ਆਂ–ਇਹ !'

'ਇਹ ਕੀ ?'

ਉਹ ਚੁਪ ਹੋ ਗਿਆ।

'ਹਵਾਲਦਾਰ ਜੀ, ਇਹਨਾਂ ਨੂੰ ਪਿੰਡ ਲੈ ਚਲੋ ! ਫੜੋ ਦਿਆਲੇ ਬਦਮਾਸ਼ ਨੂੰ, ਇਹਨਾਂ ਤਾਂ ਲੁਟ ਮਚਾਈ ਹੋਈ ਐ ! ਸਾਲੇ ਅਸਾਂ ਲੋਕਾਂ ਦੀ ਵੀ ਸ਼ਾਮਤ ਲਿਅਉਂਦੇ ਹਨ।' ਸਿਪਾਹੀ ਨੇ ਆਖਿਆ।

ਕੁੜੂ ਦੀ ਤਲਾਸ਼ੀ ਲਈ। ਕੋਈ ਖਤਰਨਾਕ ਹਥਿਆਰ ਨਾ ਮਿਲਿਆ, ਪਰ ਦੇਸੀ ਸ਼ਰਾਬ ਦੀਆਂ ਦੋ ਬੋਤਲਾਂ ਕੱਖਾਂ ਉਹਲੇ ਰਖੀਆਂ ਹੋਈਆਂ ਮਿਲ ਗਈਆਂ। ਉਹਨਾਂ ਬੋਤਲਾਂ ਨੂੰ ਚੁਕ ਕੇ ਸ਼ਾਮੇ ਵਲ ਤੁਰ ਪਏ

ਰਾਤ ਦੀ ਚੁਪ ਜਾਦੂਗਰੀ ਨਾਲ ਕੀਲੀ ਹੋਈ ਬਨਾਸਪਤੀ ਸੁੱਤੀ ਪਈ ਸੀ। ਪੰਛੀ ਸੁਤੇ ਹੋਏ ਸਨ। ਅਕਾਸ਼ ਉਤੇ ਤਾਰੇ ਡਲ੍ਹਕਦੇ ਸਨ। ਪਿੰਡ ਵਿਚੋਂ ਕੁਤੇ ਦੇ ਭੌਂਕਣ ਦੀ ਅਵਾਜ਼ ਆਉਂਦੀ ਸੀ। ਚਾਰ ਪੁਲਸੀਆਂ, ਸ਼ਾਮੇ ਤੇ ਮੰਗੋ ਦੇ ਪੈਰਾਂ ਦਾ ਖੜਕਾ ਰਾਤ ਦੇ ਸ਼ਾਂਤ ਵਾਤਾਵਰਣ ਵਿਚ ਸੁਣਾਈ ਦਿੰਦਾ ਜਾਂਦਾ ਸੀ।



Sri Satguru Jagjit Singh Ji eLibrary NamdhariElibrary@gmail.com

## ੧੯.

ਲਾਜਵੰਤੀ ਵਾਂਗ ਕੁਮਲਾਈ ਅਤੇ ਡਰੀ ਸਹਿਮੀ ਨਿਹਾਲੋ ਰਾਮ ਸਿੰਘ ਦੇ ਆਸਰੇ ਆਦਮ ਪੁਰ ਪਹੁੰਚ ਗਈ । ਉਸ ਦਾ ਵਾਪਸ ਆਦਮ ਪੁਰ ਆਉਣਾ ਕੋਈ ਮਾਮੂਲੀ ਗਲ ਨਹੀਂ ਸੀ–ਇਕ ਅਚੰਭਾ ਸੀ । ਪਿੰਡ ਦੀਆਂ ਸਾਰੀਆਂ ਇਸਤਰੀਆਂ ਉਸ ਨੂੰ ਦੇਖਣ ਆਈਆਂ । ਉਸ ਕੋਲੋਂ ਉਸ ਨਾਲ ਹੋਏ ਸਲੂਕ ਅਤੇ ਮੰਗੋ ਬਾਰੇ ਕਈ ਗਲਾਂ ਪੁਛਦੀਆਂ ਰਹੀਆਂ ।

ਨਿਹਾਲੋ ਦੀ ਜ਼ਬਾਨੀ ਜਦ ਪਿੰਡ ਵਾਲਿਆਂ ਨੂੰ ਪਤਾ ਲੱਗਾ ਕਿ ਸ਼ਾਮੇ ਅਮਲੀ ਨੇ ਹੀ ਨਿਹਾਲੋ ਤੇ ਮੰਗੋ ਨੂੰ ਚੁਕਵਾਇਆ ਸੀ ਤੇ ਡਾਕੂਆਂ ਨੂੰ ਉਸੇ ਸਦਿਆ ਸੀ ਤਾਂ ਪਿੰਡ ਵਾਲੇ ਸਾਰੇ ਦੇ ਸਾਰੇ ਸ਼ਾਮੇ ਅਮਲੀ ਦੇ ਲਹੂ ਦੇ ਤਿਹਾਏ ਹੋ ਗਏ ।

'ਉਸ ਨੂੰ ਕੁਤਿਆਂ ਕੋਲੋਂ ਤੁੜਵਾਇਆ ਜਾਵੇ ।'

'ਮੂੰਹ ਕਾਲਾ ਕਰਕੇ ਖੋਤੇ ਤੇ ਚੜ੍ਹਾ ਕੇ ਪਿੰਡ ਵਿਚ ਫੇਰਿਆ ਜਾਏ ।'

'ਬੇਈਮਾਨ ਨੇ ਪਿੰਡ ਨਾਲ ਦੁਸ਼ਮਨੀ ਕੀਤੀ, ਪਿੰਡ ਦੀ ਬੇਇਜ਼ਤੀ



Sri Satguru Jagjit Singh Ji eLibrary NamdhariElibrary@gmail.com

ਕਰਵਾਈ।'

ਇਸ ਤਰ੍ਹਾਂ ਲੋਕ ਭਾਂਤੋ ਭਾਂਤ ਬੋਲਦੇ ਸਨ। ਬੋਲਦੇ ਵੀ ਕਿਉਂ ਨਾ, ਸ਼ਾਮੇ ਅਮਲੀ ਨੇ ਕੀਤੀ ਵੀ ਤਾਂ ਭੈੜੀ ਗਲ ਸੀ। ਸਾਰੇ ਪਰਗਨੇ ਨੂੰ ਇਕ ਵਾਰ ਕ੍ਰੋਧ ਨਾਲ ਕੰਬ ਉਠੇ। ਉਨ੍ਹਾਂ ਨੇ ਖਿਆਲ ਕੀਤਾ, ਪਿੰਡ ਤਾਂ ਕਦੀ ਜ਼ਰੂਰ ਆਏਗਾ, ਕਿਉਂਕਿ ਵੀਹ ਕੁ ਵਿਘੇ ਭੋਂ ਵੀ ਉਸ ਦੇ ਕੋਲ ਸੀ, ਘਰ ਸੀ ਤੇ ਭਾਜਣ ਸੀ।

ਰਾਮ ਸਿੰਘ ਨੇ ਜੋ ਕੁਝ ਵਰਿਆਮ ਸਿੰਘ ਕੋਲੋਂ ਸੁਣਿਆ ਸੀ, ਸੋ ਸਭ ਕੁਝ ਨਿਹਾਲੋ ਨੂੰ ਦਸ ਦਿਤਾ ਸੀ। ਇਹ ਵੀ ਆਖਿਆ ਸੀ, 'ਮੰਗੋ ਸ਼ਾਮੇ ਦੇ ਕੋਲ ਹੈ। ਉਹ ਪਤਾ ਨਹੀਂ ਕਿਹੜੇ ਪਿੰਡ ਨੂੰ ਲੈ ਗਿਆ, ਉਸ ਨੂੰ ਵਾਪਸ ਲਿਆਂਦਾ ਜਾਏਗਾ ਤੇ ਸ਼ਾਮੇ ਅਮਲੀ ਨੂੰ ਸੋਧ ਦਿਤਾ ਜਾਏਗਾ। ਉਹ ਜੀਉਣ ਦਾ ਹੱਕ ਨਹੀਂ ਰਖਦਾ, ਕਿਉਂਕਿ ਦੇਸ਼ ਤੇ ਲੋਕ-ਦੁਸ਼ਮਨ ਹੈ। ਨਿਹਾਲੋ ਨੇ ਜਿਉਂ ਦੀ ਤਿਉਂ ਸਾਰੀ ਗੱਲ ਆਪਣੀ ਮਾਸੀ ਨੂੰ ਦੱਸ ਦਿਤੀ ਸੀ!

ਨਿਹਾਲੋ ਦੇ ਵਾਪਸ ਆ ਜਾਣ ਦੀ ਖਬਰ ਰਾਣੀ ਪੁਰ ਭੇਜੀ ਗਈ। ਉਸ ਦੀ ਮਾਤਾ, ਭਾਈ ਤੇ ਬਾਪ ਆਏ। ਨਿਹਾਲੋ ਨੂੰ ਮਿਲੇ। ਨਿਹਾਲੋ ਰੋਂਦੀ ਬਸ ਨਹੀਂ ਸੀ ਕਰਦੀ। ਉਹ ਸਹਿਮੀ ਤੇ ਡਰੀ ਹੋਈ ਸੀ। ਘਰਦਿਆਂ ਨੇ ਉਸ ਨੂੰ ਹੌਂਸਲਾ ਦਿਤਾ। ਉਸ ਤੋਂ ਘ੍ਰਿਣਾ ਨਾ ਕੀਤੀ, ਕਿਉਂਕਿ ਉਹ ਸਮਝਦੇ ਸਨ ਕਿ ਨਿਹਾਲ ਨਿਰਦੋਸ਼ ਸੀ। ਅਨਪੜ੍ਹਤਾ, ਜਹਾਲਤ ਤੇ ਅੰਗਰੇਜ਼ ਦੀ ਮਾੜੀ ਨੀਤੀ ਦੇ ਕਾਰਨ ਦੇਸ ਵਿਚ ਮਾੜੇ ਲੋਕ ਪੈਦਾ ਹੋ ਗਏ ਸਨ, ਜਿਹੜੇ ਕੁਰਾਹੇ ਤੁਰੇ ਜਾਂਦੇ ਸਨ, ਜਿਨ੍ਹਾਂ ਨੂੰ ਦੇਸ ਦੇ ਬੁਰੇ ਭਲੇ ਦਾ ਕੋਈ ਗਿਆਨ ਨਹੀਂ ਸੀ। ਕੀਮਤੀ ਜਵਾਨੀਆਂ ਐਵੇਂ ਗੁਆਉਂਦੇ, ਜਿਹਲਾਂ ਤੇ ਜੰਗਲਾਂ ਵਿਚ ਰਹਿੰਦੇ। ਸਨ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਡਾਕੂ ਤੇ ਚੋਰ ਬਣਨਾ ਸਭ ਤੋਂ ਮਾੜੀ ਗਲ ਹੈ, ਕੁਕਰਮ ਹੈ, ਪਾਪ ਹੈ।

ਉਧਰ ਵਰਿਆਮ ਸਿੰਘ ਦੇ ਬੰਦੇ ਮੰਗੋ ਤੇ ਸ਼ਾਮੇ ਨੂੰ ਲਭਣ ਗਏ ਤਾਂ ਉਹਨਾਂ ਨੂੰ ਪਤਾ ਲਗਾ ਕਿ ਮੰਗੋ ਤਾਂ ਕਪੂਰਥਲੇ ਦੇ ਸਦਰ ਥਾਣੇ



Sri Satguru Jagjit Singh Ji eLibrary NamdhariElibrary@gmail.com

ਪੁਜ ਗਈ ਸੀ ਅਤੇ ਅਮਲੀ ਨੂੰ ਪੁਲਸ ਨੇ ਛਡ ਦਿਤਾ ਸੀ !

ਦਿਆਲਾ ਤੇ ਅਮਲੀ ਦੋਵੇਂ ਪੁਰਾਣੇ ਹੰਡੇ ਹੋਏ ਤੇ ਤਜਰਬਾਕਾਰ ਬੰਦੇ ਸਨ। ਦਿਆਲੇ ਦੇ ਉਪਜਾਊ ਦਿਮਾਗ ਨੇ ਪੁਲਸ ਨੂੰ ਆਖ ਦਿਤਾ, 'ਸ਼ਾਮਾ ਤਾਂ ਮੂਰਖ ਐ, ਭਲਾ ਪੁਲਸ ਦੇ ਵਡੇ ਅਫਸਰਾਂ ਕੋਲੋਂ ਹਠਲੇ ਅਫਸਰਾਂ ਦੀ ਮਰਜ਼ੀ ਤੋਂ ਬਿਨਾਂ ਵੀ ਇਨਾਮ ਪ੍ਰਾਪਤ ਕੀਤਾ ਜਾਂਦਾ ਹੈ ?'

'ਮਤਲਬ ਕੀ ਤੇਰਾ ਓਇ ਇਹ ਆਖਣੇ ਤੋਂ।' ਹਵਾਲਦਾਰ ਨੇ ਪੁਛਿਆ ਸੀ।

'ਹਵਾਲਦਾਰਾ, ਮਤਲਬ ਈ ਮੇਰਾ ਇਹ ਕਿ ਮੰਗੋ ਇਕ ਸ਼ੱਕੀ ਔਰਤ ਏ।'

'ਕਿਵੇਂ ?'

'ਇਹ ਆਦਮਪੁਰ ਦੇ ਧਰਮ ਸਿੰਹੇਂ ਦੀ ਮਾਂ ਐ।'

'ਕਿਉਂ ਓਏ ਸ਼ਾਮਿਆਂ ਠੀਕ ਐ ?'

ਹਵਾਲਦਾਰ ਨੇ ਸ਼ਾਮੇ ਅਮਲੀ ਵਲ ਧਿਆਨ ਕੀਤਾ ਤੇ ਉਸ ਨੂੰ ਪੁਛਿਆ।

'ਆਹੋ !'

ਸ਼ਾਮੇ ਨੂੰ ਆਖਣਾ ਈ ਪਿਆ।

'ਓਇ ਹਰਾਮੀਆਂ ਤੂੰ ਤਾ ਇਸ ਦਾ ਨਾਂ ਸੰਤੋ ਦਸਦਾ ਏਂ ?'

ਸ਼ਾਮੇ ਤਾਂ ਅਜ ਕੋਈ ਉਤਰ ਨਾ ਦਿਤਾ, ਪਰ ਦਿਆਲਾ ਬੋਲ ਪਿਆ।

'ਇਸ ਨੇ ਮੰਗੋ ਨੂੰ ਕਪੂਰਥਲੇ ਕਪਤਾਨ ਸਾਹਿਬ ਦੇ ਪੇਸ਼ ਕਰਨਾ ਐ। ਇਹ ਤਾਂ ਧੋਖੇ ਨਾਲ ਫੜ ਕੇ ਲਿਆਇਆ ਏ। ਹੋਰ ਨਾ ਇਹ ਇਸ ਦਾ ਆਸ਼ਕ ਐ ਨਾ ਵੈਲੀ। ਗਲ ਤਾਂ ਸਹੀ ਇਹੋ ਐ। ਅਗੇ ਤੁਸੀਂ ਹਾਕਮ ਹੋ, ਜਿਵੇਂ ਜੀ ਚਾਹੇ ਸਮਝੋ।'

ਸ਼ਾਮਾਂ ਪੁਲਸ ਕੋਲੋਂ ਡਰ ਗਿਆ। ਅਮਲੀ ਤਾਂ ਥੋੜੇ ਦਿਲ ਦਾ ਬੰਦਾ ਸੀ। ਕੁਝ ਸਚ ਤੇ ਕੁਝ ਝੂਠ ਬੋਲ ਕੇ ਉਹ ਆਪ ਬਚ ਗਿਆ। ਮੰਗੋ ਪੁਲਸ ਦੇ ਹਥ ਆ ਗਈ। ਹਵਾਲਦਾਰ ਨੂੰ ਥਾਣੇਦਾਰ ਬਣਨ



Sri Satguru Jagjit Singh Ji eLibrary NamdhariElibrary@gmail.com

ਸਤੇ ਸੁਨਹਿਰੀ ਮੌਕਾ ਹਥ ਆ ਗਿਆ। ਉਹ ਖੁਸ਼ ਹੋ ਗਿਆ। ਦਿਆਲੇ ਤੇ ਸ਼ਾਮੇ ਨੂੰ ਛਡ ਕੇ ਮੰਗੋ ਨੂੰ ਨਾਲ ਲੈ ਕੇ ਆਪਣੇ ਥਾਣੇ ਵਲ ਤੁਰ ਪਿਆ।

ਮੰਗੋ ਦਾ ਦਿਲ ਤਕੜਾ ਹੋ ਗਿਆ ਸੀ। ਉਸ ਨੂੰ ਆਪਣੇ ਆਪ ਤੇ ਭਰੋਸਾ ਸੀ ਕਿ ਉਹ ਆਪਣੇ ਪੁਤਰ ਬਾਰੇ ਜਾਂ ਬਬਰਾਂ ਬਾਰੇ ਕੁਝ ਨਹੀਂ ਦਸੇਗੀ, ਭਾਵੇਂ ਉਸ ਨੂੰ ਆਪਣੇ ਪਤੀ ਦੇਵ ਵਾਂਗ ਬਰਤਾਨਵੀ ਸਾਮਰਾਜੀ ਦੈਂਤਾਂ ਦੇ ਗੁਸੇ ਦਾ ਸ਼ਿਕਾਰ ਕਿਉਂ ਨਾ ਬਣਨਾ ਪਵੇ! ਉਹ ਇਸਤਰੀ ਸੀ, ਉਹ ਜ਼ਿਦ ਜਾਂ ਹਠ ਕਰ ਸਕਦੀ ਸੀ।

'ਸ਼ਾਮਾ ਝੂਠ ਬੋਲਦਾ ਹੈ। ਮੈਨੂੰ ਆਪਣੇ ਪੁਤਰ ਧਰਮੂ ਬਾਰੇ ਕੁਝ ਪਤਾ ਨਹੀਂ। ਉਹ ਕੀ ਕਰਦਾ ਹੈ, ਨਾ ਬਬਰਾਂ ਦਾ ਪਤਾ ਹੈ, ਉਹ ਕੌਣ ਹਨ? ਸ਼ਾਮਾ ਛਟੂਰ ਭੈੜਾ ਬੰਦਾ ਹੈ, ਇਹ ਮੈਨੂੰ ਕਈ ਚਿਰ ਤੋਂ ਚਾਦਰ ਪਾਉਣ ਲਈ ਆਖ ਰਿਹਾ ਐ।' ਮੈਂ ਨਹੀਂ ਮੰਨੀ ਤਾਂ ਡਾਕੂਆਂ ਰਾਹੀਂ ਲੈ ਆਇਆ। ਇਹ ਡਾਕੇ ਮਰਵਾਉਂਦਾ ਐ।'

ਇਹੋ ਕੁਝ ਉਸ ਨੇ ਹਵਾਲਦਾਰ ਨੂੰ ਆਖਿਆ ਤੇ ਇਹੋ ਕੁਝ ਅਗੇ ਦਸਣਾ ਸੀ। ਪੁਲਸ ਵਾਲੇ ਭਾਵੇਂ ਉਸ ਨਾਲ ਸਖਤੀ ਦਾ ਵਰਤਾਓ ਕਰਨ ਜਾਂ ਨਰਮੀ ਦਾ।

ਉਹ ਰਿਆਸਤ ਦੇ ਇਕ ਥਾਣੇ ਵਿਚ ਪਹੁੰਚਾਈ ਗਈ।



Sri Satguru Jagjit Singh Ji eLibrary NamdhariElibrary@gmail.com

# ੨੦.

ਬੁਲ੍ਹੇ ਸ਼ਾਹ ਫਕੀਰ ਨੂੰ ਕਿਸੇ ਪੁਛਿਆ, 'ਪੀਰ ਜੀ ! ਰਬ ਨੂੰ ਕਿਵੇਂ ਪਾਈਦਾ ਹੈ ? ਉਸ ਵੇਲੇ ਪੀਰ ਬੁਲ੍ਹੇ ਸ਼ਾਹ ਆਪਣੇ ਸੇਵਕਾਂ ਕੋਲ ਖਲੋਤਾ ਸੀ ਤੇ ਉਹ ਝੋਨਾ ਲਾ ਰਹੇ ਸਨ । ਉਸ ਵਲ ਦੇਖ ਕੇ ਰਮਜ਼ ਨਾਲ ਉਤਰ ਦਿਤਾ—

'ਰਬ ਦਾ ਕੀ ਪਾਉਣਾ, ਏਧਰੋਂ ਪੁਟਣਾ ਓਧਰ ਲਾਉਣਾ ।'

ਇਸ ਬਚਨ ਦਾ ਭਾਵ ਸੀ ਕਿ ਜਿਵੇਂ ਝੋਨੇ ਦੀ ਪਨੀਰੀ ਇਕ ਥਾਂ ਤੋਂ ਪੁਟ ਕੇ ਦੂਸਰੇ ਤਾਂ ਲਾਈ ਜਾਂਦੀ ਹੈ ਤੇ ਫਲ ਦਿੰਦੀ ਹੈ, ਤਿਵੇਂ ਮਨ ਨੂੰ ਮਾੜੇ ਕੰਮਾਂ ਵਲੋਂ ਮੋੜ ਕੇ ਚੰਗੇ ਕੰਮਾਂ ਵਲ ਲਾ ਦੇਈਏ ਤਾਂ ਆਪੇ ਰਬ ਮਿਲ ਪੈਂਦਾ ਹੈ। ਜਿਥੇ ਬਦਨਾਮੀ ਹੁੰਦੀ ਹੈ ਓਥੇ ਜੱਸ ਹੋਣ ਲਗ ਪੈਂਦਾ ਹੈ। ਅਜਿਹੀ ਕਰਨੀ ਬੰਤਾ ਸਿੰਘ ਧਾਮੀਆਂ ਦੀ ਹੈ।

ਸ. ਬੰਤਾ ਸਿੰਘ ਧਾਮੀਆਂ, ੧੯੦੦ ਵਿਚ ਜੰਮਿਆਂ ਸੀ ਤੇ ਹੁਣ ੨੨-੨੩ ਸਾਲ ਦਾ ਛੈਲ ਜਵਾਨ ਸੀ। ਫੌਜ ਵਿਚ ਨੌਕਰੀ ਵੀ ਕਰ ਚੁਕਿਆ ਸੀ, ਫਿਰ ਡਾਕੇ ਮਾਰਨ ਲਗਾ ਤੇ ਨਾਮੀ ਡਾਕੂ ਬਣ ਗਿਆ ਸੀ। ਉਹ ਅਮੀਰਾਂ ਦਾ ਧਨ ਲੁਟਦਾ ਤੇ ਔਰਤਾਂ ਦੇ ਗਹਿਣੇ



Sri Satguru Jagjit Singh Ji eLibrary NamdhariElibrary@gmail.com

ਖੋਹ ਲੈਂਦਾ, ਸਿਰਫ ਇਸ ਕਰਕੇ ਕਿ ਉਹ ਖੁਲ੍ਹਾ ਖਾਏ ਤੇ ਖਰਚੇ। ਉਦੋਂ ਹੋਰ ਉਸ ਦਾ ਕੋਈ ਮਨੋਰਥ ਨਹੀਂ ਸੀ। ਪਰ ਜਦੋਂ ਬਬਰਾਂ ਦੀ ਸੰਗਤ ਹੋ ਗਈ, ਜਦੋਂ ਕਰਮ ਸਿੰਘ ਤੇ ਉਦੇ ਸਿੰਘ ਨੇ ਸਮਝਾਇਆ ਕਿ ਉਸ ਵਰਗੇ ਜਵਾਨਾਂ ਦੀ ਦੇਸ ਨੂੰ ਲੋੜ ਸੀ, ਤਦ ਉਸ ਨੇ ਆਪਣਾ ਆਪ 'ਏਧਰੋਂ' ਪੁਟ ਕੇ ਉਧਰ ਲਾ ਦਿਤਾ।'

ਬਰਤਾਨਵੀਂ ਸਾਮਰਾਜ ਭਾਰਤੀਆਂ ਨੂੰ ਪੈਰ ਪੈਰ ਤੇ ਦਲਦਾ, ਕੁਚਲਦਾ, ਨਿਰਾਦਰੀ ਕਰਦਾ ਤੇ ਗੁਲਾਮੀ ਦੇ ਸੰਗਲਾਂ ਨੂੰ ਘੜਦਾ ਸੀ। ਕਈ ਭੁਲੜ ਭਾਰਤੀ ਸੁਆਰਥ ਦੇ ਕੀਲੇ ਹੋਏ ਗੁਲਾਮੀ ਦੇ ਸੰਗਲਾਂ ਨੂੰ ਕਰੜਿਆਂ ਕਰਦੇ ਸਨ। ਉਹ ਦੇਸ਼ ਭਗਤਾਂ ਨੂੰ ਫੜਾਕੇ ਮਰਵਾ ਕੇ ਜੀ ਫਾਹੇ ਲਵਾ ਕੇ ਮੁਰੱਬੇ ਪਰਾਪਤ ਕਰਦੇ ਸਨ। ਦੇਸ਼ ਭਗਤਾਂ ਨੇ ਬੰਤਾਂ ਸਿੰਘ ਨੂੰ ਸਮਝਾਇਆ ਕਿ ਡਾਕੇ ਮਾਰ ਕੇ ਘਰ ਲੁਟ ਕੇ ਤੇ ਲੋਕਾਂ ਦਾ ਖੂਨ ਕਟ ਕੇ ਜੇ ਉਸ ਨੇ ਫਾਹੇ ਲਗਣਾ ਹੈ ਤਾਂ ਉਹ ਕਿਸੇ ਦੁਗਲ ਜਾਂ ਝੋਲੀ ਚੁਕ ਨੂੰ ਸੋਧ ਕੇ ਤੇ ਗੋਰਾ ਸਰਕਾਰ ਨੂੰ ਕਮਜ਼ੋਰ ਕਰਕੇ ਕਿਉਂ ਨਾ ਜੀਵਨਾ ਸਫਲ ਕਰੇ। ਦੇਸ਼ ਭਗਤੀ ਨੇਕੀ ਤੇ ਧਰਮ ਹੈ ਤੇ ਜੱਸ ਪ੍ਰਾਪਤੀ ਦਾ ਸੁਨਹਿਰੀ ਵਸੀਲਾ ਹੈ ਪਰ ਡਾਕਾ ਬਦਨਾਮੀ। ਉਹ ਰਸਤੇ ਨੂੰ ਬਦਲ ਦੇਵ। ਉਹਨਾਂ ਦੇ ਨਾਲ ਮਿਲ ਜਾਏ। ਮਰੇ ਤਾਂ ਨਾਮ ਅਮਰ ਕਰਕੇ ਮਰੇ ਤਾਂ ਕਿ ਇਤਿਹਾਸ ਉਸ ਨੂੰ ਨਾ ਭੁਲੇ।

ਜਵਾਨ ਦਿਲ ਉਤੇ ਗੱਲਾਂ ਅਸਰ ਕਰ ਗਈਆਂ। ਗੋਰੇ ਅਫਸਰ ਧੂਤ ਦਿਸੇ। ਲਹੂ ਪੀਂਦੀਆਂ ਜੋਕਾਂ ਨਜ਼ਰ ਆਈਆਂ। ਸੂਰਮੇ ਨੇ ਕਰਮ ਸਿੰਘ ਤੇ ਉਦੇ ਸਿੰਘ ਅਗੇ ਹਥਿਆਰ ਰਖ ਦਿਤੇ। ਆਖ ਦਿਤਾ—

'ਆਪਣੇ ਜਥੇ ਵਿਚ ਸ਼ਾਮਲ ਕਰ ਲੌ। ਮੈਂ ਪ੍ਰਤੱਗਯਾ ਕਰਦਾ ਹਾਂ ਕਿ ਦਲ ਦਾ ਹੁਕਮ ਮੰਨਾਂਗਾ, ਦੇਸ਼ ਨੂੰ ਸੁਤੰਤਰ ਕਰਾਉਣ ਵਾਸਤੇ ਜੀਵਨ ਤਕ ਵਾਰ ਦਿਆਂਗਾ।'

'ਕਿਸੇ ਗਰੀਬ, ਭਲੇ ਮਾਨਸ ਸ਼ਹਿਰੀ ਜਾਂ ਸਾਊ ਪੇਂਡੂ ਦੇ ਘਰ ਨਾ ਡਾਕਾ ਮਾਰਨਾ ਤੇ ਨਾ ਕਿਸੇ ਦੀ ਨੂੰਹ ਧੀ ਵਲ ਮੰਦੀ ਨਜ਼ਰ ਨਾਲ ਦੇਖਣਾ। ਔਰਤ ਦਾ ਰੂਪ ਤੇ ਜੋਬਨ ਤੇਰੇ ਵਾਸਤੇ ਤੇਰੀ ਮਾਤਾ ਜਾਂ ਭੈਣ



Sri Satguru Jagjit Singh Ji eLibrary NamdhariElibrary@gmail.com

ਦਾ ਰੂਪ-ਸਮਾਨ ਹੋਏਗਾ, ਜਿੰਨਾਂ ਵਿਚ ਸੁਤੰਤਰਤਾ ਦੀ ਲੜਾਈ ਲੜ ਰਹੇ ਹਾਂ। ਜੇ ਇਹ ਬਚਨ ਪਾਲਣਾ ਹੈ ਤਾਂ ਹਥਿਆਰ ਚੁਕ ਲੈ। ਵਾਹਿਗੁਰੂ ਤੇਰਾ ਆਸਰਾ ਬਣੇਗਾ, ਸਤਿਗੁਰੂ ਬੌਹੜੀ ਕਰਨ। ਤਨ, ਮਨ ਤੇ ਧਨ ਸਭ ਕੁਝ ਪਾਰਟੀ ਦਾ ਹੋਏਗਾ।

ਨੌਜਵਾਨ ਬੰਤਾ ਸਿੰਘ ਨੇ ਬਚਨ ਦੇ ਦਿਤਾ, ਹਥਿਆਰ ਚੁਕ ਲਏ ਉਸ ਨੂੰ ਇਉਂ ਪ੍ਰਤੀਤ ਹੋਇਆ ਜਿਵੇਂ ਉਸ ਦਾ ਨਵਾਂ ਜਨਮ ਹੋਇਆ ਸੀ। ਅਗੋਂ ਉਹ ਲੋਕਾਂ ਦੇ ਘਰਾਂ ਦੀ ਦੌਲਤ ਦਾ ਖਿਆਲ ਕਰਦਾ ਸੀ, ਹੁਣ ਉਸ ਦੀਆਂ ਅੱਖਾਂ ਅਗੇ ਦੇਸ ਨੂੰ ਸੁਤੰਤਰ ਕਰਾਉਣ ਦੀ ਲੜਾਈ ਦੀਆਂ ਰੰਗਾ-ਰੰਗ ਦੀਆਂ ਝਾਕੀਆਂ ਨਜ਼ਰ ਆਈਆਂ, ਕਿਧਰੇ ਅਕਾਲੀ ਮੋਰਚਾ ਲਗਾ ਦਿਸਿਆ ਕਿਧਰੇ ਕਾਂਗਰਸ ਵਾਲੇ ਸਿਵਲ-ਨਾ ਫੁਰਮਾਨੀ ਕਰਦੇ ਹੋਏ ਕੈਦ ਹੁੰਦੇ ਹੋਏ ਨਜ਼ਰ ਪਏ ਅਤੇ ਕਿਤੇ ਬੰਗਾਲ ਦੇ ਨੌਜਵਾਨ ਦਿਸੇ ਜਿਹੜੇ ਖੂਨੀ ਇਨਕਲਾਬ ਕਰਨ ਤੇ ਤੁਲੇ ਹੋਏ ਸਨ। ਜਦੋਂ ਉਸ ਨੂੰ ਸ: ਕਿਸ਼ਨ ਸਿੰਘ ਗੜਗਜ ਜਥੇਦਾਰ ਦੇ ਪੇਸ਼ ਕੀਤਾ ਗਿਆ ਤੇ ਉਸ ਨੂੰ ਸੁਤੰਤਰਤਾ ਦੀ ਲੜਾਈ ਦਾ ਇਤਿਹਾਸ ਸੁਣਾਇਆ ਤਾਂ ਉਸ ਨੇ ਬੰਤਾ ਸਿੰਘ ਦੇ ਸਰੀਰ ਵਿਚ ਇਕ ਨਵਾਂ ਹੀ ਜੋਸ਼ ਲੈ ਆਂਦਾ ਉਹ 'ਬੱਬਰ ਅਕਾਲੀ' ਬਣ ਗਿਆ। ਉਸ ਨੇ ਇਕ ਦੋ ਝੋਲੀ ਚੁਕ ਸੋਧ ਦਿਤੇ ਪੁਲਸ ਪਿਛਾ ਕਰਨ ਲਗੀ। ਕੀ ਹੋਇਆ? ਪੁਲਸ ਤਾਂ ਅਗੇ ਵੀ ਪਿਛਾ ਕਰਦੀ ਸੀ। ਉਹ ਤਾਂ ਕਾਤਲ ਤੇ ਡਾਕੂ ਪਹਿਲਾਂ ਵੀ ਸੀ।

ਵਰਿਆਮ ਸਿੰਘ ਵੀ ਬੰਤਾ ਸਿੰਘ ਦੇ ਜਥੇ ਨਾਲ ਮਿਲ ਗਿਆ। ਦੋਵੇਂ ਬੈਰ ਮੁਕਾਬਲੇ ਦੇ ਫੌਜੀ ਸਨ। ਲਗ ਭਗ ਇਕੋ ਜਿਡੀ ਉਮਰ ਦੇ ਸਨ। ਉਹ ਸਰਦਾਰ ਕਿਸ਼ਨ ਸਿੰਘ ਦੇ ਹੁਕਮਾਂ ਦੀ ਉਸੇ ਤਰ੍ਹਾਂ ਪਾਲਨਾ ਕਰਨ ਲਗੇ–ਜਿਵੇਂ ਇਕ ਫੌਜੀ ਆਪਣੇ ਅਫਸਰ ਦੇ ਹੁਕਮ ਦੀ ਪਾਲਨਾ ਕਰਦਾ ਹੈ। ਹੁਕਮ ਮੰਨਦਾ ਅਤੇ ਮਰਦਾ ਹੈ।

ਪੰਜਾਬ ਦੀ ਭਾਗ ਭਰੀ ਰੁਤ-ਬਸੰਤ ਰੁਤ ਹੁੰਦੀ ਹੈ, ਜਦੋਂ ਧਰਤੀ ਦਾ ਹਰ ਹਿਸਾ ਹਰਿਆ ਹੁੰਦਾ ਹੈ, ਬਨਾਸਪਤੀ ਮੌਲਦੀ ਤੇ ਖਿੜ ਕੇ



Sri Satguru Jagjit Singh Ji eLibrary NamdhariElibrary@gmail.com

ਖੁਸ਼ਬੋ ਦਿੰਦੀ ਹੈ। ਖੇਤਾਂ ਦੇ ਵਿਚ ਕਣਕ, ਜੋ, ਸਰੋਂ ਤੇ ਛੋਲੇ ਪੂਰੀ ਜਵਾਨੀ ਵਿਚ ਆਏ ਹੋਏ ਝੂਮਦੇ ਤੇ ਕ੍ਰਿਸਾਨ ਦੇ ਦਿਲ ਨੂੰ ਖੇੜਾ ਦਿੰਦੇ ਹਨ। ਮਿਹਨਤ ਨੂੰ ਫਲ ਲਗਣ, ਅੰਨ ਪਕਣ ਦੀ ਆਸ਼ਾ ਹੁੰਦੀ ਹੈ।

੩ ਮਾਰਚ ੧੯੨੩ ਈ: ਨੂੰ ਦਿਨ ਦਾ ਚੋਥਾ ਪਹਿਰ ਵੀ ਬਤੀਤ ਹੋ ਰਿਹਾ ਸੀ। ਸੂਰਜ ਦੀ ਟਿਕੀ ਲਾਲ ਸੀ–ਇੰਜ ਜਿਵੇਂ ਪਛਮ ਵਿਚ, ਧਰਤੀ ਤੇ ਅਕਾਸ਼ ਦੇ ਦੋ ਮਲ ਤੇ ਅੱਗ ਦਾ ਗੋਲਾ ਮਘ ਉਠਿਆ ਹੋਵੇ। ਉਸ ਦੀਆਂ ਲਾਲ ਕਿਰਨਾਂ ਨੇ ਸਾਰੀ ਕੁਦਰਤ ਦਾ ਰੰਗ ਹੀ ਬਦਲ ਦਿਤਾ ਸੀ। ਮੱਠੀ ਮੱਠੀ ਹਵਾ ਵਗਦੀ ਸੀ, ਸੀਤਲ ਪਛਮ ਦੀ ਹਵਾ। ਪੰਛੀ ਖੁਸ਼ ਸਨ। ਖੇਤਾਂ ਵਿਚੋਂ ਕਿਸਾਨ ਘਰਾਂ ਨੂੰ ਜਾ ਰਹੇ ਸਨ, ਸਿਰਾਂ ਉਤੇ ਹਰੇ ਪੱਠੇ ਚੁਕੀ।

ਜਲੰਧਰ ਦੁਲਵੇ ਸਟੇਸ਼ਨ ਹਾੜੀ ਦੀ ਹਰੀ ਫਸਲ ਵਾਲੀ, ਭਾਗ ਭਰੀ ਧਰਤੀ ਦੀ ਹਿੱਕ ਤੇ ਸੀ ਪਿੰਡਾਂ ਤੋਂ ਦੂਰ ਇਕੱਲਾ। ਟਾਹਲੀਆਂ ਤੇ ਕਿਕਰਾਂ ਦੇ ਝੁੰਡ ਵਿਚ ਉਹ ਸਟੇਸ਼ਨ ਸੀ। ਸੂਰਜ ਦੀ ਲਾਲ ਟਿਕੀ ਅਲੋਪ ਹੋਣ ਦੇ ਨਾਲ ਹੀ ਗੱਡੀ ਦੇ ਇੰਜਨ ਦੀ ਸੀਟੀ ਵਜੀ। ਦੂਰ ਤੱਕ ਉਸ ਸੀਟੀ ਦੀ ਅਵਾਜ਼ ਸੁਣਾਈ ਦਿਤੀ।

'ਗੱਡੀ ਤਾਂ ਚਲੀ ਗਈ। ਹੋਰ ਕੋਈ ਗੱਡੀ ਅਧੀ ਰਾਤ ਤੋਂ ਪਹਿਲਾਂ ਨਹੀਂ ਅਉਣੀ।'

ਕਣਕ ਦੇ ਲੰਮੇ ਖੇਤਾਂ ਦੇ ਵਿਚਾਲੇ ਇਕ ਵਟ ਉਤੇ ਬੈਠੇ ਹੋਏ ਬੰਤਾ ਸਿੰਘ ਨੇ ਆਖਿਆ।

ਉਸ ਦੇ ਲਾਗੇ ਵਰਿਆਮ ਸਿੰਘ ਧੁਗਾ ਬੈਠਾ ਸੀ। ਉਹ ਵਰਿਆਮ ਸਿੰਘ ਜਿਹੜਾ ਭਿਆਨਕ ਡਾਕੂ ਸੀ, ਬੈਠਾ ਉਹ ਉਸ ਵੇਲੇ ਵੀ ਡਾਕੂ ਦੇ ਰੂਪ ਵਿਚ ਸੀ, ਪਰ ਡਾਕਾ ਮਾਰਨ ਦਾ ਦ੍ਰਿਸ਼ਟੀ-ਕੋਣ ਹੋਰ ਸੀ। ਇਹ ਪਰ-ਸਵਾਰਥੀ ਤੇ ਦੇਸ਼ ਭਲਾਈ ਦਾ ਸੀ।

'ਬਬਰ ਅਕਾਲੀ ਦਲ' ਵਾਸਤੇ ਰੁਪਏ ਦੀ ਲੋੜ ਸੀ। ਰੁਪਏ ਤੋਂ ਬਿਨਾਂ ਤਾਂ ਕੋਈ ਕੰਮ ਨਹੀਂ ਚਲਦਾ। ਦੇਸ਼ ਨੂੰ ਅਜ਼ਾਦ ਕਰ ਦੇਣ ਲਈ ਜਿਹੜਾ ਘੋਲ ਕਰਨਾ ਪੈਂਦਾ ਹੈ, ਉਸ ਵਾਸਤੇ ਤਾਂ ਲੱਖਾਂ ਕਰੋੜਾਂ ਰੁਪਏ



Sri Satguru Jagjit Singh Ji eLibrary NamdhariElibrary@gmail.com

ਵੀ ਬੇੜੇ। ਅੰਗਰੇਜ਼ੀ ਸਾਮਰਾਜ ਦਾ ਦਬ-ਦਬਾ ਬਹੁਤਾ ਹੋਣ ਕਰਕੇ ਬਬਰ ਅਕਾਲੀ ਦਲ ਦੀ ਮਾਲੀ ਸਹਾਇਤਾ ਲੋਕ ਘਟ ਕਰਦੇ ਸਨ। ਕੁਝ ਲੋਕਾਂ ਨੂੰ ਗਿਆਨ ਘਟ ਸੀ ਸਵਾਰਥ ਪ੍ਰਧਾਨ ਸੀ। ਡਰ ਨੇ ਦਿਲ ਦਿਮਾਗ ਦਬੇ ਹੋਏ ਸਨ। ਖੁਲ੍ਹਾ ਸੋਚਣ ਖੁਲ੍ਹਾ ਕੁਝ ਕਰਨ ਤੇ ਖੁਲ੍ਹਾ ਮਰਨ ਦੀ ਵੀ ਆਗਿਆ ਨਹੀਂ ਸੀ। ਪੈਰ ਪੈਰ ਤੇ ਚੁਗਲ ਸਨ ਕੰਧਾਂ ਨੂੰ ਵੀ ਕੰਨ ਲਗੇ ਹੋਏ ਸਨ। ਬੰਤਾ ਸਿੰਘ ਨੇ ਵਰਿਆਮ ਸਿੰਘ ਨਾਲ ਸਲਾਹ ਕੀਤੀ ਕਿ ਸਰਕਾਰ ਦੇ ਰੇਲਵੇ ਸਟੇਸ਼ਨ ਨੂੰ ਲੁਟਿਆ ਜਾਏ। ਸਟੇਸ਼ਨ ਮਾਸਟਰ ਵੀ ਕੁਝ ਟੋਡੀ ਤੇ ਮਾਇਆ ਕੱਠੀ ਕਰਨ ਵਾਲੇ ਵਿਚਾਰਾਂ ਦਾ ਸੀ। ਉਸ ਕੋਲ ਵੀ ਵਾਹਵਾ ਪਦਾਰਥ ਦਸੀਦਾ ਸੀ। ਤਕੜੇ ਨੂੰ ਹੀ ਤਾਂ ਲੁਟਣਾ ਸੀ। ਡਾਕਾ ਮਾਰਨਾ ਚੰਗਾ ਕੰਮ ਨਹੀਂ ਪਰ ਆਜ਼ਾਦੀ ਦੀ ਲੜਾਈ ਜਿੱਤਣ ਵਾਸਤੇ ਵੀ ਰੁਪਏ ਦੀ ਲੋੜ ਸੀ। ਜੰਗ ਦੀ ਨੀਤੀ ਚੰਗਾ ਮਾੜਾ ਨਹੀਂ ਸੋਚਦੀ। ਉਸ ਵੇਲੇ ਤਾਂ ਵਿਚਾਰ ਹੁੰਦੀ ਹੈ ਜੰਗ ਜਿਤਣਾ ਕਿਵੇਂ ਹੈ। ਧੋਖਾ ਫਰੇਬ ਅਨੀਤੀ ਪਾਪ ਸਭ ਕੁਝ ਪੁੰਨ ਹੁੰਦਾ ਹੈ, ਠੀਕ ਹੁੰਦਾ ਹੈ।

ਬੰਤਾ ਸਿੰਘ ਤੇ ਵਰਿਆਮ ਸਿੰਘ ਦੇ ਨਾਲ ਦਸ ਕੁ ਸਾਥੀ ਹੋਰ ਸਨ। ਸਾਰਿਆਂ ਕੋਲ ਹਥਿਆਰ ਸਨ। ਬੰਤਾ ਸਿੰਘ ਕੋਲ ਪਸਤੋਲ ਤੇ ਗੰਡਾਸਾ ਸੀ। ਉਹ ਖੇਤਾਂ ਵਿਚ ਲੁਕੇ ਬੈਠੇ ਹਨੇਰੇ ਦੀ ਉਡੀਕ ਕਰ ਰਹੇ ਸਨ।

'ਰਤਾ ਕੁ ਹੋਰ ਹਨੇਰਾ ਹੋ ਜਾਏ ਤਾਂ ਠੀਕ ਹੈ। ਲਾਗੇ ਪਿੰਡ ਵਾਲੇ ਖਾਣ ਪੀਣ ਦੇ ਧੰਧੇ ਵਿਚ ਰੁਝ ਜਾਣ। ਰਾਤ ਤਾਂ ਹਨੇਰੀ ਹੀ ਹੈ।' ਵਰਿਆਮ ਸਿੰਘ ਨੇ ਉਤਰ ਦਿਤਾ।

ਬੈਠੇ ਗਲਾਂ ਕਰਦੇ ਰਹੇ। ਡੂੰਘੀਆਂ ਤਰਕਾਲਾਂ ਪੈ ਗਈਆਂ। ਹਨੇਰਾ ਛਾ ਗਿਆ ਤੇ ਆਕਾਸ਼ ਤੇ ਟਾਵੇਂ ਟਾਵੇਂ ਤਾਰੇ ਟਿਮਟਮਾਉਣ ਲਗ ਪਏ ਤਾਂ ਸਾਰੇ ਜਵਾਨ ਉਠੇ। ਜਮਸ਼ੇਰ ਰੇਲਵੇ ਸਟੇਸ਼ਨ ਦੇ ਦੋਹਾਂ ਸਿੰਗਲਾਂ, ਸਟੇਸ਼ਨ ਦੇ ਪਲੇਟ ਫਾਰਮ ਤੇ ਮਧੱਮ ਜਹੀ ਰੋਸ਼ਨੀ ਵਾਲੀਆਂ ਬੱਤੀਆਂ ਦਿਸੀਆਂ। ਉਹ ਸਟੇਸ਼ਨ ਵਲ ਵਧੇ।



Sri Satguru Jagjit Singh Ji eLibrary NamdhariElibrary@gmail.com

ਜਮਸ਼ੇਰ ਸਟੇਸ਼ਨ ਛੋਟਾ ਹੀ ਸੀ। ਅੱਠ ਕੁ ਬੰਦੇ ਉਥੇ ਨੌਕਰ ਰਹਿੰਦੇ ਸਨ। ਹਥਿਆਰ ਤਾਂ ਸ਼ਾਇਦ ਕਿਸੇ ਕੋਲ ਕੋਈ ਨਹੀਂ ਸੀ। ਸਟੇਸ਼ਨ ਦੇ ਲਾਗੇ ਹੀ ਸਟੇਸ਼ਨ ਮਾਸਟਰ ਦਾ ਘਰ ਸੀ ਸਰਕਾਰੀ ਇਮਾਰਤ ਵਿਚ

ਸਟੇਸ਼ਨ ਮਾਸਟਰ ਸਟੇਸ਼ਨ ਤੇ ਹਿਸਾਬ ਕਿਤਾਬ ਕਰ ਰਿਹਾ ਸੀ। ਉਹ ਸਾਰੇ ਦਿਨ ਦੀ ਕਾਰਵਾਈ ਨੂੰ ਲਿਖ ਰਿਹਾ ਸੀ ਕਿ ਗੋਲੀ ਚਲਣ ਦੀ ਆਵਾਜ਼ ਆਈ। ਕਲਮ ਰਖ ਕੇ ਉਸ ਨੇ ਸਿਰ ਉਪਰ ਚੁਕਿਆ ਸੀ ਕਿ ਉਸ ਦੇ ਕਮਰੇ ਅਗੇ ਦੋ ਜਵਾਨ ਖਲੋਤੇ ਸਨ। ਉਹਨਾਂ ਵਿਚੋਂ ਇਕ ਨੇ ਕਿਹਾ—ਕਲਮ ਰੱਖ ਦੇ ਖਜਾਨੇ ਦੀਆਂ ਚਾਬੀਆਂ ਫੜ ਕੇ ਖਜਾਨਾ ਖੋਲ੍ਹ। ਜੋ ਰੁਪਏ ਟਿਕਟਾਂ ਦੇ ਵੱਟੇ ਹਨ ਰਖ ਦੇ... ਨਹੀਂ ਤੇ...।'

ਖਤਰੀ ਘਰਾਣੇ ਦਾ ਤੀਹ ਕੁ ਸਾਲ ਦਾ ਸਟੇਸ਼ਨ ਮਾਸਟਰ—ਕਾਇਆਂ ਦਾ ਪਤਲਾ ਨਿਕੇ ਜਹੇ ਦਿਲ ਵਾਲਾ ਸੀ ਪਰ ਲਾਲਚੀ ਪੂਰਾ ਸੀ। ਮ ਇਆ ਸਾਂਭਣ ਵਾਲਾ ਸੱਪ ਸੀ। ਉਸ ਦੇ ਹਥੋਂ ਕਲਮ ਡਿਗ ਪਈ। ਉਹ ਕੰਬ ਗਿਆ ਤੇ ਬੋਲ ਨਾ ਸਕਿਆ ਉਸ ਦੀਆਂ ਅੱਖਾਂ ਪਥਰਾ ਗਈਆਂ।

ਬਿਟ ਬਿਟ ਦੇਖਦਾ ਕੀ ਐਂ ਪੈਸੇ ਕਢ।' ਫਿਰ ਆਵਾਜ਼ ਆਈ, ਨਹੀਂ ਤੇ ਆਈ ਊ ਗੋਲੀ।'

ਉਹ ਕੰਬਦਾ ਕੰਬਦਾ ਤੁਰ ਪਿਆ ਤੇ ਲੋਹੇ ਦੀ ਪੇਟੀ ਤੇ ਟਿਕਟਾਂ ਵਾਲੇ ਮੇਜ ਦੇ ਖਾਨੇ ਵਿਚੋਂ ਉਸ ਨੇ ਰੁਪੇ ਕੱਢ ਕੇ ਅਣਗਿਣੇ ਦੇ ਦਿਤੇ। ਰੁਪਿਆਂ ਨੂੰ ਦੇਣ ਲਗਿਆਂ ਉਸ ਨੂੰ ਇਉਂ ਪ੍ਰਤੀਤ ਹੋਇਆ ਜਿਵੇਂ ਉਹ ਕਿਸੇ ਅਦਾਲਤ ਵਿਚੋਂ ਕਿਸੇ ਜੱਜ ਦਾ ਹੁਕਮ ਸੁਣ ਰਿਹਾ ਸੀ, 'ਤੂੰ ਝੂਠ ਬੋਲਦਾ ਐਂ, ਡਾਕੂ ਨਹੀਂ ਆਏ ਸਰਕਾਰੀ ਰੁਪਿਆ ਗਬਨ ਕੀਤਾ ਐ! ਤੈਨੂੰ ਚਾਰ ਸਾਲ ਬਾਮੁਸ਼ਕਤ ਸਖਤ ਕੈਦ।' ਇਉਂ ਖਿਆਲ ਕਰਕੇ ਉਹ ਚੱਕਰ ਖਾ ਕੇ ਡਿਗ ਪਿਆ। ਡਿਗਦੇ ਸਾਰ ਬੇਹੋਸ਼ ਹੋ ਗਿਆ।



Sri Satguru Jagjit Singh Ji eLibrary NamdhariElibrary@gmail.com

'ਏਥੇ ਖਲੋ ਕੋਈ ਤਾਰ ਨਾ ਖੜਕਾਏ।' ਬੰਤਾ ਸਿੰਘ ਨੇ ਇਕ ਜਵਾਨ ਨੂੰ ਹੁਕਮ ਦਿਤਾ।

ਸਾਰੇ ਸਟੇਸ਼ਨ ਦੀ ਨਾਕਾਬੰਦੀ ਕੀਤੀ ਗਈ। ਬਾਹਰਲੇ ਪਰਬੰਧ ਵਾਸਤੇ ਦਲੇਰ ਲੜਾਕਾ ਵਰਿਆਮ ਸਿੰਘ ਸੀ ਤੇ ਲੁਟਣ ਵਾਸਤੇ ਬੰਤਾ ਸਿੰਘ ਆਗੂ ਸੀ।

ਬੰਤਾ ਸਿੰਘ ਨੇ ਇਕ ਟੋਲੀ ਸਟੇਸ਼ਨ ਮਾਸਟਰ ਦੇ ਘਰ ਵਲ ਤੋਰੀ ਸੀ। ਆਪ ਉਹ ਸਟੇਸ਼ਨ ਦੇ ਕਮਰੇ ਫੋਲਦਾ ਰਿਹਾ ਸੀ। ਉਹਨਾਂ ਨੂੰ ਕੋਈ ਕਾਹਲ ਤਾਂ ਹੈ ਨਹੀਂ ਸੀ।

ਬੰਤਾ ਸਿੰਘ ਸਟੇਸ਼ਨ ਮਾਸਟਰ ਦੇ ਘਰ ਗਿਆ। ਉਸ ਦੇ ਸਾਥੀਆਂ ਨੇ ਘਰ ਦਾ ਕੀਮਤੀ ਸਾਮਾਨ—ਜਿਹੜਾ ਵਿਕ ਸਕੇ—ਨਕਦੀ-ਗਹਿਣਾ ਬੰਨ੍ਹ ਲਿਆ ਸੀ, ਪਰ ਘਰ ਵਾਲੀ ਦੇ ਉਦਾਲੇ ਅਜੇ ਟੂੰਮਾਂ ਸਨ। ਇਹ ਸੋਨੇ ਦੀਆਂ ਟੂੰਮਾਂ ਇਲਾਕੇ ਦੇ ਕਿਸਾਨਾਂ ਕੋਲੋਂ ਡਾਲੀਆਂ ਪਰਾਪਤ ਕਰ ਕਰ ਕੇ ਬਣਾਈਆਂ ਟੂੰਮਾਂ ਸਨ ਮੁਫ਼ਤ ਦੇ ਪੱਠਿਆਂ ਤੇ ਰਖੀ ਮੱਝ ਦਾ ਦੁੱਧ ਪੀਣ ਵਾਲੀ ਸਟੇਸ਼ਨ ਮਾਸਟਰਨੀ ਚੰਗੀ ਅਰੋਗ ਤੇ ਸੁੰਦਰ ਤੀਵੀਂ ਸੀ। ਉਹ ਚੁਪ ਚਾਪ ਖਲੋਤੀ ਸੀ, ਪਥਰ ਦੀ ਸਿਲ ਬਣੀ। ਉਸ ਦੀਆਂ ਅੱਖਾਂ ਵਿੱਚ ਅੱਥਰੂ ਡਲ੍ਹਕਦੇ ਸਨ ਸਿਰ ਦੇ ਵਾਲ ਖਿਲਰੇ ਹੋਏ ਸਨ, ਚਿਹਰੇ ਦਾ ਰੰਗ ਉਡਿਆ ਹੋਇਆ ਸੀ ਤੇ ਉਸ ਦੇ ਉਦਾਲ ਟੂੰਮਾਂ ਜਿਉਂ ਦੀਆਂ ਤਿਉਂ ਸਨ।

ਉਸ ਦੇ ਕੋਲ ਸੋਨੇ ਦੀਆਂ ਟੂੰਮਾਂ ਤਕ ਕੇ ਬੰਤਾ ਸਿੰਘ ਨੇ ਆਖਿਆ—

'ਭੈਣ ਜੀ! ਤੁਸੀਂ ਸਿਰਫ ਸੋਨੇ ਦੀਆਂ ਟੂੰਮਾਂ ਅਸਾਂ ਨੂੰ ਦੇ ਦਿਓ, ਹੋਰ ਅਸੀਂ ਤੁਸਾਂ ਨੂੰ ਕੁਝ ਨਹੀਂ ਆਖਦੇ।'

ਉਸ ਤੀਵੀਂ ਦੀ ਡਾਡ ਨਿਕਲ ਗਈ। ਉਸ ਨੇ ਅਖਾਂ ਅਗੇ ਹੱਥ ਦੇ ਲਏ। ਇਕ ਡਾਕੂ ਦੇ ਮੂੰਹੋਂ ਮਿਠਾ ਸ਼ਬਦ 'ਭੈਣ ਜੀ' ਤੇ ਉਸ ਦੇ ਸਾਥੀ ਦੀ ਚੰਦਰੀ ਕਰਤੂਤ ਪਿਛੋਂ।

ਡਾਡ ਦੇ ਪਿਛੋਂ ਉਸ ਨੇ ਅਟਕ ਅਟਕ ਕੇ ਰੋਂਦਿਆਂ ਤੇ ਗਮ



Sri Satguru Jagjit Singh Ji eLibrary NamdhariElibrary@gmail.com

ਤੇ ਡਰ ਨਾਲ ਘੁਟਿਆ ਉਤਰ ਦਿਤਾ—

'ਕੀ ਲਾਭ ਐਸੀ ਮਿਹਰਬਾਨੀ ਦਾ ਜਦੋਂ ਕਿ ਤੇਰੇ ਸਾਥੀ ਨੇ.. !

'ਕੀ ਮੇਰੇ ਸਾਥੀ ਨੇ ਤੇਰੇ ਨਾਲ ਕੋਈ ਧੱਕਾ ਕੀਤਾ ਹੈ ?'

'ਧੱਕਾ.. ਵੱਡਾ ਧੱਕਾ ..ਮੂੰਹ ਕਾਲਾ ਮੇਰਾ ਧਰਮ ਨਸ਼ਟ ਕਰ ਦਿਤਾ।'

ਉਹ ਰੋ ਪਈ। ਉਸ ਦੇ ਹੱਥ ਉਸ ਦੀਆਂ ਅੱਖਾਂ ਅਗੇ ਰਹੇ, ਜਿਵੇਂ ਉਹ ਆਪਣੇ ਆਪ ਨੂੰ ਲੁਕਾ ਲੈਣਾ ਚਾਹੁੰਦੀ ਸੀ। ਉਹ ਸ਼ਰਮ ਨਾਲ ਮਰਦੀ ਜਾਂਦੀ ਸੀ।

ਉਸ ਵੇਲੇ ਤਿੰਨ ਬੰਦੇ ਅੰਦਰ ਸਨ। ਅਣਖੀਲੇ ਤੇ ਧਰਮੀ ਬੰਤਾ ਸਿੰਘ ਨੇ ਗਰਜ ਕੇ ਆਖਿਆ—'ਦਸੋ, ਕਿਸ ਨੇ ਇਸ ਨਾਲ ਧੱਕਾ ਕੀਤਾ ਐ—ਕੌਣ ਪਾਪੀ ਹੈ ਜਿਸ ਨੇ ਐਨੀ ਕਾਹਲ ਕੀਤੀ। ਪਸ਼ੂ—ਕੁਤਾ ਕੌਣ ਐ।'

ਤੀਵੀਂ ਨੇ ਇਕ ਵਲ ਇਸ਼ਾਰਾ ਕਰ ਦਿਤਾ, ਦੂਸਰੇ ਚੁਪ ਰਹੇ ! ਉਹ ਵੀ ਘਬਰਾ ਗਿਆ। ਬੰਤਾ ਸਿੰਘ ਦੇ ਗੁਸੇ ਨੂੰ ਜਾਣਦਾ ਸੀ।

'ਕਿਉਂ ਓਏ ਦੁਲਿਆ ! ਤੇਰੀ ਕਰਤੂਤ...!'

ਇਹ ਆਖ ਕੇ ਹਥਲੀ ਗੰਡਾਸੀ ਜ਼ੋਰ ਨਾਲ ਉਸ ਦੇ ਮੋਢੇ ਤੇ ਮਾਰੀ ਕੁਝ ਮੋਢਾ ਤੇ ਕੁਝ ਹਿੱਸਾ ਗਲ ਦਾ ਵਢਿਆ ਗਿਆ, ਉਹ ਧੜਮ ਕਰਦਾ ਫਰਸ਼ ਉਤੇ ਡਿਗ ਪਿਆ, ਇਕ ਹੋਰ ਮਾਰ ਕੇ ਉਸ ਦਾ ਕੰਮ ਪੂਰਾ ਕਰ ਦਿਤਾ।

ਸਟੇਸ਼ਨ ਮਾਸਟਰਨੀ ਦੇ ਪੈਰਾਂ ਵਿਚ ਉਸ ਦੁਲਾ ਸਿੰਘ ਦੀ ਲੋਥ ਤੜਫਨ ਲਗ ਪਈ, ਜਿਸ ਨੇ ਕੁਝ ਚਿਰ ਪਹਿਲਾਂ ਉਸ ਦਾ ਇਸਤਰੀ-ਧਰਮ ਖੋਹਿਆ ਸੀ, ਉਸ ਦਾ ਤਰਲਾ ਨਹੀਂ ਸੀ ਸੁਣਿਆ ਤੇ ਪਰਮਾਤਮਾ, ਕਾਨੂੰਨ ਤੇ ਲੋਕ ਮਰਯਾਦਾ ਦਾ ਖਿਆਲ ਨਹੀਂ ਸੀ ਕੀਤਾ।



Sri Satguru Jagjit Singh Ji eLibrary NamdhariElibrary@gmail.com

'ਅਜੇਸੇ ਦੁਰਾਚਾਰੀ ਕੁੱਤੇ, ਦੇਸ਼ ਦੀਆਂ ਧੀਆਂ ਭੈਣਾਂ ਦੀ ਇਜ਼ਤ, ਆਬਰੂ ਲੁਟਣ ਵਾਲੇ ਇਸ ਦਲ ਵਿਚ ਆ ਮਿਲੇ ਹਨ - ਦਲ ਨੂੰ ਬਦਨਾਮ ਕਰਨ ਲਈ। ਪ੍ਰਤੱਗਯਾ ਨੂੰ ਤੋੜਿਆ। ਸ੍ਰਦਾਰ ਕਿਸ਼ਨ ਸਿੰਘ ਨੇ ਕਿਹਾ ਸੀ 'ਕਿਸੇ ਇਸਤਰੀ ਨੂੰ ਮੰਦੀ ਨਜ਼ਰ ਨਾਲ ਨਹੀਂ ਵੇਖਣਾ। ਜਤੀ-ਸਤੀ ਰਹਿਣਾ, ਪਰ ਗ੍ਰਹਿਸਤੀ ਦੇ ਭੋਗਾਂ ਵਿਚ ਖਚਿਤ ਨਹੀਂ ਹੋਣਾ, ਤਾਂਕਿ ਆਜ਼ਾਦੀ ਦੇ ਘੋਲ ਵਿਚ ਕੋਈ ਔਕੜ ਪੇਸ਼ ਨਾ ਆਏ।' ਚਲੋ ! ਲੈ ਚਲੋ ਇਸ ਦੀ ਲੋਥ ਤੇ ਸੁਰੋ ਟੋਟੇ ਬਾਹਰ ਜਾ ਕੇ ਸੁਟ ਦਿਓ ਕਾਂ ਕੁਤੇ ਖਾਣ। ਦੇਸ਼ ਦਾ ਦੁਸ਼ਮਣ ਦੁਰਾਚਾਰੀ।'

ਬੰਤਾ ਸਿੰਘ ਕ੍ਰੋਧ ਵਿੱਚ ਸੀ। ਉਸ ਦਾ ਗੰਡਾਸਾ ਸਾਰੇ ਮਾੜੇ ਬੰਦਿਆਂ ਨੂੰ ਉਸੇ ਤਰ੍ਹਾਂ ਵੱਢ ਸੁਟਣਾ ਚਾਹੁੰਦਾ ਸੀ, ਜਿਵੇਂ ਕਦੀ ਪਰਸਰਾਮ ਦੇ ਕਹਾੜੇ ਨੇ ਖਤਰੀ ਮਾਰੇ ਸਨ। ਉਸ ਵੇਲੇ ਸੁ: ਵਰਿਆਮ ਸਿੰਘ ਉਥੇ ਪਹੁੰਚ ਗਿਆ, ਉਸ ਨੇ ਬੰਤਾ ਸਿੰਘ ਨੂੰ ਠੰਢਿਆਂ ਕੀਤਾ।

ਦੂਲਾ ਸਿੰਘ ਦੀ ਲੋਥ ਚੁਕਵਾਈ ਕਿ ਪੁਲਸ ਦੇ ਹਥ ਨਾ ਆ ਜਾਏ। ਤੀਵੀਂ ਦੇ ਉਦਾਲੇ ਦੀਆਂ ਟੂੰਮਾਂ ਉਸ ਦੇ ਉਦਾਲੇ ਹੀ ਰਹਿਣ ਦਿਤੀਆਂ। ਉਹ ਬੁਤ ਬਣ ਕੇ ਵੇਖਦੀ ਰਹੀ, ਨਾ ਬੋਲ ਸਕੀ ਨਾ ਹਿਲ ਸਕੀ। ਬੰਤਾ ਸਿੰਘ ਦੀ ਅਣਖ, ਉਸ ਦੇ ਧਰਮ ਦੇ ਨਿਆਏ ਨੇ ਉਸ ਦੇ ਮਨ ਤੇ ਅਨੋਖਾ ਹੀ ਅਸਰ ਕੀਤਾ।

'ਭੈਣ ਜੀ !'

ਸ਼ਬਦ ਉਸ ਦੇ ਕੰਨਾਂ ਵਿੱਚ ਗੂੰਜਿਆ, ਪਰ ਜ਼ਬਾਨ ਤਾਲੂ ਨਾਲ ਹੀ ਜੁੜੀ ਰਹੀ ਬੰਤਾ ਸਿੰਘ ਤੇ ਉਸ ਦੇ ਸਾਥੀ ਆਪਣਾ ਕੰਮ ਕਰ ਕੇ ਸਟੇਸ਼ਨ ਦੀ ਹੱਦ ਤੋਂ ਨਿਕਲ ਕੇ ਹਰੇ ਖੇਤਾਂ ਵਿੱਚ ਅਲੋਪ ਹੋ ਗਏ। ਉਹਨਾਂ ਦੇ ਦੂਰ ਜਾਣ ਤੇ ਸਟੇਸ਼ਨ ਉਤੇ ਇਕ ਵਾਰ ਫਿਰ ਕੁਰਲਾਹਟ ਮਚ ਗਿਆ।

--੦--



Sri Satguru Jagjit Singh Ji eLibrary NamdhariElibrary@gmail.com

# ੨੧.

ਕੁਦਰਤ ਨੇ ਮਨੁਖ ਦਿਲ ਨੂੰ ਅਨੋਖੀ ਚੀਜ਼ ਬਣਾਇਆ ਹੈ। ਉਤਨੀਆਂ ਹੀ ਅਨੋਖੀਆਂ ਮਨੁਖ ਦਿਲ ਦੀਆਂ ਹਰਕਤਾਂ ਤੇ ਗੱਲਾਂ ਹੁੰਦੀਆਂ ਹਨ। ਕਿਸ ਵੇਲੇ ਕਿਸ ਵਿਚਾਰ ਨੇ ਦਿਲ ਤੇ ਕਬਜ਼ਾ ਕਰ ਲੈਣਾ ਹੈ, ਇਹ ਕਿਸੇ ਨੂੰ ਕੁਝ ਪਤਾ ਨਹੀਂ ਹੁੰਦਾ।

ਵਰਿਆਮ ਸਿੰਘ ਦੇ ਦਿਲ ਨੂੰ ਕਿਸੇ ਸੁੰਦਰ ਤੀਵੀਂ ਨੇ ਨਹੀਂ ਸੀ ਜਿਤਿਆ। ਉਹ ਕਿਸੇ ਨੂੰ ਚੇਤੇ ਨਹੀਂ ਸੀ ਰਖਦਾ। ਉਸ ਦੇ ਵਿਚਾਰ ਅਨੋਖੇ ਤੇ ਅੜਰੇ ਸਨ, ਪਰ 'ਨਿਹਾਲੋ' ਉਸ ਦੇ ਹੱਥ ਲੱਗੀ, ਉਸ ਦੇ ਕੋਲ ਕੁਝ ਚਿਰ ਰਹੀ ਤੇ ਚਲੀ ਗਈ, ਤਾਂ ਉਹ ਉਸ ਨੂੰ ਭੁਲਣਾ ਚਾਹੁੰਦਾ ਹੋਇਆ ਵੀ ਨਾ ਭੁਲ ਸਕਿਆ। ਨਿਹਾਲੋ ਦਾ ਸੁੰਦਰ ਤੇ ਭੋਲਾ ਚਿਹਰਾ, ਹਰਨ ਵਰਗੀਆਂ ਮੋਟੀਆਂ ਅੱਖਾਂ ਵਿਚ ਡਲ੍ਹਕਦੇ ਅੱਥਰੂ, ਉਸ ਦੇ ਕਾਲੇ ਵਾਲ, ਅਰੋਗ ਸਡੋਲ, ਗੋਲ ਅੰਗਾਂ ਵਾਲਾ ਲੰਮਾ ਸਰੀਰ ਨਾ ਭੁਲਿਆ, ਅੱਖਾਂ ਅਗੇ ਰਿਹਾ ਤੇ ਉਹਲ ਨਾ ਹੋਇਆ। ਦਿਲ ਨੂੰ ਕਦੀ ਕਦਾ ਮੱਠੀ ਜਿਹੀ ਕੰਬਣੀ ਛਿੜਦੀ। ਯਾਦ ਜਹੀ ਆਉਂਦੀ। ਉਹ ਇਸ ਗਲੋਂ ਵੀ ਕਦੀ ਹੈਰਾਨ ਹੁੰਦਾ ਸੀ ਕਿ ਉਸ ਸਮੇਂ—ਜਦੋਂ ਨਿਹਾਲੋ ਉਸ ਦੇ ਕਬਜ਼ੇ



Sri Satguru Jagjit Singh Ji eLibrary NamdhariElibrary@gmail.com

ਵਿਚ ਸੀ-ਡਾਕੂ ਦੇ ਰੂਪ ਵਿਚ ਆਪ ਹੁਦਰਾ, ਮਨਮਤੀਆ ਸੀ। ਨਿਹਾਲੋ ਦਾ ਰੋਣਾ, ਉਸ ਦਾ ਬੀਮਾਰ ਹੋਣਾ, ਉਸ ਦੇ ਤਰਲੇ ਸੁਣ ਕੇ ਉਹ ਦਇਆ ਵਾਨ ਅਸ਼ੋਕ ਬਣਿਆ ਰਿਹਾ। ਉਸ ਨੇ ਨਿਹਾਲੋ ਨੂੰ ਹਥ ਨਾ ਲਾਇਆ। ਉਸ ਨੂੰ ਕੋਲ ਬੈਠੀ ਵੇਖ ਕੇ ਵੀ ਦੂਰ ਸਮਝਿਆ। ਇਹ ਕੁਝ ਕਿਵੇਂ ਹੋਇਆ ? ਕਿਉਂ ਹੋਇਆ ? ਉਸ ਨੂੰ ਕੁਝ ਗਿਆਨ ਨਹੀਂ ਸੀ। ਉਹ ਖੁਦ ਹੈਰਾਨ ਸੀ। ਲੋਕ ਆਖਦੇ ਨੇ ਡਾਕੂਆਂ ਕਾਤਲਾਂ ਦੇ ਦਿਲ ਪੱਥਰ ਹੋ ਜਾਂਦੇ ਹਨ, ਇਹ ਗਲਤ ਹੈ। ਦਿਲ ਨਹੀਂ ਪਥਰਾਉਂਦੇ, ਵਾਤਾਵਰਣ ਦਾ ਅਸਰ ਹੁੰਦਾ ਹੈ। ਕਦੀ ਕਦੀ ਮਾੜੇ ਵਾਤਾਵਰਣ ਦਾ ਹਨੇਰਾ ਦਿਲ ਤੋਂ ਦੂਰ ਹੋਏ ਤਾਂ ਪਿਆਰ, ਦਇਆ ਤੇ ਨੇਕੀ ਉਸੇ ਦਿਲ ਵਿਚੋਂ ਡਲ੍ਹਕਾਂ ਮਾਰਨ ਲਗ ਪੈਂਦੀ ਹੈ।

ਕਿਸ਼ਨ ਸਿੰਘ ਦੀ ਸੰਗਤ, ਉਸ ਦੇ ਉਪਦੇਸ਼, ਉਸ ਦੀ ਕੁਰਬਾਨੀ ਤੇ ਲਗਨ ਨੇ ਵਰਿਆਮ ਸਿੰਘ ਦੇ ਦਿਲ ਦਿਮਾਗ ਦੀ ਬਿਰਤੀ ਨੂੰ ਬਦਲ ਦਿਤਾ ਸੀ। ਉਸੇ ਤਰ੍ਹਾਂ ਜਿਵੇਂ ਬੋਧੀ ਭਿਖਸ਼ੂ ਨੇ ਮਹਾਰਾਜਾ ਅਸ਼ੋਕ ਦੇ ਖੂਨੀ ਦਿਲ ਦਿਮਾਗ ਵਿਚ ਉਪਦੇਸ਼ ਨਾਲ ਮਹਾਨ ਪਰੀਵਰਤਨ ਲੈ ਆਂਦਾ ਸੀ।

ਪਿਛਲੇ ਦਿਨੀਂ ਉਹ ਬੰਤਾ ਸਿੰਘ ਦੇ ਨਾਲ ਬੂਟੇ ਨੰਬਰਦਾਰ ਨੂੰ ਸੋਧ ਕੇ ਆਇਆ ਸੀ। ਬੂਟਾ ਨੰਬਰਦਾਰ ਅਕਾਲੀਆਂ ਦਾ ਦੁਸ਼ਮਨ ਸੀ ਤੇ ਬਹੁਤ ਹੀ ਚੁਗਲੀਆ ਕਰਦਾ ਤੇ ਅਕਾਲੀ ਆਗੂਆਂ ਨੂੰ ਗ੍ਰਿਫਤਾਰ ਕਰਾ ਕੇ ਇਨਾਮ ਤੇ ਚਿੱਠੀਆਂ ਲੈਂਦਾ ਸੀ, ਇਸ ਖਿਆਲ ਨਾਲ ਕਿ ਜ਼ਰੂਰ ਉਸ ਨੂੰ ਮੁਰੱਬੇ ਮਿਲਣਗੇ ਤੇ ਉਹ ਅਮੀਰ ਆਦਮੀ ਬਣ ਜਾਏਗਾ। ਬੰਤਾ ਸਿੰਘ ਨੇ ਉਸ ਨੂੰ ਸਿਰਫ ਪਰਲੋਕ ਦੇ ਦੋ ਮੁਰੱਬੇ ਦੋ ਗੋਲੀਆਂ ਦਿਤੀਆਂ ਪਸਤੌਲ ਦੀਆਂ। ਉਸ ਦੀ ਇਕੱਠੀ ਕੀਤੀ ਮਾਇਆ ਨੂੰ ਵੀ ਚੁਕ ਲਿਆਂਦਾ ਸੀ, ਤਾਂ ਕਿ ਲੋਕਾਂ ਤੇ ਦੇਸ਼ ਦੇ ਦੁਸ਼ਮਣ ਸੋਧਣ ਵਾਸਤੇ ਹਥਿਆਰ ਪ੍ਰਾਪਤ ਕੀਤੇ ਜਾਣ। ਇਕ ਖੂਹ ਉਤੇ ਬੈਠਿਆਂ



Sri Satguru Jagjit Singh Ji eLibrary NamdhariElibrary@gmail.com

ਹੋਇਆਂ ਵਰਿਆਮ ਸਿੰਘ ਨੂੰ ਨਿਹਾਲੋ ਤੇ ਮੰਗੋ ਦਾ ਖਿਆਲ ਆ ਗਿਆ।

'ਨਿਹਾਲੋ ਤਾਂ ਘਰ ਚਲੀ ਗਈ, ਪਰ ਵਿਚਾਰੀ ਮੰਗੋ!' ਉਹ ਮਨ ਵਿਚ ਸੋਚਣ ਲਗਾ, 'ਚੰਦਰੇ ਸ਼ਾਮੇ ਅਮਲੀ ਨੇ ਮੈਥੋਂ ਕਿੰਨਾ ਅਨਰਥ ਕਰਾਇਆ। ਇਕ ਦੇਸ਼ ਭਗਤ ਸ਼ਹੀਦ ਦੀ ਪਤਨੀ, ਇਕ ਦੇਸ਼ ਭਗਤ ਦੀ ਮਾਤਾ-ਅਧਖੜ ਉਮਰ-ਮੈਂ ਕੀ ਹਨੇਰ ਮਾਰਿਆ-ਉਹ ਹੁਣ ਆਖਦੇ ਨੇ ਪੁਲਸ ਦੇ ਹੱਥ ਆ ਗਈ ਹੈ। ਸ਼ਾਮਾ ਜਿਉਂਦਾ ਫਿਰਦਾ ਹੈ।'

ਇਉਂ ਸੋਚਦਿਆਂ ਸੋਚਦਿਆਂ ਉਸ ਦੇ ਖ਼ੂਨ ਵਿਚ ਇਕ ਉਬਾਲ ਉਠਿਆ। ਮਨ ਦੀ ਸੋਚ ਸ਼ਬਦ ਰੂਪ ਧਾਰਨ ਕਰਕੇ ਪ੍ਰਗਟ ਹੋ ਗਈ।

'ਬੰਤਾ ਸਿੰਹਾਂ! ਆਦਮ ਪੁਰ ਚਲੀਏ!' ਵਰਿਆਮ ਸਿੰਘ ਨੇ ਬੰਤਾ ਸਿੰਘ ਨੂੰ ਆਖਿਆ।

'ਕਿਉਂ?'

ਉਸ ਬਈਮਾਨ ਸ਼ਾਮੇ ਅਮਲੀ ਦਾ ਪਤਾ ਕੀਤਾ ਜਾਏ, ਜਿਸ ਨੇ ਵਿਚਾਰੀ ਮੰਗੋ ਨਾਲ ਧੋਖਾ ਕੀਤਾਂ ਐ।'

'ਮੈਂ ਨਹੀਂ ਸਮਝਿਆ।'

'ਆਦਮ ਪੁਰ ਵਾਲਾ ਸ਼ਾਮਾ ਅਮਲੀ ਹੈ ਨਾ?'

'ਆਹੋ।'

'ਉਸ ਨੇ ਅਸਾਂ ਨੂੰ ਕਦੀ ਆਖਿਆ ਸ ਕਿ ਉਹ ਮੰਗੋ ਨਾਂ ਦੀ ਤੀਵੀਂ ਤੇ ਮਰਦਾ ਐ। ਰਾਤ ਦਿਨ ਉਹ ਯਾਦ ਆਉਂਦੀ ਐ, ਪਰ ਉਹ, ਉਸ ਦੇ ਕੋਲ ਨਹੀਂ ਸੀ ਬੈਠਦੀ ਤੇ ਅਸਾਂ ਉਸ ਦਾ ਤਰਲਾ ਸੁਣ ਕੇ, ਕੁਝ ਲਾਲਚ ਵਿਚ ਆ ਕੇ ਆਦਮ ਪੁਰ ਡਾਕਾ ਮਾਰਿਆ ਤੇ ਮੰਗੋ ਚੁਕ ਕੇ ਸ਼ਾਮੇ ਅਮਲੀ ਦੇ ਹਵਾਲੇ ਕਰ ਦਿਤੀ। ਅਸਾਂ ਨੂੰ ਉੱਕਾ ਪਤਾ ਨਹੀਂ ਸੀ ਕਿ ਮੰਗੋ



Sri Satguru Jagjit Singh Ji eLibrary NamdhariElibrary@gmail.com

ਕੌਣ ਐ ?'

'ਫਿਰ ?'

'ਮੰਗੋ ਤੇ ਸ਼ਾਮਾਂ ਅਮਲੀ ਦੋਵੇਂ ਪੁਲਸ ਦੇ ਹੱਥ ਆ ਗਏ। ਸੁਣਿਆਂ ਏ ਅਮਲੀ ਨੇ ਉਸ ਨਾਲ ਧੋਖਾ ਕੀਤਾ ਹੈ, ਆਪਣੀ ਜਾਨ ਬਚਾਉਣ ਲਈ ਤੇ ਡਾਕੇ ਦੇ ਭਾਰ ਤੋਂ ਬਚਣ ਵਾਸਤੇ ਝੂਠੀ ਹੀ ਵਿਉਂਤ ਸੋਚ ਲਈ।'

'ਕਿਹੜੀ ਵਿਉਂਤ ?'

'ਪੁਲਸ ਨੇ ਜਦੋਂ ਬਿਆਨ ਲਿਆ ਤਾਂ ਉਸ ਨੇ ਕਿਹਾ ਕਿ ਉਹ ਤਾਂ ਮੰਗੋ ਨੂੰ ਆਪ ਹੀ 'ਘੇਰ ਕੇ ਲਿਆਇਆ ਹੈ ਤਾਂ ਕਿ ਪੁਲਸ ਕਪਤਾਨ ਦੇ ਪੇਸ਼ ਕਰੇ। ਮੰਗੋ ਦਾ ਸਬਧ ਬਬਰਾਂ ਨਾਲ ਹੈ। ਉਹ ਤਾਂ ਇਨਾਮ ਹਾਸਲ ਕਰਨਾ ਚਾਹੁੰਦਾ ਹੈ।' ਹੁਣ ਮੰਗੋ ਪੁਲਸ ਦੇ ਕਬਜ਼ੇ ਵਿਚ ਐ। ਉਸ ਕੋਲੋਂ ਪੁਛ ਪੜਤਾਲ ਕੀਤੀ ਜਾ ਰਹੀ ਆ, ਹੋ ਸਕਦ ਹੈ, ਤੰਗ ਵੀ ਕੀਤਾ ਜਾਏ ਤੇ ਅਮਲੀ ਬਾਹਰ ਫਿਰਦਾ ਐ ! ਪਤਾ ਕਰਨਾ ਹੈ ਉਸ ਦਾ, ਤੇ ਸੋਧਣਾ ਐ। ਉਹ ਬੇਈਮਾਨ ਐ !'

'ਇਹ ਮੰਗੋ ਕੌਣ ਆ ?'

'ਧਰਮ ਸਿੰਘ ਦੀ ਮਾਤਾ। ਜਿਹੜਾ ਰਾਮ ਸਿੰਘ, ਸ਼ਾਮ ਸਿੰਘ ਆਦਿਕ ਦੇ ਜਥੇ ਨਾਲ ਐ। ਉਹ ਭੇਸ ਬਦਲ ਕੇ ਸਰਕਾਰ ਦੇ ਦਫਤਰਾਂ ਤੋਂ ਵੀ ਖਬਰਾਂ ਲਿਆਉਂਦਾ ਐ।'

'ਚਲੋ ਅਜ ਰਾਤ ਨੂੰ ਆਦਮ ਪੁਰ ਚਲੇ ਚਲਾਂਗੇ। ਚਲਣਾ ਈ ਐ, ਇਧਰ ਨਾ ਰਏ ਤਾਂ ਉਧਰ ਸਹੀ। ਉਹ ! ਉਹ ਨਿਹਾਲੋ ਵੀ ਸ਼ਾਇਦ ਉਥੋਂ ਦੀ ਸੀ ?

'ਆਹੋ !

'ਕਿੰਨੀ ਲੋਹੜੇ ਦੀ ਸੁੰਦਰ ਸੀ ਉਹ। ਮੈਂ ਤਾਂ ਦੇਖ ਕੇ ਈ ਦੰਗ ਰਹਿ ਗਿਆ। ਖੈਰ ਤੁਸਾਂ ਬੜਾ ਮਰਦਉ ਪੁਣਾ ਕੀਤਾ, ਜਿਹੜਾ



Sri Satguru Jagjit Singh Ji eLibrary NamdhariElibrary@gmail.com

ਉਸ ਦਾ ਜੀਵਨ ਨਸ਼ਟ ਨਾ ਕੀਤਾ; ਨਹੀ ਤੇ ਕਲੀ ਹੂਮਲਾ ਜਾਣੀ ਸੀ।

'ਵਾਹਿਗੁਰੂ ਨੇ ਹੀ ਕੋਈ ਮਿਹਰ ਕੀਤੀ। ਉਸ ਨੂੰ ਵੀ ਦੇਖਣਾ ਆ ਇਕ ਵਾਰ। ਪਤਾ ਨਹੀਂ ਉਹ ਆਦਮ ਪੁਰ ਹੋਏ ਜਾਂ ਰਾਣੀ ਪਰ।'

ਉਹ ਇਉਂ ਗੱਲਾਂ ਕਰ ਹੀ ਰਹੇ ਸਨ ਕਿ ਇਕ ਸੱਠ ਕੁ ਸਾਲ ਦੀ ਤੀਵੀਂ-ਰੰਗੀ ਅਰੋੜਾ ਉਹ ਲੰਮੀ ਗੜਵਾ ਲਸੀ ਦਾ ਤੇ ਰੋਟੀਆਂ ਲੈ ਕੇ ਆਈ। ਉਸੇ ਤਰ੍ਹਾਂ ਜਿਵੇਂ ਇਕ ਕਿਸਾਨ-ਮਾ, ਆਪ ਹਲ-ਵਾਹੁੰਦੇ ਬਚਿਆਂ ਵਾਸਤੇ ਛਾਹ-ਵੇਲਾ ਲਿਆਉਂਦੀ ਹੈ।

ਉਹ ਲਾਗ ਆ ਗਈ। ਉਸ ਨੇ ਸਿਰੋਂ ਗੜਵਾ ਲਾਹ ਕੇ ਖੁਰਲੀ ਵਿਚ ਰਖ ਦਿਤਾ ਤੇ ਆਵਾਜ਼ ਦਿਤੀ-ਪੁਤ ਬੰਤਿਆ! ਲੈ ਰੋਟੀ ਖਾ ਲਓ।'

ਉਸ ਨੇ ਬੰਤਾ ਸਿੰਘ ਨੂੰ ਸੰਬੋਧਨ ਕੀਤਾ ਸੀ। ਬਤਾ ਸਿੰਘ ਵਰਿਆਮ ਸਿੰਘ, ਤੇ ਦੋ ਉਹਨਾਂ ਦੇ ਸਾਥੀ-ਚਾਰ ਬੰਦੇ ਸਨ। ਉਹਨਾਂ ਨੇ ਘੋੜੀਆਂ ਉਹਲੇ ਬੰਨ੍ਹੀਆਂ ਹੋਈਆਂ ਸਨ। ਉਹਨਾਂ ਨੇ ਹੀ ਪਿੰਡ ਰੋਟੀ ਵਾਸਤੇ ਸੁਨੇਹਾ ਭੇਜਿਆ ਸੀ। ਉਹ ਲਸੀ ਦਾ ਗੜਵਾ, ਪਰੌਂਠੇ ਤੇ ਉਪਰ ਅੰਬ ਦਾ ਅਚਾਰ ਤੇ ਗੰਢੇ ਲੈ ਕੇ ਆਈ ਸੀ।

'ਸੁਣਾ ਚਾਚੀ! ਕੋਈ ਕੁਤਾ ਬਿਲਾ (ਸਰਕਾਰੀ ਬੰਦਾ) ਤਾਂ ਪਿੰਡ ਨਹੀਂ ਆਇਆ?'

ਬੰਤਾ ਸਿੰਘ ਨੇ ਮਾਈ ਨੂੰ ਪੁਛਿਆ।

'ਅਠ ਦਸ ਦਿਨ ਤੋਂ ਤਾਂ ਕੋਈ ਨਹੀਂ ਆਇਆ। ਅਗੇ ਦੋ ਦਿਨ ਆਉਂਦੇ ਰਹੇ ਸੀ ਤੇ ਕਰਤਾਰੇ ਨੂੰ ਪੁਛਦੇ ਸੀ। ਮੈਂ ਕਿਹਾ, 'ਮੈਨੂੰ ਕੀ ਪਤਾ?'

'ਲੰਬੜਦਾਰ ਦਾ ਕੀ ਹਾਲ ਐ?'

ਉਹ ਤਾਂ ਨਹੀਂ ਕੁਸਕਦਾ ਹੁਣ, ਪਹਿਲਾਂ ਐਵੇਂ ਅਬੇ-



Sri Satguru Jagjit Singh Ji eLibrary NamdhariElibrary@gmail.com

ਤਦੇ ਬੋਲਦਾ ਰਹਿੰਦਾ ਸੀ । ਤੂੰ ਆਪਣੀ ਦਸ ਸੁਖੀ ਸਾਂਦੀ ਤਾਂ ਆਂ ?'

'ਬਧੀ ਨੂੰ ਕੋਈ ਗਮ ਨਹੀਂ ਚਾਚੀ ! ਵਾਹਿਗੁਰੂ ਜਿਵੇਂ ਵਰਤਾਏਗਾ ਤਿਵੇਂ ਵਰਤ ਜਾਣਾ ਐ !'

ਰੋਟੀ ਖਾਧੀ, ਲਸੀ ਪੀਤੀ ਤੇ ਬੁਢੀ ਨੂੰ ਘਰ ਨੂੰ ਤੋਰ ਦਿਤਾ। ਆਪ ਘੋੜਿਆਂ ਤੇ ਸਵਾਰ ਹੋ ਕੇ ਆਦਮਪੁਰ ਨੂੰ ਤੁਰ ਪਏ।



Sri Satguru Jagjit Singh Ji eLibrary NamdhariElibrary@gmail.com

# ੨੨.

'ਮੈਂ ਆਖਦਾ ਹਾਂ, ਸਰਦਾਰ ਜੀ ! ਸਾਮਰਾਜੀ ਸਰਕਾਰ, ਉਸ ਦੇ ਪਿਠੂ, ਰਾਜੇ ਮਹਾਰਾਜੇ, ਸਭ ਮਾਰ ਦੇਣੇ ਚਾਹੀਦੇ ਹਨ । ਇਹਨਾਂ ਦਾ ਨਾਂ ਨਿਸ਼ਾਨ ਜਗਤ ਤੇ ਨਹੀਂ ਰਹਿਣਾ ਚਾਹੀਦਾ, ਤਾਂ ਹੀ ਗੁਲਾਮੀ ਦਾ ਯੁਗ ਖਤਮ ਹੋ ਸਕਦਾ ਹੈ। ਇਹਨਾਂ ਦਾ ਬੇੜਾ ਗਰਕ ਹੋਏ...ਜਦੋਂ ਜ਼ੁਲਮ ਕਰਦੇ ਹਨ, ਤਾਂ ਬਹੁਤ ਨਿਰਦਈ ਬਣ ਜਾਂਦੇ ਹਨ । ਰਤਾ ਤਰਸ ਨਹੀਂ ਕਰਦੇ । ਉਫ਼ ! ਮੁਠੀ ਭਰ ਗੋਰੇ, ਸਮੁੰਦਰ ਤੋਂ ਪਾਰੋਂ ਆ ਕੇ ਹਿੰਦੁਸਤਾਨੀਆਂ ਤੇ ਅਤਿਆਚਾਰ ਕਰਨ...!'

ਨਰਿੰਦਰ ਸਿੰਘ ਨੇ ਵਰਿਆਮ ਸਿੰਘ ਨੂੰ ਆਖਿਆ ।

ਨਰਿੰਦਰ ਸਿੰਘ ਵਰਿਆਮ ਸਿੰਘ ਦਾ ਸਾਥੀ ਸੀ । ਉਸ ਦੀ ਪਾਰਟੀ ਨਾਲ ਸ਼ੁਰੂ ਤੋਂ ਸ਼ਾਮਲ ਸੀ । ਉਸ ਨੂੰ ਕਪੂਰਥਲੇ ਭੇਜਿਆ ਗਿਆ ਸੀ ਕਿ ਮੰਗੋ ਦੀ ਸੂਹ ਕਢੇ ਕਿ ਉਸ ਨੂੰ ਪੁਲਸ ਨੇ ਕਿਥੇ ਤੇ ਕਿਵੇਂ ਰਖਿਆ ਹੋਇਆ ਸੀ ? ਆਦਮਪੁਰ ਦੇ ਕੋਲ ਦੋਵੇਂ ਮਿਲ ਪਏ, ਜਦੋਂ ਕਿ



Sri Satguru Jagjit Singh Ji eLibrary NamdhariElibrary@gmail.com

ਸੀ। ਨਿਹਾਲੋ ਹੁਣ ਤਕੜੀ ਸੀ, ਉਸ ਦਾ ਡਰ ਲੱਥ ਗਿਆ ਸੀ ਤੇ ਉਸ ਨੂੰ ਸਾਰਾ ਗਿਆਨ ਹੋ ਗਿਆ ਸੀ ਕਿ ਰਾਮ ਸਿੰਘ, ਧਰਮ ਸਿੰਘ ਜਾਂ ਵਰਿਆਮ ਸਿੰਘ ਕਿਉਂ ਰਾਤ ਦੇ ਹਨੇਰੇ ਵਿਚ ਪੈਰਾਂ ਨਾਲ ਧਰਤੀ ਕਛਦੇ ਫਿਰਦੇ ਸਨ। ਉਸ ਨੂੰ ਇਹ ਵੀ ਪਤਾ ਲਗ ਗਿਆ ਸੀ ਕਿ ਉਸ ਦੇ ਪਿੰਡ ਦਾ ਜ਼ੈਲਦਾਰ ਕਿਉਂ ਮਾਰਿਆ ਗਿਆ ਸੀ। ਵਰਿਆਮ ਸਿੰਘ ਮਿਲ ਕੇ ਆਦਮਪੁਰ ਆ ਗਿਆ ਸੀ, ਪੂਰੀ ਪਾਰਟੀ ਸਮੇਤ। ਉਹ ਲਭਦਾ ਫਿਰਦਾ ਸੀ ਸ਼ਾਮੇ ਅਮਲੀ ਨੂੰ, ਜਿਸ ਨੇ ਉਸ ਨੂੰ ਵੀ ਧੋਖਾ ਦਿਤਾ ਤੇ ਨਾਲ ਹੀ ਮੰਗੋ ਨਾਲ ਧੋਖਾ ਕਰਕੇ ਉਸ ਨੂੰ ਪੁਲਸ ਦੇ ਹਵਾਲੇ ਕਰ ਦਿਤਾ ਸੀ। ਪਹਿਲਾਂ ਤਾਂ ਉਹ ਵਰਿਆਮ ਸਿੰਘ ਨੂੰ ਆਖਦਾ ਰਿਹਾ—'ਵਰਿਆਮ ਸਿਹਾਂ, ਕੀ ਦਸਾਂ, ਮੈਂ ਤਾਂ ਮੰਗੋ ਬਿਨਾਂ ਰਹਿ ਨਹੀਂ ਸਕਦਾ। ਉਹ ਮੇਰੇ ਮਨ ਵਸੀ ਏ, ਆਸ਼ਕ ਆਂ, ਪੂਰਾ ਆਸ਼ਕ ਉਸ ਦਾ.. ਮੈਨੂੰ ਇਕ ਵਾਰ..!' ਮੰਗੋ ਉਸ ਨੂੰ ਮਿਲੀ, ਪਰ ਜਦੋਂ ਪੁਲਸ ਮਥੇ ਲੱਗੀ ਤਾਂ ਝੂਠਾ ਪਿਆਰ ਕਾਫੂਰ ਹੋ ਗਿਆ। ਬੇਈਮਾਨ ਨੇ ਉਲਟਾ ਹੀ ਬਿਆਨ ਦੇ ਦਿਤਾ।

'ਮੰਗੋ ਥਾਣੇ ਵਿਚ ਨਹੀਂ, ਉਸ ਨੂੰ ਤਾਂ ਲਾਹੌਰ ਭੇਜ ਦਿਤਾ ਗਿਆ ਹੈ, ਉਹ ਜ਼ਿਲੇ ਵਿਚ ਡਕ ਦਿੱਤੀ ਗਈ ਏ। ਨਰਿੰਦਰ ਸਿੰਘ ਨੇ ਵਰਿਆਮ ਸਿੰਘ ਨੂੰ ਹਾਲ ਦਸਿਆ।

'ਪਰ...ਵਾਹ! ਮੈਂ ਆਖਦਾ ਆਂ, ਮੰਗੋ ਵਰਗੀ ਤੀਵੀਂ ਘਟ ਹੀ ਹੋਰ ਹੋਵੇਗੀ। ਬੜੀ ਦਲੇਰ ਨਿਕਲੀ। ਆਸਾ ਸਿਹੋਂ ਸਿਪਾਹੀ ਨੇ ਮੈਨੂੰ ਦਸਿਆ-ਉਸ ਨੂੰ ਪੁਲਸ ਨੇ ਬਹੁਤ ਤੰਗ ਕੀਤਾ ਨੰਗਿਆ ਕਰਕੇ ਧੁਪ ਬਿਠਾਇਆ, ਭੁਖਿਆਂ ਰਖਿਆ, ਮਾਰਿਆ ਕੁਟਿਆ, ਪਰ ਉਹ ਦੋ ਗੱਲਾਂ ਨਾ ਮੰਨੀ।'

'ਕਿਹੜੀਆਂ ਦੋ ਗੱਲਾਂ ?' ਵਰਿਆਮ ਸਿੰਘ ਪੁਛੇ ਬਿਨਾਂ ਨਾਂ ਰਹਿ ਸਕਿਆ।

ਇਕ ਤਾਂ ਇਹ ਕਿ ਉਹ ਮੁਖਬਰ ਬਣ ਕੇ—ਪੁਲਸ ਦੇ ਨਾਲ ਹੋ ਕੇ ਬੱਬਰਾਂ ਨੂੰ ਫੜਾਏ ਤੇ ਉਹਨਾਂ ਦੇ ਪਤੇ ਟਿਕਾਣੇ ਦਸੇ। ਦੂਸਰਾ ਕੁਝ



Sri Satguru Jagjit Singh Ji eLibrary NamdhariElibrary@gmail.com

ਬੰਦਿਆਂ ਤੇ ਗਵਾਹੀ ਦੇਵੇ। ਜਿਉਂ ਜਿਉਂ ਪੁਲਸ ਸਖਤੀ ਕਰਦੀ ਰਹੀ, ਤਿਉਂ ਤਿਉਂ ਉਹ ਉਚੀ ਕੂਕ ਕੇ ਆਖਦੀ ਰਹੀ, 'ਚੰਦਰਿਓ ! ਦੇਸ਼ ਦੇ ਗਦਾਰੋ ! ਭਾਵੇਂ ਮੇਰੇ ਸਰੀਰ ਦੀ ਬੋਟੀ ਬੋਟੀ ਕਰ ਦਿਓ, ਮੈਂ ਫਿਰ ਵੀ ਤੁਸਾਂ ਦੀਆਂ ਗਲਾਂ ਨਹੀਂ ਮੰਨਣੀਆਂ ਤੁਸਾਂ ਦਾ ਬੇੜਾ ਗਰਕ ਜ਼ਰੂਰ ਹੋਵੇਗਾ...'ਅਤਿਆਚਾਰਾਂ ਦੇ ਕਾਰਨ ਉਹ ਦੋ ਚਾਰ ਵਾਰ ਬੇਹੋਸ਼ ਵੀ ਹੋ ਗਈ।'

'ਹੁਣ ਲਾਹੌਰ ਹੈ ?'

'ਆਂ ! ਲਾਹੌਰ ਕਿਲੇ ਵਿਚ।'

'ਨਰਿੰਦਰ ਸਿੰਹਾਂ ! ਮੈਨੂੰ ਬਹੁਤ ਅਫਸੋਸ ਐ। ਮੇਰੇ ਕਰਕੇ ਹੀ ਉਸ ਮਾਤਾ ਨੂੰ ਦੁਖ ਉਠਾਣਾ ਪਿਆ ।...ਵਾਹਿਗੁਰੂ ਮੇਰੀ ਭੁਲ ਬਖਸ਼ੇ। ਮੈਂ ਉਹਨਾਂ ਦੀਆਂ ਹੱਡੀਆਂ ਤੋੜ ਸੁਟਾਂਗਾ, ਉਨ੍ਹਾਂ ਦਾ ਰਾਜ ਪਲਟ ਦਿਆਂਗਾ, ਜਿਹੜੇ ਮਾਤਾ ਮੰਗੋ ਦੀ ਨਰਾਦਰੀ ਕਰ ਰਹੇ ਨੇ ਉਹ ਭਾਰਤ ਮਾਤਾ ਦੀ ਨੇਕ ਤੇ ਦਲੇਰ ਧੀ ਹੈ।'

ਉਹ ਗੱਲਾਂ ਕਰ ਹੀ ਰਹੇ ਸਨ ਕਿ ਉਨ੍ਹਾਂ ਦਾ ਸਾਥੀ ਆਇਆ। ਉਸ ਨੇ ਵਰਿਆਮ ਸਿੰਘ ਦੇ ਕੰਨ ਕੋਲ ਮੂੰਹ ਲਿਜਾ ਕੇ ਕਿਹਾ—'ਸ਼ਾਮਾਂ ਅਮਲੀ ਪਿੰਡੋਂ ਨਿਕਲ ਕੇ ਏਸੇ ਖੂਹ ਨੂੰ ਆ ਰਿਹਾ ਹੈ। ਮੈਂ ਮਿਲ ਕੇ ਆਇਆਂ ਆਂ। ਮੈਂ ਆਖਿਆ ਸੀ, ਮੈਂ ਥਾਣੇ ਤੋਂ ਆਇਆਂ ਆਂ ਧਰਮੇ ਦਾ ਪਤਾ ਕਰਨ।'

'ਕਿਤੇ ਧੋਖਾ ਨਾ ਦੇਵੇ ?' ਵਰਿਆਮ ਸਿੰਘ ਨੇ ਆਖਿਆ।

'ਨਹੀਂ ! ਉਹ ਧੋਖਾ ਨਹੀਂ ਦੇਵੇਗਾ, ਉਸ ਨੂੰ ਕੋਈ ਸ਼ੱਕ ਨਹੀਂ।

'ਚਲੋ, ਅਜ ਇਸੇ ਨਾਲ ਨਜਿਠੀਏ। ਕੋੜ੍ਹ ਦਾ ਕੀੜਾ ਖਤਮ ਕਰੀਏ।

ਸਾਰੇ ਉਠ ਬੈਠੇ। ਹਥਿਆਰ ਸੰਭਾਲੇ ਤੇ ਪਿੰਡੋਂ ਆ ਰਹੇ ਰਸਤੇ ਦੇ ਦੋਹੀਂ ਪਾਸੀਂ ਲੁਕ ਕੇ ਬੈਠ ਗਏ।

ਕੁਦਰਤ ਦਾ ਅਟੱਲ ਅਸੂਲ ਹੈ ਕਿ ਮਾੜੇ ਬੰਦਿਆਂ ਦਾ ਸੁਧਾਰ



Sri Satguru Jagjit Singh Ji eLibrary NamdhariElibrary@gmail.com

ਕੁਦਰਤ ਆਪ ਹੀ ਕਰਦੀ ਹੈ। ਇਹ ਨਾ ਹੋਏ ਤਾਂ ਸੰਸਾਰ ਘੋਰ ਦੁਖਾਂ ਦਾ ਘਰ ਬਣ ਜ ਏ। 'ਪਾਪੀ ਕੇ ਮਾਰਨੇ ਕੋ ਪਾਪ ਮਹਾਂ ਬਲੀ ਹੈ।' ਚੰਦਰੇ, ਭੈੜੇ ਮਨੁਖ ਦਾ ਕੁਕਰਮ ਹੀ ਉਸ ਦਾ ਕਾਲ ਬਣ ਜਾਂਦਾ ਹੈ। ਸ਼ਾਮਾਂ ਅਮਲੀ ਵਿਸ਼ਈ ਸੀ ਪਿੰਡ ਦੇ ਲੋਕ ਉਸ ਨੂੰ ਬੁਰਾ ਸਮਝਦੇ ਸਨ। ਪਿੰਡ ਡਾਕਾ ਮਰਵਾਇਆ ਇਸ ਬਦਲੇ ਉਸ ਨੂੰ ਮਾਰ ਦੇਣਾ ਚਾਹੁੰਦੇ ਸਨ, ਪਰ ਉਹ ਡਰਦੇ ਸਨ, ਰਾਜ ਦੀ ਪੁਲਸ ਕੋਲੋਂ ਜਿਸ ਨੇ ਇਨਸਾਫ ਨਹੀਂ ਸੀ ਕਰਨਾ। ਜਿਸ ਨੇ ਇਕ ਅਮਲੀ ਬਦਲੇ ਸਾਰੇ ਪਿੰਡ ਨੂੰ ਫੂਕ ਦੇਣਾ ਸੀ।

ਸ਼ਾਮੇ ਦੀ ਮੌਤ ਉਸ ਨੂੰ ਘੇਰ ਕੇ ਖੂਹ ਵਲ ਲੈ ਆਈ। ਉਸ ਦੇ ਮੰਦੇ ਕਰਮਾਂ ਦਾ ਫਲ ਉਸ ਨੂੰ ਕੁਦਰਤ ਦੇਣ ਲਗੀ ਸੀ। ਉਹ ਅਫੀਮ ਦਾ ਗੋਲਾ ਛਕ ਕੇ, ਚਾਹ ਪੀ ਕੇ ਆਪ ਮੁਹਾਰਾ, ਬਿਨਾਂ ਕਿਸੇ ਸ਼ਕ ਦੇ, ਖੂਹ ਵਲ ਤੁਰ ਪਿਆ। ਇਹ ਕੋਈ ਪਤਾ ਨਹੀਂ ਸੀ ਕਿ ਉਹ ਕਿਉਂ ਖੂਹ ਵਲ ਆਇਆ ਸੀ।

ਜਿਸ ਵੇਲੇ, ਉਸ ਥਾਂ ਪੁਜਾ ਵਰਿਆਮ ਸਿੰਘ ਤੇ ਉਸ ਦੇ ਸਾਥੀ ਬੈਠੇ ਸਨ, ਤਾਂ ਵਰਿਆਮ ਸਿੰਘ ਬੇਰੀ ਦੇ ਮੁਢ ਲਾਗਉਂ ਉਠ, ਕੇ ਉਸ ਦੇ ਅਗੇ ਹੋ ਖਲੋਤਾ।

ਵਰਿਆਮ ਸਿੰਘ ਨੂੰ ਵੇਖ ਕੇ ਉਸ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ। ਇਕ ਦਮ ਲੱਤਾਂ ਕੰਬਣ ਲਗ ਪਈਆਂ ਤੇ ਅਝੱਮਕ ਅੱਖਾਂ ਨਾਲ ਵਰਿਆਮ ਸਿੰਘ ਵਲ ਵੇਖੀ ਜਾਣ ਲੱਗਾ। ਅਫੀਮ ਦਾ ਨਸ਼ਾ ਉਡ ਗਿਆ।

'ਅਮਲੀਆ ! ਕਿਥੇ ਚਲਿਆ ਏਂ ?'

'ਬ...ਬਹਾਗੁਰੂ ਕੀ ਫਤਹ ਬਰਿਆਮ ਸਿੰਹਾਂ !' ਸ਼ਾਮਾਂ ਅਮਲੀ ਬੋਲਿਆ।

'ਤੂੰ ਤਾਂ ਮੇਰਾ ਬੇਲੀ ਏਂ, ਘਬਰਾ ਕਿਉਂ ਗਿਆ ?'

'ਘਬਰਾ...ਨਹੀਂ ਘਬਰਾਉਨਾ ਕਿਉਂ ? ਤੂੰ ਤਾਂ ਮੇਰਾ ਮਿੱਤਰ ਐ !'



Sri Satguru Jagjit Singh Ji eLibrary NamdhariElibrary@gmail.com

'ਸੁਣਾ ਫਿਰ ਮੰਗੋ ਕਿਥੇ ਈ ?' ਵਰਿਆਮ ਸਿੰਘ ਨੇ ਆਪਣਾ ਮਜ਼ਬੂਤ ਤੇ ਭਾਰੀ ਖਬਾ ਹਥ ਉਸ ਦੇ ਸੱਜੇ ਮੋਢੇ ਤੇ ਰਖਿਆ ਤੇ ਉਸ ਦੀਆਂ ਨਿਕੀਆਂ ਤੇ ਅਫ਼ੀਮ ਖਾਧੀਆਂ ਅੱਖਾਂ ਵਲ ਵੇਖ ਕੇ ਪੁਛਿਆ।

'ਮੰਗੋ ?'

'ਆਂ ਮੰਗੋ ! ਬਸਦੀ ਆ ਤੇਰੇ ਘਰ ?'

'ਨਹੀਂ ! ਉਸ ਨੂੰ ਤਾਂ ਪੁਲਸ ਫੜ ਕੇ ਲੈ ਗਈ।'

'ਕਿਉਂ ?

ਉਹ ਏ ਨਾ ਅਸਾਡੇ ਪਿੰਡ ਦੇ ਧਰਮੇ ਦੀ ਮਾਂ। ਧਰਮਾ ਅਜ-ਕਲ ਆਖਦੇ ਨੇ ਬਬਰਾਂ ਦੇ ਜਥੇ ਵਿਚ ਜਾ ਭਰਤੀ ਹੋਇਆ ਏ।'

'ਪੁਲਸ ਨੇ ਤੇਰੇ ਨਾਲ ਯਾਰੀ ਨਾ ਪਾਲੀ ?'

'ਪੁਲਸ ! ਕੀ ਦਸਾਂ...ਚੰਦਰਾਂ ਜਿਹਾ ਤੇਲੀ ਥਾਣੇਦਾਰ ਨਾ ਮੰਨਿਆ।'

'ਉਹ ਹੈ ਕਿਥੇ ? ਹੁਣ ਚੁਕ ਕੇ ਲਿਆ ਦਈਏ?'

ਰਹਿਣ ਦੇ, ਸਗੋਂ ਮੈਨੂੰ ਵੀ ਪੁਲਸ ਨੇ ਜੁਤੀਆਂ ਮਾਰੀਆਂ। ਸੁਣਾਉ ਕੋਈ ਚਾਹ-ਪਾਣੀ ਦੀ

'ਚਾਹ-ਪਾਣੀ ਤਾਂ ਪੀਣਾ ਏ, ਰੋਟੀ ਖਾਣੀ ਆ—ਸਬੱਬ ਨਾਲ ਤੂੰ ਮਿਲ ਪਿਆ।'

'ਮੈਨੂੰ ਥਾਣੇ ਸਦਿਆ ਗਿਆ ਏ, ਪਤਾ ਨਹੀਂ ਕੀ ਗੱਲ-ਹੁਣੇ ਹੁਣੇ ਬੰਦਾ ਗਿਆ ਸੀ।'

'ਕੋਈ ਮਾਲ ਵਾਲਾ ਘਰ ਏ ?'

'ਘਤ ਬੜੇ ! ਪਰ ਚਲੋ ਖੂਹ ਨੂੰ ਚਲੀਏ—ਕੋਈ ਦੇਖ ਨਾ ਲਏ, ਸਮੇਂ ਜੂ ਭੈੜੇ ਹੋਏ।' ਹੋਣੀ, ਸ਼ਾਮੇ ਅਮਲੀ ਦੀ ਜ਼ਬਾਨ ਤੇ ਚੜ੍ਹ ਕੇ ਬੋਲੀ। ਉਸ ਨੇ ਆਪ ਹੀ ਰਾਹੋਂ ਪਾਸੇ ਹੋਣ ਲਈ ਆਖ ਦਿਤਾ।

'ਚਲ !



Sri Satguru Jagjit Singh Ji eLibrary NamdhariElibrary@gmail.com

ਆਖਣ ਦੇ ਨਾਲ ਹੀ ਵਰਿਆਮ ਸਿੰਘ ਨੇ ਮੂੰਹ ਨਾਲ ਸੀਟੀ ਵਜਾਈ। ਉਸੇ ਵੇਲੇ ਆਸੇ ਪਾਸਿਓਂ ਛੇ ਸਤ ਬੰਦੇ ਹਥਿਆਰਾਂ ਸਮੇਤ ਉਸ ਦੇ ਕੋਲ ਆ ਗਏ। ਅਮਲੀ ਸ਼ਾਮਾਂ ਵਿਚ ਆ ਗਿਆ। ਉਸ ਨੇ ਸਾਰਿਆਂ ਵਲ ਵੇਖਿਆ। ਉਸ ਦਾ ਦਿਲ ਕੁਝ ਘਬਰਾਇਆ। ਪਰ ਇਹ ਸ਼ੱਕ ਨਾ ਪਿਆ ਕਿ ਉਸ ਦੇ ਸਿਰ ਤੇ ਕਾਲ ਕੂਕਦਾ ਸੀ।

ਵਰਿਆਮ ਸਿੰਘ ਤੇ ਸ਼ਾਮਾ ਅਗੇ ਅਗੇ, ਬਰੋਬਰ ੨ ਤੁਰ ਪਏ ਤੇ ਪਿਛੇ ਪਿਛੇ ਬਾਕੀ ਦੇ ਬੰਦੇ।

'ਅਮਲੀਆ ! ਸੁਣਿਆ ਏ, ਸਰਕਾਰ ਵਲੋਂ ਤੈਨੂੰ ਇਨਾਮ ਮਿਲਿਆ ਏ !'

'ਕਿਸ ਗਲ ਦਾ ?'

'ਇਹ ਤਾਂ ਤੈਨੂੰ ਪਤਾ ਹੋਏਗਾ। ਉਹ ਇਕਲਾ ਹੀ ਖਾ ਗਿਓਂ;

'ਇਨਾਮ-ਨੁਮ ਤਾਂ ਕੋਈ ਨਹੀਂ ਮਿਲਿਆ, ਐਵੇਂ ਤੁਹਾਡੇ ਕੋਲ ਕਿਸੇ ਮੂੰਹ ਮਾਰਿਆ। ਥਨੇਦਾਰ ਅਮੀਰ ਅਲੀ ਆਖਦਾ ਏ ਡਾਕੂ ਫੜਾ, ਬਬਰਾਂ ਦੀ ਦਸ ਪਾ, ਤਾਂ ਤੈਨੂੰ ਮਹਾਰਾਜੇ ਕੋਲੋਂ ਮੁਰਬਾ ਲੈ ਦਿਆਂਗੇ-ਬੈਠਾ ਮੌਜਾਂ ਕਰੀਂ।'

'ਫਿਰ ਤੂੰ ਕੀ ਕਿਹਾ ?

'ਮੈਂ ਕੀ ਆਖਣਾ ਸੀ, ਉਥੇ ਤਾਂ ਹਾਂ ਕਰ ਆਇਆ ਜੁਤੀਆਂ ਤੋਂ ਡਰਦਾ, ਪਰ ਡਾਕੂਆਂ ਨੂੰ ਫੜਾ ਕਿਵੇਂ ਸਕਦਾ ਆਂ ?

'ਅੱਛਾ, ਉਹ ਤਾਂ ਭਲਾ ਤੂੰ ਆਪਣਾ ਭਲਾ ਬੁਰਾ ਸੋਚਣਾ ਐ, ਪਰ ਇਹ ਦੱਸ, ਤੇਰੇ ਕੋਲ ਰੁਪਈਏ ਕਿੰਨੇ ਹਨ ?'

'ਕਿਉਂ ?'

'ਲੋੜ ਹੈ।'

'ਤੁਹਾਨੂੰ ਰੁਪਈਆਂ ਦੀ ਕੀ ਲੋੜ ? ਜੇ ਲੋੜ ਐ ਤਾਂ ਦਾਦਨ ਖਾਂ ਦੀ ਪੰਡੋਰੀ, ਨਿਹਾਲੇ ਕਰਾੜ ਦੇ ਘਰ ਜਾ ਪਉ। ਸਹੁਰੇ ਨੇ ਚਾਟੀਆਂ ਭਰ ਭਰ ਨੱਪੀਆਂ ਹੋਈਆਂ ਹਨ।'



Sri Satguru Jagjit Singh Ji eLibrary NamdhariElibrary@gmail.com

ਇਤ੍ਹੋਂ ਏਧਰ ਓਧਰ ਦੀਆਂ ਗਲਾਂ ਕਰਦਿਆਂ ਹੋਇਆਂ ਖੂਹ ਆ'ਗਿਆ। ਖੂਹ ਪਿੰਡੋਂ ਬਾਹਰ ਕੋਈ ਮੀਲ ਕੁ ਦੀ ਵਾਟ ਤੇ ਸੀ। ਦੂਰ ਤਕ ਖੇਤ ਸਨ। ਖੂਹ ਉਤ ਕੋਈ ਆਦਮੀ ਨਹੀਂ ਸੀ। ਖੂਹ ਵਗਿਆ ਕਰਦਾ ਸੀ। ਲਕੜ ਦਾ ਢੋਲ, ਝਵਕਲੀ, ਬੈੜ, ਤਕਲਾ ਤੇ ਲੱਠ ਵੀ ਲਕੜ ਦੀ ਤੇ ਉਪਰ ਸੀ ਭਾਰੀ ਕਾਂਝਣ ਪਾਈ ਹੋਈ। ਮਿਟੀ ਦੀਆਂ ਟਿੰਡਾਂ ਦੀ ਮਾਹਲ ਸੀ। ਉਸ ਦੀ ਗਾਹੜੀ ਤੇ ਵਰਿਆਮ ਸਿੰਘ ਬੈਠ ਗਿਆ ਸ਼ਾਮਾ ਉਸ ਦੇ ਕੋਲ ਖਲੋ ਗਿਆ।

'ਭਊ ਬੰਤਾ ਸਿੰਹਾ, ਅਮਲੀ ਦੀ ਕੋਈ ਸੇਵਾ ਕਰੋ।' ਵਰਿਆਮ ਸਿੰਘ ਨੇ ਆਪਣੇ ਸਾਥੀ ਬੰਤਾ ਸਿੰਘ ਧਾਮੀਆਂ ਨੂੰ ਆਖਿਆ।

'ਸੇਵਾ ਤਾਂ ਸਗੋਂ ਮੈਂ ਤੁਹਾਡੀ ਕਰਨੀ ਆਂ। ਪਿੰਡ ਨੂੰ ਜਾਂਦਾ ਆਂ, ਲਸੀ-ਪਾਣੀ ਲਿਆਉਂਦਾ ਆਂ। ਚਾਹ ਤਾਂ ਤੁਸੀਂ ਪੀਂਦੇ ਨਹੀਂ...।'

ਅਮਲੀ ਨੇ ਗਲ ਪੂਰੀ ਵੀ ਨਹੀਂ ਸੀ ਕੀਤੀ ਕਿ ਬੰਤਾ ਸਿੰਘ ਨੇ ਸ਼ਾਮੇ ਦੀ ਪੱਗ ਲਾਹ ਲਈ। ਸ਼ਾਮਾ ਕੁਝ ਹੈਰਾਨ ਹੋਇਆ। ਉਸ ਨੇ ਸਾਰਿਆਂ ਵਲ ਵੇਖਿਆ। ਸਾਰੇ ਮੁਸਕਰਾ ਰਹੇ ਸਨ। ਵਰਿਆਮ ਸਿੰਘ ਹੱਸਣ ਲਗ ਪਿਆ—

'ਇਹ.. ਇਹ ਕੇਹੀ ਸੇਵਾ ਹੋਣ ਲੱਗੀ ਆ?, ਸ਼ਾਮੇ ਨੇ ਪੁਛਿਆ।

'ਵੇਖੀ ਜਾਹ।'

ਸ਼ਾਮੇ ਦੇ ਵੇਖਦਿਆਂ ਉਸ ਦੀ ਪੱਗ ਕਾਂਢ ਦੇ ਉਤੋਂ ਦੀ ਸੁਟੀ ਗਈ। ਉਸ ਦੀਆਂ ਦੋਵੇਂ ਕੰਨੀਆਂ ਮੇਲ ਕੇ ਲੜ ਇਕੋ ਜਹੇ ਕਰ ਲਏ ਗਏ ਤੇ ਦੋਂਹ ਬੰਦਿਆਂ ਨੇ ਅਮਲੀ ਨੂੰ ਬਾਹੀਂ ਤੋਂ ਫੜ ਲਿਆ।

'ਇਹ ਕੀ? ਬਰਿਆਮ ਸਿੰਹਾਂ ਇਹ ਕੀ? ਕੀ ਮੈਨੂੰ ਫਾਹੇ ਲਾਉਣ ਲਗੇ ਜੇ?

ਸ਼ਾਮਾ ਅਮਲੀ ਘਬਰਾ ਕੇ ਬੋਲਿਆ। ਉਸ ਨੇ ਵਰਿਆਮ ਸਿੰਘ ਵਲ ਦੇਖਿਆ ਤੇ ਉਸ ਨੂੰ ਸੰਬੋਧਨ ਕਰਕੇ ਪੁਛਿਆ। ਵਰਿਆਮ ਸਿੰਘ ਦਾ ਹਾਸਾ ਕ੍ਰੋਧ ਵਿੱਚ ਪਲਟ ਚੁਕਾ ਸੀ। ਉਸ ਦੀਆਂ ਅੱਖਾਂ। ਲਾਲ ਹੋ ਗਈਆਂ ਸਨ। ਉਸ ਨੇ ਕਿਹਾ, 'ਹਾਂ ਤੈਨੂੰ ਫਾਹੇ ਲਾ ਕੇ ਮਾਰਨ ਲਗੇ



Sri Satguru Jagjit Singh Ji eLibrary NamdhariElibrary@gmail.com

ਹਾਂ, ਚੰਡਾਲਾ! ਝੂਠਿਆ, ਲੋਕਾਂ ਦੇ ਦੁਸ਼ਮਨਾ! ਤੈਨੂੰ ਉਸ ਮੌਤੇ ਮਾਰਨ ਲਗੇ ਹਾਂ, ਜਿਸ ਮੌਤੇ ਕਦੀ ਕੋਈ ਨਹੀਂ ਮਰਿਆ। ਤੂੰ ਆਖਦਾ ਸੀ, ਮੰਗੋ ਬਦਲੇ ਮਰਦਾ ਏਂ, ਪਰ ਪੁਲਸ ਨੂੰ ਆਖਿਆ ਇਹ ਧਰਮੇ ਬਬਰ ਦੀ ਮਾਂ ਹੈ। ਇਸ ਕੋਲ ਬਬਰ ਆਉਂਦੇ ਹਨ—ਇਨਾਮ ਲਿਆ। ਕੁਤਿਆ! ਆਪਣਿਆਂ ਨੂੰ ਵੱਢਣ ਲਗੋਂ। ਤੈਨੂੰ ਮਰਿਆ ਜਾਇਗਾ। ਲਮਕਾਉ ਪੁਠਾ।

ਸ਼ਾਮੇ ਅਮਲੀ ਦੀਆਂ ਅੱਖਾਂ ਅਗੇ ਮੌਤ ਦਾ ਭਿਆਨਕ ਦ੍ਰਿਸ਼ ਆ ਗਿਆ। ਉਸ ਦਾ ਲਹੂ ਜੰਮ ਗਿਆ। ਅੱਖਾਂ ਪਥਰਾ ਗਈਆਂ। ਬੋਲਣ ਦੀ ਸ਼ਕਤੀ ਜਾਂਦੀ ਰਹੀ। ਉਹ ਗੁੰਗਿਆਂ ਵਾਂਗ ਡਾਡਾਂ ਮਾਰਨ ਲਗਾ ਪਰ ਉਸਦੀ ਡਾਡ ਨੂੰ ਜ਼ੋਰ ਦੀ ਮਾਰੀ ਚਪੇੜ ਨੇ ਰੋਕ ਦਿਤਾ।

'ਕੁਤਿਆ ਚੁਪ ਕਰਕੇ ਮਰ! ਹੁਣ ਕਿਹੜੇ ਪਿਉ ਨੂੰ ਸੱਦਦਾ ਐਂ? ਕੋਈ ਨਹੀਂ ਆਵੇਗਾ।'

ਉਸ ਨੂੰ ਪੁਠਾ ਕਰਕੇ ਉਸਦੇ ਦੋਵੇਂ ਪੈਰ, ਉਸਦੀ ਪਗ ਦੇ ਦੋਹਾਂ ਪਲਿਆਂ ਨਾਲ ਬੰਨ੍ਹ ਕੇ ਲਟਕਾ ਦਿਤਾ ਗਿਆ।

ਉਚਾ ਲਟਕਾਇਆ ਜਿਥੇਂ ਉਸ ਦੇ ਹਥ ਭੋਂ ਨਾਲ ਨਾ ਲਗਣ। ਫਿਰ ਉਸ ਦੇ ਗਲ ਦਾ ਝੱਗਾ ਲਾਹ ਸੁਟਿਆ। ਨੰਗੇ ਪਿੰਡੇ ਵਿਚ ਹਲਕੀਆਂ ਹਲਕੀਆਂ ਬਰਛੀਆਂ ਮਾਰ ਕੇ ਲਹੂ ਕਢਿਆ-ਪੱਛ ਲਾਏ। ਉਨ੍ਹਾਂ ਪੱਛਾਂ ਦੀ ਪੀੜ ਨਾਲ ਉਹ ਵਿਆਕੁਲ ਹੋ ਕੇ ਤੜਪਨ ਲੱਗਾ।

'ਤੂੰ ਸ਼ਾਮਾ ਅਮਲੀ ਏਂ ਨਾ, ਜਿਸ ਨੇ ਅਸਾਂ ਨੂੰ ਕਿਹਾ ਸੀ ਪਿੰਡ ਲੁਟੋ। ਮੰਗੋ ਤੇਰੀ ਕੀ ਲਗਦੀ ਸੀ?'

'ਮੇਰੀ ਮਾਤਾ! ਮੈਨੂੰ ਇਸ ਤਰ੍ਹਾਂ ਤੰਗ ਕਰਕੇ ਨਾ ਮਾਰੋ। ਤਰਸ ਕਰੋ, ਮੈਂ ਅਗੇ ਨੂੰ ਕਦੀ ਕਿਸੇ ਦੀ ਨੂੰਹ ਧੀ ਵਲ ਨਹੀਂ ਤੱਕਦਾ। ਖਿਮਾਂ ਕਰੋ, ਬਖਸ਼ੋ ਰਬ ਦੇ ਵਾਸਤੇ, ਅਮਲੀ ਨੂੰ ਬਖਸ਼ੋ।'

'ਪੱਛ ਲਾਏ ਨੇ ਤੇਰਾ ਗੰਦਾ ਲਹੂ ਨਿਕਲ ਜਾਏ। ਤੈਨੂੰ ਜਾਨੋਂ ਨਹੀਂ ਮਾਰਦੇ। ਜੇ ਪੁਲਸ ਅਗੇ ਫਰਿਆਦੀ ਹੋਏਂਗਾ ਤਾਂ ਫਿਰ ਜਾਨੋਂ



Sri Satguru Jagjit Singh Ji eLibrary NamdhariElibrary@gmail.com

ਮਾਰਾਂਗੇ। ਇਥੇ ਲਟਕਿਆ ਰਹੋ। ਆਪਣੇ ਕੀਤੇ ਕੁਕਰਮਾਂ ਨੂੰ ਯਾਦ ਕਰ ਕਰ ਕੇ ਰੋਂਦਾ ਰਹੋ।'

ਵਰਿਆਮ ਸਿੰਘ ਦਾ ਪਹਿਲਾ ਫੈਸਲਾ ਤਾਂ ਸੀ ਸ਼ਾਮੇ ਨੂੰ ਜਾਨੋਂ ਮਾਰਨ ਦਾ, ਫਿਰ ਪਤਾ ਨਹੀਂ ਕਿਉਂ ਉਸ ਨੇ ਆਪਣੇ ਫ਼ੈਸਲੇ ਨੂੰ ਬਦਲ ਦਿਤਾ। ਉਸ ਨੇ ਆਪਣੇ ਸਾਥੀਆਂ ਨੂੰ ਕਿਹਾ, 'ਚਲੋ ਚਲੀਏ। ਲਟ-ਕਿਆ ਰਹਿਣ ਦਿਓ ਸੁ, ਤਾਕਿ ਪਿੰਡ ਵਾਲੇ ਦੇਖ ਕੇ ਇਸ ਕੋਲੋਂ ਇਸ ਦੇ ਕੁਕਰਮ ਦੀ ਕਹਾਣੀ ਸੁਨਣ।'

ਸ਼ਾਮਾ ਲਟਕਿਆ ਰਿਹਾ।

ਵਰਿਆਮ ਸਿੰਘ ਦੀ ਪਾਰਟੀ ਅਗੇ ਚਲ ਪਈ।

ਸ਼ਾਮੇ ਦੇ ਪਿੰਡੇ ਵਿਚੋਂ ਲਹੂ ਵਗਦਾ ਦੇਖ ਕੇ ਖਾਂ ਖੂਹ ਦੀ ਕਾਵਣ ਉਤੇ ਆ ਬੈਠੇ।





Sri Satguru Jagjit Singh Ji eLibrary NamdhariElibrary@gmail.com

## ੨੩.

ਮੈਂ ਆਖਦਾ ਆਂ, ਸਾਰਾ ਜੱਥਾ ਮੁੰਡੇਰ ਚਲੋ ਉਥੇ ਆਪਣਾ ਘਰ ਐ, ਕਿਸੇ ਤਰ੍ਹਾਂ ਦਾ ਕੋਈ ਖ਼ਤਰਾ ਨਹੀਂ' ਜਗਤ ਸਿੰਘ ਨੇ ਵਰਿਆਮ ਸਿੰਘ ਤੇ ਉਸ ਦੇ ਸਾਥੀ ਬੰਤਾ ਸਿੰਘ ਨੂੰ ਆਖਿਆ।

ਟਾਹਲੀਆਂ-ਕਿੱਕਰਾਂ ਦੀ ਰੱਖ ਵਿਚ ਖਲੋਤੇ ਹੋਏ ਸਾਰੇ ਵਿਚਾਰ ਕਰਦੇ ਸਨ ਕਿ ਕਿਧਰ ਜਾਣ। ਇਕ ਦੋ ਬੰਦੇ ਸੋਧਣੇ ਸਨ ਪਿੰਡਾਂ, ਜੂਹਾਂ ਤੇ ਖੇਤਾਂ ਵਿਚ ਖਤਰਾ ਸੀ ਸਾਰੇ ਦੁਆਬੇ ਵਿਚ ਭੁਚਾਲ ਆਇਆ ਹੋਇਆ ਸੀ। ਪੁਲਸ ਤਾਂ ਹਰ ਬੰਦੇ ਨੂੰ ਬੱਬਰ ਸਮਝਦੀ ਸੀ। ਇਸਤ੍ਰੀਆਂ ਕੋਲੋਂ ਵੀ ਉਹਨਾਂ ਨੂੰ ਭੈ ਆਉਣ ਲਗ ਪਿਆ ਸੀ। ਝੋਲੀਚੁਕ ਦਾ ਜ਼ੋਰ ਸੀ। ਸਾਮਰਾਜੀ ਸਰਕਾਰਾਂ-ਗਰੀਬ ਕੋਮਾਂ ਨੂੰ ਸੋਨੇ ਚਾਂਦੀ ਨਾਲ ਖਰੀਦਦੀਆਂ ਹਨ। ਦੁਆਬੇ ਵਿੱਚ ਕੌਣ ਖਰੀਦਿਆ ਗਿਆ ਹੈ, ਕੌਣ ਦੇਸ਼ ਭਗਤ ਹੈ, ਕੌਣ ਸਰਕਾਰੀ ਹੈ, ਸਮਝਣਾ ਔਖਾ ਸੀ।

ਜਗਤ ਸਿੰਘ ਸ਼ਾਮਚੁਰਾਸੀ ਦਾ ਸੀ। ਇਕ ਵਾਰ ਉਸ ਨੂੰ ਪੁਲਸ ਨੇ ਫੜਿਆ ਤਾਂ ਪੂਰਾ ਮਹੀਨਾ ਥਾਨੇ ਰੱਖਿਆ। ਫਿਰ ਛੱਡ ਦਿਤਾ। ਥਾਣੇ ਵਿਚੋਂ ਵਾਪਸ ਆ ਕੇ ਉਹ ਸਗੋਂ ਬਹੁਤਾ ਕੰਮ ਕਰਨ ਲੱਗਾ।



Sri Satguru Jagjit Singh Ji eLibrary NamdhariElibrary@gmail.com

ਅਕਾਲੀਆਂ, ਕਾਂਗਰਸੀਆਂ ਦੇ ਅਗੇ ਪਿਛੇ ਫਿਰਨ ਲਗਾ। ਉਸ ਨੇ ਪੱਗ ਨੀਲੀ ਬੰਨ੍ਹ ਲਈ। ਸਿਰ ਤੋਂ ਪੈਰਾਂ ਤਕ ਮੋਟਾ ਖੱਦਰ ਪਾ ਲਿਆ। ਰੋੜੇ ਤੇ ਗੋਰੇ ਦੇ ਪਿੱਠੂਆਂ ਨੂੰ ਗਾਲ੍ਹਾਂ ਕੱਢਣ ਲੱਗਾ। ਪੁਲਸ ਵਾਲਿਆਂ ਦੀ ਬੁਰਿਆਈ ਕਰਦਿਆਂ ਉਸ ਦੀ ਜ਼ਬਾਨ ਨਾ ਥਕਦੀ ਅੰਮ੍ਰਿਤਸਰ ਜਾ ਕੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਵੀ ਮਿਲ ਆਇਆ। ਸਭ ਨੇ ਸਮਝਿਆ, ਜਗਤ ਸਿੰਘ ਬਹੁਤ ਹੀ ਦੇਸ਼ ਭਗਤ, ਤਿਆਗੀ, ਭਾਰਤ ਮਾ_। ਨੂੰ ਸੁਤੰਤਰ ਕਰਉਣ ਵਾਲੀ ਸੈਨਾ ਦਾ ਸਿਰਲੱਥ ਸਨਿਕ ਹੈ। ਉਹ ਆਖਣ ਲੱਗ ਪਿਆ ਸੀ, 'ਤਨ, ਮਨ ਤੇ ਧਨ ਸਭ ਕੁਝ ਕੌਮ ਦਾ ਹੈ। ਮੈਂ ਤਾਂ ਲੋਚਦਾ ਆਂ, ਮੈਨੂੰ ਫਾਂਸੀ ਦੀ ਸਜਾ ਹੋਏ। ਮੈਂ ਦੇਸ਼, ਕੌਮ ਤੇ ਧਰਮ ਦੀ ਸੁਤੰਤਰਤਾ ਬਦਲੇ ਸ਼ਹੀਦ ਹੋਵਾਂ।'

ਜ਼ਬਾਨ ਰਸੀਲੀ ਸੀ। 'ਸੌ ਗੁਰੂ ਦੀ ਸੱਚ ਆਖਦਾ ਆਂ, ਧਰਮ ਨਾਲ ਕਦੀ ਝੂਠ ਨਹੀਂ ਬੋਲਿਆ! ਉਹ ਗੱਲ ਗੱਲ ਨਾਲ ਆਖਣ ਲੱਗ ਪਿਆ ਸੀ।

ਬਬਰ ਲੀਡਰ ਮ੍ਹਾਂ ਕਿਸ਼ਨ ਸਿੰਘ 'ਗੜਗਜ' ਪਾਸੋਂ ਵੀ ਉਸ ਨੇ ਮਾਣ ਪ੍ਰਾਪਤ ਕਰ ਲਿਆ। ਬਬਰ ਉਸ ਤੇ ਭਰੋਸਾ ਕਰਨ ਲਗ ਪਏ। ਉਹ ਜੋ ਕੁਝ ਕਹਿੰਦਾ, ਸੋ ਸੱਚ ਮੰਨਿਆ ਜਾਂਦਾ। ਕਿਸੇ ਨੂੰ ਸ਼ੱਕ ਨਾ ਪੈਂਦਾ।

ਪਰ ਉਹ ਅੰਦਰੋਂ ਪੁਲਸ ਨਾਲ ਮਿਲਿਆ ਹੋਇਆ ਸੀ। 'ਲਬ ਲਾਹਨਤ ਤੇ ਤਮਾ ਖਰਾਬ' ਦਾ ਰੋਗ ਲੱਗ ਗਿਆ ਸੀ, ਉਹ ਸੁਫਨੇ ਲੈਂਦਾ ਸੀ ਕਿ ਜਿਸ ਦਿਨ ਦੋ ਬਬਰ ਫੜਾ ਦਿਤੇ, ਉਸ ਦਿਨ ਅਮੀਰ ਹੋ ਜਾਵਾਂਗਾ। 'ਦਸ ਹਜ਼ਾਰ' ਰੁਪਿਆ ਕੋਈ ਮਾਮੂਲੀ ਗੱਲ ਨਹੀਂ ਸੀ ਉਸ ਵੇਲੇ, ਜਦ ਸਭ ਚੀਜ਼ਾਂ ਦੇ ਭਾਹ ਸਸਤੇ ਸਨ, ਰੁਪਿਆ ਬੰਦਾ ਮਾਰਿਆਂ ਨਹੀਂ ਸੀ ਮਿਲਦਾ, ਉਸ ਨੂੰ ਮਿਲਦਾ ਸੀ ਦਸ ਹਜ਼ਾਰ, ਕਿਸ਼ਨ ਸਿੰਘ ਗੜਗਜ ਨੂੰ ਫੜਾਉਣ ਬਦਲੇ। ਵਰਿਆਮ ਸਿੰਘ ਤੇ ਬੰਤਾ ਸਿੰਘ ਧਾਮੀਆਂ ਦਾ ਵੀ ਭਾਰੀ ਇਨਾਮ ਸੀ। ਜਗਤ ਸਿੰਘ ਕਦੀ ਕਦੀ ਖਿਆਲ ਕਰਦਾ—ਇਨਾਮ ਮਿਲੇਗਾ...ਜੱਟਾਂ ਦੀਆਂ ਬੁੱਤੀਆਂ ਕਰਨ



Sri Satguru Jagjit Singh Ji eLibrary NamdhariElibrary@gmail.com

ਤੋਂ ਛੁਟਕਾਰਾ ਹੋ ਜਾਏਗਾ । ਹਲਾਂ ਦੇ ਫਾਲੇ ਠੋਕਦਿਆਂ-ਉਮਰ ਬੀਤ ਜਾਣੀ-ਕਮੀਂ ਅਖਵਾਉਣਾ-ਇਹ ਭਲਾ ਕੋਈ ਜ਼ਿੰਦਗੀ ਹੈ ? ਸਾਰੇ ਹੀ ਕਰਦੇ ਨ-ਮਾਇਆ ਮਿਲਦੀ ਨੂੰ ਕੌਣ ਰੋਕਦਾ, ਗੋਰਿਆਂ ਨੇ ਤਾਂ ਹਿੰਦੁਸਤਾਨ ਵਿਚੋਂ ਜਾਣਾ ਹੀ ਨਹੀਂ । ਜੇ ਜਾਣਗੇ ਤਾਂ ਫਿਰ ਦੇਖੀ ਜਾਏਗੀ-ਪਰ ਇਕ ਵਾਰ ਤਾਂ ..ਜੇ ਚਾਰ ਮੁਰਬੇ ਵੀ ਲਾਇਲਪੁਰ ਮਿਲ ਗਏ ਤਾਂ ਵੀ.. ।

ਉਹ ਵਿਕ ਗਿਆ ਸੀ । ਉਸ ਵੇਲੇ ਉਹ 'ਭੇਖਾ ਧਾਰੀ' ਠੱਗ ਸੀ, ਬਾਹਰੋਂ ਹੋਰ ਤੇ ਅੰਦਰੋਂ ਹੋਰ। ਉਸ ਨੂੰ ਜੱਥਾ ਮਿਲ ਗਿਆ । ਉਸ ਨੇ ਸੋਚਿਆ, 'ਮੁੰਡੇਰ' ਪਿੰਡ ਸਾਰੇ ਪੁਜ ਜਾਣ ਤੇ ਉਥੇ ਜਾ ਕੇ ਰਹਿਣ ਉਸ ਦੇ ਰਿਸ਼ਤੇਦਾਰ ਦੇ ਘਰ। ਫਿਰ ਉਹ ਜਲੰਦਰ ਖਬਰਾਂ ਪਹੁੰਚਾ ਦੇਵੇ। ਪੁਲਸ ਆਏ-ਬਬਰ ਫੜੇ ਜਾਣ ਤੇ ਉਸੇ ਵੇਲੇ ਉਸ ਨੂੰ ਡਿਪਟੀ ਕਮਿਸ਼ਨਰ ਚਾਂਦੀ ਦੇ ਰੁਪਿਆਂ ਦੀ ਥੈਲੀ ਦੇ ਕੇ ਆਖੇ, 'ਵੈਲ ਜਗਤ ਸਿੰਘ, ਟੁਮ ਨੇ ਅਛਾ ਕੀਆ-ਹਮ ਟੁਮਾਰੀ ਸਫ਼ਾਰਸ਼ ਲਾਹੌਰ ਲਾਟ ਪਾਸ ਕਰੇਗਾ.. ਟੁਮ ਕੋ ਮੁਰਬੇ ਮਿਲੇਂਗੇ ਟੁਮ ਵਫ਼ਾਦਾਰ ਅਛਾ ਬੰਦਾ।'

ਜੰਗਲ ਵਿਚ ਖਲੋਤਾ ਹੋਇਆ ਹੀ ਜਗਤ ਸਿੰਘ ਕਲਪਣਾ ਸ਼ਕਤੀ ਰਾਹੀਂ ਗੋਰੇ ਡਿਪਟੀ ਕਮਿਸ਼ਨਰ ਪਾਸੋਂ ਇਨਾਮ ਤੇ 'ਸ਼ਾਬਾਸ਼' ਪ੍ਰਾਪਤ ਕਰ ਰਿਹਾ ਸੀ

'ਮੁੰਡੇਰ ਕੋਈ ਚੰਗਾ ਪਿੰਡ ਨਹੀਂ...ਖਤਰਾ ਹੋ ਸਕਤਾ ਹੈ। ਉਥੋਂ ਦਾ ਲੰਬਰਦਾਰ ਭੈੜਾ ਏ, ਚੇਤੂ।' ਬੰਤਾ ਸਿੰਘ ਨੇ ਉਤਰ ਦਿਤਾ।

'ਕਿਸੇ ਦੀ ਮਾਂ ਦਾ ਨੀ ਧੌਸਾ ਜਾਇਆ, ਕੋਈ ਤੁਸਾਂ ਵਲ ਅੱਖ ਪੁਟ ਕੇ ਵੀ ਝਾਕੇ। ਲੰਬਰਦਾਰਾਂ ਦਾ ਤਾਂ ਸੁਣ ਕ ਲਹੂ ਸੁਕ ਜਾਂਦਾ ਐ... ਚਲੋ ਤੁਸੀਂ ਦੋ ਦਿਨ ਆਰਾਮ ਕਰੋ, ਦੇਖੋ ਲੀੜੇ ਚਿਕੜ ਹੋਏ ਨੇ, ਧੋ ਲੈਣੇ। ਉਹ ਆਪਣਾ ਘਰ ਐ।' ਜਗਤ ਸਿੰਘ ਨ ਜ਼ੋਰ ਦਿਤਾ।

ਵਰਿਆਮ ਸਿੰਘ ਹੁਰਾਂ ਨੂੰ ਤਾਂ ਆਪਣੇ ਹਥਿਆਰਾਂ ਤੇ ਮਾਣ ਸੀ। ਉਹ ਤਾਂ ਵਾਹਿਗੁਰੂ ਤੋਂ ਬਿਨਾ ਕਿਸੇ ਕੋਲੋਂ ਡਰਦੇ ਨਹੀਂ ਸਨ। ਉਨ੍ਹਾਂ ਦੇ ਤਾਂ ਚਿਤ ਸੀ, ਸ਼ਹੀਦ ਹੋਣਾ ਹੈ। ਕੀ ਪਤਾ ਕਦੋਂ ? ਲੰਮੇ



Sri Satguru Jagjit Singh Ji eLibrary NamdhariElibrary@gmail.com

ਜੀਵਨ ਦੀ ਆਸ ਕੋਈ ਨਹੀਂ। ਜਦੋਂ ਨਿਹਾਲੋ ਨੂੰ ਮਿਲਣ ਗਏ ਸਨ, ਨਿਹਾਲੋ ਉਸ ਦੇ ਚੰਗੇ ਸੁਭਾ, ਸੁੰਦਰ ਸਰੀਰ, ਬਹਾਦਰੀ, ਦੇਸ਼ ਭਗਤੀ ਆਦਿਕ ਗੁਣਾਂ ਕਰਕੇ ਉਸ ਵਲ ਖਿਚੀ ਗਈ। ਪਰ ਉਹ ਹੈਰਾਨ ਹੋਈ ਸੀ, ਸਿਰ ਤੋਂ ਪੈਰਾਂ ਤਕ ਕੰਬ ਗਈ, ਜਦੋਂ ਅਨੋਖੇ ਹੀ ਲਹਿਜੇ ਵਿਚ ਉਸ ਨੂੰ ਵਰਿਆਮ ਸਿੰਘ ਨੇ ਆਖਿਆ ਸੀ-'ਮੇਰੀ ਨਿਕੀ ਭੈਣ ਨਿਹਾਲੋ! ਇਹ ਲੈ ਦੋ ਸੌ ਰੁਪਿਆ—ਦੋ ਸੋਨੇ ਦੀਆਂ ਟੂਮਾਂ ਮੇਰੇ ਜੀਵਨ ਦਾ ਕੋਈ ਭਰੋਸਾ ਨਹੀਂ, ਤੇਰੇ ਵਿਆਹ ਤਕ ਕੀ ਪਤਾ ਮੈਂ ਜੀਊਂਦਾ ਰਹਾਂ ਕਿ ਨਾ ਮੇਰੇ ਵਲੋਂ।'

ਭੋਲੀ ਨਿਹਾਲੋ ਉਸ ਦੀ ਗੋਦ ਵਿਚ ਡਿਗ ਕੇ ਅੱਥਰੂ ਕੇਰਨ ਲਗ ਪਈ ਸੀ। ਉਸ ਦੀ ਨਿਰਛਲ ਆਤਮਾ ਨੇ ਕਿਹਾ ਸੀ-'ਵਰਿਆਮ ਸਿੰਘ ਸੌ ਸਾਲ ਜੀਵੇ!' ਪਰ ਮਰਨ ਜੀਵਨ ਦਾ ਪਤਾ ਹੋਣੀ ਨੂੰ।

'ਚਲ ਬੰਤਾ ਸਿੰਹਾਂ! ਅੱਜ ਰਾਤ ਮੁੰਡੇਰ ਹੀ ਚਲੋ ਚਲਦੇ ਹਾਂ।' ਵਰਿਆਮ ਸਿੰਘ ਨੇ ਆਖਿਆ।

ਸਲਾਹ ਪੱਕੀ ਹੋ ਗਈ। ਜਵਾਲਾ ਸਿੰਘ, ਨਥਾ ਸਿੰਘ, ਬੰਤਾ ਸਿੰਘ ਧਾਮੀਆਂ ਤੇ ਵਰਿਆਮ ਸਿੰਘ ਤਾਂ ਜਗਤ ਸਿੰਘ ਦੇ ਨਾਲ ਮੁੰਡੇਰ ਨੂੰ ਤੁਰ ਪਏ ਤੇ ਉਹਨਾਂ ਦੇ ਸਾਥੀ ਚਾਰ ਬੰਦੇ ਦੂਸਰੇ ਕਿਸੇ ਪਿੰਡ ਨੂੰ ਚਲੇ ਗਏ। ਜਿਵੇਂ ਉਹਨਾਂ ਦਾ ਪਰੋਗਰਾਮ ਸੀ।

ਸਿਆਲ ਦੇ ਦਿਨ ਸਨ। ਕੁਕੜ ਉਡਾਰੀ ਦਿਨ ਝੱਟ ਮੁਕ ਜਾਂਦੇ ਤੇ ਹਨੇਰੀ ਰਾਤ ਕਾਲੀ ਚਾਦਰ ਵਾਂਗ ਸਾਰੇ ਤਾਣੀ ਜਾਂਦੀ ਸੀ। ਸੂਰਜ ਉਨ੍ਹਾਂ ਨੂੰ ਜੂਹ ਵਿਚ ਹੀ ਡੁਬ ਗਿਆ. ਡੂੰਘੀਆਂ ਤਰਕਾਲਾਂ ਸਮੇਂ ਉਹ ਇਕ ਕਾਰੀਗਰ ਦੇ ਘਰ ਪੁਜੇ। ਖੁਲ੍ਹਾ ਘਰ ਸੀ ਇਕਾਹਰੇ ਕੋਠਿਆਂ ਵਾਲਾ। ਨਾਲ ਦੇ ਘਰ ਦਾ ਪੱਕਾ ਚੁਬਾਰਾ ਸੀ। ਉਸ ਘਰ ਦੀ ਛਤੋੜ ਇਕ ਸੁਫਾ ਤੇ ਪਿਛੇ ਦੋ ਕੋਠੜੀਆਂ ਸਨ। ਸੁਫੇ ਵਿਚ ਡੇਰੇ ਲਾ ਦਿਤੇ। ਘਰ ਦਾ ਟੱਬਰ ਕੋਈ ਵੱਡਾ ਨਹੀਂ ਸੀ। ਇਕ ਤੀਵੀਂ ਦੋ ਬੱਚੇ ਤੇ ਇਕ ਮਰਦ। ਮਰਦ ਦਾ ਵਡਾ ਮੁੰਡਾ ਬਾਹਰ ਹਵੇਲੀ ਵਿਚ ਆਪਣੇ ਟੱਬਰ ਸਮੇਤ ਰਹਿੰਦਾ ਸੀ, ਜਿਥੇ ਕਾਰਖਾਨਾ ਸੀ ਲਕੜੀ ਦੇ ਕੰਮ ਕਰਨ ਦਾ।



Sri Satguru Jagjit Singh Ji eLibrary NamdhariElibrary@gmail.com

ਸਾਰਿਆਂ ਰੋਟੀ ਖਾਣੀ ਸੀ। ਰੋਟੀ ਤਿਆਰ ਹੋਣ ਲਗੀ । ਜਗਤ ਸਿੰਘ ਜੁਲਾਹਿਆਂ ਦੀ ਨਾਲ ਵਾਂਗ ਕਦੀ ਅੰਦਰ ਤੇ ਕਦੀ ਬਾਹਰ ਫਿਰਨ ਲਗਾ ਸੀ। ਉਹ ਬਾਹਰਲੀ ਹਵੇਲੀ ਵ ਗਿਆ। ਉਸ ਨੂੰ ਅਧੇ ਕੁ ਘੰਟੇ ਦਾ ਸਮਾਂ ਲਗਾ। ਆਉਂਦਾ ਹੋਇਆ ਸ਼ਕਰ ਘਿਓ ਫੜੀ ਆਇਆ। ਰੋਟੀ ਖਾਧੀ। ਸੁਫੇ ਵਿਚ ਹੀ ਮੰਜੇ ਡਾਏ ਗਏ । ਘਰ ਤੀਵੀਂ ਬੱਚੇ ਸੁਫੇ ਵਿਚ ਨਾ ਸੁਤੇ । ਉਹ ਡਿਉੜੀ ਵਿਚ ਚਲੇ ਗਏ। ਜਗਤ ਸਿੰਘ ਵੀ ਸੁਫੇ ਵਿਚ ਸੁਤਾ।

ਥੱਕੇ ਜਵਾਨਾਂ ਨੂੰ ਬੇ-ਫਿਕਰੀ ਨਾਲ ਨੀਂਦ ਆ ਗਈ।

ਜਗਤ ਸਿੰਘ ਜਾਗਦਾ ਰਿਹਾ। ਉਹ ਤਾਂ ਸੁਨਹਿਰੀ ਭਵਿਖਤ ਦੇ ਦ੍ਰਿਸ਼ ਵੇਖਦਾ ਰਿਹਾ। ਉਸ ਸੁਨਹਿਰੀ ਭਵਿਖਤ ਦੇ ਦ੍ਰਿਸ਼ ਵਿਚ ਉਸ ਨੂੰ ਲਹੂ ਦੀ ਲਾਲ ਧਾਰਾ ਵਗਦੀ ਦਿਖਾਈ ਨਾ ਦਿਤੀ । ਦਿਨ ਦੇ ਚੜ੍ਹਾ ਨਾਲ ਮਲਕੜੇ ਜਹੇ, ਦਬੇ ਪੈਰ ਉਹ ਸੁਫੇ ਦਾ ਬੂਹਾ ਖੋਲ੍ਹ ਕੇ ਬਾਹਰ ਹੋਇਆ । ਬੂਹਾ ਢੋ ਦਿਤਾ। ਵਿਹੜੇ ਵਿਚ ਖਲੋਤਾ ਸੋਚਦਾ ਰਿਹਾ– 'ਹਥਿਆਰ ਚੁਕ ਲਵਾਂ' ਪਰ ਹਥਿਆਰ ਚੁਕਣੇ ਸੌਖੇ ਨਹੀਂ ਸਨ, ਮਰਨ ਦਾ ਡਰ ਸੀ। ਉਹ ਡਿਉੜੀ ਵਿਚ ਪੁਜਾ । ਮਿੰਟਾਂ ਵਿਚ ਘਰ ਦੇ ਸਾਰੇ ਜੀ ਬਾਹਰ ਕਢ ਦਿਤੇ।

ਉਹ ਵੀ ਬਾਹਰ ਹੋ ਗਿਆ।

ਸਿਆਲ ਦਾ ਸੂਰਜ ਨਹੀਂ ਸੀ ਚੜ੍ਹਿਆ। ਅਜੇ ਘੁਸਮੁਸਾ ਸੀ। ਲੋਕ ਸੁਤੇ ਹੋਏ ਸਨ । ਸੀਤ ਚੰਗੀ ਪੈਂਦੀ ਸੀ । ਪਸ਼ੂ ਅੰਦਰੀਂ ਬੱਧੇ ਸਨ । ਗੁਰਦੁਆਰੇ ਵਿਚ ਰਹਿੰਦਾ ਸਾਧ ਜ਼ਰੂਰ ਉਚੀ ਉਚੀ ਬਾਣੀ ਦਾ ਪਾਠ ਕਰ ਰਿਹਾ ਸੀ।

* * * * * *

ਪੁਲਸ ਨੇ ਮੁੰਡੇਰ ਨੂੰ ਘੇਰਾ ਪਾ ਲਿਆ। ਪੁਲਸ ਦੇ ਨਾਲ, ਖਾਂ ਬਹਾਦਰ ਅਬਦੁਲ ਅਜ਼ੀਜ਼ ਸੀ। ਸਾਰੇ ਰਾਹ ਰੋਕੇ ਗਏ । ਪੁਲਸ ਕੋਲ



Sri Satguru Jagjit Singh Ji eLibrary NamdhariElibrary@gmail.com

ਪੱਕੀਆਂ ਰਫ਼ਲਾਂ ਸਨ। ਹੁਕਮ ਕਠੜਾ ਸੀ। ਸੂਰਜ ਚੜ੍ਹਨ ਤੋਂ ਪਹਿਲ ਪਹਿਲਾਂ ਹੀ ਡਿਪਟੀ ਕਮਿਸ਼ਨਰ, ਜਨਰਲ ਫਿਟਸ ਦੀ ਕਮਾਂਡ ਹੇਠ ਜਲੰਧਰ ਛਾਉਣੀ ਤੋਂ ਇਕ ਫੌਜੀ ਦਸਤਾ ਲੈ ਕੇ ਮੁੰਡੇਰ ਪਹੁੰਚ ਗਿਆ।

ਜਗਤ ਸਿੰਘ ਦੇ ਹਮਾਇਤੀ ਰਿਸ਼ਤੇਦਾਰਾਂ ਨੇ ਵੀ ਇਨਾਮ ਲੈਣ ਤੇ ਦਿਵਾਉਣ ਬਦਲੇ ਸੋਹਣਾ ਕੰਮ ਕੀਤਾ। ਉਹਨਾਂ ਦਾ ਮੁੰਡਾ ਹੀ ਜਲੰਧਰ ਗਿਆ ਸੀ, ਰਾਤੋ ਰਾਤ। ਘਰ ਦੇ ਮਾਲਕ ਨੇ ਡਿਪਟੀ ਕਮਿਸ਼ਨਰ ਨੂੰ ਜਾ ਕਿਹਾ-'ਸਰਕਾਰ! ਬੱਬਰ ਮੇਰੇ ਘਰ ਹਨ। ਫੜਾਉਣ ਵਾਸਤੇ ਹੀ ਜਗਤ ਸਿੰਘ ਮੇਰੇ ਘਰ ਲਿਆਇਆ। ਅਸੀਂ ਬਬਰਾਂ ਦੇ ਹਮਾਇਤੀ ਨਹੀਂ। ਮੇਰਾ ਵਡਾ ਪੁਤਰ ਹੀ ਤੁਸਾਂ ਕੋਲ ਅਪੜਿਆ ਸੀ।

'ਅਛਾ ਟੁਮ ਨੇ ਬਹੁਤ ਅੱਛਾ ਕੀਆ! ਬੱਬਰ ਲੋਕ ਖੂਨੀ ਹੈਂ-ਡਾਕੂ ਹੈਂ- ਲੋਗੋਂ ਕੋ ਲੂਟਤੇ ਹੈਂ। ਇਨ ਕੋ ਪਕੜਨਾ ਮਾਰਨਾ ਹੀ ਹਛਾ ਐ।' ਡਿਪਟੀ ਕਮਿਸ਼ਨਰ ਨੇ ਅਗੋਂ ਉਤਰ ਦਿਤਾ।

'ਪੁਲਸ ਆ ਗਈ! ਪੁਲਸ ਆ ਗਈ!'

ਇਕ ਛੋਟੇ ਜਹੇ ਬੱਚੇ ਨੇ ਜਾ ਵਰਿਆਮ ਸਿੰਘ ਹੁਰਾਂ ਨੂੰ ਖਬਰ ਦਿਤੀ, ਜਿਵੇਂ ਜਗਤ ਸਿੰਘ ਨੇ ਉਸ ਨੂੰ ਸਮਝਾਇਆ ਸੀ। ਖ਼ਬਰ ਵੀ ਉਸ ਵੇਲੇ ਦਿਤੀ ਸੀ ਜਦੋਂ ਸਾਰੇ ਰਾਹ ਰੁਕ ਗਏ ਸਨ। ਲੜਨ ਮਰਨ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਸੀ ਰਿਹਾ।

ਸਾਰੇ ਜਾਗੇ ਤੇ ਸਾਵਧਾਨ ਹੋਏ। ਉਹਨਾਂ ਵੇਖਿਆ ਜਗਤ ਸਿੰਘ ਉਨ੍ਹਾਂ ਦੇ ਕੋਲ ਨਹੀਂ ਸੀ। ਉਹਨਾਂ ਨੂੰ ਸ਼ਕ ਪੈ ਗਿਆ ਕਿ ਉਨ੍ਹਾਂ ਨਾਲ ਜਗਤ ਸਿੰਘ ਨੇ ਧੋਖਾ ਕੀਤਾ ਸੀ। ਬੱਚਾ ਜਿਵੇਂ ਆਇਆ ਸੀ ਤਿਵੇਂ ਨਸ ਗਿਆ ਉਸੇ ਵੇਲੇ ਬਾਹਰੋਂ ਗੋਲੀ ਚਲੀ। ਹਵਾ ਵਿਚ ਗੋਲੀ ਤੇ ਨਾਲ ਹੀ ਉਚੀ ਆਵਾਜ਼ ਆਈ-

'ਹਥਿਆਰ ਸੁਟ ਕੇ ਪੁਲਸ ਦੇ ਪੇਸ਼ ਹੋ ਜਾਓ।'

ਹਥਿਆਰ ਸੂਰਮੇ ਨਹੀਂ ਸੁਟਿਆ ਕਰਦੇ। ਡਰਾਕਲ ਤੇ



Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਕਮਜ਼ੋਰ ਹੀ ਵੈਰੀ ਅਗੇ ਹਥਿਆਰ ਸੁਟਦੇ ਹਨ। ਸੋ ਅਗੋਂ ਬੰਤਾ ਸਿੰਘ ਨੇ ਵੀ ਗੋਲੀ ਚਲਾ ਦਿਤੀ। ਬਾਹਰ ਨਿਕਲ ਕੇ ਉਹਨਾਂ ਦੇਖਿਆ ਕਿ ਘਰ ਦੇ ਵਿਹੜੇ ਵਿਚ ਰਿਹਾਂ ਬਚਾਅ ਨਹੀਂ ਹੋ ਸਕਦਾ। ਉਹ ਕਾਹਲੀ ਨਾਲ ਕੋਠੇ ਤੇ ਚੜ੍ਹ ਗਏ। ਚੁਬਾਰੇ ਦਾ ਬੂਹਾ ਖੁਲ੍ਹਾ ਸੀ, ਉਸ ਵਿਚ ਮੋਰਚਾ ਲਾ ਕੇ ਬੈਠ ਗਏ। ਉਸ ਚੁਬਾਰੇ ਦੇ ਦੋਹੀਂ ਪਾਸੀਂ ਬਾਰੀਆਂ ਸਨ, ਇਕ ਪਾਸੇ ਦਰਵਾਜ਼ਾ ਤੇ ਇਕ ਪਾਸੇ ਕੰਧ ਸੀ। ਪੁਲਸ ਗੋਲੀ ਚਲਾਉਣ ਲਗੀ। ਅਗੋਂ ਬਬਰ ਵੀ ਵਾਰੀ ਨਾਲ ਗੋਲੀ ਚਲਾਉਣ ਲੱਗੇ ਤੇ ਨਾਲੇ ਵਿਚਾਰ ਕਰਦੇ ਰਹੇ—

'ਜਗਤ ਸਿੰਘ ਦੇਸ਼-ਧ੍ਰੋਹੀ ਤੇ ਅਕ੍ਰਿਤਘਣ ਨਿਕਲਿਆ। ਬਈਮਾਨ ਨੇ ਧੋਖਾ ਕੀਤਾ।'

'ਅਛਾ! ਇਧਰ ਨਜਿਠ ਕੇ ਫਿਰ ਉਸ ਦੀ ਵੀ ਖਬਰ ਲਵਾਂਗੇ, ਜੇ ਜੀਉਂਦੇ ਰਹੇ ਤਾਂ।'

ਗੋਲੀ ਚਲਦੀ ਗਈ। ਗੋਲੀ ਚਲਦੀ ਗਈ। ਦੋਹਾਂ ਪਾਸਿਆਂ ਤੋਂ ਫੈਸਲਾ ਕੋਈ ਨਾ ਹੋਇਆ। ਦਿਨ ਚੜ੍ਹ ਗਿਆ। ਸੂਰਜ ਕੋਠਿਆਂ ਤੇ ਰੁਖਾਂ ਤੋਂ ਉਚਾ ਹੋ ਗਿਆ।

'ਪਤਾ ਨਹੀਂ ਬਬਰਾਂ ਕੋਲ ਅਸਲਾ ਕਿੰਨਾ ਕੁ ਹੈ, ਇਸ ਤਰ੍ਹਾਂ ਇਹ ਕਾਬੂ ਨਹੀਂ ਆਉਣ ਲਗੇ।' ਅਬਦੁਲ ਅਜ਼ੀਜ਼ ਨੇ ਡਿਪਟੀ ਕਮਿਸ਼ਨਰ ਨੂੰ ਆਖਿਆ।

'ਫਿਰ ਕੀ ਕੀਤਾ ਜਾਏ? ਡਿਪਟੀ ਕਮਿਸ਼ਨਰ ਨੇ ਪੁਛਿਆ।

'ਪਿੰਡ ਖਾਲੀ ਕਰਾਇਆ ਜਾਏ। ਸਾਰੇ ਬੰਦੇ ਤੇ ਬਚੇ ਬਾਹਰ ਕਢ ਦਿਤੇ ਜਾਣ।

'ਐਸਾ ਹੀ ਕਰੋ।

ਅੰਗਰੇਜ਼ੀ ਸਾਮਰਾਜ ਦਾ ਸੂਰਜ ਸਿਖਰ ਤੇ ਸੀ। ਉਨ੍ਹਾਂ ਨੂੰ ਕੋਈ ਪੁਛਣ ਵਾਲਾ ਨਹੀਂ ਸੀ। ਉਹ ਜਿਵੇਂ ਚਾਹੁੰਦੇ ਸਨ, ਤਿਵੇਂ ਕਰਦੇ ਸਨ। ਉਸ ਵੇਲੇ ਹੁਕਮ ਦਿਤਾ ਗਿਆ—'ਸਭ ਬਾਹਰ ਆ ਜਾਓ, ਬਾਹਰ ਤਾਂ ਲੋਕ ਪਹਿਲਾਂ ਹੀ ਹੋ ਗਏ ਸਨ। ਕਿਉਂਕਿ ਗੋਲੀਆਂ



Sri Satguru Jagjit Singh Ji eLibrary NamdhariElibrary@gmail.com

ਦਾ ਮੀਂਹ ਵਰ੍ਹਦਾ ਸੀ। ਜਾਨ ਦਾ ਖ਼ਤਰਾ ਸੀ। ਪਲਾਂ ਵਿਚ ਪਿੰਡ ਖਾਲੀ ਹੋ ਗਿਆ।

ਪੁਲਸ ਤੇ ਫੌਜ ਅਗੇ ਵਧੇ। ਮਸ਼ੀਨ ਗੰਨ ਬੀੜ ਕੇ ਗੋਲੀਆਂ ਚਲਾਈਆਂ। ਅਗੋਂ ਵਰਿਆਮ ਸਿੰਘ ਤੇ ਬੰਤਾ ਸਿੰਘ ਵੀ ਮੌਕਾ ਤਾੜ ਕੇ ਨਿਸ਼ਾਨੇ ਮਾਰਦੇ ਰਹੇ। ਮੋਰਚਾ ਕਰੜਾ ਹੋ ਗਿਆ। ਇਕ ਘੰਟਾ ਗੋਲੀ ਚਲਦੀ ਰਹੀ।

'ਚੁਬਾਰੇ ਕੋ ਆਗ ਲਗਾ ਦਉ। ਸਾਰਾ ਘਰ ਫੂਕ ਦੋ। ਹਮ ਹਰਜਾਨਾ ਦੇਗਾ। ਡਿਪਟੀ ਕਮਿਸ਼ਨਰ ਨੇ ਹੁਕਮ ਦੇ ਦਿਤਾ।

ਮਿਟੀ ਦੇ ਤੇਲ ਦੇ ਪੀਪੇ ਪ੍ਰਾਪਤ ਕੀਤੇ ਗਏ। ਜਿਸ ਘਰ ਦੇ ਕੋਠੇ ਤੇ ਚੁਬਾਰਾ ਸੀ, ਉਸ ਨੂੰ ਤਲ ਸੁਟ ਕ ਅੱਗ ਲਾ ਦਿਤੀ ਗਈ।

ਅੱਗ ਕਿਸੇ ਦਾ ਬੁਰਾ ਭਲਾ ਨਹੀਂ ਵਿਚਾਰਦੀ। ਉਹ ਆਪਣਾ ਕੰਮ ਕਰੀ ਜਾਂਦੀ ਹੈ। ਅੱਗ ਦੇ ਅਲੰਬੇ ਉਠੇ। ਇਉਂ ਪ੍ਰਤੀਤ ਹੁੰਦਾ ਸੀ ਜਿਵੇਂ ਸਾਰਾ ਪਿੰਡ ਹੀ ਸੜ ਕੇ ਸਵਾਹ ਹੋ ਜਾਣਾ ਹੈ।

ਧੂੰਆਂ ਤੇ ਸੇਕ ਉਪਰ ਉਠਿਆ। ਪਿੰਡ ਦ ਲੋਕ ਦੂਰ ਖਲੋਤੇ ਦੇਖਦੇ ਸਨ। ਉਹ ਭੈ-ਭੀਤ ਸਨ। ਸਾਰੇ ਆਖਦੇ ਸਨ 'ਪੁਲਸ ਨੂੰ ਦਸਣ ਵਾਲੇ ਦਾ ਬੇੜਾ ਗਰਕ ਹੋਵੇ! ਜਵਾਨ ਮਰਾਵਉਣ ਲਗਾ ਤੇ ਪਿੰਡ ਨੂੰ ਭਾਜੜ ਪਾਈ-ਕੀ ਪਤਾ ਕੀ ਹੋਏਗਾ!' ਕਹੁਤੇ ਤਾਂ ਨਾਲ ਦੇ ਪਿੰਡਾਂ ਨੂੰ ਨਿਕਲ ਗਏ ਸਨ। ਪਿੰਡ ਦੇ ਖੇਤਾਂ ਤਕ ਭੈ ਛਾ ਗਿਆ ਸੀ!

ਪਰ ਬਬਰਾਂ ਨੇ ਦਿਲ ਨਾ ਛਡਿਆ। ਉਹ ਦੇਸ਼ ਦੀ ਆਜ਼ਾਦੀ, ਅਣਖ ਤੇ ਸਤਿਕਾਰ ਬਦਲੇ ਲੜਦੇ ਰਹੇ। 'ਮਰਨਾ! ਇਕ ਦਿਨ ਜ਼ਰੂਰ ਮਰਨਾ, ਫਿਰ ਡਰਨਾ ਕਿਉਂ?' ਸਾਰਿਆਂ ਦੇ ਮਨੀਂ ਸੀ।

'ਵੀਰ ਵਰਿਆਮ ਸਿੰਘ! ਚੁਬਾਰਾ ਤਾਂ ਡਿਗ ਪਏਗਾ।' ਬੰਤਾ ਸਿੰਘ ਨੇ ਆਖਿਆ।

'ਏਸ ਨੂੰ ਛਡਣਾ ਹੀ ਚੰਗਾ ਹੈ। ਪਰੇ ਖਿਸਕੀਏ ਤੇ ਵੈਰੀ ਨੂੰ ਮਾਰੀਏ।' ਜਵਾਲਾ ਸਿੰਘ ਬੋਲਿਆ।



Sri Satguru Jagjit Singh Ji eLibrary NamdhariElibrary@gmail.com

'ਵੈਰੀ ਨੇੜੇ ਘੇਰਾ ਪਾਈ ਬੈਠੇ ਹਨ।

ਫਿਰ ਕੀ ?'

ਅਗਲੇ ਪਾਸੇ ਇਕ ਕੋਠਾ ਨੀਵਾਂ ਸੀ ਤੇ ਦੂਸਰਾ ਉਚਾ, ਉਸ ਦੀ ਆੜ ਲੈ ਕੇ ਲੜਾਈ ਹੋ ਸਕਦੀ ਸੀ। ਪਰ ਉਥੋਂ ਤਕ ਜਾਣਾ ਔਖਾ ਸੀ। ਗੋਰਾ ਫੌਜ ਦੇ ਸਿਪਾਹੀ ਐਵੇਂ ਗੋਲੀਆਂ ਦਾ ਮੀਂਹ ਵਰ੍ਹਾ ਰਹੇ ਸਨ। ਚਾਰ ਜਵਾਨਾਂ ਦਾ ਮੁਕਾਬਲਾ ਸੌ ਤੋਂ ਉਪਰ ਪੁਲਸ ਤੇ ਫੌਜ ਦੇ ਜਵਾਨ ਕਰਦੇ ਸਨ।

ਚੁਬਾਰੇ ਦੀ ਹੇਠਲੀ ਛਤ ਕੜਕ ਪਈ। ਤੇੜਾਂ ਪੈ ਗਈਆਂ। ਧੂੰਆਂ ਛੱਤ ਪਾੜ ਕੇ ਉਪਰ ਆ ਗਿਆ।

'ਚਲੋ ਬਾਹਰ ਨਿਕਲੋ। ਜੋ ਹੋਏ ਸੋ ਹੋਏ।

ਅਗੇ ਜਵਾਲਾ ਸਿੰਘ ਲਗਾ, ਉਸ ਦੇ ਪਿਛੇ ਨਥਾ ਸਿੰਘ ਫਿਰ ਬੰਤਾ ਸਿੰਘ-ਨੀਵੇਂ ਹੋ ਕੇ-ਝੁਕ ਕੇ ਨੱਸ ਕੇ ਲੇਟ ਕੇ, ਕਈਆਂ ਢੰਗਾਂ ਨਾਲ ਅਗੇ ਹੋਏ ਤਾਂ ਵੈਰੀਆਂ ਵਲੋਂ ਕਾੜ ਕਾੜ ਗੋਲੀਆਂ ਦਾ ਮੀਂਹ ਵਰ੍ਹ ਪਿਆ। ਨਥਾ ਸਿੰਘ ਤੇ ਜਵਾਲਾ ਸਿੰਘ ਡਿਗ ਪਏ। ਉਹ ਉਠਣ ਜੋਗੇ ਨਾ ਰਹੇ। ਬੰਤਾ ਸਿੰਘ ਜ਼ਖਮੀ ਹੋ ਗਿਆ-ਪਰ ਉਹ ਧਰਤੀ ਤੇ ਲੇਟ ਕੇ, ਰਿੜ੍ਹ ਕੇ ਨੀਵੇਂ ਕੋਠੇ ਤੇ ਜਾ ਡਿਗਾ। ਉਸ ਦੀ ਲੱਤ ਨਿਕਾਰੀ ਹੋ ਗਈ। ਬਾਂਹ ਦੇ ਡੌਲੇ ਤੇ ਵੀ ਇਕ ਗੋਲੀ ਲਗੀ। ਚਲਣਾ ਔਖਾ ਹੋ ਗਿਆ। ਉਠ ਕੇ ਬੈਠਣ ਦੀ ਵੀ ਸਮਰਥਾ ਨਹੀਂ ਸੀ।

ਵਰਿਆਮ ਸਿੰਘ ਬਚ ਗਿਆ। ਉਹ ਫੌਜੀ ਸੀ, ਐਸੇ ਢੰਗ ਨਾਲ ਅਗੇ ਹੋਇਆ ਕਿ ਉਸ ਨੂੰ ਕੋਈ ਗੋਲੀ ਨਾ ਲੱਗੀ।

'ਵੀਰ ! ਮੈਨੂੰ ਗੋਲੀ ਮਾਰ ਮੈਂ ਮਰ ਜਾਵਾਂ, ਜੀਉਂਦਾ ਵੈਰੀ ਦੇ ਹੱਥ ਨਾ ਆਵਾਂ। ਮੁਰਦਾ ਖਰਾਬ ਕਰਣਗੇ। ਬੜੇ ਡਾਢੇ ਹਨ, ਕੀ ਪਤਾ ਧਰਮ ਤੋਂ ਹੀ ਡੇਗ—ਕੁਝ ਭੇਤ ਹੀ ਪੁਛ ਲੈਣ-ਮੈਨੂੰ ਮਾਰ ਦੇ।

ਬੰਤਾ ਸਿੰਘ ਨੇ ਵਰਿਆਮ ਸਿੰਘ ਨੂੰ ਕਿਹਾ।

'ਇਹ ਕਿਵੇਂ ਹੋ ਸਕਦਾ ਹੈ, ਮੈਂ ਵੀਰ ਨੂੰ ਗੋਲੀ ਮਾਰਾਂ ? ਇਹ ਮੈਂ ਨਹੀਂ ਕਰ ਸਕਦਾ। ਤਕੜਾ ਹੋ, ਅੰਤਮ ਦਮ ਤਕ ਲੜੀਏ। ਹਥਿ-



Sri Satguru Jagjit Singh Ji eLibrary NamdhariElibrary@gmail.com

ਆਰ ਨਾ ਸੁਟੀਏ।' ਵਰਿਅਮ ਸਿੰਘ ਨੇ ਉਤਰ ਦਿਤਾ।

ਗੋਲੀ ਚਲਦੀ ਜਾਂਦੀ ਸੀ।

'ਫਿਰ ਇਹ ਕਰ ਨੱਠ ਜਾਹ! ਨਿਕਲ ਜਾਹ! ਜੇ ਰਾਹ ਲਭਦਾ ਈ ਤਾਂ।

ਪਰ ਤੇਰਾ ਕੀ ਬਣੇਗਾ ?'

'ਸ਼ਹੀਦੀ! ਮੌਤ! ਅਗਲੇ ਜਹਾਨ ਵਿਚ ਮਿਲਾਂਗੇ। ਫਿਰ ਜਾਮਾ ਲੈ ਕੇ ਇਸ ਗੋਰਾ ਸ਼ਾਹੀ ਨਾਲ ਲੜਾਂਗੇ। ਕੋਈ ਫਿਕਰ ਨਹੀਂ–ਦੇਸ਼ ਜਾਗ ਪਿਆ ਹੈ–ਇਹ ਗੋਰਾ ਸ਼ਾਹੀ ਦੀ ਗੋਲੀ ਇਕ ਦਿਨ ਠੰਢੀ ਹੋ ਜਾਏਗੀ।

ਵਰਿਆਮ ਸਿੰਘ ਨੇ ਬੰਤਾ ਸਿੰਘ ਨੂੰ ਗੋਲੀ ਨਾ ਮਾਰੀ, ਉਸ ਨੂੰ ਬੰਦੂਕ ਦੇ ਦਿਤੀ ਕਿ ਉਹ ਗੋਲੀ ਚਲਦੀ ਜਾਏ, ਵੈਰੀ ਨੂੰ ਮਾਰੇ।

ਵਰਿਆਮ ਸਿੰਘ ਨੇ ਦੇਖਿਆ। ਉਹ ਕੋਠਿਓਂ ਕੋਠੀ ਚਲਦੀ ਗੋਲੀ ਵਿਚੋਂ ਦੀ ਲੰਘ ਜਾਏ। ਸਾਥੀ ਤਾਂ ਸ਼ਹੀਦ ਹੋ ਗਏ।

ਬੰਤਾ ਸਿੰਘ ਲੰਮਾ ਪਿਆ ਗੋਲੀ ਚਲਾਉਂਦਾ ਰਿਹਾ।

ਵਰਿਆਮ ਸਿੰਘ ਸਰਕਿਆ। ਫੌਜੀਆਂ ਦੇਖਿਆ। ਉਹ ਚਲਦੀ ਗੋਲੀ ਵਿਚ ਅਗੇ ਅਗੇ ਹੋਈ ਗਿਆ ਤੇ ਅਖੀਰ ਜਵਾਨ ਨੇ ਕੋਠੇ ਤੋਂ ਛਾਲ ਮਰ ਦਿਤੀ। ਪੱਕੀ ਬੰਦੂਕ ਵਿਚ ਪੂਰਾ ਮੇਗਜ਼ੀਨ ਭਰਿਆ ਸੀ। ਪਿੰਡ ਦੀ ਬਾਹਰਲੀ ਗਲੀ ਸੀ। ਗੋਲੀ ਚਲਾਉਂਦਾ ਹੋਇਆ–ਨੱਠਾ ਗਿਆ। ਅਗੇ ਸਿਪਾਹੀ ਸਨ। ਉਨ੍ਹਾਂ ਤੇ ਗੋਲੀ ਚਲਾਈ। ਇਕ ਬੰਬ ਸੁਟਿਆ ਤੇ ਸਿਪਾਹੀਆਂ ਨੂੰ ਉਲਟਾ ਕੇ ਅਗੇ ਨਿਕਲ ਗਿਆ। ਉਸ ਪਾਸੇ ਦੇ ਰਾਖੇ ਉਸ ਦਾ ਪਿਛਾ ਨਾ ਕਰ ਸਕੇ। ਗੋਲੀ ਚਲਾਉਂਦੇ ਰਹੇ।

ਪਿੰਡ ਤੇ ਗੋਲੀ ਚਲਦੀ ਗਈ।

ਵਰਿਆਮ ਸਿੰਘ ਪਿੰਡੋਂ ਦੂਰ ਨਿਕਲ ਗਿਆ।



Sri Satguru Jagjit Singh Ji eLibrary NamdhariElibrary@gmail.com

# ੨੪.

ਸੁਤੰਤ੍ਰਤਾ ਵਾਸਤੇ ਘੋਲ-ਘੁਲਣ ਵਾਲਿਆਂ ਬੱਬਰਾਂ ਵਿਚ ਇਕ ਸਿਰਲੱਥ ਸ਼ਹੀਦ ਸਰਦਾਰ ਧੰਨਾ ਸਿੰਘ ਬੇਬਲ ਪੁਰੀ ਸੀ। ਹੋਰ ਸਾਥੀਆਂ ਵਾਂਗ ਉਸ ਨੇ ਵੀ ਘਰ-ਘਾਟ ਤਿਆਗ ਕੇ ਸਿਰ ਤੇ ਸ਼ਹੀਦੀ ਦੁਮਾਲਾ ਬੰਨ੍ਹ ਲਿਆ ਸੀ ਤੇ ਪ੍ਰਤੱਗਿਆ ਕੀਤੀ ਸੀ–'ਜੀਉਂਦੇ ਜੀ ਵੈਰੀ ਦੇ ਹੱਥ ਨਹੀਂ ਆਉਣਾ ਅਤੇ ਸ਼ਹੀਦੀ ਪ੍ਰਾਪਤ ਕਰਨੀ ਹੈ ਤਾਕਿ ਜੇ ਭਾਰਤ ਸੁਤੰਤਰ ਨਾ ਹੋਇਆ ਤਾਂ ਦੂਸਰਾ ਜਨਮ ਧਾਰਨ ਕਰ ਕੇ ਫਿਰ ਸੁਤੰਤ੍ਰਤਾ ਦੇ ਘੋਲ ਵਿਚ ਸ਼ਾਮਲ ਹੋਵਾਂਗਾ।'

ਸ: ਧੰਨਾ ਸਿੰਘ ਨੂੰ ਅਜ਼ਾਦੀ ਦੀ ਲਗਨ ਗੁਰੂ ਕੇ ਬਾਗ ਵਿਚ ਕੀਤੇ ਨੌਕਰਸ਼ਾਹੀ ਦੇ ਜ਼ੁਲਮਾਂ ਨੂੰ ਤੱਕ ਕੇ ਲਗੀ ਸੀ। ਜਦੋਂ ਬੀ. ਟੀ. ਡਾਂਗਾਂ ਦਾ ਮੀਂਹ ਵਰਸਾਉਂਦਾ ਸੀ, ਅਕਾਲੀ ਸਿੰਘ 'ਸਤਿਨਾਮ-ਵਾਹਿ-ਗੁਰੂ' ਦਾ ਜਾਪ ਕਰਦੇ ਹੋਏ ਧਰਤੀ ਵਾਂਗ ਸ਼ਾਂਤ, ਗੰਭੀਰ ਤੇ ਚੁਪਚਾਪ ਆਪਣੇ ਸਰੀਰਾਂ ਉਤੇ ਡਾਂਗਾਂ ਨੂੰ ਝੱਲਦੇ ਸਨ। ਤਦੋਂ ਸਰਦਾਰ ਧੰਨਾ ਸਿੰਘ ਇਕ ਪਾਸੇ ਖਲੋਤਾ ਵੇਖਦਾ ਸੀ। ਉਸ ਨੂੰ ਗੁਸਾ ਆਇਆ, ਜੋਸ਼ ਆਇਆ, ਉਸ ਦੀ ਆਤਮਾ ਵਿਚ ਸਿਖੀ ਦੀ ਰੂਹ ਜਾਗੀ, ਧਰਮ



Sri Satguru Jagjit Singh Ji eLibrary NamdhariElibrary@gmail.com

ਦਾ ਪਰਕਾਸ਼ ਹੋਇਆ ਆਪੇ ਦਾ ਗਿਆਨ ਹੋਇਆ-ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ ਉਸ ਨੇ ਜੀਵਣ ਦੇ ਮੂਲ ਨੂੰ ਸਮਝਿਆ, ਸਤਿਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਬਾਜ ਨੂੰ ਤੱਕਿਆ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਨੂੰ ਚੇਤੇ ਕੀਤਾ, ਤਾਂ ਕੁਦ ਪਿਆ ਸੁਤੰਤ੍ਰਤਾ ਦੇ ਘੋਲ ਵਿਚ। ਇਕ ਵਾਰ ਦੋ ਵਾਰ ਮਾਰ ਖਾ ਕੇ ਆ ਗਿਆ ਦੁਆਬੇ ਵਿਚ, ਤੇ ਰਲ ਗਿਆ ਬਬਰਾਂ ਦੇ ਜਥੇ ਵਿਚ। ਸ: ਕਿਸ਼ਨ ਸਿੰਘ 'ਗੜਗੱਜ, ਅਗੇ ਇਕ ਤਰਲੇ, ਇਕ ਵਿਲਕਣੀ ਵਿਚ ਉਸ ਨੇ ਬੇਨਤੀ ਕੀਤੀ-'ਜਥੇਦਾਰ ਜੀ, ਮੈਨੂੰ ਆਪਣੇ ਜਥੇ ਵਿਚ ਸ਼ਾਮਲ ਕਰ ਲੌ! ਗੋਰਾ-ਸ਼ਾਹੀ ਦੇ ਚੱਟੇ-ਵਟੇ, ਟੋਡੀ-ਜਿਹੜੇ ਭਾਰਤੀਆਂ ਨੂੰ ਫੜਾਉਂਦੇ, ਫਾਹੇ ਲਵਾਉਂਦੇ, ਦੇਸ਼-ਧਰੋਹੀ ਬਣ ਰਹੇ ਨੇ—ਉਹਨਾਂ ਨੂੰ ਸੋਧਾਂ! ਅਸ਼ੀਰਵਾਦ ਦਿਓ-ਧਰਮ ਯੁਧ ਕਰਨ ਦੀ ਹਿੰਮਤ ਆਏ, ਗੋਰਾਸ਼ਾਹੀ ਖਤਮ ਹੋਏ, ਮੇਰਾ ਵਤਨ ਸੁਤੰਤ੍ਰ ਹੋਏ; ਮੈਂ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਪ੍ਰਤੱਗਿਆ ਕਰਦਾ ਹਾਂ ਕਿ ਮੈਂ ਟੋਡੀਆਂ, ਗਦਾਰਾਂ ਤੇ ਗੋਰਿਆਂ ਨੂੰ ਸੋਧਾਂਗਾ, ਜਥੇ ਨਾਲ ਬੇ-ਵਫ਼ਾਈ ਨਹੀਂ ਕਰਾਂਗਾ। ਜੀਉਂਦਾ ਦੁਸ਼ਮਣ ਦੇ ਹੱਥ ਨਹੀਂ ਆਵਾਂਗਾ।

ਸਰਦਾਰ ਧੰਨਾ ਸਿੰਘ ਦੀ ਬੇਨਤੀ ਸੁਣ ਕੇ ਸਰਦਾਰ ਕਿਸ਼ਨ ਸਿੰਘ ਨੂੰ ਭਰੋਸਾ ਹੋ ਗਿਆ। ਉਹ ਪ੍ਰਸੰਨ ਹੋਇਆ ਕਿ ਉਸ ਨੂੰ ਇਕ ਚੰਗਾ ਭਰੋਸੇ ਵਾਲਾ ਸਿਪਾਹੀ ਮਿਲ ਗਿਆ ਸੀ। ਉਸ ਨੇ ਖੁਸ਼ੀ ਨਾਲ ਉਛਲੇ ਦਿਲ ਤੇ ਡੂੰਘੇ ਬੋਲ ਵਿਚ ਕਿਹਾ, 'ਜੀਉ ਆਇਆਂ ਨੂੰ! ਕਲਗੀਧਰ ਪਿਤਾ ਤੇਰੇ ਸਿਰ ਉਤੇ ਆਪਣਾ ਹੱਥ ਰਖਣ! ਭਾਰਤ ਮਾਤਾ ਦੇ ਗੁਲਾਮੀ ਦੇ ਸੰਗਲਾਂ ਨੂੰ ਤੋੜਨ ਵਾਸਤੇ ਤੂੰ ਵੀ ਹੋਰ ਸਾਥੀਆਂ ਵਾਂਗ ਇਕ ਕਰੜੀ ਸੱਟ ਮਾਰ ਸਕੇਂ।

ਸਤਿਗੁਰਾਂ ਦਾ ਸਿੰਘ ਜਥੇ ਵਿਚ ਸ਼ਾਮਲ ਕਰ ਲਿਆ ਗਿਆ। ਉਸ ਨੇ ਖੁਸ਼ੀ ਮਨਾਈ। ਪਸਤੌਲ ਲਿਆ-ਉਸ ਨੂੰ ਚੁੰਮ ਕੇ ਹਿੱਕ ਨਾਲ ਲਾਇਆ। ਬੰਬ ਫੜੇ ਉਹ ਸਾਂਭ ਕੇ ਰਖੇ। ਮੈਦਾਨ ਵਿਚ ਨਿਕਲ ਪਿਆ। 'ਪਹਿਲਾਂ ਮਰਨ ਕਬੂਲ ਕਰ ਜੀਵਨ ਦੀ ਛੱਡ ਆਸ। ਦਾ'



Sri Satguru Jagjit Singh Ji eLibrary NamdhariElibrary@gmail.com

ਸਬਕ ਪੜ੍ਹ ਕੇ ਸਾਥੀਆਂ ਨਾਲ ਤੁਰ ਪਿਆ।

ਸ: ਧੰਨਾ ਨੇ ਥੋੜੇ ਸਮੇਂ ਵਿਚ ਹੀ ਐਸੇ ਕਾਰਨਾਮੇ ਕੀਤੇ ਕਿ ਕਪੂਰਥਲਾ ਤੇ ਹੁਸ਼ਿਆਰਪੁਰ ਦੀ ਪੁਲਸ ਕੰਬ ਉਠੀ। ਪੁਲਸ ਕਪਤਾਨ ਘਬਰਾ ਗਏ। ਕਿਸ਼ਨ ਜ਼ੈਲਦਾਰ, ਸੂਟਾ ਨੰਬਰਦਾਰ, ਲਾਭ ਸਿੰਘ ਮਿਸਤ੍ਰੀ ਆਦਿਕ ਵਡੇ ਟੋਡੀ ਸੋਧੇ ਗਏ। ਸਭ ਨੇ ਕਿਹਾ—'ਧੰਨਾ ਸਿੰਘ ਬੇਬਲਪੁਰੀ ਸੀ'

ਧੰਨਾ ਸਿੰਘ ਦੇ ਆਪਣੇ ਨਗਰ ਦਾ ਵਸਨੀਕ ਹਜ਼ਾਰਾ ਸਿੰਘ ਮੁਨਸ਼ੀ ਸੀ। ਉਹ ਸਰਕਾਰੀ ਰਪਟੀਆ ਬਣ ਗਿਆ। ਉਹ ਰੀਪੋਰਟਾਂ ਭੇਜਣ ਲੱਗਾ। ਉਸ ਨੂੰ ਥਾਨੇਦਾਰ, ਜ਼ੈਲਦਾਰ ਤੇ ਚੌਂਕੀਦਾਰ ਨੇ ਕਿਹਾ—'ਇਨਾਮ ਮਿਲੇਗਾ—ਮੁਰਬੇ ਮਿਲਣਗੇ। ਤਕੜਾ ਹੋ ਕੇ ਰੀ ਲਿਖਿਆ ਕਰ।' ਉਹ ਲਿਖਦਾ ਰਿਹਾ। ਗੋਰਾਸ਼ਾਹੀ ਸਰਕਾਰ ਵਿਚ ਉਸਦਾ ਨਾਮ ਹੋ ਗਿਆ। ਇਕ ਦਿਨ ਡਿਪਟੀ ਕਮਿਸ਼ਨਰ ਨੇ ਆਖਿਆ—'ਹਜ਼ਾਰਾ ਸਿੰਘ ਤੁਮ ਅਛੇ ਆਦਮੀ ਹੋ! ਜੇਕਰ ਧੰਨਾ ਸਿੰਘ ਕੋ ਪਕੜਾਓ ਤੋ ਤੁਮ ਕੋ ਤੀਨ ਮੁਰੱਬਾ ਜ਼ਮੀਨ ਇਨਾਮ ਦੀਆ ਜਾਏਗਾ, ਬਾਰ ਮੇਂ।'

ਹਜ਼ਾਰਾ ਸਿੰਘ ਮੰਨ ਗਿਆ। ਉਸ ਨੇ ਧੰਨਾ ਸਿੰਘ ਨੂੰ ਫੜਾਉਣ ਵਾਸਤੇ ਕਦਮ ਚੁਕ ਲਿਆ। ਉਧਰ ਸ: ਧੰਨਾ ਸਿੰਘ ਨੂੰ ਵੀ ਸੂਹ ਲੱਗ ਗਈ। ਉਸ ਨੇ ਵੀ ਬਚਨ ਕਰ ਦਿਤਾ, 'ਮੁਨਸ਼ੀ ਨੂੰ ਮੈਂ ਹੀ ਤਿੰਨ ਮੁਰੱਬੇ ਦੇ ਦਿਆਂਗਾ। ਨਰਾਂ ਵਿਚ ਬੈਠਾ ਰਾਜ ਕਰੇਗਾ। ਭਾਰਤ ਦਾ ਪਵਿੱਤ੍ਰ ਭੂਮੀ ਉਤੇ ਐਸੇ ਪਾਪੀ ਪੁਰਸ਼ਾਂ ਨੂੰ ਮੁਰੱਬੇ ਨਹੀਂ ਮਿਲ ਸਕਦੇ।'

ਰਾਤ ਹਨੇਰੀ ਸੀ ਤੇ ਮਾਰਚ ਮਹੀਨੇ ਦਾ ਅੰਤਲਾ ਹਫ਼ਤਾ ਚੜ੍ਹਿਆ ਸੀ। ਹਾੜੀ ਦੀਆਂ ਫ਼ਸਲੀ ਪੱਕ ਰਹੀਆਂ ਸਨ। ਛੋਲੇ ਪੱਕੇ ਹੋਏ ਸੀ। ਹੋਲਾਂ ਭੁਜ ਰਹੀਆਂ ਸਨ, ਸ: ਧੰਨਾ ਸਿੰਘ ਆਪਣੇ ਪਿੰਡ ਨੂੰ ਗਿਆ ਹੋਇਆ ਸੀ ਸੋ ਪਿੰਡੋਂ ਬਾਹਰ ਨਿਕਲ ਕੇ ਕਣਕ ਦੇ ਖੇਤ ਵਿਚ ਬੈਠ ਗਿਆ। ਉਸ ਖੇਤ ਦੀ ਪਗੰਡੰਡੀ ਉਤੋਂ ਦੀ ਮੁਨਸ਼ੀ ਹਜ਼ਾਰਾ ਸਿੰਘ ਨੇ ਲੰਘਣਾ ਸੀ, ਥਾਣੇ ਦਸਣ ਜਾਣ ਨੂੰ ਕਿ ਧੰਨਾ ਸਿੰਘ ਪਿੰਡ ਹੈ, ਪੁਲਸ ਫੜ ਲਵੇ, ਕਿਉਂਕਿ ਧੰਨਾ ਸਿੰਘ ਨੇ ਕਿਸੇ ਰਾਹੀਂ ਅਖਵਾ ਦਿਤਾ ਸੀ ਕਿ



Sri Satguru Jagjit Singh Ji eLibrary NamdhariElibrary@gmail.com

ਉਹ ਤਿੰਨ ਚਾਰ ਦਿਨ ਪਿੰਡ ਦੇ ਲਾਗੇ-ਚਾਗੇ ਰਹੇਗਾ। ਮੁਨਸ਼ੀ ਇਹ ਸੁਣ ਕੇ ਖੁਸ਼ ਹੋ ਗਿਆ ਸੀ। ਉਸ ਦੀਆਂ ਅੱਖਾਂ ਨੱਚਣ ਲਗੀਆਂ ਤੇ ਉਸ ਦੇ ਅਗੇ ਘੁੰਮੇ ਚਾਂਦੀ ਦੇ ਰੁਪਏ, ਲਾਇਲਪੁਰ ਦੀ ਨਹਿਰੀ ਜ਼ਮੀਨ ਜਿਸ ਵਿਚ ਨਰਮਾ ਅਤੇ ਕਣਕ ਲੋਹੜ ਦੀ ਹੁੰਦੀ ਹੈ।

ਮੈਂ ਹੁਣੇ ਥਾਣੇ ਜਾਂਦਾ ਆਂ। ਰਪੋਟ ਕਰਕੇ ਆਉਂਦਾ ਆਂ-ਧੰਨਾ ਸਿੰਘ ਫੜਿਆ ਜਾਏ-ਮੇਰੀ ਕਿਸਮਤ ਦਾ ਸਤਾਰਾ ਚਮਕ ਪਏਗਾ।' ਮੁਨਸ਼ੀ ਹਜ਼ਾਰਾ ਸਿੰਘ ਨੇ ਉਛਲ ਕੇ ਕਿਹਾ ਸੀ।

ਲਾਲਚੀ ਪੁਰਸ਼ ਲਾਲਚ ਨਾਲ ਹੀ ਮਰਦਾ ਹੈ। ਧੰਨਾ ਸਿੰਘ ਨੂੰ ਗਿਆਨ ਸੀ, ਉਸ ਨੇ ਜਾਨ ਬੁਝ ਕੇ ਸੁਨੇਹਾ ਭੇਜਿਆ ਸੀ।

ਅਜੇ ਮੂੰਹ ਹਨੇਰਾ ਸੀ, ਹੱਥ ਪਸਾਰਿਆਂ ਨਜ਼ਰ ਨਹੀਂ ਸੀ ਆਉਂਦਾ। ਕਿਸੇ ਨੂੰ ਦਸੇ ਪੁਛੇ ਬਿਨਾਂ ਹਜ਼ਾਰਾ ਸਿੰਘ ਘੋੜੀ ਤੇ ਸਵਾਰ ਹੋ ਕੇ ਤੁਰ ਪਿਆ। ਭਾਵੇਂ ਧਰਤੀ ਕੱਚੀ ਸੀ, ਪਗਡੰਡੀ ਦਾ ਰਾਹ ਸੀ, ਫਿਰ ਵੀ ਘੋੜੀ ਦੇ ਸੁੰਬਾਂ ਦੀ ਟਿੱਪ ਟਿੱਪ ਕੁਝ ਵਾਟ ਤਕ ਸੁਣਾਈ ਦਿੰਦੀ ਸੀ।

ਟਿੱਪ-ਟਿੱਪ ਸੁਣਾਈ ਦਿਤੀ। ਉਸ ਦੇ ਸਾਥੀ ਜਾਸੂਸ ਨੇ ਵੀ ਆ ਦਸਿਆ 'ਹਜ਼ਾਰਾ ਸਿੰਘ ਆ ਰਿਹਾ ਹੈ। ਉਹ ਘੋੜੀ ਤੇ ਚੜ੍ਹ ਕੇ ਸਵਾਰ ਹੋ ਪਿਆ ਹੈ।' ਧੰਨਾ ਸਿੰਘ ਦੀ ਘੋੜੀ ਮਿਰਜ਼ੇ ਦੀ 'ਬੱਕੀ' ਦੀ ਭੈਣ ਸੀ ਜਿਹੜੀ ਭੱਜਿਆਂ ਨੂੰ ਭੱਜਣ ਨਹੀਂ ਸੀ ਦਿੰਦੀ ਤੇ ਆਪ ਭੱਜੀ ਹੋਈ ਕਿਸੇ ਨੂੰ ਡਾਹੀ ਨਹੀਂ ਸੀ ਦਿੰਦੀ।

ਪਿੰਡੋਂ ਬਾਹਰ, ਕੋਈ ਅੱਠ ਦਸ ਪੈਲੀਆਂ ਤੇ, ਮੁਨਸ਼ੀ ਹਜ਼ਾਰਾ ਸਿੰਘ ਕਣਕ ਦੇ ਖੇਤਾਂ ਵਿਚੋਂ ਦੀ ਜਾਂਦੀ ਪਗਡੰਡੀ ਤੇ ਪੁਜਾ ਤਾਂ ਕਣਕ ਦੇ ਖੇਤ ਦੇ ਹਿਲਣ ਦੀ ਉਸ ਨੂੰ ਔੜ ਆਈ। ਉਸ ਦੇ ਪਤਲੇ ਕੰਨਾਂ ਨੇ ਹੌਲਾ ਖੜਕਾ ਵੀ ਸੁਣ ਲਿਆ। ਪਰ ਉਸ ਨੂੰ ਦਿਸਿਆ ਕੁਝ ਨਾ, ਤਾਰਿਆਂ ਦੀ ਲੋਅ ਮਧਮ ਸੀ। ਕੁਝ ਖੁਸ਼ੀ ਨਾਲ ਉਸ ਦੀਆਂ ਅੱਖਾਂ ਵੇਖਦੀਆਂ ਹੀ ਘਟ ਸਨ।

'ਕੌਣ, ਮੁਨਸ਼ੀ ਹਜ਼ਾਰਾ ਸਿੰਘ ਏ? ਮੁਨਸ਼ੀ ਨੂੰ ਅਗੋਂ ਅਵਾਜ਼



Sri Satguru Jagjit Singh Ji eLibrary NamdhariElibrary@gmail.com

ਆਈ।

ਵਾਜ ਸੁਣ ਕੇ ਉਸ ਦਾ ਕਲੇਜਾ ਕੰਬਿਆ—ਮੱਥਾ ਠਣਕਿਆ। 'ਆਂ, ਮੈਂ ਹਜ਼ਾਰਾ ਸਿੰਘ ਈ ਆਂ—ਪਰ ਤੂੰ ਕੌਣ ਏਂ ?' ਉਸ ਨੇ ਪੁਛਿਆ।

'ਮੈਂ ਪ੍ਰਤਾਪ ਸਿੰਹੋਂ ਖੇਤ ਵਲ ਆਇਆ ਸਾਂ—ਲੋਕ ਤੜਕੇ ਬੂਟੇ ਪੁਟ ਖੜਦੇ ਹਨ, ਕਿਥੇ ਚਲਿਆ ਏਂ ?

'ਰਤਾ ਕੰਮ ਹੀ ਚਲਿਆ ਆਂ। ਕਿਸੇ ਰਿਸ਼ਤੇਦਾਰ ਦਿਓ, ਹੁਣੇ ਹੁਣੇ ਸੁਨੇਹਾ ਆਇਆ ਏ ਚੰਦਰਾ ਜਿਹਾ।

ਮੁਨਸ਼ੀ ਨੂੰ ਕੁਝ ਹੌਂਸਲਾ ਹੋਇਆ। ਪਰਤਾਪ ਸਿੰਘ ਉਸ ਦਾ ਜਾਣੂ ਸੀ, ਕੋਈ ਖਤਰੇ ਵਾਲੀ ਗੱਲ ਨਹੀਂ ਸੀ।

'ਘੋੜੀ ਰੋਕ ਲੈ।' ਫਿਰ ਅਵਾਜ਼ ਆਈ।

'ਕਿਉਂ ?'

'ਅਗੇ ਬੱਬਰ ਬੈਠੇ ਨੇ ?'

'ਕਿਥੇ ਬੈਠੇ ਨੇ ?'

'ਜੈਮਲ ਦੇ ਖੂਹ ਉਤੇ !'

'ਹਲਾ ?'

ਪਰਤਾਪ ਸਿੰਘ ਦੂਰੋਂ ਅਵਾਜਾਂ ਦੇਣ ਵਾਲਾ ਨੇੜੇ ਪੁਜ ਗਿਆ, ਉਸ ਦਾ ਕਾਲਾ ਬੁਤ ਤਾਰਿਆਂ ਦੀ ਲੋ ਵਿਚ ਸਾਕਾਰ ਹੋ ਗਿਆ। ਉਹ ਪਰਤਾਪ ਸਿੰਘ ਹੀ ਸੀ, ਜਿਸ ਤੇ ਹਜ਼ਾਰਾ ਸਿੰਘ ਨੂੰ ਕੋਈ ਸ਼ੱਕ ਨਹੀਂ ਸੀ। ਉਸ ਦੇ ਹੱਥ ਵਿਚ ਡਾਂਗ ਸੀ ਤੇ ਤੇੜ ਪਰਨਾ ਬੰਨ੍ਹਿਆ ਹੋਇਆ ਸੀ। ਹੋ ਸਕਦਾ ਸੀ ਕਿ ਉਹ ਠੀਕ ਹੀ ਖੇਤਾਂ ਵਲ ਫੇਰਾ ਮਾਰਨ ਆਇਆ ਹੋਏ।

'ਮੈਂ ਤਾਂ ਜ਼ਰੂਰ ਜਾਣਾ ਸੀ।'

ਮੁਨਸ਼ੀ ਹਜ਼ਾਰਾ ਸਿੰਘ ਨੇ ਘੋੜੀ ਦੀਆਂ ਵਾਗਾਂ ਖਿਚ ਕੇ ਆਖਿਆ।

'ਪਿੰਡੋਂ ਦੂਸਰੇ ਰਸਤੇ ਚਲੇ ਜਾਓ। ਉਹ ਤਾਂ ਖੂਹ ਤੇ ਬੈਠੇ ਹਨ-



Sri Satguru Jagjit Singh Ji eLibrary NamdhariElibrary@gmail.com

ਕੀ ਪਤਾ ਤੁਸਾਂ ਦਾ ਹੀ ਰਾਹ ਰੋਕ ਕੇ ਬੈਠੇ ਹੋਣ।'

'ਉਹਨਾਂ ਨੂੰ ਕਿਥੋਂ ਪਤਾ, ਮੈਂ ਸ਼ਹਿਰ ਜਾਣਾ ਐ ?'

'ਰੋਜ਼ ਜਾਂਦੇ ਜੂ ਹੋਏ—ਜਾਂ ਕਿਸੇ ਦਸ ਦਿਤਾ ਹੋਏਗਾ। ਮੈਂ ਤਾਂ ਮੁਨਸ਼ੀ ਜੀ, ਤੁਸਾਂ ਦਾ ਭਲਾ ਚਾਹੁੰਨਾ ਐਂ। ਤੁਸੀਂ ਆਪਣੇ ਮਿਤਰ ਜੂ ਹੋਏ।'

ਮੁਨਸ਼ੀ ਤੇ ਪ੍ਰਤਾਪ ਸਿੰਘ ਨੇ ਵੇਖਿਆ ਤੇ ਸੁਣਿਆ—ਦੋ ਘੋੜ ਸਵਾਰ—ਇਕ ਅਗੋਂ ਤੇ ਇਕ ਪਿਛੋਂ ਉਹਨਾਂ ਦੇ ਕੋਲ ਆ ਗਏ। ਪਰਤਾਪ ਸਿੰਘ ਤੇ ਨਾ ਸਹਿਮਿਆ, ਪਰ ਹਜ਼ਾਰਾ ਸਿੰਘ ਦਾ ਲਹੂ ਜੰਮ ਗਿਆ। ਉਸ ਦੀ ਜ਼ਬਾਨ ਕਿਵੇਂ ਰੁਕ ਗਈ। ਡਾਡ ਵੀ ਨਾ ਨਿਕਲ ਸਕੀ। ਉਸ ਦੇ ਦਿਲ ਨੇ ਅਵਾਜ਼ ਦਿਤੀ 'ਬਬਰ !' ਉਸ ਦਾ ਸਾਹ ਸੁਕ ਗਿਆ, ਜ਼ਬਾਨ ਤਾਲੂ ਨਾਲ ਜੁੜਨ ਲਗੀ—ਉਹ ਕੰਬਣ ਲਗਾ। ਮੁਰੱਬੇ ਤਾਂ ਪਤਾ ਨਹੀਂ ਕਦੋਂ ਮਿਲਣੇ ਸਨ, ਪਰ ਮੌਤ ਨੇੜੇ ਦਿਸਣ ਲਗ ਗਈ। ਉਸ ਨੇ ਬੋਲ ਪਛਾਣ ਲਿਆ, ਉਹ ਬੋਲ ਧੰਨਾ ਸਿੰਘ ਦਾ ਸੀ, ਉਸੇ ਧੰਨਾ ਸਿੰਘ ਦਾ ਜਿਸ ਨੂੰ ਫੜਾ ਕੇ ਉਸ ਨੇ ਤਿੰਨ ਮੁਰੱਬੇ ਜ਼ਮੀਂ ਪ੍ਰਾਪਤ ਕਰਨੀ ਸੀ, ਅਮੀਰ ਬਣ ਜਾਣਾ ਸੀ। ਅਮੀਰ ਬਣ ਕੇ ਵਿਆਹ ਵੀ ਨਵਾਂ ਕਰਾ ਲੈਣਾ ਸੀ, ਕਿਉਂਕਿ ਪਹਿਲੀ ਜ਼ਨਾਨੀ ਨਾਲ ਕੁਝ ਨਾਰਾਜ਼ਗੀ ਰਹਿੰਦੀ ਸੀ।

ਆ...ਆ ਧੰਨਾ ਸਿੰਹਾਂ—ਤੂੰ ਕਿਧਰੋਂ ?' ਮੁਨਸ਼ੀ ਹਜ਼ਾਰਾ ਸਿੰਘ ਨੂੰ ਬੋਲਣਾ ਹੀ ਪਿਆ, ਅੱਖਾਂ ਨਾਲ ਵੇਖਣਾ ਹੀ ਪਿਆ, ਉਸ ਦੇ ਮੋਢੇ ਉਤੇ ਧੰਨਾ ਸਿੰਘ ਦਾ ਖੱਬਾ ਹਥ ਸੀ।

'ਮੁਨਸ਼ੀ ਜੀ ਤੁਸਾਂ ਨੂੰ ਪਤਾ ਈ ਏ। ਅਸੀਂ ਤਾਂ ਫਿਰਦੇ ਤੁਰਦੇ ਰਹਿੰਦੇ ਆਂ। ਹਨੇਰੇ ਕੋਲੋਂ ਅਸਾਂ ਨੂੰ ਡਰ ਨਹੀਂ ਲਗਦਾ, ਪਰ ਤੁਸੀਂ ?'

ਮੈਂ ਥਾਣੇ ਤਕ ਚਲਿਆਂ ! ਰਾਤੀਂ ਥਾਣੇਦਾਰ ਦਾ ਬੰਦਾ ਆਇਆ ਸੀ।'

ਇਹ ਆਖਣ ਕਿ ਧੰਨਾ ਸਿੰਘ ਤੇਰੇ ਪਿੰਡ ਆਉਂਦਾ ਜਾਂਦਾ ਏ ?'



Sri Satguru Jagjit Singh Ji eLibrary NamdhariElibrary@gmail.com

'ਇਹ ਕਿਵੇਂ ਹੋ ਸਕਦਾ ਐ ?'

'ਫਿਰ ਵੀ...'

'ਪਰ ਤੁਸੀਂ ਮੇਰੇ ਪਿੰਡ ਦੇ ਭਰਾ ਭਾਈ। ਤੁਸਾਂ ਨਾਲ ਮੇਰਾ ਰੋਜ਼ ਦਾ ਬਹਿਣ ਖਲੋਣ, ਕੁਣ ਸਹਿਣ।'

'ਕਿਉਂ ਮੁਰੱਬੇ ਨਹੀਂ ਲੈਣੇ ?'

'ਜੇ ਮੁਰੱਬੇ ਲੈਣੇ ਨੇ ਤਾਂ ਹੋਰ ਫੜਾਉਣ ਨੂੰ ਥੋੜ੍ਹੇ ਹਨ, ਢਾਈ ਘਰ ਤਾਂ ਡੈਣ ਵੀ ਛੱਡ ਲੈਂਦੀ ਐ।'

'ਬਾਹ ਮੁਨਸ਼ੀ ਜੀ ! ਤੁਸੀਂ ਠਹਿਰੇ ਭਲਾ ਮਾਣਸ। ਪਰ ਝੂਠ ਛਟੂਰ ਬੋਲਦੇ ਓ !'

'ਝੂਠ ! ਮੈਂ ਝੂਠ !! ਉਹ ਵੀ ਤੁਸਾਂ ਮੋਹਰੇ ?'

ਮੁਨਸ਼ੀ ਕੁਝ ਘਬਰਾ ਗਿਆ, ਉਸ ਦਾ ਅੰਦਰਲਾ ਖਾਨਾ ਕੰਬ ਉਠਿਆ। ਉਸ ਦੀ ਅਕਲ ਜਵਾਬ ਦੇ ਗਈ, ਸ਼ੇਖੀਆਂ ਖਤਮ ਹੋ ਗਈਆਂ ਇਉਂ ਪਰਤੀਤ ਹੋਇਆ ਕਿ ਧੰਨਾ ਸਿੰਘ ਨਹੀਂ, ਸਗੋਂ ਧਰਮ ਰਾਜ ਦੇ ਜੰਮ ਉਸ ਨੂੰ ਘੇਰ ਖਲੋਤੇ ਹਨ। ਪਰਤਾਪ ਸਿੰਘ ਹੌਲੀ ਹੌਲੀ ਪਿਛੇ ਹਟ ਗਿਆ। ਅਕਾਸ਼ ਤੇ ਤਾਰੇ ਡਲ੍ਹਕ ਰਹੇ ਸਨ। ਸਵੇਰ ਦੀ ਠੰਢੀ ਪਰ ਮਿੱਠੀ ਹਵਾ ਵਗ ਰਹੀ ਸੀ, ਚੇਤਰ ਦੀ ਠੰਢੀ ਹਵਾ–ਫਿਰ ਵੀ ਮੁਨਸ਼ੀ ਨੂੰ ਮੁੜ੍ਹਕਾ ਆ ਗਿਆ।

'ਕਿਸੇ ਨੇ ਝੂਠ ਕਿਹਾ, ਜਾਂ ਤੁਸਾਂ ਨੂੰ ਐਵੇਂ ਸ਼ੱਕ ਐ, ਮੈਂ ਤੁਸਾਂ ਨੂੰ ਫੜਾਉਣ ਲਈ ਨਹੀਂ ਜਾ ਰਿਹਾ।'

'ਇਹ ਨਹੀਂ ਗੱਲ ! ਬੇਸ਼ਕ ਫੜਾ–ਮੁਰੱਬੇ ਇਨਾਮ ਲੈ–ਤਿੰਨ ਮੁਰੱਬੇ।

'ਸਰਦਾਰ ਜੀ ! ਤੁਸੀਂ ਹੀ ਤਿੰਨ ਮੁਰੱਬੇ ਇਨਾਮ ਦੇ ਦਿਓ।' ਸ. ਧੰਨਾ ਸਿੰਘ ਦੇ ਨਾਲਦੇ ਨੇ ਆਖਿਆ।

ਮੁਨਸ਼ੀ ਇਸ ਮੁਹਾਵਰੇ ਨੂੰ ਜਾਣਦਾ ਸੀ। ਉਸ ਨੂੰ ਪਤਾ ਸੀ ਕਿ ਬੱਬਰ ਕਿਵੇਂ ਮੁਰੱਬੇ ਬਖਸ਼ਦੇ ਸਨ।

'ਸਰਦਾਰ ਜੀ ਮੇਰੀ ਜਾਨ ਬਖਸ਼ੀ ਕਰੋ। ਮੈਂ ਮੂੰਹ ਕਾਲਾ ਕਰ



Sri Satguru Jagjit Singh Ji eLibrary NamdhariElibrary@gmail.com

ਕੇ ਪਿੰਡੋਂ ਨਿਕਲ ਜਾਂਦਾ ਆਂ-ਅਗੇ ਨੂੰ ਰਪੋਟਾਂ ਨਹੀਂ ਦਿਆਂਗਾ ! ਤੁਸੀਂ ਮਾਫ਼ ਕਰੋ ।'

'ਅਸੀ.. ਅਸੀਂ ਤੈਨੂੰ ਇਨਾਮ ਦੇਣਾ ਏ, ਚਲ ਅਗੇ।' ਧੰਨਾ ਸਿੰਘ ਨੇ ਕਿਹਾ।

'ਦੂਰ ਕੀ ਲੈਣ ਜਾਣਾ ਏ ! ਏਥੇ ਹੀ ਠੀਕ ਐ।' ਨਾਲਦੇ ਨੇ ਸੁਝਾਇਆ ।

'ਤਿੰਨ ਮੁਰੱਬੇ, ਆਹਾ ! ਤਿੰਨ ਮੁਰੱਬੇ ਇਨਾਮ ਧੰਨਾ ਸਿੰਘ ਨੂੰ ਫੜਾਉਣ ਦੇ ਤਿੰਨ ਮੁਰੱਬ...

ਧੰਨਾ ਸਿੰਘ ਹੱਸ ਪਿਆ। ਉਸ ਦੇ ਹਾਸੇ, ਉਸ ਦੇ ਬੋਲ ਨੇ ਸਾਰਾ ਸ਼ਾਂਤ ਵਾਤਾਵਰਨ ਗੂੰਜਾ ਦਿਤਾ । ਉਸ ਦਾ ਹਾਸਾ ਮੁਨਸ਼ੀ ਵਾਸਤੇ ਭਿਆਨਕ ਸੀ । ਅਗੋਂ ਤੇ ਬਰੋਬਰ ਤੇ ਪਸਤੌਲ ਸਨ । ਉਸ ਦੇ ਕੋਲ ਕੁਝ ਨਹੀਂ ਸੀ। ਉਹ ਖਾਲੀ ਹੱਥ ਸੀ ਗੋਰਾਸ਼ਾਹੀ ਸਰਕਾਰ ਨੇ ਉਸਨੂੰ ਪਸਤੌਲ ਵੀ ਨਹੀਂ ਸੀ ਦਿਤਾ ਕਿ ਉਹ ਆਪਣੀ ਜਾਨ ਦੀ ਆਪ ਰਖਿਆ ਹੀ ਕਰ ਸਕਦਾ ।

'ਮੁਨਸ਼ੀ ਹਜਾਰਾ ਸਿੰਘ ! ਲੈ ਇਕ ਮੁਰੱਬਾ !'

ਇਹ ਆਖ ਕੇ ਧੰਨਾ ਸਿੰਘ ਨੇ ਪਸਤੌਲ ਦਾ ਘੋੜਾ ਦੱਪ ਦਿਤਾ । ਗੋਲੀ ਹਜ਼ਾਰਾ ਸਿੰਘ ਦੀ ਵੱਖੀ ਵਿਚ ਵਜੀ 'ਠਾਹ' ਦਾ ਖੜਾਕ ਹੋਇਆ । ਸਾਰਾ ਪੁਲਾੜ ਗੂੰਜ ਪਿਆ । ਘੋੜੀਆਂ ਤ੍ਰਬੁਕੀਆਂ । ਹਜ਼ਾਰਾ ਸਿੰਘ ਉਲਟ ਪਿਆ। 'ਠਾਹ-ਠਾਹ !,

ਦੋ ਗੋਲੀਆਂ ਹੋਰ ਚਲੀਆਂ ਤੇ ਅਸਮਾਨ ਗੂੰਜਿਆ । ਥੋੜ੍ਹਾ ਚਿਰ ਗੂੰਜ ਕੇ ਸ਼ਾਂਤ ਹੋ ਗਿਆ। ਪਿੰਡ ਵਲੋਂ ਕੁਤਿਆਂ ਦੇ ਭੌਂਕਣ ਤੇ ਰੋਣ ਦੀ ਅਵਾਜ਼ ਆਈ ।

ਧੰਨਾ ਸਿੰਘ ਤੇ ਉਸ ਦਾ ਸਾਥੀ ਹੌਲੀ ਹੌਲੀ ਘੋੜੀਆਂ ਨੂੰ ਤੋਰਦੇ ਹੋਏ ਦੂਰ ਚਲੇ ਗਏ । ਪ੍ਰਤਾਪ ਸਿੰਘ ਭੱਜ ਕੇ ਪਿੰਡ ਜਾ ਵੜਿਆ ਤੇ ਹਜ਼ਾਰਾ ਸਿੰਘ ਦੀ ਲੋਥ ਪਗ-ਡੰਡੀ ਤੇ ਪਈ ਰਹੀ ।



Sri Satguru Jagjit Singh Ji eLibrary NamdhariElibrary@gmail.com

ਬੰਬਰ ਅਖਬਾਰ ਵਿਚ ਛਪੀ: -

—ਇਨਾਮ—

"ਮੁਨਸ਼ੀ ਹਜ਼ਾਰਾ ਸਿੰਘ ਬੇਬਲ ਪੁਰ ਨੂੰ ਅਜ ੨੭ ਮਾਰਚ ੧੯੨੩ ਨੂੰ ਤਿੰਨ ਮੁਰੱਬੇ ਇਨਾਮ ਦਿਤਾ ਗਿਆ।'

ਹਜ਼ਾਰਾ ਸਿੰਘ ਦੀ ਲੋਥ ਅਗਲੇ ਦਿਨ ਜ਼ਿਲੇ ਦੇ ਡਿਪਟੀ ਕਮਿਸ਼ਨਰ ਦੀ ਕੋਠੀ ਪੁਜ ਗਈ।

* * * *



Sri Satguru Jagjit Singh Ji eLibrary NamdhariElibrary@gmail.com

# ੨੫.

ਜਿਵੇਂ ਕਣਕ ਖੇਤ ਵਿਚ ਕੰਗਿਆਰੀ ਜਾਂ ਗੰਢੋਲ ਵੀ ਪੈਦਾ ਹੋ ਜਾਂਦੀ ਹੈ—ਤਿਵੇਂ ਚੰਗੀਆਂ, ਮਜ਼ਬੂਤ ਤੇ ਮਰ-ਮਿਟਣ ਵਾਲੀਆਂ ਕੌਮਾ ਵਿਚ ਟਾਵੇਂ ਟਾਵੇਂ ਗਦਾਰ ਤੇ ਵਤਨ ਦੇ ਵੈਰੀ ਵੀ ਜੰਮ ਪੈਂਦੇ ਹਨ। ਉਹ ਸਵਾਰਥੀ ਹੁੰਦੇ ਨੇ। ਆਪਣੇ ਸਵਾਰਥ ਬਦਲ ਦੇਸ਼ ਭਗਤਾਂ ਨਾਲ ਗ਼ਦਾਰੀ ਕਰ ਜਾਂਦੇ ਹਨ। ਐਸੇ ਮਾੜੇ ਬੰਦਿਆਂ ਵਰਗਾ ਇਕ ਜਵਾਲਾ ਸਿੰਘ ਸੀ। ਉਹ ਮੀਸਣਾ ਦਿਲੋਂ ਹੋਰ ਤੇ ਜ਼ਬਾਨੋਂ ਹੋਰ ਸੀ। ਹੁਸ਼ਿਆਰ-ਪੁਰ ਦੇ ਗੋਰੇ ਸੁਪ੍ਰੰਟੈਂਡੈਂਟ ਮਿਸਟਰ ਹਾਰਟਨ ਨੇ ਜਵਾਲਾ ਸਿੰਘ ਨੂੰ ਖਰੀਦ ਲਿਆ ਸੀ।

'ਜਵਾਲਾ ਸਿੰਘ ! ਡੇਖੋ, ਧੰਨਾ ਸਿੰਘ ਟੁਮਾਰਾ ਡੋਸਤ ਥਾ। ਟੁਮ ਅਗਰ ਹਮ ਕੋ ਧੰਨਾ ਸਿੰਘ ਪਕੜਾ ਦੋ ਤੋ ਹਮ ਟੁਮ ਕੋ ਇਨਾਮ ਦੇਗਾ। ਜੋ ਇਨਾਮ ਮਾਂਗੋਗੇ। ਟੁਮ ਕੋ ਚਿਠੀ ਮਿਲੇਗਾ। ਟਮਾਰਾ ਖਾਨਦਾਨ ਵਫਾਦਾਰ ਮਾਨਾ ਜਾਏਗਾ। ਟੁਮਾਰੇ ਪੁਤਰਾਂ ਕੋ ਨੌਕਰੀ ਮਿਲੇਗੀ। ਨਹੀਂ ਤੋ ਟੁਮ ਕੋ ਤਕਲੀਫ਼ ਹੋਗਾ। ਬੋਲੋ।

'ਅਛਾ ਸਾਹਿਬ ਬਹਾਦਰ ਮੈਂ ਜਤਨ ਕਰਦਾ ਹਾਂ।'



Sri Satguru Jagjit Singh Ji eLibrary NamdhariElibrary@gmail.com

ਕਾਇਰ ਜਵਾਲਾ ਸਿੰਘ ਨੇ ਮਿਸਟਰ ਹਾਰਟਨ ਨੂੰ ਆਖ ਦਿਤਾ ਸੀ। ਉਸ ਦੀ ਲਾਲਚ ਦੀ ਟੱਗ ਜਗਤ ਉਠੀ। ਘਰ ਆ ਚੁਪ ਕਰਕੇ ਨਾ ਬੈਠਾ। ਉਸ ਨੇ ਦਲੀਪ ਸਿੰਘ ਬਬਰ ਨੂੰ ਫੜਾ ਦਿਤਾ। ਦਲੀਪ ਸਿੰਘ ਧੰਨਾ ਸਿੰਘ ਦਾ ਸੇਵਕ ਸੀ। ਬੜਾ ਸੁੰਦਰ ਜਵਾਨ ਤੇ ਹੁਸ਼ਿਆਰ ਗਭਰੂ ਸੀ।

ਧੰਨਾ ਸਿੰਘ ਨੂੰ ਜਿਉ ਹੀ ਪਤਾ ਲਗਾ ਕਿ ਦਲੀਪ ਸਿੰਘ ਫੜਿਆ ਗਿਅ ਤਾਂ ਫੜਨ ਵਾਲੇ ਦਾ ਪਤਾ ਕਰਨ ਲਈ ਜਵਾਲਾ ਸਿੰਘ ਦੇ ਕੋਲ ਪੁਜਾ। ਜਵਾਲਾ ਸਿੰਘ ਦੇ ਕਾਲੇ ਦਿਲ ਦਾ ਉਸ ਨੂੰ ਗਿਆਨ ਨਹੀਂ ਸੀ।

ਜਵਾਲਾ ਸਿੰਘ ਦੀ ਹਵੇਲੀ ਪਿੰਡੋਂ ਬ ਹਰ ਸੀ। ਉਸ ਦੇ ਇਕ ਪਾਸੇ ਖੇਤ ਸਨ ਤੇ ਇਕ ਪਾਸੇ ਰੌੜ। ਸਿਰਫ ਦੋ ਪਾਸੇ ਨਾਲ ਦੀਆਂ ਹਵੇਲੀਆਂ ਨਾਲ ਲਗਦੇ ਸਨ। ਹਵੇਲੀ ਵਿਚ ਮਾਲ-ਡੰਗਰ ਰਹਿੰਦਾ ਸੀ ਤੇ ਤਿੰਨ ਕੁ ਬੰਦੇ ਵੀ।

ਧੰਨਾ ਸਿੰਘ ਰਾਤ ਦੇ ਸਮੇਂ ਹਵੇਲੀ ਪੁਜਾ। ਸਾਰੇ ਪਾਸੇ ਚੁਪ ਚਾਂ ਸੀ। ਪਹਿਲੀ ਰਾਤ ਹੋਣ ਕਰ ਕੇ ਕੁਤੇ ਭੌਂਕਦੇ ਸਨ। ਅਕਾਸ਼ ਤੇ ਜਿਵੇਂ ਤਾਰੇ ਟਿਮਟਿਮਾਂਦੇ ਸੀ, ਜਿਵੇਂ ਕਿਸੇ ਨਾ ਕਿਸੇ ਘਰ ਕਿਤੇ ਕਿਤੇ ਦੀਵੇ ਟਿਮਟਿਮਾਂਦੇ ਹੋਏ ਨਜ਼ਰ ਪੈਂਦੇ ਸਨ। ਹਵੇਲੀ ਦਾ ਬੂਹਾ ਬੰਦ ਸੀ। ਧੰਨਾ ਸਿੰਘ ਨੇ ਆਵਾਜ਼ ਦਿਤੀ—

'ਭਾਇ। ਜਵਾਲਾ ਸਿੰਘ।

ਸਬੱਬ ਨਾਲ ਉਹ ਜਾਗਦਾ ਸੀ! ਉਠਿਆ ਤੇ ਉਸ ਨੇ ਬੂਹਾ ਖੋਲ੍ਹ ਦਿਤਾ। ਧੰਨਾ ਸਿੰਘ ਨੂੰ ਵੇਖ ਕੇ ਉਹ ਦਿਲੋਂ ਤਾਂ ਖੁਸ਼ ਹੋਇਆ, ਪਰ ਉਪਰੋਂ ਕੁਝ ਹੈਰਾਨ।

'ਤੁਸੀਂ, ਤੁਸੀਂ ਆ ਪੁਜੇ।'

'ਕਿਉ ?' ਧੰਨਾ ਸਿੰਘ ਨੇ ਪੁਛਿਆ।

'ਜੈਮਲ ਚੌਕੀਦਾਰ ਆਖ ਗਿਆ ਸੀ ਕਿ ਪੁਲਸ ਦੇ ਆਉਣ ਦਾ ਸ਼ਕ ਹੈ। ਕਿਤੇ ਛਾਪਾ ਨਾ ਮਾਰੇ; ਖੈਰ-ਦਸੋ ਕੋਈ ਜਲ ਪਾਣੀ ?'



Sri Satguru Jagjit Singh Ji eLibrary NamdhariElibrary@gmail.com

'ਜਲ ਪਾਣੀ ਦੀ ਤਾਂ ਕੋਈ ਲੋੜ ਨਹੀਂ, ਤੁਸਾਂ ਨਾਲ ਗਲ ਕਰਨ ਆਇਆ ਆਂ-ਰਤਾ ਬਾਹਰ ਚਲੀਏ।'

ਬਾਹਰ ਦਾ ਨਾਂ ਸੁਣ ਕੇ ਜਵਾਲਾ ਸਿੰਘ ਡਰ ਗਿਆ। ਉਸ ਦੀ ਪਾਪੀ ਆਤਮਾ ਡਹਿਲ ਗਈ ਕਿ ਸ਼ਾਇਦ ਧੰਨਾ ਸਿੰਘ ਨੂੰ ਪਤਾ ਲਗ ਗਿਆ ਹੋਵੇ ਕਿ ਦਲੀਪ ਸਿੰਘ ਨੂੰ ਗ੍ਰਿਫਤਾਰ ਕਰਾਉਣ ਵਾਲਾ ਜਵਾਲਾ ਸਿੰਘ ਹੀ ਹੈ।

'ਸੱਪ ਦੇ ਮੂੰਹ ਕੋਹੜ ਕਿਰਲੀ-ਛਡੇ ਤਾਂ ਅੰਨ੍ਹਾ, ਖਾਏ ਤਾਂ ਕੋਹੜੀ' ਵਾਲੀ ਗਲ ਸੀ। ਨਾ ਉਹ ਨਾਲ ਜਾਣੋਂ ਨਾਂਹ ਕਰ ਸਕਦਾ ਸੀ ਤੇ ਨਾਲ ਤੁਰਦਾ ਵੀ ਝਿਜਕਦਾ ਸੀ।

'ਕੋਈ ਕੰਮ ਹੈ?' ਜਵਾਲਾ ਸਿੰਘ ਨੇ ਪੁਛਿਆ।

'ਕੋਈ ਕੰਮ ਨਹੀਂ, ਸਿਰਫ ਗਲ ਕਰਨੀ ਹੈ। ਹਵੇਲੀ ਵਿਚ ਬੈਠਣਾ ਠੀਕ ਨਹੀਂ।' ਧੰਨਾ ਸਿੰਘ ਨੇ ਉਤਰ ਦਿਤਾ।

ਦੋਵੇਂ ਬਾਹਰ ਖੇਤਾਂ ਵਲ ਤੁਰ ਪਏ। ਹਵੇਲੀ ਤੋਂ ਰਤਾ ਦੂਰ ਹੋ ਕੇ ਧੰਨਾ ਸਿੰਘ ਨੇ ਪੁਛਿਆ ਦਲੀਪ ਸਿੰਘ ਨੂੰ ਕਿਸ ਚੰਡਾਲ ਨੇ ਫੜਾਇਆ ਹੈ? ਜੇ ਕੋਈ ਪਤਾ ਹੋਏ ਤਾ ਉਸ ਨੂੰ ਸੋਧਿਆ ਜਾਏ।

ਕੁਝ ਪਤਾ ਨਹੀਂ ਲਗਾ ਭਾਊ। ਜੇ ਪਤਾ ਲਗ ਜਾਂਦਾ ਤਾਂ ਮੈਂ ਹੀ ਸੋਧ ਦਿੰਦਾ। ਬੇਈਮਾਨ ਦਾ ਨਰਕ ਵਿਚ ਵਾਸਾ ਹੋਏ ਚੰਡਾਲ ਨੇ ਜਵਾਨ ਨੂੰ ਫੜਾ ਦਿਤਾ।

'ਹਾਂ ਮਰਦਾਂ ਦਾ ਇਹੋ ਧਰਮ ਹੈ।'

ਦੋਵੇਂ ਗਲਾਂ ਕਰਦੇ ਕਰਦੇ ਜਵਾਲਾ ਸਿੰਘ ਦੇ ਖੂਹ ਉਪਰ ਪੁਜ ਗਏ। ਪਿੰਡ ਦਾ ਕਾਲਾ ਪ੍ਰਛਾਵਾਂ ਵੀ ਦਿਸਣੋਂ ਹਟ ਗਿਆ। ਇਕਾਂਤ ਤੇ ਇਕੱਲਾ ਸੀ। ਪੰਛੀ ਵੀ ਚੁਪ ਸੁਤੇ ਪਏ ਸਨ। ਧੰਨਾ ਸਿੰਘ ਨੇ ਕਈ ਸਵਾਲ ਕੀਤੇ। ਸੂਹ ਕਢਣ ਦਾ ਜਤਨ ਕੀਤਾ, ਪਰ ਉਸ ਦੇ ਕੁਝ ਪੱਲੇ ਨਾ ਪਿਆ। ਜਾਵਲਾ ਸਿੰਘ ਨੇ ਕੋਈ ਐਸੀ ਗਲ ਜਬਾਨੋਂ ਨਾ ਕੱਢੀ ਜਿਸ ਤੋਂ ਉਸ ਦੇ ਦੋਸ਼ੀ ਹੋਣ ਦਾ ਸ਼ੱਕ ਪਵੇ। ਉਸ ਨੇ ਪੈਰਾਂ ਉਤੇ ਪਾਣੀ ਨਾ ਪੈਣ ਦਿਤਾ।



Sri Satguru Jagjit Singh Ji eLibrary NamdhariElibrary@gmail.com

'ਕਲ ਚਲਾਂਗੇ। ਸੂਹ ਮਿਲਦੀ ਹੈ ਕਿ ਮਨਣ-ਹਾਣਾ ਪਿੰਡ ਵਿਚ ਨਿਹਾਲ ਸਿੰਘ ਦਸਦਾ ਹੈ ਉਸ ਨੂੰ ਪਤਾ ਹੈ ਉਸ ਆਦਮੀ ਦਾ, ਜਿਸ ਨੇ ਦਲੀਪ ਸਿੰਘ ਨੂੰ ਫੜਾਇਆ ਏ।' ਜਵਾਲਾ ਸਿੰਘ ਨੇ ਨਵਾਂ ਜਾਲ ਤਾਣਿਆ।

ਧੰਨਾ ਸਿੰਘ ਨੂੰ ਜਵਾਲਾ ਸਿੰਘ ਤੇ ਸ਼ਕ ਨਾ ਪਿਆ ਕਿ ਉਸ ਦੇ ਹਿਰਦੇ ਵਿਚ ਮੈਲ ਹੈ। ਜਵਾਲਾ ਸਿੰਘ ਨੇ ਕਿਹਾ—'ਤੁਸੀਂ ਰਾਤ ਕਮਾਦ ਵਿਚ ਕਟੋ। ਸਵੇਰੇ ਚਲਾਂਗੇ।'

'ਚੰਗਾ।'

'ਮੈਂ ਹਵੇਲੀ ਜਾਂਦਾ ਹਾਂ।'

'ਜਾਓ।'

ਇਉਂ ਫੈਸਲਾ ਹੋ ਗਿਆ। ਧੰਨਾ ਸਿੰਘ ਖੂਹ ਤੇ ਰਹਿ ਪਿਆ ਤੇ ਜਵਾਲਾ ਸਿੰਘ ਪਿੰਡ ਨੂੰ ਮੁੜ ਗਿਆ। ਖੂਹ ਤੋਂ ਤੁਰ ਕੇ ਹਵੇਲੀ ਤਕ ਅਪੜਦਿਆਂ ੨ ਕਦੀ ਡਰਿਆ ਤੇ ਕਦੀ ਦਲੇਰ ਹੋਇਆ। ਉਸ ਦੀ ਆਤਮਾ ਨੇ ਅਵਾਜ਼ਾ ਦਿਤੀ—

'ਜਵਾਲਾ ਸਿੰਘ! ਨਾ ਫੜਾ ਧੰਨਾ ਸਿੰਘ ਨੂੰ, ਬੱਬਰ ਤੇਰਾ ਘਾਣ-ਬੱਚਾ ਪੀੜ ਦੇਣਗੇ—ਉਨ੍ਹਾਂ ਨੇ ਤੇਰੀ ਕੁਲ ਦਾ ਨਾਸ਼ ਕਰ ਦੇਣਾ ਈ।'

ਦੂਸਰੀ ਆਵਾਜ਼ ਸੀ—'ਧੰਨਾ ਸਿੰਘ ਫੜਾਇਆਂ ਇਨਾਮ ਮਿਲੇਗਾ, ਮੁਰੱਬੇ ਮਿਲਣਗੇ, ਮਿ: ਹਾਰਟਨ ਸਾਹਿਬ ਗੋਰਾ ਏ, ਕਾਲਾ ਨਹੀਂ, ਜੋ ਸਫਾਰਸ਼ ਨਾ ਕਰੇ, ਗੋਰਾ ਏ ਗੋਰਾ, ਜ਼ਬਾਨ ਦਾ ਪੱਕਾ। ਉਠ, ਨਠ, ਰਾਤ ਰਾਤ ਪਹੁੰਚ ਜਾ, ਦੂਰ...ਹੁਸ਼ਿਆਰਪੁਰ, ਸਾਹਿਬ ਦੇ ਕੋਲ!'

'ਮਿੱਤ੍ਰ-ਮਾਰ ਕਰਨ ਵਾਸਤੇ, ਉਸ ਦੇ ਚੰਡਾਲ ਮਨ ਨੇ ਫੈਸਲਾ ਕਰ ਲਿਆ। ਸ਼ੈਤਾਨ ਜਿਤ ਗਿਆ। ਲਾਲਚੀ ਤੇ ਪਸ਼ੂ-ਬਿਰਤੀ ਪਰਬਲਤਾ ਨਾਲ ਜਾਗੀ। ਸਚਾਈ ਤੇ ਧਰਮ ਦਬੇ ਗਏ। ਜਵਾਲਾ ਸਿੰਘ ਵਿਸ਼ਵਾਸ਼ ਘਾਤ ਕਰਨ ਤੇ ਤੁਲ ਪਿਆ। ਗੋਰਾਸ਼ਾਹੀ ਦਾ ਜਾਦੂ ਉਸ ਤੇ ਚਲ ਗਿਆ।

ਉਸ ਨੇ ਘੋੜੀ ਉਤੇ ਕਾਠੀ ਪਾਈ। ਘੋੜੀ ਨੂੰ ਬਾਹਰ ਕਢ ਕੇ



Sri Satguru Jagjit Singh Ji eLibrary NamdhariElibrary@gmail.com

ਉਸ ਉਪਰ ਚੜ੍ਹ ਪਿਆ ਤੇ ਹਨੇਰੇ ਨੂੰ ਚੀਰਦਾ ਹੋਇਆ ਉਹ ਮਿਸਟਰ ਹਾਰਟਨ ਕੋਲ ਪੁਜ ਗਿਆ। ਉਸ ਨੂੰ ਜਾ ਆਖਿਆ, ਸਾਹਿਬ ਬਹਾਦਰ, ਧੰਨਾ ਸਿੰਘ ਨੂੰ ਨਾਲ ਲੈ ਕੇ ਮੈਂ ਮਨਣ-ਹਾਣੇ ਆ ਰਿਹਾ ਹਾਂ। ਉਹ ਰਾਤ ਉਹ ਏਥੇ ਰਹੇਗਾ, ਫੜ ਲੈਣਾ।'

'ਵੈਲ ਜਵਾਲਾ ਸਿੰਘ! ਟੁਮ ਬਹੁਤ ਅੱਛਾ ਆਦਮੀ ਐ। ਹਮ ਟੁਮ ਕੋ ਉਸੀ ਵਕਤ ਇਨਾਮ ਦੇਗਾ। ਟੁਮ ਲਾਓ ਧੰਨਾ ਸਿੰਘ ਕੋ।'

ਮਿਸਟਰ ਹਾਰਟਨ ਨੇ ਕਿਹਾ। ਉਸ ਨੂੰ ਖਿਆਲ ਸੀ–ਉਸ ਦੀ ਦਿਮਾਗੀ ਵਿਉਂਤ ਸੀ ਕਿ ਜੇ ਉਹ ਪੰਜ ਛੇ ਬਬਰਾਂ ਨੂੰ ਫੜਨ ਜਾਂ ਮਾਰਨ ਵਿਚ ਸਫਲ ਹੋ ਗਿਆ, ਤਾਂ ਜ਼ਰੂਰ ਉਸ ਨੂੰ ਪੁਲਸ ਵਿਚ ਹੋਰ ਉਚਾ ਆਹੁਦਾ ਮਿਲ ਜਾਏਗਾ। ਤਨਖਾਹ ਬਹੁਤੀ ਹੋਏਗੀ। ਉਹ ਖੂਬ ਖਾਏ ਪੀਏਗਾ। ਐਸ਼ ਕਰੇਗਾ ਤੇ ਸੁੰਦਰ ਲੇਡੀ ਵਿਆਹੇਗਾ। ਉਸ ਨੇ ਜਵਾਲਾ ਸਿੰਘ ਨੂੰ ਬਹੁਤ ਹਲਾ ਸ਼ੇਰੀ ਦਿਤੀ ਤੇ ਲਾਲਚ ਦੇ ਸਬਜ਼ ਬਾਗ ਦਿਖਾਏ।

ਦਿਨ ਚੜ੍ਹਨ ਤੋਂ ਪਹਿਲਾਂ ਹੀ ਜਵਾਲਾ ਸਿੰਘ ਹਵੇਲੀ ਵਿਚ ਪੁਜ ਗਿਆ। ਹਵੇਲੀ ਵਾਲੇ ਸੁਤੇ ਪਏ ਸਨ, ਪਿੰਡ ਸੁਤਾ ਪਿਆ ਸੀ, ਕੁਦਰਤ ਸੁਤੀ ਪਈ ਸੀ। ਭਗਤ ਜਨ ਜਾਗਦੇ ਸਨ, ਕੁਕੜ ਬਾਂਗਾਂ ਦੇ ਰਹੇ ਸਨ। ਉਹ ਆ ਕੇ ਰਤਾ ਲੇਟਿਆ। ਨੀਂਦ ਨਾ ਆਈ। ਘਰ ਗਿਆ, ਰੋਟੀਆਂ ਪਕਵਾਈਆ, ਦੁਧ ਗਰਮ ਕਰਾਇਆ ਤੇ ਖੂਹ ਤੇ ਚਲਿਆ ਗਿਆ। ਧੰਨਾ ਸਿੰਘ ਇਸ਼ਨਾਨ ਕਰਕੇ ਜਪੁਜੀ ਸਾਹਿਬ ਦਾ ਪਾਠ ਕਰਦਾ ਪਿਆ ਸੀ। ਪਾਠ ਦਾ ਭੋਗ ਪਿਆ, ਸ਼ਬਦ ਪੜ੍ਹ, ਅਰਦਾਸ ਕੀਤੀ ਗਈ, 'ਹੇ ਅਕਾਲ ਪੁਰਖ! ਮੇਰਾ ਦੇਸ਼ ਸੁਤੰਤਰ ਹੋਏ। ਧਰਮ ਦਾ ਰਾਜ ਹੋਏ। ਬਲ ਬਖਸ਼ੋ! ਦੇਸ਼, ਧਰਮ ਤੇ ਕੌਮ ਦੀ ਸੇਵਾ ਕਰਦੇ ਹੋਏ ਸ਼ਹੀਦ ਹੋਈਏ...।'

ਜਵਾਲਾ ਸਿੰਘ ਨੇ ਧੰਨਾ ਸਿੰਘ ਨੂੰ ਚਾਰ ਕੁ ਪਰੌਂਠੇ ਕੋਈ ਸਵਾ ਕੁ ਸੇਰ ਦੁਧ ਨਾਲ ਛਕਾਏ ਤੇ ਕਿਹਾ, 'ਚਲੋ ਚਲੀਏ।'

'ਚਲੋ!' ਧੰਨਾ ਸਿੰਘ ਨੇ ਉਤਰ ਦਿਤਾ।

ਉਹ ਦਲੇਰ ਬੰਦਾ ਸੀ। ਕਿਸੇ ਕੋਲੋਂ ਡਰਦਾ ਨਹੀਂ ਸੀ।



Sri Satguru Jagjit Singh Ji eLibrary NamdhariElibrary@gmail.com

ਕਿਉਂਕਿ ਘਰੋਂ ਹੀ ਸਿਰ ਤੇ ਖਫਨ ਬੰਨ੍ਹ ਕੇ ਮੈਦਾਨੇ ਜੰਗ ਵਿਚ ਦਾਖ਼ਲ ਹੋਇਆ ਸੀ। ਉਸ ਨੂੰ ਮੌਤ ਕੋਲੋਂ ਕੀ ਡਰ ? ਮੌਤ ਤੋਂ ਡਰਦੇ ਹੋ ਤਾਂ ਲੋਕ ਲੋਕਾਂ ਕੋਲੋਂ ਡਰਦੇ ਨੇ। ਸ਼ਹੀਦਾਂ ਤੇ ਦਰਵੇਸ਼ਾਂ ਨੂੰ ਕਿਸ ਗਲ ਦਾ ਭੈ ? ਧੰਨਾ ਸਿੰਘ ਘਰ ਘਾਟ ਦਾ ਤਿਆਗ ਕਰ ਚੁਕਾ ਸੀ। ਉਹ ਬੇਖਟ ਕੇ, ਜਵਾਲਾ ਸਿੰਘ ਦੇ ਨਾਲ ਤੁਰ ਪਿਆ । ਕੁਰਾਹੇ ਤੇ ਖੇਤਾਂ ਜੰਗਲਾਂ ਵਿਚੋਂ ਦੀ ਚਲਦੇ ਹੋਏ ਮਨਣ-ਹਾਣੇ ਪੁਜ ਗਏ।

ਮਨਣ-ਹਾਣੇ ਜਵਾਲਾ ਸਿੰਘ ਦਾ ਮਿਤਰ ਕਰਮ ਸਿੰਘ ਰਹਿੰਦਾ ਸੀ। ਉਸ ਦੇ ਚੁਬਾਰੇ ਵਿਚ ਜਾ ਬੈਠੇ । ਕਰਮ ਸਿੰਘ ਨੇ ਬੜੇ ਉਤਸ਼ਾਹ ਨਾਲ ਸੇਵਾ ਕੀਤੀ ਤੇ ਦਸਿਆ, 'ਨਿਹਾਲ ਸਿੰਘ ਸਵੇਰੇ ਮਿਲੇਗਾ। ਉਹ ਸ਼ਹਿਰ ਗਿਆ ਹੋਇਆ ਏ, ਕੁਝ ਘਰ ਦੀਆਂ ਚੀਜ਼ਾਂ ਲੈਣ ਵਾਸਤੇ।'

ਕਰਮ ਸਿੰਘ ਨੂੰ ਜਵਾਲਾ ਸਿੰਘ ਦੀ ਚਾਲ ਦਾ ਕੁਝ ਪਤਾ ਨਹੀਂ ਸੀ। ਨਾ ਉਸ ਨੂੰ ਇਹ ਪਤਾ ਸੀ ਕਿ ਧੰਨਾ ਸਿੰਘ ਕੌਣ ਸੀ ਤੇ ਕੀ ਕੰਮ ਕਰਦਾ ਸੀ। ਉਹ ਭੋਲਾ ਭਾਲਾ ਪੇਂਡੂ ।ਸੀ। ਜਵਾਲਾ ਸਿੰਘ ਨੇ ਉਸ ਨੂੰ ਵੀ ਧੋਖਾ ਦਿਤਾ। ਉਸ ਨੂੰ ਵੀ ਦੋਸ਼ੀ ਬਣਾ ਦਿਤਾ । ਬੱਬਰਾਂ ਦੇ ਜੀਵਨ ਇਤਿਹਾਸ ਵਿਚ ਉਸ ਦਾ ਵੀ ਨਾਮ ਦਰਜ ਹੋਇਆ, ਪਰ ਚੰਗਾ ਨਹੀਂ। ਤਰਕਾਲਾਂ ਪਈਆਂ, ਧੰਨਾ ਸਿੰਘ ਨੂੰ ਚੰਗੀ ਰੋਟੀ ਖਵਾ ਕੇ ਚੁਬਾਰੇ ਵਿਚ ਮੰਜੇ ਵਿਛਾ ਕੇ ਅਰਾਮ ਕਰਨ ਵਾਸਤੇ ਬੇਨਤੀ ਕੀਤੀ ਗਈ ਤੇ ਆਪ ਜੁਆਲਾ ਸਿੰਘ ਹਵੇਲੀ ਵਿਚ ਡੰਗਰਾਂ ਅਗੇ ਜਾ ਸੁਤਾ।



Sri Satguru Jagjit Singh Ji eLibrary NamdhariElibrary@gmail.com

# ੨੬.

ਅੱਧੀ ਰਾਤ ਅਗੇ ਸੀ ਤੇ ਅੱਧੀ ਪਿਛੇ । ਹਨੇਰੀ ਰਾਤ ਵਿਚ, ਅਕਾਸ਼ ਉਤੇ ਡਲ੍ਹਕਦੇ ਤਾਰਿਆਂ ਦੀ ਲੋ ਵਿਚ ਮਨਣ-ਹਾਣਾ ਨਗਰ ਇਕ ਖੁਸ਼ਕ ਪਹਾੜੀ ਵਾਂਗ ਕਾਲਾ ਜੇਹਾ, ਪੱਥਰ ਮਿੱਟੀ ਦਾ ਢੇਰ ਮਾਲੂਮ ਹੁੰਦਾ ਸੀ। ਮਨੁਖੀ ਬੋਲ ਸੁਣਾਈ ਨਹੀਂ ਸੀ ਦਿੰਦਾ। ਕਦੀ ਕਦੀ ਕਿਸੇ ਨਾ ਕਿਸੇ ਪਾਸੇ ਕੁਤੇ ਭੌਂਕਦੇ ਤਾਂ ਰਾਤ ਦੀ ਚੁਪ ਦਾ ਜਾਦੂ ਟੁਟਦਾ। ਹਰ ਪਾਸੇ ਨੀਂਦ ਦਾ ਰਾਜ ਸੀ।

ਹਨੇਰੇ ਵਿਚ ਜਿਵੇਂ ਉਲੂ ਤੇ ਚਮਗਿਦੜ ਜਾਂ ਚੋਰ ਆਪਣੇ ਸ਼ਿਕਾਰਾਂ ਨੂੰ ਲਭਦੇ ਫਿਰਦੇ ਹਨ ਤਿਵੇਂ ਅੱਧੀ ਰਾਤ ਦੇ ਸਮੇਂ ਸੁਤੀ ਕੁਦਰਤ ਵਿਚ ਮਿਸਟਰ ਹਾਰਟਨ ਆਪਣੇ ਸਿਪਾਹੀਆਂ ਸਮੇਤ ਮਨਣ-ਹਾਣਾ ਨੂੰ ਘੇਰਨ ਲਗਾ ਹੋਇਆ ਸੀ । ਸਿਪਾਹੀਆਂ ਦੇ ਭਾਰੇ ਬੂਟ ਦੇ ਖੜਕਾ ਕਰਕੇ ਰਾਤ ਦੀ ਸ਼ਾਂਤੀ ਵਿਚ ਵਿਘਨ ਪਾਉਂਦੇ ਸਨ।

ਮਿਸਟਰ ਹਾਰਟਨ ਇਨਾਮ ਤੇ ਉਚਾ ਆਹੁਦਾ ਪ੍ਰਾਪਤ ਕਰਨ ਵਾਸਤੇ, ਬਰਤਾਨਵੀਂ ਸਾਮਰਾਜ ਦਾ ਵਫ਼ਾਦਾਰ ਸਿਪਾਹੀ ਤੇ ਹਿਤੂ ਬਣਦਾ ਹੋਇਆ, ਹਨੇਰੇ ਵਿਚ ਸੱਪਾਂ ਦੀਆਂ ਸਿਰੀਆਂ ਲਿਤਾੜਦਾ ਫ਼ਿਰਦਾ ਸੀ।



Sri Satguru Jagjit Singh Ji eLibrary NamdhariElibrary@gmail.com

ਭਰਤੀ ਸਿਪਾਹੀ ਸਿਰਫ ਨੌਕਰੀ ਤੇ ਤਨਖਾਹ ਬਦਲੇ ਉਸ ਦੇ ਨਾਲ ਫਿਰਦੇ ਸਨ। ਉਹਨਾਂ ਨੂੰ ਇਹੋ ਸਿਖਿਆ ਮਿਲੀ ਸੀ–

'ਬਾਦਸ਼ਾਹ ਬਦਲੇ ਮਰਨ ਵਾਲਿਆਂ ਦਾ ਜਨਮ-ਮਰਨ ਸੌਰ ਜਾਂਦਾ ਹੈ। ਜ ਉਂਦੇ ਜੀ ਚੰਗਾ ਖਾਣਾ ਚੰਗੀ ਕਪੜਾ ਤੇ ਚੰਗੀ ਰਿਹਾਇਸ਼ ਪ੍ਰਾਪਤ ਹੁੰਦੀ ਹੈ ਤੇ ਮਰਨ ਪਿਛੋਂ ਪਿਛਲੇ ਪਰਵਾਰ ਨੂੰ ਪਿਨਸ਼ਨ ਮਿਲਦੀ ਹੈ।'

ਸਿਰਫ ਭੁਖ ਤੇ ਨੰਗ ਨੂੰ ਦੂਰ ਕਰਨ ਲਈ ਲੋਕ ਪੁਲਸ ਤੇ ਫੌਜ ਵਿਚ ਭਰਤੀ ਹੁੰਦੇ, ਆਪਣੇ ਵੀਰਾਂ ਨੂੰ ਕੁਟਦੇ ਤੇ ਬੇਇਜ਼ਤ ਕਰਦੇ ਸਨ। ਭੁਖ ਜੂ ਬੁਰੀ ਬਲਾ ਹੋਈ।

ਪੁਲਸ, ਪਿੰਡ ਨੂੰ ਘੇਰਾ ਪਾ ਕੇ ਹੌਲੀ ਹੌਲੀ ਅਗੇ ਵਧੀ। ਜਵਾਲਾ ਸਿੰਘ ਨਾਲ ਗਲ ਗਿਣੀ ਹੋਈ। ਉਹ ਆਪ ਧੰਨਾ ਸਿੰਘ ਦੇ ਕੋਲ ਹੀ ਸੁਤਾ ਸੀ। ਧੰਨਾ ਸਿੰਘ ਤਾਂ ਸ਼ਾਇਦ ਸੌਂ ਗਿਆ ਸੀ, ਪਰ ਜਵਾਲਾ ਸਿੰਘ ਨੂੰ ਨੀਂਦ ਨਹੀਂ ਸੀ ਆਈ। ਉਹ ਤਾਂ ਵੈਸੇ ਹੀ ਚੁਪ ਕਰਕੇ ਘੇਸ ਵਟ ਕੇ ਪਿਆ ਉਡੀਕਦਾ ਸੀ ਕਿ ਕਦੋਂ ਪੁਲਸ ਆਏ, ਧੰਨਾ ਸਿੰਘ ਗ੍ਰਿਫਤਾਰ ਹੋ ਜਾਏ ਤੇ ਉਹ ਪੰਜਾਬ ਦੇ ਗਵਰਨਰ ਕੋਲ ਪੁਜੇ।

'ਸਰਦਾਰ ਜੀ, ਮੇਲਾ ਸੰਜੋਗਾਂ ਨਾਲ ਏ। ਮਿਲ ਕੇ ਵਤਨ ਦੀ ਸੇਵਾ ਕਰ ਲਈਏ। ਜਨਮ ਸਫਲਾ ਕਰ ਲਈਏ।' ਜਵਾਲਾ ਸਿੰਘ ਨੇ ਰਾਤ ਸੌਣ ਲਗਿਆਂ ਧੰਨਾ ਸਿੰਘ ਨੂੰ ਆਖਿਆ ਸੀ। ਉਸ ਨੇ ਆਪਣੇ ਆਪ ਨੂੰ ਜਤਾਇਆ ਸੀ ਕਿ ਉਹ ਬਹੁਤ ਹੀ ਦੇਸ਼ ਦਾ ਵਫ਼ਾਦਾਰ ਸੀ।

ਅਚਾਨਕ ਬਾਹਰੋਂ ਗੋਲੀ ਚਲੀ। ਉਸ ਦੇ ਖੜਕੇ ਨਾਲ ਧੰਨਾ ਸਿੰਘ ਤ੍ਰਬਕ ਉਠਿਆ, ਪਰ ਫਿਰ ਵੀ, ਅਵਾਜ਼ ਦੇਣ ਵਿਚ ਜਵਾਲਾ ਸਿੰਘ ਨੇ ਪਹਿਲ ਕੀਤੀ–

'ਧੰਨਾ ਸਿੰਹਾਂ! ਇਉਂ ਜਾਪਦਾ ਏ ਕਿ ਪੁਲਸ ਆ ਗਈ।'

'ਮਲੂੰਮ ਤਾਂ ਇਹੋ ਹੁੰਦੇ।' ਧੰਨਾ ਸਿੰਘ ਨੇ ਉਤਰ ਦਿਤਾ ਤੇ ਹਨੇਰੇ ਵਿਚ ਹੀ ਆਪਣੇ ਆਪਣੇ ਹਥਿਆਰਾਂ ਨੂੰ ਟੋਹਿਆ ਤੇ ਸਾਵਧਾਨ ਹੋ ਖਲੋਤਾ।



Sri Satguru Jagjit Singh Ji eLibrary NamdhariElibrary@gmail.com

'ਨਿਕਲ ਚਲੀਏ ।' ਧੰਨਾ ਸਿੰਘ ਨੂੰ ਜਵਾਲਾ ਸਿੰਘ ਨੇ ਆਖਿਆ ।

'ਕੋਈ ਰਾਹ ?' ਧੰਨਾ ਸਿੰਘ ਨੇ ਪੁਛਿਆ ।

'ਰਾਹ ਹੈ । ਇਸ ਚੁਬਾਰੇ ਤੋਂ ਸਾਹਮਣਾ ਘਰ ਸੁੰਞਾ ਹੈ । ਉਸ ਦੇ ਅਗੇ ਗਲੀ ਹੈ, ਜੋ ਬਾਹਰ ਚਲੀ ਜਾਂਦੀ ਹੈ । ਪੁਲਸ ਤਾਂ ਘਰ ਵਾਲੇ ਪਾਸੇ ਹੋਏਗੀ ।' ਜਵਾਲਾ ਸਿੰਘ ਚੁਬਾਰੇ ਦੇ ਦਰਵਾਜ਼ੇ ਵਿਚ ਖਲੋ ਕੇ ਤੇ ਹੱਥ ਦਾ ਇਸ਼ਾਰਾ ਕਰਕੇ ਦਸਿਆ ।

'ਆਓ ਮੈਂ ਅਗੇ ਲੱਗਦਾ ਹਾਂ, ਜਵਾਲਾ ਸਿੰਘ ਨੇ ਹੋਰ ਹੌਂਸਲੇ ਨਾਲ ਕਿਹਾ ।

'ਹਾਂ ! ਤੂੰ ਅੱਗੇ ਲੱਗ ।'

ਧੰਨਾ ਸਿੰਘ ਹੁਸ਼ਿਆਰ ਹੋ ਗਿਆ । ਉਸ ਨੇ ਪਸਤੌਲ ਵਿਚ ਗੋਲੀਆਂ ਦੇਖੀਆਂ ਤਾਂ ਪੂਰਾ ਮੈਗਜ਼ੀਨ ਭਰਿਆ ਹੋਇਆ ਸੀ । ਉਸ ਨੇ ਆਪਣੇ ਲੱਕ ਦਾ ਸਮਾਨ ਦੇਖਿਆ, ਉਹ ਵੀ ਠੀਕ ਸੀ । ਕੱਛ ਵਿਚ ਦੱਬ ਕੇ ਬੰਨ੍ਹਿਆ ਗੋਲਾ ਜਿਹਾ ਦੇਖਿਆ ਉਹ ਵੀ ਠੀਕ ਸੀ । ਤੁਰਨ ਲੱਗਿਆਂ ਕੋਠੇ ਤੋਂ ਛਾਲ ਮਾਰਨ ਲਗਿਆਂ ਉਸ ਨੂੰ ਇਉਂ ਪਰਤੀਤ ਹੋਇਆ, ਉਸ ਦੇ ਦਿਲੋਂ ਹੀ ਇਕ ਅਵਾਜ਼ ਉੱਠੀ, ਧੰਨਾ ਸਿੰਘ ਧੋਖਾ ਹੋ ਰਿਹਾ ਹੈ ।' ਪਰ ਜਵਾਲਾ ਸਿੰਘ ਅਗੇ ਅਗੇ ਸੀ । ਉਸ ਨੇ ਸੋਚਿਆ ਕਿ ਜੇ ਕੋਈ ਧੋਖਾ ਹੋਇਆ ਤਾਂ ਪਹਿਲਾਂ ਜਵਾਲਾ ਸਿੰਘ ਸੋਧਾਂਗਾ ।

ਸੁੰਞੇ ਘਰ ਵਿਚ ਹੌਲੀ ਦਿਤੀ ਦੋਵੇਂ ਉਤਰ ਗਏ । ਅਗੇ ਬੂਹਾ ਖੁਲ੍ਹਾ ਸੀ । ਅਗੇ ਸੀ ਸਤਾਂ ਕੁ ਘਰਾਂ ਦੀ ਲੰਮੀ ਗਲੀ । ਉਹ ਗਲੀ ਸੁੰਞੀ ਸੀ । ਹਨੇਰਾ ਤੇ ਚੁਪ ਸੀ, ਕੋਈ ਕੁਤਾ ਵੀ ਨਹੀਂ ਸੀ ਭੌਂਕਿਆ । ਦਬੇ ਪੈਰ ਬੜੀ ਹੁਸ਼ਿਆਰੀ ਨਾਲ ਦੋਵੇਂ ਅੱਗੇ ਅੱਗੇ ਤੁਰੀ ਗਏ ।

ਗਲੀ ਦੇ ਅੱਧ ਵਿਚ ਗਏ ਤਾਂ ਜਵਾਲਾ ਸਿੰਘ ਤਾਂ ਅੱਗੇ ਲੰਘ ਗਿਆ ਉਸ ਨੂੰ ਕਿਸੇ ਨਾ ਰੋਕਿਆ ਤੇ ਨਾ ਕੁਝ ਕਿਹਾ, ਪਰ ਜਿਉਂ ਹੀ ਧੰਨਾ ਸਿੰਘ ਨੇ ਅਗੇ ਕਦਮ ਵਧਾਇਆ ਤਾਂ ਧਹਿ ਕਰਕੇ ਭਾਰੀ ਸੰਮ ਵਾਲੀ ਡਾਂਗ ਧੰਨਾ ਸਿੰਘ ਦੇ ਸਿਰ ਵਿਚ ਵੱਜੀ । ਉਹ ਡਾਂਗ ਗਲੀ ਵਿਚ



Sri Satguru Jagjit Singh Ji eLibrary NamdhariElibrary@gmail.com

ਇਕ ਦਰਵਾਜ਼ੇ ਪਿਛੇ ਲੁਕੇ ਹੋਏ ਸਿਪਾਹੀ ਨੇ ਮਾਰੀ ਸੀ । ਜਵਾਲਾ ਸਿੰਘ ਨੂੰ ਜਾਣ ਕੇ ਬਚਾਉਣ ਬਦਲੇ ਰਾਹ ਦਿ_ ਗਿਆ ਸੀ।

ਧੰਨਾ ਸਿੰਘ ਭੁਆਟਣੀ ਖਾ ਕੇ ਉਲਰ ਪਿਆ। ਉਸ ਨੇ ਸੰਭਲਣ ਦਾ ਜਤਨ ਕੀਤਾ, ਪਰ ਉਹ ਸੰਭਲ ਨਾ ਸਕਿਆ । ਸਿਰ ਵਿਚ ਸੱਟ ਬਹੁਤ ਲੱਗੀ ਸੀ । ਉਸ ਦੇ ਡਿਗਣ ਤੋਂ ਪਹਿਲਾਂ ਹੀ ਅੱਗੇ ਹੋ ਕੇ ਸਿਪਾਹੀਆਂ ਨੇ ਫੜ ਲਿਆ, ਉਸ ਦੇ ਹਥੋਂ ਪਸਤੌਲ ਖੋਹ ਲਿਆ, ਝਟ-ਪੱਟ ਹੱਥਕੜੀ ਮਾਰ ਦਿਤੀ ਤੇ ਕਾਬੂ ਕਰ ਲਿਆ । ਸੀਟੀਆਂ ਵੱਜ ਗਈਆਂ। ਮਿਸਟਰ ਹਾਰਟਨ ਨੇੜੇ ਆ ਪੁਜਾ । ਪਹਿਲੇ ਉਹ ਡਰਦਾ ਹੋਇਆ ਪਿਛੇ ਰਿਹਾ ਸੀ।

'ਠੀਕ ਐ ? ਇਸ ਕੇ ਪਾਸ ਅਸਲਾ ਤੋ ਨਹੀਂ ਐ ?' ਮਿਸਟਰ ਹਾਰਟਨ ਨੇ ਪੁਛਿਆ।

'ਨਹੀਂ ਸਾਹਬ !' ਅਗੋਂ ਉਤਰ ਮਿਲਿਆ।

ਜਵਾਲਾ ਸਿੰਘ ਨੇ ਨਿਕਲ ਜਾਣਾ ਸੀ । ਉਹ ਨਿਕਲ ਗਿਆ ਕਿਉਂਕਿ ਪੁਲਸ ਨੇ ਉਸ ਨੂੰ ਜਾਣ ਬੁਝ ਕੇ ਜਾਣ ਦਿਤਾ ਸੀ। ਧੰਨਾ ਸਿੰਘ ਨੂੰ ਫੜ ਕੇ ਪਿੰਡ ਦੇ ਚੌਕ ਵਿਚ ਲੈ ਗਏ । ਪਿੰਡ ਵਾਲੇ ਉਠ ਬੈਠੇ। ਕਰਮ ਸਿੰਘ ਉਠ ਕੇ ਉਨ੍ਹਾਂ ਕੋਲ ਆ ਗਿਆ । ਉਸ ਨੇ ਦੇਖਿਆ, ਧੰਨਾ ਸਿੰਘ ਇਕੱਲਾ ਸੀ। ਜਵਾਲਾ ਸਿੰਘ ਉਸ ਨੂੰ ਨਜ਼ਰੀਂ ਨਾ ਪਿਆ। ਉਸ ਦਾ ਮੱਥਾ ਠਣਕਿਆ । ਉਸ ਨੇ ਮਨ ਹੀ ਮਨ ਵਿਚ ਕਿਹਾ– 'ਬੇਈਮਾਨੀ ਕਰ ਗਿਆ, ਮੇਰੇ ਘਰ ਲਿਆ ਕੇ ਧੰਨਾ ਸਿੰਘ ਨੂੰ ਫੜਾ ਦਿਤਾ ਬੱਬਰਾਂ ਨਾਲ ਮੇਰੀ ਦੁਸ਼ਮਨੀ ਪੁਆ ਦਿਤੀ । ਮੈਂ ਨਿਰਦੋਸ਼ ਹਾਂ। ਮੈਨੂੰ ਪਤਾ ਤਕ ਨਾ ਦੱਸਿਆ ਕਿ ਇਹ ਧੰਨਾ ਸਿੰਘ ਹੈ ।'

ਉਸੇ ਵੇਲੇ ਲੰਬਰਦਾਰ ਦੇ ਘਰੋਂ ਲਾਲਟਣ ਆ ਗਈ ਸੀ। ਉਸ ਦੀ ਰੋਸ਼ਨੀ ਵਿਚ ਸਾਰੇ ਧੰਨਾ ਸਿੰਘ ਨੂੰ ਵੇਖਣ ਲਗੇ। ਮਿਸਟਰ ਹਾਰਟਨ ਨੇ ਪਹਿਲਾਂ ਤਾਂ ਸਲਾਹ ਕੀਤੀ ਕਿ ਉਸੇ ਵੇਲੇ ਹੀ ਸ਼ਹਿਰ ਨੂੰ ਤੁਰ ਪਏ, ਪਰ ਡਰ ਗਿਆ ਕਿ ਕਿਤੇ ਰਾਹ ਵਿਚ ਬੱਬਰ ਨਾ ਮਿਲ ਜਾਣ। ਢਾਈ ਘੰਟੇ ਨੂੰ ਦਿਨ ਚੜ੍ਹ ਜਾਣਾ ਸੀ ਕਿਉਂ ਨਾ ਦਿਨੇ ਤੁਰੇ।



Sri Satguru Jagjit Singh Ji eLibrary NamdhariElibrary@gmail.com

ਜਦੋਂ ਕਿਸੇ ਦਾ ਕਾਲ ਆਉਂਦਾ ਹੈ, ਤਦੋਂ ਉਸ ਕੋਲੋਂ ਕਈ ਭੁਲਾਂ ਹੋ ਜਾਂਦੀਆਂ ਹਨ। ਕਈਆਂ ਗਲਾਂ ਦਾ ਚੇਤਾ ਨਹੀਂ ਰਹਿੰਦਾ। ਦਿਲ ਦਿਮਾਗ਼ ਕੁਝ ਹੋਰ ਹੀ ਸੋਚਣ ਲਗ ਪੈਂਦਾ ਹੈ। ਧੰਨਾ ਸਿੰਘ ਬੈਠਾ ਰਿਹਾ ਸਾਰੇ ਉਸ ਦੇ ਕੋਲ ਰਹੇ। ਕਿਸੇ ਨੇ ਉਹਦੇ ਲੀੜੇ ਲਾਹ ਕੇ ਤਲਾਸ਼ੀ ਲੈਣ ਦਾ ਖ਼ਿਆਲ ਨਾ ਕੀਤਾ। ਉਸ ਦੇ ਕੋਲ ਬੰਬ ਸੀ।

ਮਿਸਟਰ ਹਰਟਨ ਪ੍ਰਸੰਨ ਸੀ। ਉਹ ਖੁਸ਼ੀ ਵਿਚ ਸੀਟੀਆਂ ਵਜਾਉਂਦਾ ਫਿਰਦਾ ਸੀ। ਸਿਪਾਹੀ ਖੁਸ਼ ਸਨ ਕਿ ਉਹਨਾਂ ਨੂੰ ਇਨਾਮ ਮਿਲਣਗੇ। ਵੱਡਾ ਨਾਮੀ ਬੱਬਰ ਉਹਨਾਂ ਨੇ ਗ੍ਰਿਫਤਾਰ ਕੀਤਾ ਸੀ।

'ਵੈਲ ਧੰਨਾ ਸਿੰਘ ਟੁਮ ਖੂਨੀ ਐ, ਔਰ ਬਬਰੋਂ ਕੇ ਨਾਮ ਪਤੇ ਬਤਾਓ, ਫਿਰ ਤੁਮੇਂ ਨਹੀਂ ਪੀਟਾ ਜਾਏਗਾ। ਮਿਸਟਰ ਹਾਰਟਨ ਨੇ ਦੋ ਕੁ ਫੁਟ ਪਰੇ ਰਹਿ ਕੇ, ਧੰਨਾ ਸਿੰਘ ਨੂੰ ਪੁਛਿਆ।

'ਓ ਗੋਰੇ! ਮੈਨੂੰ ਹੁਣ ਕੋਈ ਮਾਰਨ ਕੁਟਣ ਵਾਲਾ ਨਹੀਂ। ਤੂੰ ਬਦੇਸ਼ੀ ਐਂ-ਮੇਰੇ ਦੇਸ ਵਿਚੋਂ ਨਿਕਲ ਜਾਹ! ਇਹੋ ਮੇਰੇ ਵਤਨ ਦੇ ਸਿਪਾਹੀ ਕਲ੍ਹ ਨੂੰ ਤੇਰੇ ਵਿਰੁਧ ਲੜਨਗੇ, ਹੁਣ ਬਹੁਤਾ ਚਿਰ ਤੇਰਾ ਰਾਜ ਨਹੀਂ ਰਹਿਣਾ। ਬਬਰ ਗੋਰਾਸ਼ਾਹੀ ਦਾ ਖਾਤਮਾ ਕਰਨਗੇ।'

ਧੰਨਾ ਸਿੰਘ ਨੇ ਦਲੇਰੀ ਨਾਲ ਉਤਰ ਦਿਤਾ। ਉਸ ਦਾ ਚੇਹਰਾ ਲਾਲ ਹੋ ਗਿਆ ਤੇ ਅੱਖਾਂ ਵਿਚ ਲਹੂ ਉਤਰ ਆਇਆ। ਮਿਸਟਰ ਹਾਰਟਨ ਹੈਰਾਨ ਹੋਇਆ।

ਬਿੱਲਿਆ! ਮੇਰੇ ਹੱਥ ਬਧੇ ਹਨ। ਮੇਰੇ ਕੋਲ ਕੋਈ ਹਥਿਆਰ ਫੜਾ ਕੇ ਦੇਖ।'

ਇਹ ਸੁਣ ਕੇ ਸਿਪਾਹੀ ਨੇ ਡਾਂਟਿਆ, 'ਚੁਪ ਕਰ ਕੇ ਬੈਠ-ਸਾਹਬ ਬੜਾ ਡਾਢਾ ਈ। ਇਸ ਨੇ ਹੁਣੇ ਲੰਮਾ ਪਾਉਣ ਦਾ ਹੁਕਮ ਦੇ ਦੇਣਾ ਹੈ।

'ਫਰੰਗੀਆਂ ਦੇ ਟੁਕੜਿਆਂ ਤੇ ਪਲਣ ਵਾਲੇ ਸਿਪਾਹੀਓ! ਆਜ਼ਾਦੀ ਦੀ ਜੰਗ ਲਗੀ ਹੈ। ਆਜ਼ਾਦੀ ਜੰਗ ਵਿਚ ਕੁਦਣ ਵਾਲੇ ਭਾਰਤ ਮਾਤਾ ਦੇ ਪੁਤਰਾਂ ਨੂੰ ਮਾਰ-ਕੁਟ, ਫਾਂਸੀ ਲਗਣ, ਜਾਂ ਗੋਲੀ ਨਾਲ



Sri Satguru Jagjit Singh Ji eLibrary NamdhariElibrary@gmail.com

ਉਡ ਜਾਣ ਦਾ ਡਰ ਨਹੀਂ ਹੁੰਦਾ। ਮੈਨੂੰ ਇਉਂ ਪ੍ਰਤੀਤ ਹੁੰਦਾ ਹੈ ਕਿ ਤੁਸਾਂ ਸਾਰਿਆਂ ਦਾ ਅੰਨ-ਜਲ ਮੁਕ ਗਿਆ ਏ ਸਾਹਬ ਦਾ ਟੋਪ ਉਡੇਗਾ ਤਾਂ ਤੁਸਾਂ ਨਾਲ ਮੁਫਤ ਵਿਚ ਮਾਰੇ ਜਾਣਾ ਏ।'

'ਕੀ ਮਤਲਬ ? ਬੱਬਰ ਆ ਰਹੇ ਨੇ ?' ਥਾਣੇਦਾਰ ਨੇ ਪੁਛਿਆ।

'ਇਹ ਵੀ ਕੋਈ ਵੱਡੀ ਗਲ ਨਹੀਂ ਮੇਰੇ ਸਾਥੀ ਆ ਜਾਣ।'

ਇਹ ਆਖ ਕੇ ਧੰਨਾ ਸਿੰਘ ਹੱਸ ਪਿਆ। ਖਿੜ ਖਿੜਾ ਕੇ ਐਨਾ ਹੱਸਿਆ ਕਿ ਸਾਰੇ ਹੈਰਾਨ ਹੋ ਗਏ ! ਉਸ ਦੇ ਹਾਸੇ ਦੇ ਪਿਛ ਭਿਆਨਕ ਖ਼ਤਰਾ ਸੀ।

'ਮਿਸਟਰ ਹਾਰਟਨ ! ਤਮ ਗਾਡ (ਪ੍ਰਮਾਤਮਾ) ਕੋ ਦੇਤੇ ਕਟ, ਹਮ ਲੋਗ, ਟੁਮ ਲੋਗ ਕੋ ਬੋਲਟਾ। ਧੰਨਾ ਸਿੰਘ ਨੇ ਆਪਣੇ ਬੁਲ੍ਹ ਟੇਢੇ ਕਰਕੇ, ਹਾਰਟਨ ਦੇ ਬੋਲਣ ਢੰਗ ਦਾ ਮਖੌਲ ਉਡਾਇਆ।

ਪੰਜਬੀ ਸਿਪਾਹੀ ਤੇ ਦੂਸਰੇ ਲੋਕਾਂ ਦਾ ਹਾਸਾ ਔਖਾ ਰੁਕਿਆ। ਉਹ ਹੱਸ ਤਾਂ ਸਕਦੇ ਨਹੀਂ ਸਨ। ਗੋਰਾ ਅਫਸਰ ਹੱਸਦਿਆਂ ਨੂੰ ਦੇਖ ਕੇ ਘੂਰੀ ਨਾਲ ਹੀ ਉਹਨਾਂ ਦੀ ਜਾਨ ਖਿੱਚ ਲੈਂਦਾ। ਉਹ ਚੁਪ ਰਹੇ। ਉਧਰੋਂ ਦਿਨ ਚੜ੍ਹ ਆਇਆ। ਧੰਨਾ ਸਿੰਘ ਖੁਸ਼ੀ ਖੁਸ਼ੀ ਗਲਾਂ ਕਰੀ ਗਿਆ। ਉਹ ਜਿਵੇਂ ਬਹੁਤ ਕੁਝ ਆਖਣਾ ਚਾਹੁੰਦਾ ਸੀ ਉਸ ਨੇ ਕਿਹਾ, 'ਮਿਸਟਰ ਹਾਰਟਨ ! ਟੁਮ ਨਹੀਂ ਜਾਣਤਾ, ਹਮ ਲੋਕ, ਟੁਮ ਲੋਗੋਂ ਕੋ ਮਾਰੇਗਾ, ਜਿਤਨਾ ਚਿਰ ਟੁਮ ਲੋਗ ਭਾਰਤ ਕੋ ਛੋਡ ਨਹੀਂ ਜਾਤੇ।'

'ਬਕ ਬਕ ਬੰਡ ਕਰੋ ! ਬਟਾਓ ਤੁਮਾਰੇ ਸਾਥੀ ਕਾਂਹ ਅੰ ?'

ਹਾਰਟਨ ਨੂੰ ਕੁਝ ਗੁਸਾ ਆਇਆ। ਪਰ ਧੰਨਾ ਸਿੰਘ ਨੇ ਮਥੇ ਵੱਟ ਨਹੀਂ ਪਾਇਆ ਸੀ। ਉਹ ਖਿੜੇ ਮੱਥੇ ਗੱਲਾਂ ਕਰਦਾ ਰਿਹਾ-

'ਟੋਪ ਵਾਲੇ ਬਿੱਲੇ ! ਟੁਮਾਰੇ ਬੱਚੇ ਹੈਂ ? ਟੁਮਾਰੀ ਵਾਈਫ਼ ਹੈ ?'

'ਕਿਆ ਬਾਤ ਕਰਟਾ ਐ ?

'ਹਮ ਟੁਮੇਂ ਕੋ ਆਖਤਾ-ਟੁਮਾਰਾ ਕੋਈ ਹੈ ਤੋ ਉਸ ਕੋ ਯਾਦ ਕਰ ਲੇ; ਟੁਮ ਨੇ ਆਜ ਮਾਰੇ ਜਾਣਾ ਐ।'

'ਹਮ ਨੇ ! ਹਮ ਕੋ ਕੌਣ ਮਾਰੇਗਾ ?'



Sri Satguru Jagjit Singh Ji eLibrary NamdhariElibrary@gmail.com

ਟੁਮਾਰਾ ਕਰਮ ਟੁਮਾਰਾ ਦਿਲ, ਸਾਹਿਬ !'

'ਕਰਮ ਕੌਣ ਐ ? ਕਹਾਂ ਐ ? ਹਮ ਉਸ ਕੋ ਪਕੜੇਗਾ।'

'ਅਟੇ ਉਲੂ ਕੇ ਪੱਠੇ !' ਧੰਨਾ ਸਿੰਘ ਰਤਾ ਗਰਮ ਹੋ ਗਿਆ।

'ਇਸ ਕੋ ਲੇ ਚਲੋ। ਯੇਹ ਗਾਲੀ ਨਿਕਾਲਟਾ ਹੈ।' ਹਾਰਟਨ ਨੇ ਆਖਿਆ।

ਪਿੰਡ ਦੇ ਇਸਤ੍ਰੀ ਪੁਰਸ਼ ਦੂਰ ਦੂਰ ਖਲੋਤੇ ਹੋਏ ਦੇਖ ਰਹੇ ਸਨ। ਸੂਰਜ ਪੂਰੀ ਲਾਲੀ ਨਾਲ ਉਦੇ ਹੋਇਆ ਸੀ। ਸਰਦਾਰ ਧੰਨਾ ਸਿੰਘ ਦੇ ਚੇਹਰੇ ਤੇ ਲਾਲ ਕਿਰਨਾਂ ਪਈਆਂ, ਉਸ ਦਾ ਚਿਹਰਾ ਅਨੋਖਾ ਹੀ ਲਾਲ ਸੀ। ਉਸ ਨੇ ਮੰਨਣ-ਹਾਣਾ ਨਗਰ ਵਲ ਦੇਖਿਆ। ਲੰਬਰਦਾਰ ਤੇ ਸਰਕਾਰੀ ਚਾਟੜੇ ਅਗੇ ਅਗੇ ਸਨ, ਸਿਪਾਹੀ ਸਨ, ਮਿ: ਹਾਰਟਨ ਸਿਰ ਤੇ ਟੋਪ ਰਖੀ ਖਲੋਤਾ ਸੀ। ਤੁਰਨ ਦੀ ਤਿਆਰੀ ਸੀ। ਧੰਨਾ ਸਿੰਘ ਨੂੰ ਹੁਸ਼ਿਆਰਪੁਰ ਦੀ ਕੋਤਵਾਲੀ ਵਿਚ ਲੈ ਜਾਣਾ ਸੀ ਤੇ ਉਥੋਂ ਲਾਹੌਰ ਦੇ ਲਾਲ ਕਿਲੇ ਨੂੰ, ਜਿਥੇ ਉਸ ਦੇ ਸਾਥੀ ਜਿਹੜੇ ਵੀ ਫੜੇ ਜਾਂਦੇ ਸਨ, ਭਜੇ ਜਾਂਦੇ ਸਨ।

ਲੈ ਤੁਰੇ। ਹਾਰਟਨ ਨੇ ਰਤਾ ਕੁ ਅਗੇ ਹੋ ਕੇ ਘੋੜੇ ਤੇ ਚੜ੍ਹਨਾ ਸੀ। ਖੁਲ੍ਹੀ ਥਾਂ ਆਈ, ਤਾਂ ਧੰਨਾਂ ਸਿੰਘ ਨੇ ਉਚੀ ਕਿਹਾ, 'ਸਾਹਬ ਬਹਾ-ਦਰ ! ਟੁਮ ਰਟਾ ਹਮਾਰੀ ਬਾਤ ਸੁਨੋ !'

'ਕਿਆ ਬਾਤ ਐ ?'

ਆਖ ਕੇ ਹਾਰਟਨ ਅਗੇ ਹੋਇਆ। ਸੱਤ ਕੁ ਸਿਪਾਹੀ ਲਾਗੇ ਹੋਏ ਕਿ ਧੰਨਾ ਸਿੰਘ ਸਾਹਬ ਨੂੰ ਕੁਝ ਆਖੇ ਨਾ। ਉਸ ਨੂੰ ਹਥਕੜੀ ਵੀ ਲਗੀ ਸੀ।

ਧੰਨਾ ਸਿੰਘ ਪਹਿਲਾਂ ਮੁਸਕਰਾਇਆ, ਫਿਰ ਉਸ ਨੇ ਗੱਜ ਕੇ ਕਿਹਾ— 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।
ਆਜ਼ਾਦੀ ਆਏ, ਗੁਲਾਮੀ ਜਾਏ।'

ਮੁੜ ਇਕ ਦੰਮ ਉਹ ਟੱਬਿਆ, ਹਿਲਿਆ। ਉਸ ਦੇ ਹਿਲਣ ਤੇ ਕੰਬਲ ਨਾਲ ਉਸ ਨੇ ਬੰਬ ਕੱਛ ਵਿਚ ਲੁਕਾ ਕੇ ਰਖਿਆ ਸੀ ਉਹ



Sri Satguru Jagjit Singh Ji eLibrary NamdhariElibrary@gmail.com

ਧਰਤੀ ਤੇ ਡਿਗ ਕੇ ਫੱਟ ਗਿਆ। ਉਸ ਦਾ ਭਿਆਨਕ ਧਮਾਕਾ ਪਿਆ। ਪਿੰਡ ਦੇ ਕੋਧਾਂ ਕੋਠੇ ਹਿਲ ਗਏ। ਧੰਨਾ ਸਿੰਘ ਦਾ ਸਰੀਰ, ਅੰਗ ਅੰਗ ਹੋ ਕੇ ਉਡ ਗਿਆ। ਉਸ ਦੀ ਹੋਂਦ ਹੀ ਖ਼ਤਮ ਹੋ ਗਈ। ਉਸ ਦੇ ਨਾਲ ਹੀ ਮਿਸਟਰ ਹਾਰਵਨ ਦਾ ਟੋਪ ਤਾਂ ਉਡ ਕੇ ਕੋਠੇ ਤੇ ਪਿਆ ਤੇ ਉਸ ਦੀ ਬਾਂਹ ਕਿਤੇ, ਸਿਰ ਕਿਤੇ ਕਾਲਾ ਹੋ ਕੇ ਧੜ ਉਥੇ ਡਿਗ ਪਿਆ। ਪੰਜ ਹਿੰਦੁਸਤਾਨੀ ਸਿਪਾਹੀ ਉਡ ਗਏ ਸਾਰਾ ਪਿੰਡ ਘਬਰਾ ਗਿਆ। ਜਿਹੜੇ ਸਿਪਾਹੀ ਬਚੇ ਉਹ ਡਰ ਨਾਲ ਹੀ ਬੌਂਦਲ ਗਏ। ਉਹਨਾਂ ਨੂੰ ਕੁਝ ਨਾ ਸੁਝੇ ਕਿ ਉਹ ਕੀ ਕਰਨ। ਇਕ ਥਾਣੇਦਾਰ ਹੋਸ਼ ਵਿਚ ਰਿਹਾ। ਉਹ ਘੋੜੀ ਨਠਾ ਕੇ ਹੁਸ਼ਿਆਪੁਰ ਡਿਪਟੀ ਕਮਿਸ਼ਨਰ ਨੂੰ ਇਤਲਾਹ ਦੇਣ ਵਾਸਤੇ ਭੱਜ ਗਿਆ। ਬਾਕੀ ਦੇ ਉਥੇ ਹੀ ਭੈ-ਭੀਤ ਹੋਏ ਖਲੋਤੇ ਰਹੇ। ਦੇਖਦੇ ਰਹੇ ਸਾੜਿਆਂ ਤੇ ਮਰਿਆਂ ਨੂੰ। ਸੂਰਮੇ ਧੰਨਾ ਸਿੰਘ ਦੇ ਸਰੀਰ ਦੇ ਕੁਝ ਹਿਸੇ ਉਥੇ ਪਏ ਸਨ—ਪਰ ਕੋਲ ਪਿਆ ਸੀ ਸੁਤੰਤ੍ਰਤਾ ਦਾ ਵੈਰੀ ਮਿਸਸਟਰ ਹਾਰਟਨ, ਸਮੁੰਦਰੋਂ ਪਾਰ ਦਾ ਇਅ ਗੋਰਾ।

ਸੂਰਮਾ ਧੰਨਾ ਸਿੰਘ ਆਪਣੀ ਪ੍ਰਤਗਿਆ ਨੂੰ ਪੂਰਿਆ ਕਰ ਗਿਆ, ਉਹ ਜੀਉਂਦਾ ਵੈਰੀ ਦੇ ਹਥ ਨਾ ਆਇਆ, ਵਾਲਾ ਸਿੰਘ ਪਾਪੀ ਦਾ ਪਤਾ ਨਾਂ ਲੱਗਾ, ਉਹ ਕਿਧਰ ਗਿਆ।

ਮਣ ਕੁ-ਹਾਣਾ ਦੇ ਵਸਨੀਕ ਫੌਜ ਤੇ ਪੁਲਸ ਦੇ ਜ਼ੁਲਮ ਤੋਂ ਡਰਦੇ ਹੋਏ ਆਨੇ-ਬਹਾਨੇ ਪਿੰਡੋ ਖਿਸਕਣ ਲੱਗੇ। ਘਰ ਘਰ ਧੰਨਾ ਸਿੰਘ ਦੀ ਬਹਾਦਰੀ ਦੀ ਚਰਚਾ ਹੋਣ ਲੱਗੀ।



Sri Satguru Jagjit Singh Ji eLibrary NamdhariElibrary@gmail.com

## ੨੭.

ਪੰਜਾਬੀ ਕਿਸਾਨ ਰੱਬ ਦਾ ਐਸਾ ਬੇਟਾ ਹੈ, ਜਿਹੜਾ ਰਬ ਦੀ ਧਰਤੀ ਦੀ ਕਾਇਆਂ ਬਦਲ ਦਿੰਦਾ ਹੈ। ਦਰਿਆ ਰਾਵੀ ਤੋਂ ਪਾਰ ਝਨਾਂ ਤੇ ਜੇਹਲਮ ਦੇ ਸੰਗਮ ਤਕ ਪੁਰਾਣੇ ਪੰਜਾਬ ਦਾ ਜਾਂਗਲੀ ਇਲਾਕਾ ਸੀ। ਕੋਹਾਂ ਤਕ ਜੰਗਲ ਸੀ, ਕਲਰ ਵਾਲੇ ਬੰਜਰ ਮੈਦਾਨ ਤੇ ਕਿਤੇ ਕੋਈ ਖੇਤ ਸੀ। ਝੁਗੀਆਂ ਵਿਚ ਲੋਕ ਰਹਿੰਦੇ ਸਨ। ਬਾਰਸ਼ ਆਸਰ ਜੀਉਂਦੇ ਸਨ। ਪਰ ਉਨੀਵੀਂ ਸਦੀ ਦੇ ਅੰਤ ਵਿਚ ਸਰਕਾਰ ਨੇ ਨਹਿਰਾਂ ਪੁਟੀਆਂ। ਜੰਗਲ ਦੀ ਧਰਤੀ ਨੂੰ ਕਣਕ ਤੇ ਝੋਨੇ ਦੀ ਧਰਤੀ ਬਣਾ ਦਿਤਾ। ਕਿਸਾਨ ਦਾ ਪੁਤਰ ਮਾਲਵੇ, ਮਾਝੇ ਤੇ ਦੁਆਬੇ ਵਿਚੋਂ ਉਠਿਆ ਤੇ ਉਹ ਸੱਪਾਂ ਦੀ ਧਰਤੀ ਤੇ ਜਾ ਵਸਿਆ। ਨਹਿਰ ਦਾ ਪਾਣੀ ਪੀ ਪੀ ਕੇ, ਸਪਾਂ ਦੀਆਂ ਸਿਰੀਆਂ ਤੇ ਪੈਰ ਰਖਦਾ ਹੋਇਆ, ਦਿਨ ਰਾਤ ਮਿਹਨਤ ਕਰੀ ਗਿਆ ਤੇ ਧਰਤੀ ਦੀ ਕਾਇਆਂ ਪਲਟੀ ਗਿਆ। ਕਣਕ, ਝਨਾ ਕਮਾਦ ਤੇ ਕਪਾਹ ਪੈਦਾ ਕਰੀ ਗਿਆ।

ਜਦੋਂ ਧਰਤੀ ਪੁਟੀ ਗਈ ਤਾਂ ਮੰਡੀਆਂ ਬਣੀਆਂ ਤੇ ਸ਼ਹਿਰ ਵਸੇ। ਨਵੇਂ ਸ਼ਹਿਰਾਂ ਵਿਚੋਂ ਸਭ ਤੋਂ ਵਡਾ ਤੇ ਸੁੰਦਰ ਸ਼ਹਿਰ ਬਣਿਆ-



Sri Satguru Jagjit Singh Ji eLibrary NamdhariElibrary@gmail.com

ਲਾਇਲਪੁਰ, ਜਿਸ ਨੂੰ ਨਵੀਂ ਵਿਉਂਤ ਨਾਲ ਉਲੀਕਿਆ ਤੇ ਉਸਾਰਿਆ ਗਿਆ। ਸ਼ਹਿਰ ਵਸੇ ਤੇ ਰੇਲ ਵੀ ਚਲੀ ਗਈ। ਪੱਕੀਆਂ ਸੜਕਾਂ ਬਣੀਆਂ ਤੇ ਹਰ ਪਾਸ ਜੀਵਨ ਹੀ ਜੀਵਨ ਨਜ਼ਰ ਆਇਆ–ਉਤਸ਼ਾਹੀ ਟੱਜਿਆ ਤੇ ਭਖਿਆ ਜੀਵਨ।

ਜ਼ਿਲਾ ਲਾਇਲਪੁਰ ਦੇ ਥਾਣਾ ਠੀਕਰੀ ਵਾਲਾ ਦੇ ਵਿਚੋਂ ਦੀ ਲੰਘਦੀ ਰੇਲਵੇ ਲਾਈਨ ਦਾ ਇਕ ਸਟਸ਼ਨ ਸ਼ਰਬਮੀਰ ਹੈ। ਨਿੱਕਾ ਜੇਹਾ ਸਟਸ਼ਨ, ਪਰ ਅੰਨ ਦਾ ਕੇਂਦਰ। ਉਸ ਸਟੇਸ਼ਨ ਤੇ, ਲੌਢੇ ਵੇਲੇ ਗੱਡੀ ਖਲੋਤੀ, ਜਿਹੜੀ ਗਡੀ ਲਾਇਲਪੁਰ ਤੋ ਗਏ ਸੀ। ਸਵਾਰੀਆਂ ਉਤਰੀਆਂ ਤੇ ਚੜ੍ਹੀਆਂ ਵੀ। ਸਿਖ ਤੇ ਹਿੰਦੂ, ਜਾਂਗਲੀ ਤੇ ਜੱਟ। ਵਖਰੇ ਲਿਬਾਸ ਤੇ ਵਖਰਾ ਵਖਰਾ ਬੋਲ। ਪਰ ਜੀਵਨ-ਭੁੱਖ ਇਕੋ ਜੇਹਾ।

ਮਈ ਦਾ ਮਹੀਨਾ ਸੀ। ਸਾਰਾ ਦਿਨ ਤੱਤੀ ਲੋਅ ਵਗਦੀ ਰਹੀ ਸੀ। ਘੱਟਾ ਚੜ੍ਹਿਆ ਹੋਇਆ ਸੀ। ਹੋ ਸਕਦਾ ਸੀ ਤਰਕਾਲਾਂ ਨੂੰ ਕਾਲੀ ਬੋਲੀ ਹਨੇਰੀ ਆ ਜਾਂਦੀ। ਧਰਤੀ ਗਰਮ ਸੀ, ਭਾਵੇਂ ਤਰਕਾਲਾਂ ਪੈਣ ਵਾਲੀਆਂ ਸਨ।

ਦੋ ਮੁਸਾਫਰ ਗੱਡੀ ਤੋਂ ਉਤਰੇ। ਸਟੇਸ਼ਨ ਤੋਂ ਬਾਹਰ ਹੋਏ ਤਾਂ ਇਕ ਨੇ ਕਿਹਾ-ਬੂਟਾ ਸਿੰਘ! ਪਾਣੀ ਪੀ ਚਲਏ। ਅਗੇ ਤਾਂ ਕਿਤੇ ਦੂਰ, ਚੱਕ ਜਾ ਕੇ ਹੀ ਪਾਣੀ ਮਿਲੇਗਾ।'

ਕਹਿਣ ਵਾਲ ਦਾ ਨਾਮ ਰਲਾ ਸਿੰਘ ਸੀ ਤੇ ਉਹ ਦੁਆਬ ਦੇ ਪਿੰਡ ਮਾਣੂਕੇ ਦਾ ਸੀ ਬੂਟਾ ਸਿੰਘ ਨੇ ਉਤਰ ਦਿਤਾ, 'ਲੋੜ ਤਾਂ ਕੋਈ ਨਹੀਂ, ਪਰ ਅਛਾ ਤੇਰੀ ਮਰਜ਼ੀ!'

ਦੋਵੇਂ ਹੱਟੀ ਤੇ ਖਲੋ ਗਏ। ਰਾਮ ਨਾਥ ਹਲਵਾਈ ਦੀ ਹੱਟੀ ਸੀ, ਜਿਹੜਾ ਅਧਖੜ ਉਮਰ ਦਾ ਖੁਸ਼ ਦਿਲ ਬੰਦਾ ਸੀ। ਪਏ ਜਾਂਗਲੀਆਂ ਵਾਂਗੂ ਵਾਹ ਕੇ ਰਖਦਾ ਸ। ਉਸ ਨੇ ਦੋ ਗਲਾਸ ਲੱਸੀ ਦੇ ਬਣਾਏ। ਬਾਂਹ ਬਾਂਹ ਜਿਡੇ ਕੜੇ ਵਾਲੇ ਗਲਾਸ। ਦੋਹਾਂ ਪੀ ਲਏ ਤੇ ਪੈਸੇ ਰਲਾ ਸਿੰਘ ਨੇ ਦਿਤੇ।

ਦੋਵੇਂ ਤੁਰੇ ਤਾਂ ਰਲਾ ਸਿੰਘ ਨੇ ਆਖਿਆ, 'ਸਿਆਣਾ ਬੰਦਾ



Sri Satguru Jagjit Singh Ji eLibrary NamdhariElibrary@gmail.com

ਉਹ ਐ, ਜਿਹੜਾ ਬੇਲੇ ਤੋਂ ਲਾਭ ਉਠਾਏ। ਭਾਵੇਂ ਵਰਿਆਮ ਸਿੰਘ ਤੇਰਾ ਸਬੰਧੀ, ਐ, ਫਿਰ ਬੀ ਜੇ ਤੂੰ ਉਸ ਨੂੰ ਫੜਾ ਦਏਂਗਾ ਤਾਂ ਤਿ ਮਰੱਬੇ ਇਨਾਮ ਮਿਲੇਗਾ! ਤੇਰੀ ਉਲਾਦ ਮੌਜ ਮਾਣੇਗੀ। ਸਰਕਾਰ ਦੀ ਨਿਗਾਹ ਵਿਚ ਬੀ ਚੰਗਾ ਹੋਏਂਗਾ। ਕੁਝ ਕੀ ਲੋਕ ਆਖਣ, ਪਰ ਪਈ, ਸੱਚੀ ਗਲ ਈ, ਅੰਗਰੇਜ਼ ਦਾ ਰਾਜ ਕੋਈ ਨਹੀਂ ਖ਼ਤਮ ਹੋਣ ਲੱਗਾ। ਇਹਦੇ ਰਾਜ ਵਿਚ ਸੂਰਜ ਨਹੀਂ ਡੁਬਦਾ।'

ਇਹ ਤਾਂ ਤੇਰੀ ਗਲ ਠੀਕ ਐ, ਪਰ...

ਬੂਟਾ ਸਿੰਘ ਕੁਝ ਝਿਜਕ ਕ ਬਲਿਆ। ਉਸ ਨੇ ਅਗੇ ਪਿਛੇ ਵੇਖਿਆ, ਜਿਵੇਂ ਕੋਈ ਉਸ ਦਾ ਬੋਲ ਸੁਣਦਾ ਤਾਂ ਨਹੀਂ ਸੀ।

'ਪਰ ਕੀ?' ਰਲਾ ਸਿੰਘ ਨੇ ਗਲ ਨੂੰ ਚੁਕਿਆ।

'ਇਹ ਵੀ ਤਾਂ ਡਰ ਏ ਨਾ ਕਿ ਬੱਬਰਾਂ ਨੇ ਅਸਾਂ ਸਾਰਿਆਂ ਨੂੰ ਮਾਜ ਦੇਣਾ ਆ, ਗਲ ਨਿਕਲਣੋ ਰਹਿਣੀ ਤਾਂ ਨਹੀਂ।'

'ਬਬਰ! ਇਹ ਤਾਂ ਸਭ ਅਜ ਕਲ ਦੇ ਪ੍ਰਾਹੁਣੇ ਹਨ। ਕਿੰਨੇ ਮਾਰੇ ਗਏ ਨੇ ਕੁਝ ਫੜੇ ਜਾ ਰਹੇ ਹਨ। ਸਰਕਾਰ ਨੇ ਸਾਰਿਆਂ ਨੂੰ ਚੁਗ ਲੈਣੀ ਐ। ਫਿਕਰ ਨਾ ਕਰ—ਵਰਿਆਮ ਸਿੰਘ ਫੜਿਆ ਗਿਆ ਤਾਂ ਉਸ ਨੂੰ ਤਾਂ ਸਰਕਾਰ ਨੇ ਫਾਹੇ ਲਾ ਦੇਣਾ ਏ। ਉਸ ਕੋਲੋਂ ਤਾਂ ਡਰਨ ਦੀ ਲੋੜ ਨਹੀਂ।'

ਬੂਟਾ ਸਿੰਘ ਤੇ ਰਲਾ ਸਿੰਘ ਗਲਾਂ ਕਰਦੇ ਤੁਰੀ ਗਏ। ਸੂਰਜ ਹੇਠਾਂ ਨੂੰ ਜਾ ਰਿਹਾ ਸੀ। ਉਸ ਦੀਆਂ ਅੰਤਮ ਕਿਰਨਾਂ ਗਰਮ ਸਨ, ਤੇ ਸੁਨਹਿਰੀ ਭਾਅ ਮਾਰਦੀਆਂ ਸਨ। ਰਾਹ ਵਿਚ ਖਲਵਾੜਾ ਆਇਆ, ਫਲੇ ਵੱਗ ਰਹੇ ਸਨ। ਇਕ ਧੱੜ ਵੀ ਉਡਾਈ ਜਾ ਰਹੀ ਸੀ ਤੇ ਅਠ ਦਸ ਕਾਮੇ ਕੰਮ ਕਰ ਰਹੇ ਸਨ। ਉਹਨਾਂ ਵਿਚ ਇਕ ਹਾਸ਼ਮ ਦਾ ਚੌਬਰਗਾ ਗਾ ਰਿਹਾ ਸੀ—ਬੜੀ ਉਚੀ ਤੇ ਰਸ ਭਰੀ ਹੇਕ ਨਾਲ—

ਜਾਨੀ ਜੀਵਨ ਚਾਰ ਦਿਹਾੜੇ, ਇਹ ਸਦਾ ਨਾ ਰਹਿਣ ਬਹਾਰੀਂ।
ਇਸ ਚਮਨ ਵਿਚ ਫਿਰ ਗਈਆਂ, ਕਈ ਕੋਟ ਬੇਅੰਤ ਸ਼ੁਮਾਰੀਂ।
ਮੈਂ ਤੂੰ ਕੌਣ ਵਿਚਾਰੇ ਦਿਸਦੇਂ ਕਿਸ ਗਿਣਤੀ ਲਾਖ ਹਜ਼ਾਰੀਂ।



Sri Satguru Jagjit Singh Ji eLibrary NamdhariElibrary@gmail.com

ਹਾਸ਼ਮ ਖ੍ਹਆਬ ਹਯਾਤੀ ਬਦਲੇ, ਤੂੰ ਕੌਲ ਕਰਾਰ ਨਾ ਹਾਰੀਂ ।

ਰਲਾ ਸਿੰਘ ਚੁਪ ਹੋ ਗਿਆ ਸੀ, ਕਿਉਂਕਿ ਪਗਡੰਡੀ ਪਿੰਡਾਂ ਦੇ ਵਿਚੋਂ ਦੀ ਜਾਂਦੀ ਸੀ। ਉਹ ਨਹੀਂ ਸੀ ਚਾਹੁੰਦਾ ਕਿ ਉਨ੍ਹਾਂ ਦੀ ਗਲ-ਬਾਤ ਦਾ ਸਿਲਸਿਲਾ ਕੋਈ ਸੁਣੇ । ਗੁਪਤ ਭੇਤ ਪ੍ਰਗਟ ਹੋਏ । ਰਲਾ ਸਿੰਘ ਹੰਢਿਆ ਹੋਇਆ ਝੋਲੀਚੁਕ ਸੀ । ਬੱਬਰ ਉਸ ਦੇ ਪਿਛੇ ਲਗੇ ਹੋਏ ਸਨ ਤੇ ਉਹ ਬੱਬਰਾਂ ਪਿਛੇ ।

ਬਹਾਦਰ ਵਰਿਆਮ ਸਿੰਘ ਮੁੰਡੇਰ ਦੇ ਸੜਦੇ ਮਕਾਨ ਵਿਚੋਂ ਨਿਕਲ ਕੇ ਪੁਲਸ ਦੇ ਹੱਥ ਨਾ ਆਇਆ, ਭਾਵੇਂ ਪੁਲਸ ਤੇ ਫੌਜ ਨੇ ਸਾਰੇ ਰਾਹ ਰੋਕ ਰਖੇ ਸਨ । ਸਾਰੇ ਪੰਜਾਬ ਵਿਚ ਥਾਂ ਥਾਂ ਪਹਿਰੇ ਸਨ । ਇਨਾਮਾਂ ਦਾ ਲਾਲਚ ਸੀ । ਉਹ ਦਰਿਆ ਬਿਆਸਾ ਨੂੰ ਪਾਰ ਕਰ ਕੇ ਮਾਝੇ ਵਿਚ ਆ ਵੜਿਆ ਤੇ ਮਾਝੇ ਵਿਚੋਂ ਨਿਕਲ ਕੇ ਲਾਹੌਰ । ਲਾਹੌਰੋਂ ਗੱਡੀ ਬੈਠਾ ਤੇ ਲਾਇਲਪੁਰ ਜਾ ਵੜਿਆ । ਸ਼ਰਬਮੀਹ ਦੇ ਸਟੇਸ਼ਨ ਲਾਗੇ ਢੱਕ ਢਪੱਈ ਹੈ। ਉਸ ਚਕ ਵਿਚ ਬੂਟਾ ਸਿੰਘ ਰਹਿੰਦਾ ਸੀ । ਉਹ ਵਰਿਆਮ ਸਿੰਘ ਦਾ ਦੂਰੋਂ ਭਰਾ ਲਗਦਾ ਸੀ । ਉਸ ਦੇ ਕੋਲ ਜਾ ਰਿਹਾ । ਵਰਿਆਮ ਸਿੰਘ ਨੂੰ ਲਭਦਾ ਲਭਦਾ ਰਲਾ ਸਿੰਘ ਵੀ ਬਾਰ ਵਿਚ ਪੁਜਾ ਤੇ ਉਹ ਬੂਟਾ ਸਿੰਘ ਦੇ ਪਿਛੇ ਲਗਾ ਕਿ ਕਿਵੇਂ ਲਾਲਚ ਵਿਚ ਆ ਕੇ ਬੂਟਾ ਸਿੰਘ ਵਰਿਆਮ ਸਿੰਘ ਨੂੰ ਫੜਾ ਦੇਵੇ।

ਬੂਟਾ ਸਿੰਘ ਨੇ ਹਾਸ਼ਮ ਦਾ ਚੌਬਰਗਾ ਸੁਣਿਆ । ਇਸ ਤੁਕ ਨੇ ਉਸ ਦੇ ਕੰਨਾਂ ਨੂੰ ਟਬਿਆ:

'ਹਾਸ਼ਮ ਖ੍ਹਆਬ ਹਯਾਤੀ ਬਦਲ ਤੂੰ ਕੋਲ ਕਰਰ ਨਾ ਹਾਰੀਂ ।'

ਉਸ ਨੂੰ ਚੇਤਾ ਆਇਆ ਕਿ ਕਿਵੇਂ ਕਦੀ ਇਕੱਠਿਆਂ ਸ਼ਰਾਬ ਪੀਂਦਿਆਂ ਹੋਇਆਂ ਉਹਨਾਂ ਨੇ ਜੀਵਨ ਮਰਨ ਦੀ ਸਾਂਝ ਤੇ ਇਕ ਦੂਸਰੇ ਦੇ ਭੇਦਾਂ ਨੂੰ ਲੁਕਾ ਕੇ ਰਖਣ ਦੀ ਸੌਂਹ ਖਾਧੀ ਸੀ । ਇਕ ਪਾਸੇ ਰਿਸ਼ਤੇਦਾਰੀ ਤੇ ਬਚਨ ਸੀ, ਦੂਸਰ ਪਾਸੇ ਤਿੰਨ ਮੁਰੱਬਿਆਂ ਦਾ ਲਾਲਚ ਸੀ। ਉਹ ਕਿਹੜੇ ਪਾਸੇ ਹੋਏ ? ਦੋਹਾਂ ਵਿਚਾਰਾਂ ਨੇ ਉਸ ਦੇ ਹਿਰਦੇ ਵਿਚ ਅਨੋਖੀ ਜੰਗ ਛੇੜ ਦਿਤੀ ਸੀ।



Sri Satguru Jagjit Singh Ji eLibrary NamdhariElibrary@gmail.com

ਖਲਵਾੜੇ ਲੰਘ ਗਏ। ਜਦੋਂ ਅਧਾ ਕੁ ਮੁਰੱਬਾ ਦੂਰ ਚਲੇ ਗਏ ਤਾਂ ਰਲਾ ਸਿੰਘ ਨੇ ਫੇਰ ਗੱਲ ਛੇੜੀ—'ਨਾਲੇ ਤੈਨੂੰ ਤਾਂ ਉਸਨੂੰ ਜ਼ਰੂਰ ਹੀ ਫੜਾ ਦੇਣਾ ਚਾਹੀਦੇ। ਨਾਲੇ ਪੁੰਨ ਨਾਲੇ ਫਲੀਆਂ—ਗੁਸਾ ਨਾ ਕਰੀਂ, ਜੋ ਗਲ ਹੁੰਦੀ ਆ ਉਹ ਲੁਕੀ ਨਹੀਂ ਰਹਿੰਦੀ ਮੈਨੂੰ ਪਤਾ ਲਗਾ ਐ, ਉਹ ਸੰਤੋ ਨੂੰ ਵੀ ਬੁਰੀ ਨਿਗਾਹ ਨਾਲ ਦੇਖਦਾ ਆ। ਸੰਤੋ ਤੇ ਉਸ ਦੀ ਰਲੀ ਮਰਜੀ ਆ। ਕਿਸੇ ਦਿਨ ਸੰਤੋ ਨੂੰ ਕੱਢ ਕੇ ਤੀਰ ਹੋਏਗਾ ਤੂੰ ਹੱਥ ਮਲਦਾ ਰਹਿ ਜਾਏਂਗਾ। ਤੂੰ ਜੱਟ ਏਂ, ਤੇਰੀ ਅਣਖ ਕਿਉਂ ਮਰ ਗਈ?'

ਰਲਾ ਸਿੰਘ ਨੇ ਜਟਕਾ ਹਥਿਆਰ ਵਰਤਣਾ ਸ਼ੁਰੂ ਕੀਤਾ। ਉਹ ਹਥਿਆਰ, ਜਿਹੜਾ ਤਿਖੀ ਧਾਰਾ ਵਾਲਾ ਸੀ। ਉਹ ਤਾਂ ਲਸੂੜੇ ਦੀ ਗਿਟਕ ਹੋ ਕੇ ਬੂਟਾ ਸਿੰਘ ਨਾਲ ਚੰਮੜ ਗਿਆ ਸੀ।

ਬੂਟਾ ਸਿੰਘ ਨੇ ਬੋਲ ਸੁਣੇ। ਉਸ ਨੇ ਰਲਾ ਸਿੰਘ ਵਲ ਵੇਖਿਆ ਤੇ ਗੁਸੇ ਹੋਣ ਦੀ ਥਾਂ ਸੋਚਾਂ ਵਿਚ ਡੁਬ ਗਿਆ। ਉਹ ਖਿਆਲ ਕਰਦਾ ਸੀ ਕਿ ਸਾਲ ਪਹਿਲਾਂ ਉਸ ਦੀ ਵਹੁਟੀ ਸੰਤੋ ਤੇ ਵਰਿਆਮ ਸਿੰਘ ਠੀਕ ਹੀ ਇਕ ਦੂਸਰੇ ਦੇ ਬਹੁਤ ਨੇੜੇ ਸਨ। ਸ਼ੱਕ ਸੀ ਕਿ ਦੋਹਾਂ ਦੇ ਨਾਜਾਇਜ਼ ਸਬੰਧ ਨੇ। ਪਰ ਬੂਟਾ ਸਿੰਘ ਨਾ ਵਰਿਆਮ ਸਿੰਘ ਨੂੰ ਕੁਝ ਆਖ ਸਕਦਾ ਸੀ ਤੇ ਨਾ ਸੰਤੋ ਨੂੰ। ਵਲਾਂ ਵਲੀਂ ਇਕ ਦੋ ਵਾਰ ਗੁਸੇ ਹੋਇਆ ਜੀ।

'ਹੂੰ! ਵਰਿਆਮ ਸਿੰਘ ਚੰਗਾ ਬੰਦਾ ਨਹੀਂ।' ਬੂਟਾ ਸਿੰਘ ਦੇ ਅੰਦਰੋਂ ਅਵਾਜ਼ ਉਠੀ। ਉਸ ਉਚੀ ਆਖਿਆ -'ਰਲਾ ਸਿੰਹਾਂ, ਫੜਾ ਤਾਂ ਮੈਂ ਦਿੰਦਾ ਹਾਂ, ਪਰ ਦੇਖਣਾ ਮੇਰੇ ਨਾਲ ਧੋਖਾ ਨਾ ਹੋਏ। ਮੱਤਾਂ ਮੇਰਾ ਇਨਾਮ ਕੋਈ ਖਾ ਜਾਏ।'

'ਇਹ ਕਦੀ ਹੋ ਸਕਦਾ ਐ! ਬੇ-ਫਿਕਰ ਰਹੋ। ਕਿਸੇ ਤਰ੍ਹਾਂ ਦਾ ਖਿਆਲ ਨਾ ਕਰ। ਸਭ ਕੁਝ ਠੀਕ ਹੋ ਜਾਏਗਾ। ਪਰ ਫੜਾਏਂਗਾ ਕਦੋਂ?'

'ਪਰਸੋਂ! ਅਜ ਉਹ ਕਿਤੇ ਗਿਆ ਹੋਇਆ ਏ, ਕਲ ਆਏਗਾ। ਤੁਸਾਂ ਪੁਲਸ ਲੈ ਆਉਣੀ। ਉਹ ਮੁਰੱਬੇ ਵਿਚ ਜਾਂ ਘਰ ਹੋਏਗਾ, ਖਾਲੀ ਹੱਥ।'



Sri Satguru Jagjit Singh Ji eLibrary NamdhariElibrary@gmail.com

ਬੂਟਾ ਸਿੰਘ ਅਕ੍ਰਿਤਘਣ ਤੇ ਮਿਤ੍ਰ ਧਰੋਹੀ ਬਣ ਗਿਆ। ਉਹ ਰਲਾ ਸਿੰਘ ਸ਼ੈਤਾਨ ਦੀਆਂ ਗੱਲਾਂ ਵਿਚ ਆ ਗਿਆ ਤੇ ਆਪਣੇ ਵੀਰ ਨੂੰ ਫੜਾ ਕੇ ਇਨਾਮ ਲੈਣ ਤੇ ਤੁਲ ਪਿਆ।

ਚੱਕ ਢਪੱਈ ਨੇੜੇ ਆ ਗਿਆ, ਦੋਵੇਂ ਹਥ ਮਿਲ ਕੇ ਨਿਖੜੇ ਤੇ ਆਪੋ ਆਪਣੇ ਰਾਹ ਪਏ। ਰਲਾ ਸਿੰਘ ਆਪਣੇ ਰਿਸ਼ਤੇਦਾਰਾਂ ਦੇ ਘਰ ਵਲ ਤੁਰ ਗਿਆ ਤੇ ਬੂਟਾ ਸਿੰਘ ਆਪਣੇ ਹਾਤੇ ਵਲ। ਸੂਰਜ ਡੁਬ ਚੁਕਾ ਸੀ। ਪਰ ਉਸ ਦੀ ਲਾਲੀ ਦਾ ਚਾਨਣ ਅਜੇ ਚੋਖਾ ਸੀ ਅਜੇ ਲੋਕਾਂ ਦੇ ਡੰਗਰ ਬਾਹਰ ਆ ਰਹੇ ਸਨ।



Sri Satguru Jagjit Singh Ji eLibrary NamdhariElibrary@gmail.com

# ੨੮.

ਜਦੋਂ ਰਲਾ ਸਿੰਘ ਤੇ ਬੂਟਾ ਸਿੰਘ ਸਰਸ਼ਮੀਰ ਦੇ ਸਟੇਸ਼ਨ ਤੋਂ ਚੱਕ ਢਪੱਈ ਵਲ ਤੁਰੇ ਆਉਂਦੇ ਸਨ, ਤਦੋਂ ਬੂਟਾ ਸਿੰਘ ਦੇ ਚੱਕ ਵਿਚ, ਉਸ ਦੇ ਖਲਵਾੜੇ ਦੇ ਲਾਗੇ ਵਣ ਦੀ ਛਾਂ ਹੇਠਾਂ ਮੰਜੀਆਂ ਉਤੇ ਵਰਿਆਮ ਸਿੰਘ ਤੇ ਸੰਤੋ ਬੈਠੇ ਸਨ । ਸੰਤੋ, ਵਰਿਆਮ ਸਿੰਘ ਨੂੰ ਲੌਢੇ ਵੇਲੇ ਦੀ ਰੋਟੀ ਖੁਆਉਣ ਆਈ ਸੀ। ਮਖਣ ਨਾਲ ਚੋਘੰ ਕੱਢ ਕੱਢ ਕੇ ਪੱਕੇ ਹੋਏ ਦੂਹਰੇ ਪਰੌਂਠੇ ਸਨ ਤੇ ਸ਼ਕਰ ਵਿਚ ਘਿਉ ਪਾਇਆ ਹੋਇਆ ਸੀ।

ਵਰਿਆਮ ਸਿੰਘ ਦੇ ਸਾਹਮਣੇ ਦੂਸਰੀ ਮੰਜੀ ਤੇ ਬੈਠੀ ਹੋਈ ਸੰਤੋ ਵਰਿਆਮ ਸਿੰਘ ਵਲ ਵੇਖੀ ਜਾਂਦੀ ਸੀ। ਉਹ ਨਾ ਖੁਸ਼ ਸੀ ਤੇ ਨਾ ਉਦਾਸ ਸਗੋਂ ਗੰਭੀਰ ਸੀ।

'ਪਰ ਮੈਂ ਆਖਦੀ ਆਂ, ਤੂੰ ਐਸਾ ਮਹਾਤਮਾਂ ਬਣ ਕਿਥੋਂ ਗਿਆ ? ਕਿਥੇ ਬੋਤਲਾਂ ਦੀਆਂ ਬੋਤਲਾਂ ਸ਼ਰਾਬ ਪੀ ਜਾਂਦਾ ਸੀ, ਮਾਸ ਖਾਂਦਾ ਨਹੀਂ ਸੀ ਰਜਦਾ ਤੇ... ।'

ਗਲ ਕਰਦੀ ਕਰਦੀ ਉਹ ਰੁਕ ਗਈ। ਉਸ ਨੇ ਅੱਖਾਂ ਚੁੱਕੇ ਕੇ ਵਰਿਆਮ ਸਿੰਘ ਵਲ ਵੇਖਿਆ, ਉਸ ਦੀਆਂ ਅੱਖਾਂ ਵਿਚ ਵਾਸ਼ਨਾ ਦੀ



Sri Satguru Jagjit Singh Ji eLibrary NamdhariElibrary@gmail.com

ਚਮਕ ਆਈ। ਉਸ ਦੇ ਸਰੀਰ ਨੂੰ ਝੁਨ-ਝੁਨੀ ਛਿੜੀ।

'ਭਾਬੀ! ਪਹਿਲਾਂ ਮੈਂ ਇਕ ਫ਼ੌਜੀ ਤੇ ਡਾਕੂ ਸਾਂ। ਫੌਜ ਵੀ ਸਾਂ ਅੰਗਰੇਜ਼ੀ ਫੌਜ ਦਾ...' ਵਰਿਆਮ ਸਿੰਘ ਆਖਣ ਲੱਗਾ। ਉਸ ਨੇ ਸੰਘ ਦੀ ਬੁਰਕੀ ਹੇਠਾਂ ਲੰਘਾ ਲਈ ਤੇ ਦੂਸਰੀ ਬੁਰਕੀ ਤੁੰਨੀ ਹੀ ਨਾ। ਮੰਤੋ ਵਲ ਵੇਖਦਾ ਤੇ ਮੁਸਕਰਾਉਂਦਾ ਹੋਇਆ ਆਖੀ ਗਿਆ—

'ਇਕ ਫੌਜੀ ਤੇ ਡਾਕੂ ਦੀ ਜ਼ਿੰਦਗੀ ਵਿਚ ਸ਼ਰਾਬ, ਮਾਸ ਤੇ ਔਰਤ ਸਭ ਠੀਕ! ਸਭ ਨੇਕੀ—ਧਰਮ।'

'ਤੇ ਹੁਣ ਤੂੰ ਕਿਹੜਾ ਬਦਲ ਗਿਆ ਏਂ? ਹੁਣ ਬੀ ਤਾਂ ਡਾਕੇ ਮਾਰਦਾ ਤੇ ਲੋਕਾਂ ਦੇ ਖੂਨ ਕਰਦਾ ਫਿਰਦਾ ਐਂ।'

"ਇਹੋ ਤਾਂ ਤੂੰ ਫਰਕ ਨਹੀਂ ਸਮਝਦੀ। ਅਗੇ ਮੈਂ ਜੋ ਕੁਝ ਕਰਦਾ ਸਾਂ, ਉਹ ਆਪਣੀ ਜਾਨ, ਆਪਣੀ ਐਸ਼ ਜਾਂ ਵਡਿਆਈ ਵਾਸਤੇ ਕਰਦਾ ਸਾਂ, ਪਰ ਹੁਣ ਮੈਂ ਡਾਕੇ ਮਾਰਦਾ ਆਂ ਤਾਂ ਦੇਸ ਬਦਲ, ਜੇ ਖੂਨ ਕਰਦਾ ਆਂ ਤਾਂ ਝੋਲੀਚੁਕਾਂ ਦਾ, ਦੇਸ਼ ਦੇ ਦੁਸ਼ਮਨਾਂ, ਬਦੇਸ਼ੀ ਗੋਰਿਆਂ ਤੇ ਚਾਟੜਿਆਂ ਦਾ, ਜਿਹੜੇ ਭਾਰਤ ਮਾਤਾ ਦੇ ਗ਼ੁਲਾਮੀ ਦੇ ਸੰਗਲਾਂ ਨੂੰ ਪੱਕਿਆਂ ਕਰਨ ਲਈ ਸੱਟਾਂ ਮਾਰਦੇ ਤੇ ਤਾਅ ਦਿੰਦੇ ਹਨ। ਮੈਂ ਜਦੋਂ ਦਾ ਜਥੇ ਨਾਲ ਸ਼ਾਮਲ ਹੋਇਆ ਆਂ, ਤਦੋਂ ਤੋਂ ਮੈਂ ਮਾਸ ਸ਼ਰਾਬ ਦਾ ਤਿਆਗ ਕਰ ਦਿਤਾ ਹੈ। ਜਥੇਦਾਰ ਨੂੰ ਬਚਨ ਦਿਤਾ ਐ ਕਿ ਕਿਸੇ ਤੀਵੀਂ ਦੇ ਕੋਲ ਨਹੀਂ ਜਾਵਾਂਗਾ, ਰੂਪ ਜਵਾਨੀ ਦਾ ਸ਼ਿਕਾਰ ਨਹੀਂ ਹੋਵਾਂਗਾ, ਤੀਵੀਂ ਭਾਵੇਂ ਆਪਣੀ ਬੀ ਕਿਉਂ ਨਾ ਹੋਏ।'

'ਬੜਾ ਚੰਗਾ ਐ, ਟੁਸਾਂ ਦਾ ਜਥੇਦਾਰ, ਜਿਸ ਨੇ ਪੂਰੇ ਦੇਬਤੇ ਬਣਾ ਦਿਤਾ। ਪਰ ਵਰਿਆਮਿਆਂ!'

ਮੰਤੋ ਦਾ ਮਨ ਭਰ ਆਇਆ। ਉਸ ਨੇ ਠੰਢਾ ਸਾਹ ਲਿਆ ਤੇ ਉਸ ਦੇ ਵਲ ਦਖਿਆ। ਪਿਆਰ ਦੀ ਚਿਣਗ, ਜਿਹੜੀ ਉਸ ਦੇ ਅੰਦਰ ਮਘਦੀ ਸੀ, ਉਹ ਭੜਕ ਉਠੀ, ਉਸ ਨ ਦੋਵੇਂ ਹਥ ਵਧਾਏ ਤੇ ਵਰਿਆਮ ਸਿੰਘ ਦੇ ਮੋਢਿਆਂ ਤੇ ਰੱਖ ਦਿਤੇ। ਉਸ ਦੀਆਂ ਅੱਖਾਂ ਮਸਤਾਨੀਆਂ ਹੋ ਗਈਆਂ। ਉਹਨਾਂ ਅੱਖਾਂ ਵਿਚ ਲਾਲੀ ਆਈ। ਪਵਿਤਰ ਪਿਆਰ ਦੀ



Sri Satguru Jagjit Singh Ji eLibrary NamdhariElibrary@gmail.com

ਲਾਲੀ।

'ਬਰਿਆਮ ਸਿੰਹਾਂ ! ਤੂੰ ਐਡੇ ਕੰਮ ਕਰ ਰਿਹਾ ਏਂ, ਜੇ ਫੜਿਆ ਗਿਆ ਤਾਂ !'

ਵਰਿਆਮ ਸਿੰਘ ਨੇ ਰੋਟੀ ਛਡ ਦਿਤੀ । ਸੰਤੋ ਦੀ ਬਦਲੀ ਹਾਲਤ ਨੂੰ ਉਹ ਤਾੜ ਗਿਆ । ਉਸ ਨੇ ਸੰਤੋ ਦੇ ਦੋਵੇਂ ਹਥ ਫੜ ਕੇ ਆਪਣੇ ਮੋਢਿਆਂ ਤੋਂ ਚੁਕ । ਉਸ ਨੂੰ ਬਿਠਾਇਆ ਤੇ ਬੜੇ ਹੌਂਸਲੇ ਅਤੇ ਠਰੰਮੇ ਨਾਲ ਕਿਹਾ–

'ਭਾਬੀ ! ਦਿਲ ਰੱਖ ! ਪਹਿਲਾਂ ਤਾਂ ਮੈਨੂੰ ਜੀਉਂਦੇ ਨੂੰ ਫੜਨ ਵਾਲਾ ਕੋਈ ਜੰਮਿਆ ਨਹੀਂ । ਕਈਆਂ ਨੂੰ ਮਾਰ ਕੇ ਮਰਾਂਗਾ, ਪਰ ਜੇ ਫੜਿਆ ਵੀ ਗਿਆ ਤਾ ਫਾਹ ਲਗਾਂਗਾ, ਸ਼ਹੀਦ ਹੋਵਾਂਗਾ। ਚੰਗੀ ਮੌਤੇ ਮਰਨਾ, ਧਰਮ ਹਿਤ ਮਰਨਾ, ਦੇਸ਼ ਦੀ ਖਾਤਰ ਮਰਨਾ, ਭਲਾ ਇਹ ਵੀ ਮਾੜਾ ਐ । ਜਿਸ ਦੀ ਚਿੰਤਾ ਕਰਦੀ ਆਂ, ਮਰ ਤਾਂ ਇਕ ਦਿਨ ਸਾਰਿਆਂ ਜਾਣਾ ਐ।'

ਸੰਤੋ ਡੁਸਕਣ ਲੱਗ ਪਈ। ਉਸ ਦਾ ਮਨ ਭਰ ਆਇਆ। ਉਹ ਡੁਸਕਦੀ ਹੋਈ ਝਿਜਕ ਝਿਜਕ ਕੇ ਬੋਲੀ–'ਮੇਰਾ ਦਿਲ ਦਿਲ ਡੋਲ ਗਿਆ, ਬਰਿਆਮਿਆਂ ! ਅਹ ਦਿਲ ਇਹੋ ਕਰ ਰਿਹਾ ਐ ?'

'ਕੀ ?'

'ਤੇਰੇ ਕੋਲ ਰਹਾਂ। ਚਲ ਘਰ ਚਲ ! ਜੇ ਕੋਈ ਫੜਨ ਆਏਗਾ–ਪਹਿਲਾਂ ਮੈਂ ਰੋਕਾਂਗੀ। ਆਪ ਕਲੇਜੇ ਵਿਚ ਗੋਲੀ ਖਾਮਾਂਗੀ।'

'ਕੋਈ ਫ਼ਿਕਰ ਨਾ ਕਰ, ਚਲ ਤੂੰ ਘਰ ਨੂੰ–ਭਰਾ ਆਇਆ ਹੋਏਗਾ, ਗਡੀ ਤਾਂ ਲੰਘ ਗਈ ਆ।'

'ਤੇਰਾ ਭਰਾ ! ਤੇਰਾ ਭਰਾ ਵੀ ਭਰਾ ਨਹੀਂ ਰਿਹਾ । ਉਸ ਤੇ ਵੀ ਮੈਨੂੰ ਸ਼ੱਕ ਆ । ਕਿਤੇ ਉਹ ਹੀ ਨਾ ਲਾਲਚ ਵਿਚ ਆ ਜਾਏ। ਪਤਾ ਨਹੀਂ ਮੇਰੇ ਚੰਦਰੇ ਦਿਲ ਨੂੰ ਕੀ ਹੋ ਗਿਆ ।' ਇਹ ਨਹੀਂ ਮੰਨਦਾ। ਡਰ ਗਿਆ, ਬਰਿਆਮ ਸਿੰਹਾਂ ਡਰ ਗਿਆ !'

ਇਉਂ ਆਖਦੀ ਹੋਈ ਸੰਤੋ ਨੇ ਆਪਣਾ ਸਿਰ ਵਰਿਆਮ



Sri Satguru Jagjit Singh Ji eLibrary NamdhariElibrary@gmail.com

ਸਿੰਘ ਦੀ ਝੋਲੀ ਵਿਚ ਸੁਟ ਦਿਤਾ। ਉਹ ਬੱਚਿਆਂ ਵਾਂਗ ਰੋਣ ਲਗ ਪਈ। ਵਰਿਆਮ ਸਿੰਘ ਉਸ ਨੂੰ ਚੁਪ ਕਰਾਉਣ ਲਗਾ।

'ਸੰਤੋ! ਕਿਸੇ ਤੇ ਸ਼ਕ ਨਾ ਕਰ, ਸਾਰੇ ਨੇਕ ਹਨ। ਵਾਹਿਗੁਰੂ ਜੋ ਕਟੇਗਾ ਠੀਕ ਹੀ ਕਟੇਗਾ। ਅਸਾਂ ਤਾਂ ਪਹਿਲਾਂ ਹੀ ਸਿਰ ਤੇ ਖਫਨ ਬੰਨ੍ਹੀ ਫਿਰਦੇ ਆਂ! ਤੂੰ ਚਿੰਤਾ ਨਾ ਕਰ। ਜੇ ਭਲਾ ਭੁਰਾ ਬੇਈਮਾਨ ਬਣੇ ਬੀ, ਲਾਲਚ ਵਿਚ ਆਇ ਬੀ ਤਾਂ ਕੀ? ਮੈਂ ਤਾਂ ਫੜੇ ਜਾਣਾ ਈ ਆ, ਜੇ ਇਸ ਰਾਹੀਂ ਫੜਿਆ ਗਿਆ ਤਾਂ ਕੀ? ਸਗੋਂ ਤੁਸਾਂ ਨੂੰ ਮੁਰੱਬੇ ਮਿਲ ਜਾਣਗੇ, ਮੇਰਾ ਮੁਲ ਪੈ ਜਾਏਗਾ, ਤੂੰ ਸੁਖੀ ਹੋਏਂਗੀ।'

ਵਰਿਆਮ ਸਿੰਘ ਨੇ ਪਤਾ ਨਹੀਂ ਕਿਸ ਵਿਚਾਰ ਦੇ ਅਸਰ ਹੇਠਾਂ ਇਹ ਬੋਲ ਬੋਲੇ। ਸਾਰੇ ਬੋਲ ਤੀਰ ਬਣ ਕੇ ਸੰਤੋ ਦੇ ਕਲੇਜੇ ਵਿਚ ਖੁਭੇ। ਉਹ ਮੱਛੀ ਵਾਂਗ ਤੜਫ ਉਠੀ। ਉਸ ਦਾ ਸਰੀਰ ਕੰਬਿਆ ਤੇ ਉਸ ਨੇ ਆਪਣਾ ਹਥ ਉਪਰ ਕਰਕੇ ਵਰਿਆਮ ਸਿੰਘ ਦੇ ਮੂੰਹ ਅਗੇ ਰਖ ਦਿਤਾ। ਮੂੰਹ ਨੂੰ ਬੰਦ ਕਰ ਦਿਤਾ। ਨਾਲ ਹੀ ਵਿਆਕੁਲਤਾ ਨਾਲ ਬੋਲੀ:

'ਐਸੇ ਚੰਦਰੇ ਕੁਬੋਲ ਨਾ ਮੂੰਹੋਂ ਕਢ। ਕੋਈ ਬੰਲਾ ਕਿਹੋ ਜੇਹਾ ਹੁੰਦਾ ਆ।'

ਝੇੜੇ ਹੁੰਦੇ ਰਹੇ, ਦੋਂਹ ਦਿਲਾਂ ਦੇ ਝੇੜੇ। ਜਿਨ੍ਹਾਂ ਦਾ ਜੀਵਨ ਰਾਹ ਅਡਰਾ ਅਡਰਾ ਸੀ। ਸੂਰਜ ਉਹਨਾਂ ਨੂੰ ਵੇਖਦਾ ਹੋਇਆ ਆਪਣੀਆਂ ਸੁਨਹਿਰੀ ਕਿਰਨਾਂ ਸੁਟਦਾ ਹੋਇਆ ਹੇਠਾਂ ਨੂੰ ਜਾ ਰਿਹਾ ਸੀ। ਗਰਮੀ ਘਟ ਰਹੀ ਸੀ। ਪਰ ਉਹ ਬੈਠੇ ਸਨ। ਸੰਤੋ ਦੇ ਅਥਰੂ ਸੁਕਾਇਆਂ ਨਹੀਂ ਸਨ ਸੁਕਦੇ।

*　　*　　*

'ਤੂੰ ਮੁਰੱਬੇ ਐਨਾ ਚਿਰ ਕੀ ਕਰਦੀ ਰਹੀ?'

ਡੂੰਘੀਆਂ ਤਰਕਾਲਾਂ ਪੈਣ ਤੇ ਸੰਤੋ ਘਰ ਪਹੁੰਚੀ ਤਾਂ ਬੂਟਾ ਸਿੰਘ ਨੇ ਪਹਿਲਾ ਸਵਾਲ ਕੀਤਾ। ਉਹ ਉਡੀਕਦਾ ਸੀ। ਉਸ ਦੇ ਬੱਚਿਆਂ



Sri Satguru Jagjit Singh Ji eLibrary　　NamdhariElibrary@gmail.com

ਦਸਿਆ ਸੀ ਮਰੱਬੇ ਗਈ ਸੀ, ਰੋਟੀ ਲੈ ਕੇ।

'ਸਗੋਂ ਬਰਿਆਮ ਸਿੰਘ ਤਾਂ ਨਹੀਂ ਆਇਆ ?'

ਬੂਟਾ ਸਿੰਘ ਨੇ ਫਿਰ ਪੁਛਿਆ।

'ਅਜੇ ਆਇਆ ਐ।'

ਸੰਤੋ ਨੇ ਉਤਰ ਦਿਤਾ ਤੇ ਨਾਲ ਹੀ ਉਸ ਨੇ ਅੱਥਰੂਆਂ ਵਿਚ ਡੁਬਕੀਆਂ ਲੈਂਦੇ ਨੈਣਾਂ ਨਾਲ ਅਪਣੇ ਪਤੀ ਵਲ ਵੇਖਿਆ। ਉਸ ਦੇ ਚਿਹਰੇ ਦੀ ਭਾਖਿਆ ਲਈ। ਉਸ ਦੇ ਨੈਣਾਂ ਵਿਚ ਵਰਿਆਮ ਸਿੰਘ ਦਾ ਚਿਤਰ ਸੀ। ਉਹ ਡਰਕੇ ਹੀ ਘਰ ਗਈ ਸੀ, ਨਹੀਂ ਤੇ ਉਹਦਾ ਦਿਲੀ ਤਾਂ ਐਨਾ ਓਦਰਿਆ ਸੀ ਕਿ ਮੁਰੱਬੇ ਵਿਚੋਂ ਆਉਣ ਨੂੰ ਹੀ ਦਿਲ ਨਹੀਂ ਸੀ ਕਰਦਾ। ਉਹਦੇ ਕਲਜੇ ਨੂੰ ਡੋਬ ਪੈਂਦੇ ਸਨ। ਹਰ ਮਨੁਖ ਉਸ ਨੂੰ ਪੁਲਸੀਆਂ ਅਨੁਭਵ ਹੁੰਦਾ ਸੀ।

'ਉਹਦੇ ਗੋਡੇ ਲਾਗੇ ਬੈਠੀ ਰਹੀ, ਇਹੋ ਨਾ ?'

'ਧੜ ਸੁੰਦਾ ਸੀ, ਭਰਆ ਮੁੰਡੀਆਂ ਸਨ-ਉਨ੍ਹਾਂ ਕੋਲ ਨਾ ਬੈਠ ਰਹੀ। ਕਦੀ ਤਾਂ ਕੋਈ ਗਲ ਸੋਚ ਕੇ ਕਰਿਆ ਕਰ।'

ਇਉਂ ਉਤਰ ਦਿੰਦੀ ਹੋਈ ਸੰਤੋ ਅੰਦਰ ਚਲੀ ਗਈ। ਭਾਂਡੇ ਰਖੇ, ਉਪਰਲੀ ਚਾਦਰ ਨੂੰ ਟੰਗਣੇ ਉਤੇ ਸੁਟਿਆ ਤੇ ਸਿਰ ਉਤ ਪਟਕਾ ਜੇਹਾ ਰਖ ਕੇ ਮੁੜ ਚੌਂਤਰੇ ਵਿਚ ਆ ਗਈ। ਲਾਲਟੈਨ ਦੇ ਚਾਨਣ ਵਿਚ ਸੰਤੋ ਦੀ ਲੜਕੀ ਰੋਟੀਆਂ ਪਕਾ ਰਹੀ ਸੀ।

'ਉਠ ਪੁੰਨੋ, ਮੈਂ ਪਕਾਉਂਦੀ ਆਂ-'ਆਖ ਕੇ ਕੁੜੀ ਨੂੰ ਚੌਂਤਰੇ ਵਿਚੋਂ ਉਠਾ ਦਿਤਾ ਤੇ ਆਪ ਰੋਟੀਆਂ ਪਕਾਉਣ ਲੱਗਾ ਪਈ।

'ਆਪਣੇ ਬਾਪੂ ਨੂੰ ਰੋਟੀ ਖੁਆ।' ਉਸ ਨੇ ਲੜਕੀ ਨੂੰ ਕਿਹਾ।

ਸੰਤੋ ਦਾ ਬਾਰਾਂ ਕੁ ਸਾਲ ਦੀ ਹੁੰਦੜ ਹੇਲ ਲੜਕੀ ਨੇ ਬੂਟਾ ਸਿੰਘ ਨੂੰ ਰੋਟੀ ਖੁਆਈ। ਉਸ ਨੇ ਰੋਟੀ ਬੜੀ ਕਾਹਲੀ ਖਾਧੀ ਤੇ ਉਠ ਕੇ ਬਾਹਰ ਨੂੰ ਤੁਰਿਆ।

'ਮੁਰੱਬੇ ਨੂੰ ਚਲੇ ਓ।' ਸੰਤੋ ਚੁਪ ਨਾ ਰਹਿ ਸਕੀ, ਜਿਵੇਂ ਬੂਟਾ ਸਿੰਘ ਦੇ ਕਿਸੇ ਬੋਲ ਦਾ ਵੀ ਗੁਸਾ ਨਹੀਂ ਸੀ ਕੀਤਾ।



Sri Satguru Jagjit Singh Ji eLibrary NamdhariElibrary@gmail.com

'ਆਹੋ !'

'ਉਹਦੀ ਬੀ ਰੋਟੀ ਲਈ ਜਾ।'

'ਭੇਜਾਂਗਾ ਉਹਨੂੰ ਘਰ ਆਪੇ ਖਾ ਜਾਏਗਾ।'

ਇਹ ਆਖ ਕੇ ਬੜੀ ਲਾ-ਪਰਵਾਹੀ ਦਿਖਾਉਂਦਾ ਹੋਇਆ ਬੂਟਾ ਸਿੰਘ ਹਾਤੇ ਵਿਚੋਂ ਬਾਹਰ ਨਿਕਲ ਗਿਆ। ਸੰਤੋ ਦਾ ਮਥਾ ਠਣਕਿਆ, ਉਸ ਦੇ ਕਲੇਜੇ ਨੂੰ ਧੱਕਾ ਜਿਹਾ ਵੱਜਾ। 'ਇਹਦੇ ਲਛਣ-ਬਦਲੇ ਹੋਏ ਜਾਪਦੇ ਆ।' ਉਸ ਨੇ ਮਨ ਹੀ ਮਨ ਵਿਚ ਕਿਹਾ।

ਅਧੇ ਕੁ ਘੰਟੇ ਪਿਛੋਂ ਫਿਰ ਬੂਟਾ ਸਿੰਘ ਮੁੜ ਘਰ ਨੂੰ ਆ ਗਿਆ ਸੰਤੋ ਅਜੇ ਚੌਂਤਰੇ ਵਿਚ ਹੀ ਬੈਠੀ ਸੀ। ਜੱਤਾ ਕਰਨ ਲਈ ਦੁਧ ਦਾ ਕੜਨਾ ਦੁਲ੍ਹੇ ਉਤੇ ਰੱਖਿਆ ਹੋਇਆ ਸੀ, ਉਸ ਦੀ ਰਾਖੀ ਬੈਠੀ ਸੀ।

'ਲਿਆ ਬਰਿਆਮੇ ਦੀ ਰੋਟੀ ਲੈ ਈ ਜਾਂ। ਰਾਤ ਨੂੰ ਰਤਾ ਸੋਝੀ ਨਾਲ ਪਈਂ—ਕੋਈ ਬੂਹਾ ਖੜਕਾਏ ਤਾਂ ਖੋਲ੍ਹੀਂ ਨਾ।'

'ਕਿਉਂ ਕੀ ਗੱਲ ਆ!' ਸੰਤੋ ਨੇ ਪੁਛਿਆ

'ਐਵੇਂ ਸ਼ੱਕ ਜਿਹਾ ਆ। ਕਿਸੇ ਨੇ ਮੂੰਹ ਮਾਰਿਆ। ਬਰਿਆਮੇ ਬਾਬੜ, ਲੰਬਰਦਾਰ ਮਿਲਿਆ ਸੀ, ਉਹ ਗਲ ਕਰਦਾ ਸੀ ਬਿੰਗੀ ਟੇਡੀ। ਕਿਤੇ ਪੁਲਸ ਨਾ ਆਏ। ਉਹਨੂੰ ਮੈਂ ਜਾ ਕੇ ਉਰੇ-ਪਰੇ ਕਰ ਦਿਆਂਗਾ।'

ਸੰਤੋ ਰੋਟੀ ਪੋਣੇ ਵਿਚ ਬੰਨ੍ਹੀ ਗਈ ਤੇ ਬੂਟਾ ਸਿੰਘ ਗਲ ਕਰੀ ਗਿਆ। ਸਾਰੀ ਗਲ ਸੁਣ ਕੇ ਉਹ ਸਹਿਮ ਗਈ। ਉਸ ਦਾ ਤਾਂ ਮਨ ਪਹਿਲਾਂ ਹੀ ਸ਼ੱਕੀ ਅਤੇ ਡਰਿਆ ਹੋਇਆ ਸੀ।

ਬੂਟਾ ਸਿੰਘ ਚਲਿਆ ਗਿਆ। ਰਾਤ ਹਨੇਰੀ ਸੀ, ਘੁੱਪ ਹਨੇਰੀ। ਸੰਤੋ ਨੇ ਚੌਂਕਾ ਸਾਂਭਿਆ। ਬੂਹਾ ਮਾਰਿਆ ਤੇ ਕੋਠੇ ਉਤੇ ਚੜ੍ਹ ਗਈ। ਅਗੇ ਉਹ ਹੇਠਾਂ ਵਿਹੜੇ ਵਿਚ ਸੌਂ ਇਆਂ ਕਰਦੀ ਸੀ। ਨਾਲ ਘਰ ਸਨ, ਗਰਮੀ ਦੇ ਦਿਨ। ਡਰ ਵਾਲੀ ਕੋਈ ਗੱਲ ਨਹੀਂ ਸੀ। ਹਵੇਲੀ ਦਾ ਅਗਲਾ ਬੂਹਾ ਚੰਗਾ ਮਜ਼ਬੂਤ ਸੀ।

ਕੋਠੇ ਉਤੇ ਸੁਤੀ ਕਿ ਜੇਕਰ ਬਾਹਰ ਕੋਈ ਰੌਲਾ ਗੋਲਾ ਹੋਇਆ



Sri Satguru Jagjit Singh Ji eLibrary NamdhariElibrary@gmail.com

ਤਾਂ ਉਸ ਨੂੰ ਸੁਣਿਆ ਜਾਏਗਾ। ਜੇ ਪੁਲਸ ਵਾਲੇ ਆਏ ਤਾਂ ਵੀ ਉਹ ਗਵਾਂਢੀਆਂ ਨੂੰ ਜਗਾ ਲਵੇਗੀ ਕਿਉਂਕਿ ਉਸ ਸਮੇਂ ਦੇ ਪੁਲਸ ਵਾਲਿਆਂ ਤੇ ਭਰੋਸਾ ਕਰਨਾ ਠੀਕ ਨਹੀਂ ਸੀ ਹੁੰਦਾ। ਉਹ ਇਸਤਰੀ ਜਾਤ ਨਾਲ ਧੱਕਾ ਕਰਦੇ ਸਨ।

ਰਾਤ ਕਾਲੀ ਹੋ ਗਈ। ਉਸ ਤੋਂ ਵੀ ਬਹੁਤਾ ਕਾਲਾ ਦਿਲ ਹੋ ਗਿਆ ਬੂਟਾ ਸਿੰਘ ਦਾ, ਜਿਹੜਾ ਆਪਣੇ ਸਾਕ-ਭਰਾ ਨੂੰ ਧੋਖੇ ਨਾਲ ਫੜਾਉਣ ਨੂੰ ਤਿਆਰ ਹੋ ਗਿਆ ਸੀ। ਉਸ ਨੇ ਰਲਾ ਸਿੰਘ ਨੂੰ ਆਖ ਦਿਤਾ 'ਵਰਿਆਮ ਸਿੰਘ ਮੁਟੱਬੇ ਆ ਗਿਆ ਐ, ਤੂੰ ਪੁਲਸ ਨੂੰ ਨੂੰ ਆ।'

ਰਲਾ ਸਿੰਘ ਨੇ ਉਤਰ ਦਿਤਾ ਸੀ, 'ਉਹ ਚਲਾਕ ਫੌਜੀ ਆ ਖਿਸਕ ਨਾ ਜਾਏ, ਹੁਸ਼ਿਆਰੀ ਨਾਲ ਰਹਿਣਾ ਤੇ ਸ਼ਕ ਵੀ ਨਾ ਪੈਣ ਦੇਣਾ। ਮੈਂ ਹੁਣੇ ਜਾਂਦਾ ਆਂ, ਦਿਨ ਚੜ੍ਹਨ ਤੋਂ ਪਹਿਲਾਂ ਪਹਿਲਾਂ ਮੁੜ ਆਮਾਂਗਾ। ਮਿਲਾਂਗਾ ਬੜੇ ਸਾਹਬ ਨੂੰ। ਫਿਕਰ ਨਾ ਕਰੀਂ, ਤੇਰਾ ਇਨਾਮ ਖਰਾ।'

ਇਹ ਆਖ ਕੇ, ਉਸ ਹਨੇਰੀ ਰਾਤ ਵਿਚ, ਘੋੜੀ ਤੇ ਚੜ੍ਹ ਕੇ ਰਲਾ ਸਿੰਘ ਤਾਂ ਥਾਣੇ ਨੂੰ ਤੁਰ ਗਿਆ ਤੇ ਬੂਟਾ ਸਿੰਘ ਮੁਟੱਬੇ ਨੂੰ।

* * *

ਵਰਿਆਮ ਸਿੰਘ ਇਕਲਾ ਕੁਰੀਆਂ ਕੋਲ ਟਹਿਲ ਰਿਹਾ ਸੀ ਕਿ ਬੂਟਾ ਸਿੰਘ ਮੁਠੱਬੇ ਦੇ ਪਿੜ ਵਿਚ ਪੁਜਿਆ। ਉਸ ਨੇ ਆਵਾਜ਼ ਦਿਤੀ ਵਰਿਆਮ ਸਿੰਹਾਂ!

ਆ ਭਾਊ!' ਅਗੋਂ ਉਤਰ ਮਿਲਿਆ

ਵਰਿਆਮ ਸਿੰਘ ਨੇ ਹਨੇਰੇ ਵਿਚ ਹੀ ਧਿਆਨ ਨਾਲ ਵੇਖਿਆ, ਪੈਰਾਂ ਦੀ ਵੈੜ ਲਈ ਤਾਂ ਜਾਣਿਆ ਕਿ ਬੂਟਾ ਸਿੰਘ ਇਕੱਲਾ ਹੀ ਸੀ। ਉਹ ਨਝੱਕ ਅਗੇ ਵਧਿਆ। ਦੋਵੇਂ ਮੰਜੀ ਤੇ ਬੈਠ ਗਏ। ਕਰ!'


Sri Satguru Jagjit Singh Ji eLibrary NamdhariElibrary@gmail.com

'ਮੈ ਤੇਰੇ ਲਈ ਪਹਿਲੇ ਤੋੜ ਦੀ ਬੋਤਲ ਲਿਆਂਦੀ ਆ ਪੀਣ ਲਈ।' ਬੂਟਾ ਸਿੰਘ ਨੇ ਕਿਹਾ।

'ਪਰ ਭਾਊ ਮੈਂ ਤਾਂ ਪੀਂਦ ਨਹੀਂ ਹੁਣ। ਏਈ ਸਵਾ ਸਾਲ ਹੋਣ ਲਗਾ ਏ ਪੀਣੀ ਛਡੀ ਨੂੰ' ਵਰਿਆਮ ਸਿੰਘ ਨੇ ਉਤਰ ਦਿਤਾ।

'ਕਿਉਂ ?'

ਮੈਂ ਜਿਸ ਜਥੇ ਵਿਚ ਸ਼ਾਮਲ ਆਂ, ਉਹ ਦੇਸ ਦੇ ਭਲੇ ਦੇ ਕੰਮ ਵਿਚ ਰੁਝੇ ਨੇ, ਉਹ ਦਾਰੂ ਨਹੀਂ ਪੀਂਦੇ, ਚੋਰੀ-ਯਾਰੀ ਨਹੀਂ ਕਰਦੇ ਨਾਲੇ ਦਾਰੂ ਪੀਣਾ ਹੈ ਵੀ ਤਾਂ ਮਾੜਾ ਈ ਨਾ।

ਬੂਟਾ ਸਿੰਘ ਨੇ ਉਦਾਸੀ ਦੇ ਲਹਿਜੇ ਵਿਚ ਸੁਣਿਆ। ਉਹ ਤਾਂ ਰਲਾ ਸਿੰਘ ਨਾਲ ਸਲਾਹ ਕਰਕੇ ਆਇਆ ਸੀ ਕਿ ਵਰਿਆਮ ਸਿੰਘ ਨੂੰ ਸ਼ਰਾਬ ਪਲਾ ਕੇ ਬੇ ਸੁਰਤ ਕਰ ਛੱਡਣਾ ਸੀ।

'ਚਲ ਪੀ ਲੈ ਘੁਟ, ਸੌਂਹ ਕਿਤੇ ਗੁਰਦਵਾਰੇ ਥੋੜੀ ਖਾਧੀ ਆ।'

ਬੂਟਾ ਸਿੰਘ ਨੇ ਬੜਾ ਜ਼ੋਰ ਲਾਇਆ ਸ਼ਰਾਬ ਪੀਣ ਵਾਸਤੇ ਪਰ ਵਰਿਆਮ ਸਿੰਘ ਨੇ ਨਾ ਪੀਤੀ। ਰੋਟੀ ਖਾਧੀ ਤੇ ਮੰਜੇ ਤੇ ਲਟ ਗਿਆ। ਦੋਵੇਂ ਨਾ ਸੁਤੇ।

ਬੂਟਾ ਸਿੰਘ ਪੁਲਸ ਦੇ ਆਉਣ ਦੀ ਉਡੀਕ ਵਿਚ ਜਾਗਦਾ ਰਿਹਾ। ਸਾਰੀ ਰਾਤ ਮਿਲਣ ਵਾਲੇ ਇਨਾਮ ਦੀ ਗਿਣਤੀ ਮਿਣਤੀ ਕਰਦਾ ਰਿਹਾ।

ਵਰਿਆਮ ਸਿੰਘ ਸਿਰਫ਼ ਆਪਣੇ ਬਚਾਅ ਵਾਸਤੇ ਜਾਗਦਾ ਪਿਆ ਸੀ।

ਰਾਤ ਮੁਕਣ ਤੇ ਆਂ ਗਈ। ਕੁਕੜਾਂ ਨੇ ਬਾਂਗਾ ਦਿਤੀਆਂ ਤੇ ਬੂਟਾ ਸਿੰਘ ਨੂੰ ਹੁੰਗਲਾ ਆਇਆ, ਫਿਰ ਉਠਿਆ। ਸੁਪਨੇ ਵਾਂਗ ਇਉਂ ਪ੍ਰਤੀਤ ਹੋਇਆ ਜਿਵੇਂ ਘੋੜ ਸਵਾਰ ਆ ਰਹੇ ਸੀ। ਘੋੜਿਆਂ ਦੇ ਸੁੰਬਾਂ ਦੀ ਟਿਪ ਟਿਪ ਸੁਣਾਈ ਦਿਤੀ ਸੀ। ਉਸ ਨੇ ਉਠ ਕੇ ਦੇਖਿਆ ਤਾਂ ਕੁਝ ਨਹੀਂ ਸੀ ਐਵੇਂ ਮਨ ਦਾ ਭਖਲਾ ਸੀ।

'ਹਥਿਆਰ ਭਰੀਆਂ ਵਿਚ ਲੁਕਾ ਦੇਹ, ਕਿਸੇ ਨੂੰ ਸ਼ਕ ਨਾ ਪਵੇ



Sri Satguru Jagjit Singh Ji eLibrary NamdhariElibrary@gmail.com

ਤੇ ਮੇਰੇ ਨਾਲ ਘਰ ਚਲ।'

'ਕਿਉਂ ?'

'ਤੇਰੀ ਭਰਜਾਈ ਆਖਦੀ ਸੀ, ਉਸ ਨੂੰ ਸਬੱਖਤੇ ਘਰ ਲੈ ਆਉਣਾ।

'ਮੇਰਾ ਬਿਚਾਰ ਆ, ਮੈਂ ਹੁਣ ਅਗੇ ਚਲਿਆ ਜਾਂ, ਬਹੁਤੇ ਦਿਨ ਏਥੇ ਰਹਿਣਾ ਠੀਕ ਨਹੀਂ, ਐਵੇਂ ਕਿਸੇ ਨੂੰ ਸ਼ਕ ਹੋ ਗਿਆ ਤਾਂ।'

'ਕੋਈ ਸ਼ਕ ਨਹੀਂ ਪੈਂਦਾ। ਰਹੋ, ਭਾਂਮੇਂ ਛੇ ਮਹੀਨੇ ਰਹੋ। ਕਿਸੇ ਦਾ ਕੀ ਮਜਾਲ, ਕੋਈ ਉਂਗਲ ਵੀ ਕਰੇ।'

ਸੂਰਜ ਛਤੂਨ ਤੋਂ ਪਹਿਲਾਂ ਇਉਂ ਦੋਹਾਂ ਵਿਚਾਲੇ ਗੱਲਾਂ ਹੋਇਆਂ ਤੇ ਵਰਿਆਮ ਸਿੰਘ ਉਸ ਦੀਆਂ ਗਲਾਂ ਵਿਚ ਆ ਗਿਆ ਤੇ ਉਸ ਨੇ ਹਥਿਆਰ ਪਕੀ ਬੰਦੂਕ ਆਦਿ ਭਰੀਆਂ ਵਿਚ ਲਕਾ ਦਿਤੇ ਤੇ ਪਿੰਡ ਨੂੰ ਤੁਰ ਗਿਆ। ਤੁਰੇ ਜਾਂਦਿਆਂ ਮਨ ਵਿਚ ਕਈ ਖ਼ਿਆਲ ਆਏ, ਪਰ ਹੌਂਸਲੇ ਦੇ ਭਾਰ ਹੇਠਾਂ ਦਬ ਜਾਂਦੇ ਰਹੇ।

ਮੰਤੋ ਜਾਖਦੀ ਰਹੀ ਸੀ। ਜਦੋਂ ਵਰਿਆਮ ਸਿੰਘ ਦੇਖਿਆ ਤਾਂ ਖੁਸ਼ ਹੋ ਗਈ। ਉਠੀ। ਦਹੀਂ ਕਾਹੜਨੇ ਵਿਚੋਂ ਕੱਢ ਕੇ ਲੱਸੀ ਬਣਾਈ। ਬਿਨਾਂ ਮੱਖਣ ਕਢੇ ਤੇ ਛੰਨਾ ਭਰਕੇ ਪਿਲਾਈ ਤੇ ਬੋਲੀ, 'ਰੋਟੀ ਪਕਾ ਦਿਆਂ ?'

'ਨਹੀਂ ਭਾਬੀ, ਰੋਟੀ ਦੀ ਲੋੜ ਨਹੀਂ। ਮੈਂ ਹੁਣ ਭੱਬੋ ਜਾਂਦਾ ਆਂ, ਮੇਰਾ ਦਿਲ ਕਾਹਲਾ ਪੈ ਰਿਹਾ ਏ। ਮੈਂ ਹਥਿਆਰ ਛੱਡ ਆਇਆ, ਦਿਲ ਘਿਰਨ ਲਗ ਪਿਆ ਹੈ।' ਵਰਿਆਮ ਸਿੰਘ ਨੇ ਉਤਰ ਦਿਤਾ।

ਉਸ ਵੇਲੇ ਬੂਟਾ ਸਿੰਘ ਵੀ ਬਾਹਰ ਆ ਪਹੁੰਚਾ। ਸ਼ਾਇਦ ਉਹ ਰਲਾ ਸਿੰਘ ਦਾ ਰਾਹ ਵੇਖਦਾ ਸੀ।

'ਤੇ ਤੂੰ ਹਥਿਆਰ ਕਿਉਂ ਰਖਣੇ ਸੀ, ਨਾਲ ਹੀ ਲਈ ਆਉਨੋਂ' ਮੰਤੋ ਨੇ ਕਿਹਾ।

'ਭਰਾ ਨੇ ਆਖਿਆ।'

'ਮੈਂ ਆਖਦੀ ਆਂ ਇਸ ਦੀਆਂ ਗਲਾਂ ਵਿਚ ਨਾ ਹੁਣ ਆਇਆ



Sri Satguru Jagjit Singh Ji eLibrary NamdhariElibrary@gmail.com

ਕਰ !'

'ਕਿਉਂ ?'

'ਬਸ ਮੈਂ ਆਖਦੀ ਉ, ਸਚ ਆਖਦੀ ਉ । ਨਸ ਜਾਹ ਮੁਰੱਬੇ, ਮੇਰੇ ਵੀ ਕਲੇਜੇ ਨੂੰ ਘਰ ਪਈ ਜਾਂਦੀ ਉ। ਕੀ ਪਤਾ...ਇਹ (ਬੂਟਾ ਸਿੰਘ) ਕਿਧਰ ਗਿਆ ਐ । ਹਥਿਆਰ ਰਖਾ ਆਇਆ । ਘਰ ਨੂੰ ਕਿਉਂ ਲਿਆਇਆ–ਕੀ ਪਤਾ...ਘਰ ਵਿਚ ਘੇਰ ਕੇ !'

ਸੰਤੋ ਦੇ ਮੋਟੇ ਨੈਣਾਂ ਵਿਚ ਹਮਦਰਦੀ ਦੇ ਅੱਥਰੂ ਆ ਗਏ। ਉਹ ਪਵਿਤ੍ਰ ਅੱਥਰੂ, ਜਿਹੜੇ ਕਿਸੇ ਇਸਤ੍ਰੀ ਦੇ ਨੈਣਾਂ ਵਿਚ ਕਦੀ ਕਦਾਈਂ ਕਿਸੇ ਚੰਗੇ ਸਮੇਂ ਆਉਂਦੇ ਹਨ । ਉਸਨੇ ਮਲੋ-ਮੱਲੀ ਵਰਿਆਮ ਸਿੰਘ ਨੂੰ ਧਕਿਆ । ਹੋਣੀ ਨੇ ਉਸ ਦੇ ਸ਼ੀਸ਼ਾ-ਨਾਰੀ-ਦਿਲ ਨੂੰ ਪਹਿਲਾਂ ਹੀ ਟਕੋਰ ਲਾਈ ।

ਉਸ ਵੇਲੇ ਸੂਰਜ ਚੜ੍ਹ ਰਿਹਾ ਸੀ। ੨੧ ਮਈ ੧੯੨੪ ਦਾ ਸੂਰਜ ਨਿਰਾ ਅਗ ਦਾ ਲਾਲ ਗੋਲਾ ਸੀ, ਜਿਸ ਦੀਆਂ ਪ੍ਰਮਾਣੂ ਕਿਰਨਾ ਕਾਰ ਦੀ ਧਰਤੀ ਨੂੰ ਭਠਿਆਰਨ ਦੀ ਰੇਤ ਵਾਂਗ ਤੱਤਿਆ ਕਰਨ ਦੀ ਸਮ੍ਰਥਾ ਰਖਦੀਆਂ ਸਨ। ਬੂਟਾ ਸਿੰਘ ਨੂੰ ਮਿਲੇ ਬਿਨਾਂ ਹੀ–ਸੰਤੋ ਦੇ ਆਖੇ ਲਗ ਲਗ ਕੇ–ਵਰਿਆਮ ਸਿੰਘ ਮੁਰੱਬੇ ਨੂੰ ਵਾਪਸ ਮੁੜ ਪਿਆ । ਉਸ ਦੇ ਪੈਰਾਂ ਵਿਚ ਕਾਹਲ ਸੀ। ਸਰੀਰ ਵਿਚ ਕ੍ਰੋਧ ਤੇ ਜੋਸ਼ ਆਉਂਦਾ ਜਾਂਦਾ ਸੀ, ਅਖਾਂ ਲਾਲ ਹੁੰਦੀਆਂ ਜਾਂਦੀਆਂ ਸਨ । ਉਸ ਦਾ ਵੀ ਮਨ ਮੰਨ ਗਿਆ ਸੀ ਕਿ ਜ਼ਰੂਰ ਕੁਝ ਹੋਣ ਵਾਲਾ ਹੈ, ਪਰ ਉਹ ਸੋਚਦਾ ਸੀ, 'ਕ ਆਪਣੇ ਵੀ ਬਿਗਾਨੇ ਹੋ ਸਕਦੇ ਹਨ ?'

ਮੁਰੱਬੇ ਪੁਜਦਿਆਂ ਪੁਜਦਿਆਂ ਵਰਿਆਮ ਸਿੰਘ ਦਾ ਚਿਹਰਾ ਲਾਲ ਹੋ ਗਿਆ। ਗੁਸੇ ਨਾਲ ਉਸ ਦੇ ਨੇਤਰਾਂ ਵਿਚੋਂ ਅਗ ਦੇ ਚੰਗਿ-ਆੜੇ ਨਿਕਲਣ ਲਗੇ, ਜੋਸ਼ ਤੇ ਕ੍ਰੋਧ ਨਾਲ ਸਰੀਰ ਕੰਬਣ ਲਗਾ। ਸੰਤੋ ਸੱਚੀ ਸੀ। ਉਸ ਨੇ ਵੇਖਿਆ–ਇਕ ਪੁਲਸ ਦਾ ਦਸਤਾ ਸਰਪ੍ਰਰ ਮੁਰੱਬੇ ਵਲ ਵਧਿਆ ਆਉਂਦਾ ਸੀ । ਆਉਂਦਾ ਵੀ ਸੀ ਖਿਲਰ ਕੇ ਘੇਰ



Sri Satguru Jagjit Singh Ji eLibrary NamdhariElibrary@gmail.com

ਪਾਉਣ ਵਾਸਤੇ, ਆਦਮੀ ਕੋਈ ਹੋਣਗੇ-ਪੰਦਰਾਂ ਵੀਹ। ਸਾਰਿਆਂ ਕੋਲ ਹਥਿਆਰ ਸਨ। ਦੁਸ਼ਮਨਾਂ ਨੂੰ ਦੇਖ ਕੇ ਵਰਿਆਮ ਸਿੰਘ ਨੂੰ ਚਾਅ ਜੇਹ ਚੜ੍ਹ ਗਿਆ। ਉਸ ਦੀ ਸਗੋਂ ਘਬਰਾਹਟ ਮੱਠੀ ਹੋ ਗਈ। ਹਰਨ ਵਾਂਗ ਚੁੰਗੀ ਮਾਰ ਕੇ ਉਸ ਨੇ ਭਰੀਆਂ ਵਿਚੋਂ ਆਪਣੀ ਬੰਦੂਕ ਫੜੀ। ਗੋਲੀਆਂ ਦਾ ਬੰਡਲ ਚੁਕਿਆ ਤੇ ਮੈਗਜ਼ੀਨ ਭਰਿਆ।

ਵਰਿਆਮ ਸਿੰਘ ਫੌਜੀ ਸੀ। ਉਸ ਨੂੰ ਲੜਨ ਤੇ ਬਚਾਅ ਕਰਨ ਦੇ ਅਨੇਕਾਂ ਪੈਂਤੜੇ ਆਉਂਦੇ ਸਨ। ਉਸਨੇ ਭਰੀਆਂ ਨਾਲ ਢੋ ਲਾਈ ਤੇ ਬੰਦੂਕ ਸਿਧੀ ਕਰਕੇ ਹੇਠ ਉਤੇ ਦੋ ਗੋਲੀਆਂ ਚਲਾ ਕੇ ਆਉਂਦਿਆਂ ਪੁਲਸੀਆਂ ਦਾ ਸਵਾਗਤ ਕੀਤਾ।

ਥਾਣੇਦਾਰ ਗਹਿਣਾਂ ਸਿੰਘ ਪੁਲਸ ਦੀ ਧਾੜ ਲੈ ਕੇ ਆਇਆ ਸੀ। ਪਹਿਲਾਂ ਤਾਂ ਉਸ ਨੇ ਜਾਣ ਬੁਝ ਕੇ ਰਾਤ ਲੰਘਾਈ ਤੇ ਦਿਨ ਚੜ੍ਹਾ-ਇਆ ਕਿ ਰਾਤ ਦੇ ਹਨੇਰੇ ਵਿਚ ਕਿਤੇ ਆਪਣਾ ਹੀ ਕੰਘਾ ਨਾ ਕਰਾ ਬੈਠੇ। ਸੂਰਬੀਰ, ਤਿਆਗੀ, ਸਚੇ ਦੇਸ਼ ਭਗਤਾਂ ਦਾ ਮੁਕਾਬਲਾ ਭਲਾ ਉਹ ਕੀ ਕਰ ਸਕਦੇ ਸਨ, ਜਿਹੜੇ ਸਿਰਫ ਵੀਹ ਰੁਪਏ ਤਨਖਾਹ ਲੈਣ ਵਾਸਤੇ ਪੁਲਸ ਵਿਚ ਭਰਤੀ ਹੋਏ ਸਨ। ਜੀਵਨ ਮਰਨ ਦੀ ਖੇਡ ਖੇਡਣੀ ਕੋਈ ਸੌਖੀ ਨਹੀਂ ਹੁੰਦੀ। ਜਿਉਂ ਹੀ ਵਰਿਆਮ ਸਿੰਘ ਨੇ ਗੋਲੀਆਂ ਚਲਾਈਆਂ, ਤਿਉਂ ਹੀ ਉਹ ਸਾਰੇ ਖਾਲ ਵਿਚ ਬੈਠ ਗਏ। ਬਿਲੀ ਵਾਂਗ ਦੜ ਵਟ ਗਏ। ਉਹਨਾਂ ਨੇ ਇਹ ਤਾਂ ਸੁਣਿਆ ਹੋਇਆ ਸੀ ਕਿ ਵਰਿਆਮ ਸਿੰਘ ਸੜਦੇ ਮਕਾਨ ਤੇ ਵਰ੍ਹਦੀਆਂ ਗੋਲੀਆਂ ਵਿਚੋਂ ਨਿਕਲ ਆਇਆ ਸੀ ਤੇ ਉਹ ਮੌਤ ਦੀ ਪਰਵਾਹ ਨਹੀਂ ਕਰਦਾ ਸੀ।

ਵਰਿਆਮ ਸਿੰਘ ਦਾ ਪਹਿਲਾਂ ਤਾਂ ਦਿਲ ਕੀਤਾ ਕਿ ਨਸਣ ਤੋਂ ਪਹਿਲਾਂ ਇਕ ਬੰਬ ਦਾ ਗੋਲਾ ਸੁਟ ਕੇ ਬੂਟਾ ਸਿੰਘ ਦੇ ਖਲ-ਵਾੜੇ ਨੂੰ ਅੱਗ ਲਾ ਦੇਵੇ ਤੇ ਸਾਰੀਆਂ ਭਰੀਆਂ ਆਪੇ ਸੜ ਕੇ ਸਵਾਹ ਹੋ ਜਾਣ। ਫਿਰ ਸੰਤੋ ਦਾ ਖਿਆਲ ਆਇਆ ਤਾਂ ਉਸ ਨੇ ਭਰੀਆਂ ਸਾੜਨ ਦੀ ਸਲਾਹ ਹਟਾ ਦਿਤੀ। ਉਹ ਅਗੇ ਵਧਿਆ



Sri Satguru Jagjit Singh Ji eLibrary NamdhariElibrary@gmail.com

ਇਕ ਪਾਸੇ ਨੂੰ, ਤੇ ਮੂੰਹ ਰਖਿਆਂ ਪੁਲਸੀਆਂ ਵਲ ਜੇ ਕੋਈ ਰਤਾ ਕੁ ਸਿਰ ਚੁਕਣ ਲਗੇ ਤਾਂ ਕਾੜ ਕਰਕੇ ਇਕ ਗੋਲੀ ਛਡੇ। ਇਕ ਗੋਲੀ ਇਕ ਪੁਲੀਸਏ ਦੇ ਮਥੇ ਵਿਚ ਤਾਂ ਉਹ 'ਬੋਲੋ ਰਾਮ ਹੀ ਰਾਮ' ਹੋ ਗਿਆ। ਉਸ ਇਕ ਦੇ 'ਰਾਮ ਬੋਲਣ' ਨਾਲ ਬਾਕੀ ਸਿਪਾਹੀਆਂ ਦੇ ਹੋਸ਼ ਹਵਾਸ ਗੁੰਮ ਹੋ ਗਏ। ਉਨ੍ਹਾਂ ਨੇ ਕਬੂਤਰਾਂ ਵਾਂਗ ਅੱਖਾਂ ਮੀਟ ਲਈਆਂ। ਉਹਨਾਂ ਨੂੰ ਭਰੋਸਾ ਹੋ ਗਿਆ ਸੀ ਕਿ ਜੇ ਉਹ ਅਗੇ ਹੋਏ ਤਾਂ ਜ਼ਰੂਰ ਉਨ੍ਹਾਂ ਨੂੰ ਵਰਿਆਮ ਸਿੰਘ ਬੰਬ ਮਾਰੇਗਾ। ਫਿਰ ਵੀ ਦੋਂਹ ਸਿਪਾਹੀਆਂ ਨੇ ਗਲਤੀ ਕੀਤੀ। ਉਹਨਾਂ ਨੇ ਨਿਸ਼ਾਨੇ ਲੈ ਕੇ ਵਰਿਆਮ ਸਿੰਘ ਵਲ ਗੋਲੀਆਂ ਚਲਾਈਆਂ। ਪਰ ਉਹ ਪੱਕਾ ਨਿਸ਼ਾਨੀ ਨਾ ਲੈ ਸਕੇ ਵਾਰ ਖਾਲੀ ਗਏ ਤੇ ਵਰਿਆਮ ਸਿੰਘ ਨੇ ਜਵਾਬੀ ਗੋਲੀ ਚਲਾਈ।

'ਚਲ ਵਰਿਆਮ ਸਿੰਘਾ, ਨਿਕਲ ਚਲ।'

ਵਰਿਆਮ ਸਿੰਘ ਨੇ ਮਨ ਵਿਚ ਸੋਚਿਆ ਤੇ ਕਿਹਾ। ਉਸ ਸੂਰਮਾ ਸੀ। ਜੋ ਫੈਸਲਾ ਇਕ ਵਾਰ ਕਰ ਲੈਂਦਾ ਸੀ ਉਸ ਤੋਂ ਮੁੜ ਕੇ ਪਿਛੇ ਨਹੀਂ ਸੀ ਹਟਦਾ। ਉਹ ਤੁਰ ਪਿਆ। ਥੋੜੇ ਕੁ ਕਦਮ ਪਿਛ ਹਟ ਕੇ—ਗੋਲੀ ਦੀ ਮਾਰ ਤੋਂ ਰਤਾ ਦੂਰ ਹੋ ਕੇ—ਉਸ ਨੇ ਇਕ ਗੋਲੀ ਹੋਰ ਚਲਾਈ ਤੇ ਫਿਰ ਨਠ ਉਠਿਆ। ਉਹ ਚੰਗੀ ਘੋੜੀ ਜਿੰਨਾ ਦੌੜਦਾ ਸੀ। ਉਸ ਨੂੰ ਫੜਨਾ ਸੌਖਾ ਨਹੀਂ ਸੀ।

ਉਸ ਦੇ ਪਿਛੇ ਹੀ ਥਾਣੇਦਾਰ ਗਹਿਣਾ ਸਿੰਘ ਲਗ ਪਿਆ, ਤੇ ਮਗਰੇ ਹੀ ਬੂਟਾ ਸਿੰਘ ਤੇ ਰਲਾ ਸਿੰਘ ਜਿਨ੍ਹਾਂ ਦੇ ਇਨਾਮ ਤੇ ਪਾਣੀ ਫਿਰਨ ਲਗਾ ਸੀ। ਰੌਲਾ ਪੈ ਗਿਆ। ਨਠੇ ਗਏ ਤੇ ਪਿਛਾ ਕਰੀ ਗਏ। ਚਾਰ ਕੁ ਕੋਹ ਜਾਣ ਤੇ ਵਰਿਆਮ ਸਿੰਘ ਕੁਝ ਥੱਕ ਗਿਆ ਤੇ ਪੁਲਸ ਵਾਲੇ ਵੀ, ਪਰ ਗਹਿਣਾ ਸਿੰਘ ਵਾਸਤੇ ਪਿਛਾ ਛਡਣਾ ਮੁਸ਼ਕਿਲ ਗਲ ਸੀ ਕਿਉਂਕਿ ਨੌਕਰੀ ਜਾਣ ਦਾ ਡਰ ਸੀ।

ਵਰਿਆਮ ਸਿੰਘ ਇਕ ਵਡੇ ਜੰਡ ਦਾ ਅਸਾਰਾ ਲੈ ਕੇ ਖਲੋ ਗਿਆ। ਜਦੋਂ ਪੁਲਸੀਏ ਕੋਈ ਚਾਰ ਪੈਲੀਆਂ ਦੀ ਵਿੱਥ ਤੇ ਦੂਰ ਰਹਿ



Sri Satguru Jagjit Singh Ji eLibrary NamdhariElibrary@gmail.com

ਗਏ ਤਾਂ ਉਸ ਨੇ ਇਕ ਬੰਬ ਦਾ ਗੋਲਾ ਸੁਟ ਦਿਤਾ। ਉਹ ਗੋਲਾ ਫਟ ਗਿਆ। ਉਸ ਦੇ ਧਮਾਕੇ ਨੇ ਕਿੰਨੀ ਧਰਤੀ ਪੁਟ ਦਿਤੀ ਤੇ ਦੂਰ ਤਕ ਖੜਕਾ ਗਿਆ। ਗਹਿਣਾ ਸਿੰਘ ਸਮੇਤ ਪੁਲਸ ਵਾਲੇ ਪਿਛੇ ਦੇ ਪਿਛੇ ਡਿਗ ਪਏ। ਉਹਨਾਂ ਵਿਚੋਂ ਕਿਸੇ ਨੂੰ ਸੱਟ ਤਾਂ ਨਾ ਲਗੀ, ਪਰ ਡਹਿਲ ਗਏ। ਘੱਟੇ ਤੇ ਧੂਏਂ ਦੇ ਉਹਲੇ ਵਰਿਆਮ ਸਿੰਘ ਇਕ ਪਾਸੇ ਨੂੰ ਖਿਸਕ ਗਿਆ।

ਵਰਿਆਮ ਸਿੰਘ ਦੂਸਰੀ ਵਾਰ ਬਚ ਕੇ ਨਿਕਲ ਗਿਆ। ਪੁਲਸ ਦੀ ਗੋਲੀ ਚਲਦੀ ਹੀ ਰਹੀ।

***



Sri Satguru Jagjit Singh Ji eLibrary NamdhariElibrary@gmail.com

# ੨੯.

ਲਾਹੌਰ ਤੋਂ ਤਾਰਾਂ ਖੜਕੀਆਂ, ਚਿੱਠੀਆਂ ਤੁਰੀਆਂ, ਬੰਦੇ ਨਸਾਏ ਭਜਾਏ ਗਏ- ਬੱਬਰਾਂ ਨੂੰ ਫੜੋ ਮਾਰੋ। ਜੋ ਵੀ ਕੋਈ ਇਹਨਾਂ ਦੀ ਸਹਾਇਤਾ ਕਰਦਾ ਹੈ ਉਸ ਨੂੰ ਲੁਟੋ ਤੇ ਉਜਾੜੋ।'

ਡਿਪਟੀ ਕਮਿਸ਼ਨਰ ਜਲੰਧਰ ਤੇ ਹੁਸ਼ਿਆਰਪੁਰ ਦੀ ਨੀਂਦ ਹਰਾਮ ਹੋ ਗਈ। ਪੁਲਸ ਕਪਤਾਨ ਘਬਰਾਏ ਫਿਰਨ ਲਗੇ। ਚੌਂਕੀਦਾਰ, ਜ਼ੈਲਦਾਰ, ਲੰਬਰਦਾਰ ਤੇ ਟੋਡੀ ਭੈ-ਭੀਤ ਹੋ ਗਏ। ਜੇ ਰਾਤ ਬੀਤਦੀ ਤਾਂ ਦਿਨ ਦੀ ਸੁਖ ਮੰਗਦੇ ਜੇ ਦਿਨ ਲੰਘ ਜਾਂਦਾ ਤਾਂ ਰਾਤ ਕਟਣੀ ਔਖੀ ਹੁੰਦੀ ਉਹਨਾਂ ਨੂੰ ਦੂਹਰਾ ਡਰ ਸੀ। ਇਕ ਪਾਸੇ ਸਰਦਾਰ ਦਾ ਤੇ ਦੂਸਰੇ ਪਾਸੇ ਬੱਬਰਾਂ ਦਾ। ਸਰਕਾਰ ਵਲੋਂ ਹੁਕਮ ਆਉਂਦਾ—

'ਬੱਬਰਾਂ ਨੂੰ ਫੜਾਓ, ਉਹਨਾਂ ਦੀ ਸੂਹ ਕਢੋ, ਦਸੋ ਤੇ ਇਨਾਮ ਪ੍ਰਾਪਤ ਕਰੋ। ਮੁਰੱਬੇ ਮਿਲਦੇ ਜੇ, ਨਗਦ ਰੁਪੈ ਦਿਤੇ ਜਾਂਦੇ ਹਨ, ਨਹੀਂ ਤਾਂ ਸਖ਼ਤੀ ਹੋਵੇਗੀ।'

ਦੁਆਬੇ ਦੇ-ਸਮੇਤ ਰਿਆਸਤ ਕਪੂਰਥਲਾ-ਪਿੰਡਾਂ ਵਿਚ ਢੰਡੋਰੇ ਪਿਟੇ ਗਏ-'ਕੋਈ ਬੰਦਾ, ਆਪਣੇ ਖੂਹ ਉਤੇ ਕਿਸੇ ਬੱਬਰ ਨੂੰ ਆਸਰਾ ਨਾ



Sri Satguru Jagjit Singh Ji eLibrary NamdhariElibrary@gmail.com

ਦੇਵੇ, ਜਿਹੜਾ ਆਸਰਾ ਦਏਗਾ ਜਾਂ ਰੋਟੀ ਖੁਆਏਗਾ, ਉਸ ਦਾ ਘਾਣ-ਬੱਚਾ ਪੀੜਿਆ ਜਾਏਗਾ। ਬੱਬਰ ਦੇਸ਼ ਦੇ ਦੁਸ਼ਮਨ ਹਨ, ਸਰਕਾਰ ਦੇ ਬਾਗ਼ੀ ਹਨ, ਲੋਕਾਂ ਨੂੰ ਲੁਟਦੇ, ਚੋਰੀਆਂ ਕਰਦੇ, ਡਾਕੇ ਮਾਰਦੇ ਹਨ। ਬਚੋ! ਘਰੀਂ ਨਾ ਵੜਨ ਦਿਓ। ਪੁਲਸ ਦੀ ਸਹਾਇਤਾ ਕਰੋ। ਦੇਸ਼ ਦੇ ਅਮਨ ਨੂੰ ਖ਼ਤਰਾ ਹੈ।'

ਲੋਕ ਸਰਕਾਰ ਕੋਲੋਂ ਡਰਦੇ ਜ਼ਰੂਰ, ਪਰ ਸਹਾਇਤਾ ਬੱਬਰਾਂ ਦੀ ਕਰਦੇ। ਰੋਟੀਆਂ ਖੁਆਉਂਦੇ, ਲੀੜੇ ਬਣਾ ਕੇ ਦਿੰਦੇ, ਖੂਹਾਂ ਤੇ ਜੰਗਲਾਂ ਵਿਚ ਪਨਾਹ ਦਿੰਦੇ। ਪੁਲਸ ਨੂੰ ਹੁਕਮ ਤੇ ਹੁਕਮ ਮਿਲਿਆ, 'ਸਖਤੀ ਕਰੋ' ਕੀਤੀ ਫਿਰ ਪੁਲਸ ਨੇ ਸਖਤੀ। ਕਈਆਂ ਦੇ ਘਰ ਸਾੜੇ, ਖੇਤ ਉਜਾੜੇ ਤੇ ਕਈਆਂ ਦੀਆਂ ਬਹੂ-ਬੇਟੀਆਂ ਦੀ ਨਿਰਾਦਰੀ ਕੀਤੀ।

'ਵਰਿਆਮ ਸਿੰਘ ਦੁਆਬੇ ਪੁਜ ਗਿਆ। ਉਹ ਲਾਇਲਪੁਰ ਵਿਚੋਂ ਨੱਠ ਆਇਆ।' ਸਰਕਾਰੀ ਬੰਦਿਆਂ ਨੂੰ ਗੁਪਤ ਤੌਰ ਤੇ ਖ਼ਬਰ ਮਿਲੀ।

ਸਰਦਾਰ ਵਰਿਆਮ ਸਿੰਘ ਨੂੰ ਫੜਨ ਵਾਸਤੇ ਪੁਲਸ ਹਰਕਤ ਵਿਚ ਆਈ। ਰਾਹ ਰੋਕੇ ਗਏ। ਪਿੰਡ ਪਿੰਡ ਪੜਤਾਲ ਹੋਣ ਲੱਗੀ। 'ਜਿਹੜਾ ਦਸ ਪਾਏਗਾ, ਉਸ ਨੂੰ ਇਕ ਮੁਰੱਬਾ ਮਿਲੇਗਾ। ਜਿਹੜਾ ਜੀਉਂਦੇ ਜਾਂ ਮੋਏ ਨੂੰ ਫੜੇਗਾ, ਉਸ ਨੂੰ ਤਿੰਨ ਮੁਰਬੇ ਇਨਾਮ ਦਿਤੇ ਜਾਣਗੇ।

ਪਰ ਵਰਿਆਮ ਸਿੰਘ—ਇਕ ਬੱਬਰ ਸ਼ੇਰ ਸੀ, ਉਹ ਕਖ ਪ੍ਰਵਾਹ ਨਾ ਕਰਦਾ ਰਿਹਾ। ਦੁਆਬੇ ਵਿਚ ਪੁਜ ਕੇ ਉਸ ਨੇ ਝੋਲੀਚੁਕ ਸੋਧੇ। ਗੁਪਤ ਤੌਰ ਤ ਸਰਦਾਰ ਕਿਸ਼ਨ ਸਿੰਘ ਨੂੰ ਮਿਲਿਆ।

'ਜਥੇਦਾਰ ਜੀ! ਆਪ ਦੇ ਹੁਕਮ ਅਨੁਸਾਰ ਜਿੰਨੀ ਸੇਵਾ ਹੋ ਸਕੀ ਹੈ, ਕੀਤੀ ਹੈ ਹੁਣ ਇਹ ਜੀਉੜਾ ਚਾਰ ਦਿਨ ਦਾ ਪ੍ਰਾਹੁਣਾ ਹੈ। ਵੈਰੀ (ਪੁਲਸ ਤੇ ਫੌਜ) ਦੇ ਹੱਥ ਤਾਂ ਆਉਂਦਾ ਨਹੀਂ। ਕਿਤੇ ਲੜਦਿਆਂ ਭਿੜਦਿਆਂ ਸ਼ਹੀਦੀ ਜ਼ਰੂਰ ਪ੍ਰਾਪਤ ਹੋ ਜਾਏਗੀ।'

ਉਸ ਨੇ ਸਰਦਾਰ ਕਿਸ਼ਨ ਸਿੰਘ ਨੂੰ ਆਖਿਆ ਸੀ ਤੇ ਉਸ ਦੇ



Sri Satguru Jagjit Singh Ji eLibrary NamdhariElibrary@gmail.com

ਚਰਨਾਂ ਦੀ ਧੂੜ ਲੈ ਕੇ ਮੱਥੇ ਨੂੰ ਲਾਈ ਸੀ।

'ਬਹਾਦਰ ਵਰਿਆਮ ਸਿੰਘ ! ਤੇਰੇ ਕਾਰਨਾਮੇ ਪੁਰਾਤਨ ਸਿੰਘਾਂ ਵਰਗੇ ਹਨ। ਲੋਕ ਨਹੀਂ ਭੁਲਣਗੇ, ਜਦੋਂ ਭਾਰਤ ਆਜ਼ਾਦ ਹੋਇਆ ਤਾ ਤੇਰੀਆਂ ਕਰਬਾਨੀਆਂ ਦਾ ਮੁਲ ਪਏਗਾ। ਜਿਹੜੇ ਦੇਸ਼ ਧਰਮ ਖ਼ਾਤਰ ਮਰਦੇ ਹਨ, ਉਹ ਅਮਰ ਹੁੰਦੇ ਹਨ। ਕੋਈ ਦੇਸ਼ ਸੋਨੇ, ਚਾਂਦੀ ਜਾਂ ਹੀਰਿਆਂ ਪੰਨਿਆਂ ਨਾਲ ਅਮੀਰ ਨਹ ' ਹੁੰਦਾ, ਦੇਸ ਨੂੰ ਅਮੀਰ ਬਨਾਣ ਵਾਲੇ ਤੇਰੇ ਵਰਗੇ ਤਿਆਗੀ ਤੇ ਕੁਰਬਾਨੀ ਵਾਲੇ ਨੌਜਵਾਨ ਹੁੰਦੇ ਹਨ। ਉਹਨਾਂ ਦੀ ਪੂ ਾ ਹੁੰਦੀ ਹੈ। ਤਕੜੇ ਰਹੋ। ਸ਼ਹੀਦੀ ਦਾ ਸਮਾਂ ਆ ਪੁਜੇ ਤਾਂ ਹੱਸ ਕੇ ਸ਼ਹੀਦ ਹੋਣਾ।'

ਸ: ਕਿਸ਼ਨ ਮੰਘ ਨੇ ਵਰਿਆਮ ਸਿੰਘ ਨੂੰ ਉਤਰ ਦਿਤਾ ਸੀ।

ਦੋਵੇਂ ਗਲ ਲਗ ਕੇ ਮਿਲ ਘੁਟ ਘੁਟ ਕੇ ਨਿੱਘੀਆਂ ਜਫੀਆਂ ਪਾਈਆਂ ਤੇ ਪਰੇਮ ਭਰੀ ਫ਼ਤਹ ਬੁਲਾਈ ਸੀ। ਰਾਤ ਦੇ ਹਨੇਰੇ ਵਿਚ ਪੈਦਲ ਤੇ ਘੋੜੇ ਉਤੇ ਵਰਿਆਮ ਸਿੰਘ ਨੇ ਲੰਮੇ ਪੰਧ ਕੀਤੇ ਸਨ। ਉਹ ਮਿਤਰਾਂ ਨੂੰ ਮਿਲਿਆ ਸੀ। ਉਸ ਨੇ ਆਪਣੇ ਸਬੰਧੀਆਂ ਨਾਲ ਗਲਾਂ ਕੀਤੀਆਂ ਸਨ ਤੇ ਇਕ ਵਾਰ ਨਿਹਾਲੋ ਕੋਲ ਵੀ ਹੋ ਆਇਆ ਸੀ। ਸਭ ਨੂੰ ਇਹੋ ਆਖਦਾ ਰਿਹਾ-ਅੰਨ ਜਲ ਦੀ ਖੇਡ ਦਾ ਤਾਂ ਕਿਸੇ ਨੂੰ ਪਤਾ ਨਹੀਂ, ਪਰ ਮੇਰੀ ਸ਼ਹੀਦੀ ਦਾ ਸਮਾਂ ਨੇੜੇ ਆ ਪੁਜਾ ਹੈ। ਪੁਲਸ ਜਾਂ ਫੌਜ ਨਾਲ ਟੱਕਰ ਜ਼ਰੂਰ ਇਕ ਨਾ ਇਕ ਦਿਨ ਹੋ ਕੇ ਹੀ ਰਹੇਗੀ-

ਜੀਉਂਦੇ ਰਹ ਤਾਂ ਮਿਲਾਂਗੇ ਲਖ ਵਾਰੀ,
ਮਰ ਗਏ ਤਾਂ ਯਾਦ ਕਰ ਛੱਡਣਾ ਜੀ।

ਉਹ ਸਭ ਨੂੰ ਆਖਦਾ ਫਿਰਿਆ। ਮੌਤ ਨੂੰ ਭੁਲਾ ਕੇ ਗਲਾਂ ਕਰਦਾ ਰਿਹਾ।

ਇਕ ਦਿਨ ਗਲ ਸੱਚੀ ਹੋ ਗਈ। ਮੁਰੱਬਿਆਂ ਦੇ ਲਾਲਚ ਨੇ ਰੰਗ ਲਾਇਆ। ਝੋਲੀ ਚੁਕਾਂ ਨੇ ਸੂਹ ਦੇ ਦਿਤੀ ਕਿ ਵਰਿਆਮ ਸਿੰਘ ਆਪਣੇ ਪਿੰਡ ਧੁਗੇ ਵਲ ਗਿਆ ਹੈ। ਉਸ ਨੇ ਕਿਸੇ ਸਬੰਧੀ ਨੂੰ ਮਿਲਣਾ ਸੀ। ਜ਼ਰੂਰੀ ਗਲਾਂ ਕਰਨੀਆਂ ਸਨ। ਘੋੜ ਸਵਾਰ ਤੇ ਪੈਦਲ ਪੁਲਸ



Sri Satguru Jagjit Singh Ji eLibrary NamdhariElibrary@gmail.com

ਵਾਲੇ ਸਰਦਾਰ ਦਾ ਪਿਛਾ ਕਰਨ ਲਗੇ।

ਪੂਰਬ ਦਸ਼ਾ ਤੋਂ ਸੂਰਜ ਉਦੇ ਹੋਇਆ, ਲਾਲ ਗੋਲਾ ਨਿਰਾ ਅੱਗ ਦਾ ਰੂਪ। ਅਗਨ ਦੇਵਤਾ ਦੇ ਜੋਸ਼ ਦੀ ਪ੍ਰਤੱਖ ਮੂਰਤ ਸੀ, ਉਸ ਦਿਨ ਦਾ ਸੂਰਜ। ਐਸੇ ਗਰਮ ਸੂਰਜ ਨੇ ਹੀ ਕਿਸੀ ਦੇ ਸਿਦਕ ਨੂੰ ਪਰਖਿਆ ਸੀ। ਸਤਿਗੁਰੂ ਅਰਜਨ ਦੇਵ ਜੀ ਦੇ ਧਾਰਮਿਕ ਭਰੋਸੇ, ਜੀਵਨ ਦੀ ਅਡੋਲਤਾ ਅਤੇ ਅਕਾਲ ਪੁਰਖ ਤੋਂ ਪ੍ਰਾਪਤ ਕੀਤੀ ਸ਼ਕਤੀ ਨੂੰ ਵੇਖਿਆ ਸੀ। ਉਸ ਸਮੇਂ ਜਦੋਂ ਉਹ ਤਤੀ ਲੋਹ ਤੇ ਬਰਾਜਮਾਨ ਹੋਏ ਸਨ ਤੇ ਉਪਰੋਂ ਸੜਦੀ ਰੇਤ ਪੈਂਦੀ ਸੀ, ਤਦੋਂ ਸੂਰਜ ਵੀ ਅੱਗ ਦਾ ਮੀਂਹ ਵਰਸ ਰਿਹਾ ਸੀ।

ਠੀਕ ਉਸੇ ਤਰ੍ਹਾਂ ਭਖਦਾ ਮਘਦਾ ਸੂਰਜ ਉਦੇ ਹੋਇਆ। ਉਸ ਦੀਆਂ ਤੇਜ਼ ਕਿਰਨਾਂ ਨੇ ਰਾਤ ਦੀ ਠੰਢੀ ਕੀਤੀ ਧਰਤੀ ਨੂੰ ਮੁੜ ਗਰਮ ਕਰਨਾ ਅਰੰਭ ਦਿਤਾ, ਸ਼ਾਇਦ ਸਤਿਗੁਰੂ ਜੀ ਦੇ ਸਿਖ ਦਾ ਸਿਦਕ ਵੇਖਣ ਵਾਸ਼ਤੇ। ਇਹ ਖਿਆਲ ਪ੍ਰਖਨ ਲਈ ਕਿ ਚਾਰ ਸੌ ਸਾਲ ਪਿਛੋਂ ਸਿਖੀ ਦੀ ਰੂਹ, ਸਿੰਘ ਦੇ ਹਿਰਦੇ ਵਿਚ ਕਾਇਮ ਰਹੀ ਹੈ ਕਿ ਨਹੀਂ ? ਉਹ ਅਜੇ ਵੀ ਦੇਸ਼ ਧਰਮ ਤੇ ਨੇਕੀ ਬਦਲੇ ਹਸ ਹਸ ਕੇ ਜਾਨ ਦੇ ਸਕਦਾ ਹੈ ਕਿ ਨਹੀਂ ? ਛੋਟੇ ਘਲੂਘਾਰੇ ਦੇ ਸਮੇਂ ਸਿੰਘਾਂ ਵਾਂਗ ਸੜੀ-ਬਲੀ ਰਤ-ਜਿਸ ਬਾਰੇ ਹਾਸ਼ਮ ਕਵੀ ਨੇ ਕਿਹਾ।

'ਬਾਲੂ ਰੇਤ ਤਪੇ ਵਿਚ ਥਲ ਦੇ, ਜਿਉਂ ਜੌਂ ਭੁਨਨ ਭਠਿਆਰੇ।' ਉਤੇ ਸਿੰਘ ਚਲ ਸਕਦਾ ਹੈ ਕਿ ਨਹੀਂ ? ਦੁਸ਼ਮਨਾਂ ਨੂੰ ਦੇਖ ਕੇ-ਮੌਤ ਨੂੰ ਨੰਗਾ ਨਾਚ ਕਰਦਿਆਂ ਤਕ ਕੇ, ਕੀ ਉਹ ਘਬਰਾਉਂਦਾ ਹੈ ਕਿ ਨਹੀ ?'

ਹਾਂ, ਉਹ ਦਿਨ ਵਰਿਆਮ ਸਿੰਘ ਵਾਸਤੇ ਅਨੋਖੀ ਪ੍ਰੀਖਿਆ ਦਾ ਦਿਨ ਚੜ੍ਹਿਆ ਸੀ। ਜਿਵੇਂ ਸ਼ੇਰ ਘਾਹੀ ਬਿਸਤਰੇ ਤੋਂ ਉਠਦਾ ਤੇ ਆਕੜ ਭੰਨਦਾ ਹੈ, ਤਿਵੇਂ ਸਤਿਗੁਰਾਂ ਦਾ ਸਿੰਘ ਜੰਗਲਾਂ ਵਿਚ ਕੁਦਰਤੀ ਵਿਛੇ ਭੋਂ ਬਿਸਤਰੇ ਤੋਂ ਸੁਤਾ ਜਾਗਿਆ। ਪਹਿਲੇ ਦਿਨ ਦਾ ਥੱਕਿਆ ਹੋਣ ਕਰਕੇ ਘੂਕ ਸੌਂ ਗਿਆ ਸੀ, ਉਹ ਇਕੱਲਾ ਸੀ। ਨੀਂਦ ਦੇ ਜਾਦੂ ਨੇ ਉਸ ਨੂੰ ਵੈਰੀ ਭੁਲਾ ਦਿਤੇ ਸਨ। ਉਹ ਬੇ-ਫਿਕਰੀ ਨਾਲ ਸੌਂ ਗਿਆ ਸੀ।



Sri Satguru Jagjit Singh Ji eLibrary NamdhariElibrary@gmail.com

ਜੇਠ ਦਾ ਮਹੀਨਾ ਸੀ। ਜੰਗਲ ਵਿਚ ਠੰਢੀ ਹਵਾ, ਉਸ ਨੂੰ ਥਾਪੜ ਕੇ ਮਾਂ ਵਾਂਗ ਸਵਾਉਂਦੀ ਰਹੀ ਸੀ।

ਉਹ ਆਪਣੇ ਪਿੰਡ ਧੁਰੇ ਵਲ ਵਧਿਆ। ਭਾਵੇਂ ਭੇਸ ਬਦਲਿਆ ਹੋਇਆ ਸੀ। ਫਿਰ ਵੀ, ਦਿਨੇ ਤੁਰਨਾ ਖ਼ਤਰੇ ਤੋਂ ਖ਼ਾਲੀ ਨਹੀਂ ਸੀ ਪਰ ਉਸ ਨੂੰ ਕੋਈ ਚੇਤਾ ਨਾ ਰਿਹਾ। ਕਾਲ ਬਲੀ ਨੇ ਉਸ ਨੂੰ ਵਿਤੋਂ ਵਧ ਨਿਰਭੈਤਾ ਦੇ ਦਿਤੀ।

ਜੰਗਲ ਵਿਚੋਂ ਨਿਕਲ ਕੇ ਖੁਲ੍ਹੇ ਖੇਤਾਂ ਵਿਚੋਂ ਦੀ ਤੁਰ ਪਿਆ। ਖੇਤਾਂ ਵਿਚ ਪੋਹਲੀ ਸੀ, ਪੋਹਲੀ ਦੇ ਕੰਡੇ ਵਜਦੇ ਸਨ, ਪਰ ਵਰਿਆਮ ਸਿੰਘ ਦਾ ਧਿਆਨ ਕੰਡਿਆਂ ਵਲ ਨਹੀਂ ਸਾ। ਉਸ ਨੂੰ ਚੁਭਦੇ ਹੋਣਗੇ, ਪਰ ਮਹਿਸੂਸ ਨਹੀਂ ਸਨ ਹੁੰਦੇ। ਖੇਤ ਲੰਘ ਕੇ ਉਹ ਪਹੇ ਕੋਲ ਪੁਜਿਆ ਪਹੇ ਦੀਆਂ ਵਟਾਂ ਉਚੀਆਂ ਸਨ ਤੇ ਵਟਾਂ ਉਹਲੇ ਸਰਕੜਾ ਤੇ ਮਲੇ ਸਨ। ਉਸ ਪਹੇ ਵਿਚ ਤੁਰਦਾ ਤੇ ਬੈਠਾ ਬੰਦਾ ਨਜ਼ਰ ਨਹਾਂ ਸੀ ਆਉਂਦਾ। ਸਬਬੀਂ ਵਰਿਆਮ ਸਿੰਘ ਨੂੰ ਸ਼ੱਕ ਪਿਆ। ਉਸ ਨੇ ਰਕ ਕੇ ਸੋਚਿਆ, 'ਕਿਤੇ ਕੋਈ ਹੋਏ ਨਾ।'

ਉਹ ਪਹੇ ਤੋਂ ਹਟਵਾਂ ਖੇਤਾਂ ਵਿਚੋਂ ਦੀ ਇਕ ਨਗਰ ਵਲ ਤੁਰ ਪਿਆ। ਉਸ ਦਾ ਦਿਲ ਧੜਕਿਆ, ਮਥਾ ਠਣਕਿਆ। ਅੰਦਰੋਂ ਅਵਾਜ਼ ਆਈ—

'ਵਰਿਆਮ ਸਿੰਘਾ ! ਵੈਰੀ ਸਿਰ ਤੇ ਆ ਪੁਜਾ ਹੈ।'

'ਐਵੇਂ ਵਹਿਮ ! ਜੇ ਵੈਰੀ ਹੋਏਗਾ ਤਾਂ ਮੈਨੂੰ ਕੀ ?' ਉਸ ਦੇ ਦਿਲ ਦਿਮਾਗ਼ ਦੀ ਦੂਸਰੀ ਅਵਾਜ਼ ਸੀ। ਉਹ ਦਸ ਕੁ ਕਦਮ ਵੀ ਅਗੇ ਨਹੀਂ ਸੀ ਹੋਇਆ ਕਿ ਗੋਲੀ ਚਲੀ, ਪੈਰਾਂ ਦਾ ਖੜਕਾ ਸੁਣਾਈ ਦਿਤਾ। ਉਹ ਹੁਸ਼ਿਆਰ ਹੋ ਗਿਆ। ਸੂਰਜ ਦੀ ਚਿਟੀ ਰੋਸ਼ਨੀ ਵਿਚ ਉਸ ਨੇ ਅਖਾਂ ਨਾਲ ਸਾਫ ਦੇਖਿਆ, ਇਕ ਗੋਰਾ ਤੇ ਨਾਲ ਇਕ ਦੇਸੀ ਸਿਪਾਹੀ, ਹਥਿਆਰਾਂ ਨਾਲ ਲੈਸ ਹੋਏ, ਖਿਲਰ ਕੇ ਉਸ ਨੂੰ ਘੇਰਨ ਲਈ ਪਹੇ ਵਿਚੋਂ ਨਿਕਲੇ। ਸੂਹ ਮਿਲਣ ਤੇ ਉਹ ਰਾਹ ਰੋਕ ਬੈਠੇ ਸਨ।

'ਕੀ ਕਰਮਾਂ ਵੀ ਬੇਈਮਾਨ ਨਿਕਲਿਆ ?'



Sri Satguru Jagjit Singh Ji eLibrary NamdhariElibrary@gmail.com

ਵਰਿਆਮ ਸਿੰਘ ਨੇ ਆਪਣੇ ਤੇ ਸਵਾਲ ਕੀਤਾ। ਉਸ ਤੋਂ ਬਿਨਾਂ ਕਿਸੇ ਨੂੰ ਪਤਾ ਨਹੀਂ ਸੀ ਕਿ ਮੈਂ ਕਿਧਰ ਨੂੰ ਜਾਣਾ ਐ? ਉਹ ਸ਼ਾਇਦ ਤਦੇ ਹੀ ਖਿਸਕ ਗਿਆ। ਚਲੋ ਵਾਹਵਾ! ਜੋ ਕੁਝ ਹੋ ਰਿਹਾ ਹੈ, ਸੋ ਠੀਕ ਹੈ।' ਇਹ ਆਖ ਕੇ ਵਰਿਆਮ ਸਿੰਘ ਨੇ ਬੰਦੂਕ ਸੰਭਾਲੀ। ਕਰਮਾਂ ਉਸ ਦਾ ਸਾਥੀ ਸੀ। ਉਹ ਉਸ ਨੂੰ, ਰਾਹ ਵਿਚ ਮਿਲਿਆ ਸੀ। ਇਕ ਦਿਨ ਉਸ ਦੇ ਕੋਲ ਰਿਹਾ ਤੇ ਉਸ ਨੂੰ ਜੰਗਲ ਵਿਚ ਛਡ ਕੇ ਤਰਕਾਲਾਂ ਨੂੰ ਉਹ ਇਹ ਆਖ ਕੇ ਤੁਰ ਗਿਆ ਸੀ–

'ਵਰਿਆਮ ਸਿੰਘਾਂ! ਮੈਂ ਫਿਰ ਧੁਗੇ ਪਰਸੋਂ ਮਿਲਾਂਗਾ। ਤੁਸਾਂ ਹਰਨਾਮੇ ਦੇ ਖੂਹ ਉਤੇ ਰਹਿਣਾ। ਕਾਰਤੂਸ ਤੇ ਲੋੜੀਂਦਾ ਸਾਮਾਨ ਲੈ ਆਵਾਂਗਾ।'

'ਇਕ ਚਾਦਰ ਵੀ ਲਿਆਉਣਾ।' ਤੁਰਦੇ ਕਰਮੇ ਨੂੰ ਵਰਿਆਮ ਸਿੰਘ ਨੇ ਆਖਿਆ ਸੀ।

ਉਹ ਕਰਮੇ ਤੇ ਭਰੋਸਾ ਕਰਦਾ ਸੀ। ਪਰ ਲਾਲਚ ਵਡਿਆਂ ਵਡਿਆਂ ਦੀ ਬੁਧੀ ਭ੍ਰਿਸ਼ਟ ਕਰ ਦਿੰਦਾ ਹੈ। ਲਾਲਚ ਨੇ ਅਨੇਕਾਂ ਨੂੰ ਦੇਸ਼–ਧ੍ਰੋਹੀ, ਗਦਾਰ ਤੇ ਅਕ੍ਰਿਤਘਣ ਬਣਾ ਦਿਤਾ। ਕਰਮਾਂ ਵੀ ਝੋਲੀ ਚੁਕਾਂ ਦੇ ਆਖੇ ਲਗ ਗਿਆ। ਉਸ ਨੂੰ ਇਨਾਮ, ਇਜ਼ਤ, ਜਾਨ-ਬਖਸ਼ੀ ਤੇ ਮੁਰੱਬਿਆਂ ਦਾ ਲਾਲਚ ਦਿਤਾ ਗਿਆ। ਜਦ ਉਹ ਫੜਿਆ ਗਿਆ ਸੀ ਤਾਂ ਪੁਲਸ ਕਪਤਾਨ ਨੇ ਉਸ ਨੂੰ ਵਰਿਆਮ ਸਿੰਘ ਦੇ ਫੜਾਣ ਬਦਲੇ ਭਾਰਾ ਲਾਲਚ ਦਿਤਾ ਸੀ ਤੇ ਕਿਹਾ ਸੀ ਕਿ ਜੇ ਉਹ ਬਚਨ ਦੀ ਉਲੰਘਣਾ ਕਰੇਗਾ ਤਾਂ ਉਸ ਦੇ ਪਿਛਿਆਂ ਨੂੰ ਖਤਮ ਕਰ ਦਿਤਾ ਜਾਵੇਗਾ। ਉਸ ਨੇ ਹਾਂ ਦਿਤੀ ਸੀ। ਉਹ ਮਿਤ੍ਰ-ਧਰੋਹੀ ਦਾ ਰੂਪ ਧਾਰਨ ਕਰਨ ਪਿਛੋਂ ਵਰਿਆਮ ਸਿੰਘ ਕੋਲ ਪੁਜਾ ਤੇ ਉਸ ਨੂੰ ਜ਼ਬਾਨ ਨਾਲ ਭਰੋਸਾ ਦਿਵਾਂਦਾ ਰਿਹਾ ਸੀ ਕਿ ਉਹ ਉਸ ਦਾ ਸੱਚਾ ਮਿਤਰ ਹੈ। ਇਹ ਥਹੁ ਲਾ ਕੇ ਕਿ ਵਰਿਆਮ ਸਿੰਘ ਨੇ ਕਿਧਰ ਨੂੰ ਕਦਮ ਚੁਕਣਾ ਹੈ ਤੇ ਉਸ ਨੇ ਕਿਦੂ ਧੁਗੇ ਜਾਣਾ ਹੈ, ਅਗਲੇ ਦਿਨ ਸੂਰਜ ਚੜ੍ਹਨ ਤੋਂ ਪਹਿਲਾਂ ਪੁਲਸ ਲੈ ਕੇ ਰਾਹ ਰੋਕ ਬੈਠਾ ਸੀ।



Sri Satguru Jagjit Singh Ji eLibrary NamdhariElibrary@gmail.com

ਗੋਰਾ ਪੁਲਸ ਕਪਤਾਨ ਮਿਸਟਰ ਗੋਲ ਸੀ। ਉਹ ਬਰਤਾਨਵੀ ਸਾਮਰਾਜ ਦੀ ਵਧ ਤੋਂ ਵਧ ਸੇਵਾ ਕਰਨ ਹਿਤ ਅਗੇ ਵਧਿਆ । ਭਾਰਤੀ ਸਿਪਾਹੀ ਉਸ ਦੇ ਨਾਲ ਸਨ । ਉਸ ਸਮੇਂ ਦੇ ਸਿਪਾਹੀਆਂ ਨੂੰ ਵਤਨ-ਪਿਆਰ ਦਾ ਅਹਿਸਾਸ ਨਹੀਂ ਸੀ। ਇਸ ਕਰਕੇ ਉਹ ਦੁਆਬੇ ਦੀ ਖੁਲ੍ਹੀ ਉਜਾੜ ਵਿਚ ਫਿਰਦੇ, ਇਕੱਲੇ ਗੋਰੇ ਗੋਲ ਦੀ ਰਾਖੀ ਕਰਦੇ ਸਨ, ਜਦੋਂ ਕਿ ਉਹਨਾਂ ਨੂੰ ਪਤਾ ਸੀ ਕਿ ਗੋਲ ਉਹਨਾਂ ਦੇ ਵਤਨੀ-ਭਰਾਵਾਂ ਦੇ ਘਰ ਸਾੜਦਾ, ਧੀਆਂ ਭੈਣਾਂ ਦੀ ਨਿਰਾਦਰੀ ਕਰਦਾ ਵਤਨੀ-ਭਰਾਵਾਂ ਨੂੰ ਫੜ ਫੜ ਕੇ ਜਿਹਲਾਂ ਵਿਚ ਸੁਟੀ ਜਾਂਦਾ ਸੀ। ਉਹ ਚੁਪ ਸਨ । ਗੋਲ ਦੇ ਰਾਖੇ ਸਨ। ਉਹ ਬਰਤਾਨਵੀ ਸਾਮਰਾਜ ਦੇ ਨੌਕਰ ਸਨ।

ਵਰਿਆਮ ਸਿੰਘਾ ! ਹਥਿਆਰ ਸੁਟ ਦੇ । ਲੜਨ ਦਾ ਜਤਨ ਨਾ ਕਰ। ਹਣ ਤੂੰ ਕਿਧਰੇ ਨਹੀਂ ਨਸ ਸਕੇਂਗਾ ।' ਉਚੀ ਆਵਾਜ਼ ਵਿਚ ਦੂਰੋਂ ਹੀ ਵਰਿਆਮ ਸਿੰਘ ਨੂੰ ਚਿਤਾਵਨੀ ਕਰਾਈ ਗਈ।

ਇਹ ਬੋਲ ਸੁਣ ਕੇ ਵਰਿਆਮ ਸਿੰਘ ਨੂੰ ਕ੍ਰੋਧ ਚੜ੍ਹ ਗਿਆ। ਉਸ ਦਾ ਚਿਹਰਾ ਲਾਲ ਹੋ ਗਿਆ । ਅਖਾਂ ਵਿਚ ਖੂਨ ਉਤਰ ਆਇਆ ਤੇ ਉਸ ਨੇ ਪੁਰਤਾਤਨ ਸਿੰਘਾਂ ਦੀ ਬਹਾਦਰੀ ਵਾਲੀ ਮਿਸਾਲ ਕਾਇਮ ਕਰ ਦਿਤੀ। ਉਸ ਦੇ ਕੰਨਾਂ ਵਿਚ ਇਹ ਬੋਲ ਗੂੰਜਿਆ—

ਸਵਾ ਲਾਖ ਸੇ ਏਕ ਲੜਾਉਂ।
ਤਬੈ ਗੋਬਿੰਦ ਸਿੰਘ ਨਾਮ ਕਹਾਊਂ।

ਭਾਈ ਬੋਤਾ ਸਿੰਘ ਤੇ ਭਾਈ ਗੁਰਬਖਸ਼ ਸਿੰਘ ਵਾਂਗ ਇਕੱਲਾ ਹੀ ਦੇਸ ਦੇ ਦੁਸ਼ਮਨਾਂ ਨਾਲ ਲੜਨ ਨੂੰ ਤਿਆਰ ਹੋ ਪਿਆ। ਇਕ ਵੱਟ ਦਾ ਆਸਰਾ ਲੈ ਕੇ ਬੈਠ ਗਿਆ। ਮੋਰਚਾ ਮਲ ਲਿਆ ਤੇ ਗੋਲੀ ਚਲਾ ਕੇ ਲੜਨ ਦੀ ਸੂਚਨਾ ਦੁਸ਼ਮਨ ਨੂੰ ਦਿਤੀ। ਉਸ ਗੋਲੀ ਨੇ ਇਕ ਸਿਪਾਹੀ ਨੂੰ ਠੰਢਿਆਂ ਕਰਕੇ ਦਸਿਆ ਕਿ ਵਤਨ ਤੇ ਧਰਮ ਤੋਂ ਕੁਰਬਾਨ ਹੋਣ ਵਾਲੇ, ਜੋਸ਼ੀਲੇ ਬਹਾਦਰ ਕਦੇ ਹਥਿਆਰ ਹਥੋਂ ਨਹੀਂ ਸੁਟਦੇ । ਉਨ੍ਹਾਂ ਦੇ ਮਰਨ ਪਿਛੋਂ ਹੀ ਵੈਰੀ ਹਥਿਆਰ ਲੈ ਸਕਦਾ ਹੈ।

ਗੋਲ ਦੇ ਹੁਕਮ ਨਾਲ ਵਰਿਆਮ ਸਿੰਘ ਨੂੰ ਘੇਰੇ ਵਿਚ ਲੈ ਲਿਆ



Sri Satguru Jagjit Singh Ji eLibrary NamdhariElibrary@gmail.com

ਗਿਆ ਸੂਰਜ ਚੰਗਾ ਉਚਾ ਹੋ ਚੁਕਿਆ ਹੀ । ਸੂਰਜ ਦੀਆਂ ਕਿਰਨਾਂ ਧਰਤੀ ਨੂੰ ਸਾੜਨ ਲਗ ਪਈਆਂ । ਗੋਲੀ ਚੋਗਿਰਦਿਉਂ ਚਲਣ ਲਗ ਪਈ ਇਕੱਲਾ ਵਰਿਆਮ ਸਿੰਘ ਬੈਠਾ ਹੋਇਆ, ਫਿਰ ਫਿਰ ਕੇ ਗੋਲੀ ਚਲਾਉਂਦਾ ਸੀ । ਉਸ ਦੀ ਬੰਦੂਕ ਵਿਚਲਾ ਮੈਗਜ਼ੀਨ ਖਾਲੀ ਹੋ ਗਿਆ । ਦੂਸਰੀ ਵਾਰ ਮੈਗਜ਼ੀਨ ਭਰਨ ਦਾ ਮੌਕਾ ਨਾ ਮਿਲਿਆ ਤੇ ਉਸ ਦੀ ਪਿੱਠ ਵਿਚ ਗੋਲੀ ਲਗੀ ਇਕ ਗੋਲੀ ਨੂੰ ਉਹ ਝਲ ਗਿਆ । ਉਸ ਪਸਤੌਲ ਨੂੰ ਹੱਥ ਲਿਆ, ਦੂਸਰੇ ਪਾਸੇ ਮੁੜ ਕੇ ਲਾਗੇ ਆਉਣ ਵਾਲਿਆਂ ਨੂੰ ਦੂਰ ਰਖਣ ਦਾ ਜਤਨ ਕੀਤਾ, ਪਰ ਉਸ ਦਾ ਜਤਨ ਨਿਸਫਲ ਗਿਆ, ਵੈਰੀਆਂ ਨੂੰ ਰੋਕ ਨਾ ਸਕਿਆ । ਉਹ ਉਚਾ ਹੋਇਆ ਹੀ ਸੀ ਕਿ ਇਕ ਦਮ ਦੋ ਗੋਲੀਆਂ ਉਸ ਦੀ ਚੌੜੀ ਹਿੱਕ ਵਿਚ ਠਾਹ ਕਰਕੇ ਆ ਵੱਜੀਆਂ । ਉਹ ਡਿਗ ਪਿਆ, ਪਰ ਵੈਰੀ ਨੂੰ ਹੌਂਸਲਾ ਨਾ ਪਿਆ ਅਗੇ ਹੋਣ ਦਾ । ਉਹ ਕਿੰਨ ਚਿਰ ਖਿਆਲ ਕਰਦੇ ਰਹੇ ਕਿ ਕਿਤ ਉਹ ਜੀਉਂਦਾ ਨਾ ਹੋਏ ਤੇ ਉਹਨਾਂ ਨੂੰ ਗੋਲੀ ਨਾ ਮਾਰੇ ।

'ਆਗੇ ਬੜੋ ਮਿ:, ਗੇਲ ਨੇ ਗੁਸੇ ਨਾਲ ਸਿਪਾਹੀਆਂ ਨੂੰ ਹੁਕਮ ਦਿਤਾ ।

ਸਿਪਾਹੀ ਅਗੇ ਵਗੇ । ਸਃ ਵਰਿਆਮ ਸਿੰਘ ਸ਼ਹੀਦ ਹੋ ਚੁਕ ਸੀ । ਉਸ ਦਾ ਪੰਜ-ਭੂਤਕ ਸਰੀਰ ਅਜੇ ਗਰਮ ਸੀ ਤੇ ਉਸ ਦੀ ਹਿਕ ਵਿਚੋਂ ਲਹੂ ਦੀਆਂ ਤਤੀਰਆਂ ਵਗ ਵਗ ਕੇ ਉਸ ਦੇ ਸਰੀਰ ਨੂੰ ਰੰਗੀ ਜਾ ਰਹੀਆਂ ਸਨ ।

'ਓਹ ਤੋ ਮਰ ਗਿਆ, ਮਰ ਗਿਆ ! ਬਾਗੀ ਮਰ ਗਿਆ !!'

'ਮਿ: ਗੇਲ ਵਰਿਆਮ ਸਿੰਘ ਦੇ ਸਰੀਰ ਨੂੰ ਦੇਖ ਕੇ ਖੁਸ਼ ਹੋਇਆ ਤੇ ਬੋਲਿਆ ਪਰ ਵਰਿਆਮ ਸਿੰਘ ਦੀ ਰੂਹ ਆਕਾਸ਼ ਵਿਚੋਂ ਹਸ ਕੇ ਆਖ ਰਹੀ ਸੀ—

'ਇਕ ਵਰਿਆਮ ਸਿੰਘ ਦੇ ਮਰਨ ਨਾਲ ਗੋਲੀ ਚਲਣੀ ਬੰਦ ਨਹੀਂ ਹੋਵੇਗੀ । ਸਗੋਂ ਜਿੰਨਾ ਚਿਰ ਗੋਰਾ ਰਾਜ ਖਤਮ ਨਹੀ ਹੋ ਜਾਂਦਾ, ਗੋਲੀ ਚਲਦੀ ਹੀ ਰਹੇਗੀ ।'



Sri Satguru Jagjit Singh Ji eLibrary NamdhariElibrary@gmail.com

# ੩੦.

ਕੁਦਰਤੀ ਸ਼ਕਤੀਆਂ ਵਿਚ ਕਦੀ ਕਦੀ ਉਬਾਲ ਆਉਂਦੇ ਹਨ ਤੇ ਕਈ ਵਾਰ ਰਿਅਮਤ ਦਾ ਰੂਪ ਧਾਰਨ ਕਰ ਜਾਂਦੇ ਹਨ। ਧਰਤੀ ਦੀ ਦਬੀ ਘੁਟੀ ਜਵਾਲਾ ਪਬਟਾਂ ਨੂੰ ਸਾੜ ਢਾਲ ਕੇ ਸੜਦੇ ਬਲਦੇ ਲਾਵੇ ਦਾ ਰਪ ਦੇ ਦਿੰਦੀ ਹੈ। ਜੀਵਨ ਬਖ਼ਸ਼ਣ ਵਾਲੀ ਹਵਾ ਝੱਖੜਾਂ ਦਾ ਰੂਪ ਧਾਰਨ ਕਰ ਲੈਂਦੀ ਹੈ, ਜੀਵਨ-ਦਾਤਾ ਪਾਣੀ ਤੇ ਮੀਂਹ, ਜਵਾਰ-ਭਾਟੇ ਤੇ ਹੜ੍ਹ ਦਾ ਰੂਪ ਧਾਰਨ ਕਰ ਕੇ ਧਰਤੀ ਦੇ ਜੀਵ-ਜੰਤੂਆਂ ਨੂੰ ਉਜਾੜਦਾ ਹੋਇਆ ਕੁਦਰਤੀ ਸ਼ਕਤੀ ਦਾ ਪ੍ਰਗਟਾਉ ਕਰ ਜਾਂਦਾ ਹੈ। ਜਿਵੇਂ ਕੁਦਰਤੀ ਸ਼ਕਤੀਆਂ ਵਿਚ ਉਤਰਾ-ਚੜ੍ਹਾ ਹਨ, ਤਿਵੇਂ ਕੁਦਰਤ ਦੇ ਪੈਦਾ ਕੀਤੇ ਹੋਏ ਮਨੁਖਾਂ, ਪੰਛੀਆਂ, ਜਾਨਵਰਾਂ ਤੇ ਪਸ਼ੂਆਂ ਦੇ ਹਿਰਦਿਆਂ ਵਿਚ ਵੀ ਉਤਰਾ ਚੜ੍ਹਾ ਆਉਂਦੇ ਰਹਿੰਦੇ ਹਨ। ਕਾਲ ਦਾ ਅਸਰ ਹੁੰਦਾ ਹੈ। ਮਨੁਖੀ ਦਿਲ ਵਿਚ ਗੁਸੇ ਜਾਂ ਇਨਕਲਾਬ ਦਾ ਵਲਵਲਾ ਇਕ ਤੂਫਾਨ ਬਣ ਕੇ ਪ੍ਰਗਟ ਹੁੰਦਾ ਹੈ ਤੇ ਪ੍ਰਬਲ ਸਾਮਰਾਜ ਦੇ ਪੈਰ ਹਿਲਾ ਦਿੰਦਾ ਹੈ। ਇਹੋ ਕਾਰਨ ਕਿ ਸਾਮਰਾਜੀ ਹਕੂਮਤਾਂ ਗੁਲਾਮਾਂ ਨੂੰ ਦਬਾ ਕੇ ਰਖਦੀਆਂ ਰਹੀਆਂ ਹਨ ਉਨ੍ਹਾਂ ਦੇ ਦਿਲ, ਦਿਮਾਗ ਤੇ ਹੱਥਾਂ ਉਤੇ ਪਾਬੰਧੀਆਂ ਲਾਈ ਰਖੀਆਂ



Sri Satguru Jagjit Singh Ji eLibrary NamdhariElibrary@gmail.com

ਰਹੀਆਂ। ਉਨ੍ਹਾਂ ਤੇ ਪਾਬੰਦੀ ਜ਼ਬਾਨ-ਬੰਦੀ ਰਖੀ, ਤਾਂ ਕਿ ਬੋਲ ਕੇ, ਗੋਂ ਕੇ, ਚਰਚਾ ਕੇ ਵੀ ਕਿਤੇ ਅਣਖ, ਸੁਤੰਤਰਤਾ ਤੇ ਏਕਤਾ ਦਾ ਵਲਵਲਾ ਪੈਦਾ ਨਾ ਕਰ ਲੈਣ। ਜਿਸ ਵੀ ਰਾਜ ਵਿਚ ਜ਼ੁਲਮ ਤੇ ਗੁਲਾਮੀ ਦ ਵਿਰੁਧ ਜਨ-ਸ਼ਕਤੀ ਇਕਠੀ ਹੋਣ ਲਗੀ, ਉਥੇ ਹੀ ਸਮੇਂ ਦੀ ਸਰਕਾਰ ਨੇ ਹਰ ਪ੍ਰਕਾਰ ਦੇ ਹਥਿਆਰ ਵਰਤ ਕੇ ਤੂਫਾਨ ਵਾਂਗ ਉਠ ਰਹੀ ਜਨ-ਸ਼ਕਤੀ ਨੂੰ ਦਰੜਨ ਦਾ ਜਤਨ ਕੀਤਾ। ਲੋਕ ਜਜ਼ਬੇ ਦੀ ਕੋਈ ਪਰਵਾਹ ਨਾ ਕੀਤੀ।

ਬਬਰ ਅਕਾਲੀ ਲਹਿਰ ਕੋਈ ਮਾਮੂਲੀ ਲਹਿਰ ਨਹੀਂ ਸੀ, ਸਗੋਂ ਬਰਤਾਨਵੀ ਸਾਮਰਾਜ ਦੇ ਵਿਰੁਧ ਪੈਂਤੀ ਕਰੋੜ ਗੁਲਾਮ ਇਸਤਰੀ ਪੁਰਸ਼ਾਂ ਦੇ ਮਨੋ-ਭਾਵਾਂ, ਉਨ੍ਹਾਂ ਦੀ ਨੰਗ ਭੁਖ, ਉਨ੍ਹਾਂ ਦੀਆਂ ਆਹਾਂ ਤੇ ਚੀਕਾਂ ਦਾ ਮਵਾਦ ਸੀ, ਜਿਹੜਾ ਕੁਝ ਜਵਾਨੀਆਂ ਦੇ ਜਵਾਨ ਲਹੂ ਵਿਚ ਇਕੱਠਾ ਹੋ ਕੇ ਉਬਲ ਪਿਆ । ਇਹ ਜਵਾਲਾ ਮੁਖੀ ਲਾਵਾ ਬਣ ਗਿਆ। ਇਕ ਵਾਵਰੋਲਾ ਇਕ ਹਨੇਰੀ ਦਾ ਰੂਪ ਧਾਰਨ ਕਰ ਸਕਦਾ ਹੈ ਅੱਗ ਦੀ ਇਕ ਚੰਗਿਆੜੀ ਸਮੇਂ ਦੀ ਹਵਾ ਨਾਲ ਵਡੇ ਵਡੇ ਸ਼ਹਿਰ ਤੇ ਜੰਗਲ ਸਾੜ ਕੇ ਸਵਾਹ ਕਰ ਸਕਦੀ ਹੈ। ਇਕ ਆਦਮੀ ਦੀ ਮੌਤ ਜਾਂ ਇਕ ਨਿਕੀ ਘਟਨਾ ਨਾਲ ਸੰਸਾਰ ਵਿਆਪੀ ਮਹਾਂ ਯੁੱਧ ਸ਼ੁਰੂ ਹੋ ਸਕਦਾ ਹੈ। ਇਹ ਵਿਚਾਰ ਕੇ ਬਰਤਾਨਵੀ ਗੋਰਾ ਸ਼ਾਹੀ ਨੇ ਦੁਆਬੇ ਦੇ ਬਬਰਾਂ ਦੀ ਲਹਿਰ ਨੂੰ ਸਾਰੇ ਭਾਰਤ ਵਿਚ ਉਠ ਰਹੀ ਲਹਿਰ ਅਨੁਭਵ ਕੀਤਾ । ਉਹਨਾਂ ਨੂੰ ਦੁਆਬੇ ਦਾ ਹਰ ਸਾਧੂ, ਕ੍ਰਿਸ਼ਾਨ, ਮਜ਼ਦੂਰ ਤੇ ਸਿਪਾਹੀ ਬਬਰ ਦਿਖਾਈ ਦੇਣ ਲਗਾ। ਡਿਪਟੀ ਕਮਿਸ਼ਨਰ ਜਲੰਧਰ ਤੇ ਹੁਸ਼ਿਆਰਪੁਰ ਅਤੇ ਮਹਾਰਾਜਾ ਕਪੂਰਥਲਾ ਨੂੰ ਗਵਰਨਰ ਪੰਜਾਬ ਵਲੋਂ ਕਰੜੀਆਂ ਹਦਾਇਤਾਂ ਮਿਲੀਆਂ : 'ਬਬਰ ਲਹਿਰ ਖ਼ਤਮ ਕਰੋ।' ਪੁਲਸ ਨੂੰ ਹੋਰ ਖੁਲ੍ਹ ਦਿਤ ਗਈ। ਝੋਲੀਚੁਕਾਂ ਨੂੰ ਲਾਲਚ ਤੇ ਲਾਲਚ ਦਿਤੇ ਗਏ।

'ਜਿਸ ਤੇ ਸ਼ਕ ਪਵੇ ਫੜ ਲੋ।'

'ਜਿਸ ਪਿੰਡ ਵਿਚ ਬਬਰ ਹੋਏ ਫੂਕ ਦਿਓ !'



Sri Satguru Jagjit Singh Ji eLibrary NamdhariElibrary@gmail.com

'ਜੇ ਕੋਈ ਕਿਸੇ ਬੱਬਰ ਨੂੰ ਰੋਟੀ ਖੁਆਏ ਤਾਂ ਉਸ ਨੂੰ ਗੋਲੀ ਮਾਰ ਦਿਓ'।'

'ਚੌਂਕੀਦਾਰ ਲੰਬਰਦਾਰ, ਸਫੈਦ ਪੋਸ਼—ਸਭ ਨੂੰ ਤਾੜਨਾ ਕਰੋ।'

ਐਸੇ ਹੁਕਮ ਰੋਜ਼ ਉਪਰੋਂ ਚਾੜ੍ਹੇ ਗਏ। ਗੋਰੇ ਅਫਸਰ, ਝੋਲੀਚੁਕ ਤੇ ਥਾਣੇਦਾਰ ਰਾਤ ਨੂੰ ਬੜਾ ਕੇ ਉਠਣ ਲਗੇ। ਗ੍ਰਿਫਤਾਰੀਆਂ ਸ਼ੁਰੂ ਹੋਈਆਂ; ਪੁਲਸ— ਚਿਟੇ ਕਪੜਿਆਂ ਵਿਚ ਤੇ ਵਰਦੀ ਵਿਚ-ਅਤੇ ਫੌਜ, ਜੁਲਾਹੇ ਦੀ ਨਾਲ ਵਾਂਗ ਫਿਰਨ ਲਗੀ। ਜਿਸ ਨੂੰ ਫੜਿਆ ਜਾਂਦਾ, ਉਸ ਨੂੰ ਲੰਮਾ ਪਾ ਲਿਆ ਜਾਂਦਾ। ਕੁਟਿਆ ਜਾਂਦਾ, ਪੁਠਾ ਲਮਕਾ ਦਿਤਾ ਜਾਂਦਾ ਤੇ ਸਵਾਲ ਕੀਤੇ ਜਾਂਦੇ—

'ਦੱਸ! ਬੱਬਰਾਂ ਦਾ ਪਤਾ ਦੱਸ।'

'ਤੂੰ ਵੀ ਬੱਬਰ ਏਂ ਦੱਸ ਨਹੀਂ ਤੇ ਪਾਰ ਬੁਲਾਉਂਦੇ ਈ।

'ਕਿਸ਼ਨ ਸਿੰਘ ਕਿਥੇ ਹੈ? ਉਸ ਨੂੰ ਫੜਾ!'

ਅਨੇਕਾਂ ਮਾਸੂਮ ਐਸੇ ਸਵਾਲ ਸੁਣ ਕੇ ਘਬਰਾ ਜਾਂਦੇ। ਉਨ੍ਹਾਂ ਨੂੰ ਪਤਾ ਹੀ ਕੁਝ ਨਾਂ ਹੁੰਦਾ ਉਹ ਤਰਲੇ ਨਾਲ, ਹੱਥ ਜੋੜ ਕੇ ਤੇ ਮੂੰਹ ਵਿਚ ਘਾਹ ਲੈ ਕੇ ਆਖਦੇ, 'ਭਗਵਾਨ ਸਾਖੀ ਐ, ਪੁਤਰਾਂ ਦੀ ਸੌਂਹ, ਬੱਬਰਾਂ ਦਾ ਕੋਈ ਪਤਾ ਨਹੀਂ। ਮਾਰ ਸੁਟੋ! ਪਰ ਕੁਝ ਪਤਾ ਨਹੀਂ।'

ਗਾਲ੍ਹਾਂ ਤੇ ਡੰਡਿਆਂ ਦਾ ਮੀਂਹ ਵਸਦਾ। ਕਈਆਂ ਦੀਆਂ ਜਵਾਨ ਧੀਆਂ ਤੇ ਭੈਣਾਂ ਨੂੰ ਉਨ੍ਹਾਂ ਦੇ ਅਗੇ ਨੰਗਿਆਂ ਕਰਕੇ ਖਲਿਆਰਿਆ ਜਾਂਦਾ। ਪੁਲਸ ਤੇ ਫ਼ੌਜ ਦੇ ਅਤਿਆਚਾਰਾਂ ਨੂੰ ਦੇਖ ਕੇ ਧਰਤੀ ਤੇ ਅਸਮਾਨ ਕੰਬ ਉਠੇ। ਲੋਕ ਡਰਦੇ ਮਾਰੇ ਦੁਆਬੇ ਵਿਚੋਂ ਨਿਕਲ ਗਏ। ਕਈਆਂ ਨੇ ਰੋਟੀ ਦੁਧ ਆਪਣੀ ਉਲਾਦ ਦੇ ਮੂੰਹੋਂ ਖੋਹ ਕੇ ਪੁਲਸੀਆਂ ਤੇ ਫੌਜੀਆ ਨੂੰ ਆਂਡੇ ਮੁਰਗੇ ਦੇਣੇ ਸ਼ੁਰੂ ਕੀਤੇ ਕਿ ਕਿਵੇਂ ਉਹਨਾਂ ਦੀ ਬੇਇਜ਼ਤੀ ਨਾ ਹੋਏ, ਉਹਨਾਂ ਦੇ ਹਡ ਨਾ ਟੁਟਣ, ਉਹਨਾਂ ਦਾ ਘਰ ਨਾ ਸੜ, ਉਨ੍ਹਾਂ ਦਾ ਧਰਮ ਨਾ ਲੁਟਿਆ ਜਾਏ।

ਜੂਨ ਦੇ ਦਿਨ ਸਨ। ਸੂਰਜ ਅੱਗ ਵਰ੍ਹਾ ਰਿਹਾ ਸੀ। ਇਕ ਪਿੰਡ ਦੀ ਰੌੜ ਦੇ ਪਿਪਲ ਹੇਠਾਂ ਜਲੰਧਰ ਪੁਲੀਸ ਦਾ ਡੇਰਾ ਸੀ। ਕੋਈ ਪੰਜਾਹ



Sri Satguru Jagjit Singh Ji eLibrary NamdhariElibrary@gmail.com

ਕ ਮਰਦ ਤੇ ਵੀਹ ਕੁ ਇਸਤਰੀਆਂ ਪੁਲਸ ਨੇ ਘੇਰ ਕੇ ਧਰਤੀ ਉਤੇ ਬਿਠਾਈਆਂ ਹੋਈਆਂ ਸਨ। ਕਦੀ ਕਦੀ, ਕਈਆਂ ਨੂੰ ਧੁਪੇ ਬਿਠਾਇਆ ਜਾਂਜਾ ਤੇ ਕਿਸੇ ਨੂੰ ਪਿਪਲ ਨਾਲ ਪੁਠਾ ਲਟਕਾ ਕੇ ਬੱਬਰਾਂ ਦਾ ਪਤਾ ਪੁਛਿਆ ਜਾਂਦਾ।

ਤਿੰਨ ਕੁ ਬੰਦੇ ਅਤਿਆਚਾਰ ਨਾ ਸਹਿ ਸਕੇ। ਉਹਨਾਂ ਨੇ ਪੁਲਸ ਦੀ ਮੁਹਾਰਨੀ ਪੜ੍ਹਨੀ ਸ਼ੁਰ ਕਰ ਦਿਤੀ ਤੇ ਕਈਆਂ ਦੇ ਨਾਂ ਲਏ। ਪੁਲਸ ਨੇ ਅਗੋਂ ਉਹਨਾਂ ਨੂੰ ਫੜ ਕੇ ਕੁਟਾਪਾ ਚਾੜ੍ਹਨਾਂ ਸ਼ੁਰੂ ਕਰ ਦਿਤਾ।

'ਤੇਰੇ ਘਰ ਬੱਬਰ ਆਏ ਤੇ ਰੋਟੀ ਖਾ ਕੇ ਗਏ ਨੇ! ਕੁਤੀਏ ਦਸਦੀ ਕਿਉ ਨਹੀਂ—ਤੈਨੂੰ ਖੋਤੇ...ਬੋਲ! ਤੈਨੂੰ.. !'

ਇਕ ਅਧਖੜ ਤੀਵੀਂ ਨੂੰ ਕੁਟਿਆ ਗਿਆ। ਉਸ ਨੂੰ ਮੰਦੇ ਸ਼ਬਦ ਬੋਲੇ ਗਏ। ਪਿੰਡ ਦੇ ਬਜ਼ੁਰਗਾਂ ਦੇ ਸਨਮੁਖ, ਉਸ ਦੇ ਸਿਰ ਦੇ ਲੀੜੇ ਨੂੰ ਪਰੇ ਸੁਟਿਆ ਗਿਆ ਉਸ ਦੇ ਖੱਦਰ ਦੇ ਕੁੜਤੇ ਨੂੰ ਪਾੜ ਕੇ ਉਸ ਦੀਆਂ ਢਿਲਕੀਆਂ ਛਾਤੀਆਂ ਜਿਹਨਾਂ ਛਾਤੀਆਂ ਚੋਂ ਚਾਰ ਬੱਚੇ ਦੁਧ ਪੀ ਚੁਕੇ ਸਨ, ਨੂੰ ਨੰਗਾ ਕੀਤਾ ਗਿਆ। ਸਿਰ ਦੇ ਵਾਲਾਂ ਤੋਂ ਫੜ ਕੇ ਗਲਾਮ ਮੁਹੰਮਦ ਹਵਾਲਦਾਰ ਨੇ ਚਪੇੜਾਂ ਸਾਰੀਆਂ। ਉਸ ਦੀਆਂ ਗਲ੍ਹਾਂ ਵਿਚੋਂ ਲਹੂ ਸਿੰਮਣ ਲਗ ਪਿਆ।

ਪਿੰਡ ਦੇ ਮਰਦਾਂ ਨੇ ਸਿਰ ਨੀਵੇਂ ਕਰ ਲਏ, ਨੇਤਰ ਮੁੰਦ ਲਏ, ਤੇ ਲਹੂ ਦੇ ਘਟ ਭਰਨ ਲਗੇ। ਉਹ ਉਸੇ ਤਰ੍ਹਾਂ ਮਜਬੂਰ ਸਨ, ਜਿਵੇਂ ਕੌਰਵਾ ਦੇ ਦਰਬਾਰ ਵਿਚ ਪੰਜੇ ਪਾਂਡੋ ਮਜਬੂਰ ਸਨ, ਜਦੋਂ ਉਹਨਾਂ ਦੀ ਦਰੋਪਤੀ ਦੇ ਚੀਰ ਉਤਾਰੇ ਜਾ ਰਹੇ ਸਨ। ਬਾਕੀ ਦੀਆਂ ਇਸਤਰੀਆਂ ਰੋ ਰਹੀਆਂ ਸਨ। ਉਹ ਦੇਵੀ ਦੇਵਤਿਆਂ ਸਤਿਗੁਰਾਂ ਤੇ ਰੱਬ ਅਗੇ ਅਰ-ਦਾਸਾਂ ਕਰ ਰਹੀਆਂ ਸਨ ਕਿ ਪੱਥਰ—ਦਿਲ ਤੇ ਬੇਸ਼ਰਮ ਗੋਰਾ ਨੌਕਰ-ਸ਼ਾਹੀ ਦੇ ਬੰਦੇ ਉਹਨਾਂ ਨਾਲ ਵੈਸਾ ਹੀ ਸਲੂਕ ਨਾ ਕਰਨ। ਪੁਲਸ ਵਾਲੇ ਉਸ ਵੇਲੇ ਉਕਾ ਹੀ ਭੁਲ ਗਏ ਸਨ ਕਿ ਉਹ ਪੰਜਾਬੀ ਸਨ ਭਾਰਤੀ ਸਨ। ਉਹ ਤਾਂ ਸਮਝਦੇ ਸਨ ਕਿ ਉਹ ਇੰਗਲਸਤਾਨੀ ਹਨ ਉਹਨਾਂ ਦਾ ਪੰਜਾਬ ਦੇ ਲੋਕਾਂ ਨਾਲ ਕੋਈ ਸਬੰਧ ਨਹੀਂ ਸੀ। ਗੋਰਾ



Sri Satguru Jagjit Singh Ji eLibrary NamdhariElibrary@gmail.com

ਸਾਮਰਾਜ ਦੀ ਫੌਜ ਉਨ੍ਹਾਂ ਦੀ ਪਿਠ ਤੇ ਸੀ।

ਉਸ ਤੀਵੀਂ ਨੂੰ ਧੱਕਾ ਦੇ ਕੇ ਧੁਪੇ ਸੁਟਿਆ ਗਿਆ। ਜਦੋਂ ਉਠਣ ਲਗੀ ਤਾਂ ਡਾਂਟਿਆ ਗਿਆ–'ਪਈ ਰਹੋ, ਧੁਪੇ ਸੜ! ਜੇ ਉਠੀਓਂ ਤਾਂ......!' ਉਹ ਜੀਉਂਦੀ ਪਥਰ ਦੀ ਮੂਰਤੀ ਬਣ ਗਈ।

'ਇਉਂ ਨਹੀਂ ਦਸੇਗੀ! ਇਸ ਵਿਚ ਹੈ ਬਹੁਤ ਕੁਝ।' ਇਕ ਥਾਣੇਦਾਰ ਬੋਲਿਆ।

'ਫਿਰ!' ਦੂਸਰੇ ਨੇ ਪੁਛਿਆ।

'ਨੰਗੀ ਕਰੋ! ਇਕ ਡੰਡਾ ਲਓ.. ।'

ਸਾਮਰਾਜੀ ਬਲ ਦੇ ਨਸ਼ੇ ਨਾਲ ਪਾਗਲ ਹੋਏ ਥਾਣੇਦਾਰ ਨੇ ਐਸੇ ਚੰਦਰੇ ਵਾਕ ਮੂੰਹੋਂ ਬੋਲੇ, ਸੁਣਨ ਵਾਲਿਆਂ ਦੇ ਕੰਨ ਪਥਰਾ ਗਏ। ਉਨ੍ਹਾਂ ਦੇ ਕਲੇਜੇ ਹਿਲ ਗਏ। ਤੀਵੀਂ ਦੀਆਂ ਅਖਾਂ ਅਗੇ ਹਨੇਰਾ ਛਾ ਗਿਆ।

'ਥਣੇਦਾਰ! ਖੁਦਾ ਦੇ ਨਾਂ ਤੇ, ਐਨਾ ਹਨੇਰ ਨਾ ਮਾਰ! ਇਹ ਨਾ ਕਰ।' ਇਕ ਸਤਰ ਸਾਲ ਦੇ ਬੁਢੇ ਕਿਸਾਨ ਨੇ ਥਾਣੇਦਾਰ ਨੂੰ ਰੋਕਣ ਦਾ ਯਤਨ ਕੀਤਾ।

'ਕਿਉਂ ਕੁਤਿਆ ਸੂਰਾ! ਤੇਰੀ ਧੀ ਲਗਦੀ ਆ।'

ਥਾਣੇਦਾਰ ਅਗੋਂ ਬੋਲਿਆ। ਉਹ ਆਪਣੇ ਬਾਬੇ ਦੀ ਉਮਰ ਦੇ ਬਜ਼ੁਰਗ ਨੂੰ ਮੰਦਾ ਬੋਲਣੋਂ ਨਾ ਝਿਜਕਿਆ।

'ਮੇਰੀ ਧੀ ਲਗਦੀ ਆ! ਸਾਰੀਆਂ ਤੀਵੀਆਂ ਮੇਰੀਆਂ ਧੀਆਂ ਨੂੰਹਾਂ ਹਨ।' ਬਿਰਧ ਬਾਬੇ ਨੇ ਕਿਹਾ।

ਤੀਵੀਂ ਉਠ ਬੈਠੀ। ਉਹ ਡੋਲ ਗਈ। ਉਸ ਨੇ ਜਿਹੜਾ ਸਿਦਕ ਰਖਿਆ ਸੀ, ਹੌਂਸਲਾ ਕੀਤਾ ਸੀ, ਉਹ ਟੁਟ ਗਿਆ। ਜ਼ੁਲਮ ਅਗੇ ਝੁਕ ਗਈ। ਉਹ ਹੱਥ ਜੋੜ ਕੇ ਬੋਲੀ–'ਇਹ ਨਾ ਕਰੋ! ਮੇਰੀ ਸੁਥਣ ਮੇਰੇ ਤੇੜ ਰਹਿਣ ਦਿਓ, ਮੈਂ ਦਸ ਦਿੰਦੀ ਆਂ–ਜੋ ਕੁਝ ਜਾਣਦੀ ਆਂ, ਦਸ ਦਿੰਦੀ ਆਂ!'

'ਇਉਂ ਆ ਖਾਂ ਸਿਧੇ ਰਾਹ!' ਥਾਣੇਦਾਰ ਦੇ ਬੁਲ੍ਹਾਂ ਤੋਂ ਬੋਲ



Sri Satguru Jagjit Singh Ji eLibrary NamdhariElibrary@gmail.com

ਨਿਕਲਿਆ !

'ਮੇਰੇ ਘਰ ਸੰਤ ਕਰਤਾਰ ਸਿੰਘ ਆਉਂਦਾ ਰਿਹਾ–ਇਹੋ ਘਾਗਪੁਰ ਦਾ ਸੰਤ ! ਇਹ ਬਬਰਾਂ ਦਾ ਹਾਮੀ ਐ !' ਤੀਵੀਂ ਬੋਲ ਪਈ।

ਪਿੰਡ ਦੇ ਲੋਕਾਂ ਨੇ ਅਖਾਂ ਖੋਲ੍ਹੀਆਂ। ਉਨ੍ਹਾਂ ਨੇ ਤੀਵੀਂ ਵਲ ਦੇਖਿਆ। ਉਹ ਹੈਰਾਨ ਹੋਏ। ਡਰੇ ਕਿ ਪਤਾ ਨਹੀਂ, ਹੋਰ ਕੀ ਦਸੇਗੀ। ਕਿੰਨਿਆਂ ਦੇ ਨਾਂ ਲਵੇਗੀ।

ਸੰਤ ਕਰਤਾਰ ਸਿੰਘ ਪਿਪਲ ਦੇ ਟਾਹਣ ਨਾਲ ਪੁਠਾ ਟੰਗਿਆ ਹੋਇਆ ਸੀ। ਉਹ ਕੁਝ ਹੌਂਸਲਾ ਕਰੀ ਆਉਂਦਾ ਸੀ। ਕਿਸੇ ਝੋਲੀਚੁਕ ਸੁਹੋਏ ਨੇ ਦਸਿਆ ਸੀ ਕਿ ਸੰਤ ਕਰਤਾਰ ਸਿੰਘ, ਕਿਸ਼ਨ ਸਿੰਘ ਤੇ ਹੋਰ ਖਬਰਾਂ ਦੇ ਸਾਰੇ ਥਾਂ ਟਿਕਾਣੇ ਸਾਣਦਾ ਤੇ ਉਹਨਾਂ ਦਾ ਹਮਾਇਤੀ ਹੈ। ਪਿੰਡ ਦੇ ਇਕ ਬੰਦੇ ਨੇ ਵੀ ਮੁਹਾਰਨੀ ਬੋਲੀ ਸੀ। ਪੁਲਸ ਨੇ ਸੰਤ ਕਰਤਾਰ ਸਿੰਘ ਵਲ ਵੇਖਿਆ । ਉਸ ਤੀਵੀਂ ਨੂੰ ਕੋਲ ਲਿਜਾ ਕੇ ਪੁਛਿਆ–'ਕੀ ਇਹੋ ਸੰਤ ਕਰਤਾਰ ਸਿੰਘ ਹੈ ?'

'ਆਂ ਜੀ ! ਇਹੋ ! ਮੈਨੂੰ ਲੀੜਾ ਲੈਣ ਦਿਓ ਉਤੇ, ਮੈਂ ਫਿਰ ਦਸਦੀਆਂ। ਸਭ ਕੁਝ ਦਸਦੀ ਆਂ-ਮੈਨੂੰ ਪਾਣੀ ਪੀਣ ਦਿਓ ! ਸਾਹ ਲੈਣ ਦਿਓ !'

ਉਹ ਤਵੀਂ ਘਬਰਾਈ ਹੋਈ ਸੀ। ਸ਼ਰਮ, ਤਨ–ਪੀੜਾ ਅਤੇ ਭੈ ਨਾਲ ਉਸ ਦਾ ਸਰੀਰ ਪਥਰਾ ਗਿਆ ਸੀ। ਉਹ ਇਕ ਪਾਸੇ ਬੈਠ ਗਈ ਉਹਦਾ ਸਿਰ ਉਹਦੇ ਹਥਾਂ ਵਿਚ ਸੀ। ਸਿਪਾਹੀ ਪਾਣੀ ਲੈਣ ਗਿਆ।

ਪਿੰਡ ਦੇ ਲੋਕ ਹੈਰਾਨੀ ਨਾਲ ਦੇਖਣ ਲਗੇ ਕਿ ਕੀ ਭਾਣ ਵਰਤਦੇ ਹਨ ?



Sri Satguru Jagjit Singh Ji eLibrary NamdhariElibrary@gmail.com

# ੩੨.

ਡਿਪਟੀ ਕਮਿਸ਼ਨਰ ਜਲੰਧਰ ਦੇ ਬੰਗਲੇ ਦੇ ਇਕ ਕਮਰੇ ਵਿਚ ਅਫਸਰਾਂ ਦੀ ਮੀਟਿੰਗ ਹੋ ਰਹੀ ਸੀ। ਮਿ: ਸੀ. ਡਬਲਿਊ ਜੈਕਬ ਡਿਪਟੀ ਕਮਿਸ਼ਨਰ ਜਲੰਧਰ, ਮਿਸਟਰ ਐਸ. ਮੌਂਗਰ ਡੀ. ਆਈ. ਜੀ. ਖੁਫੀਆ ਪੁਲੀਸ, ਮੀਰ ਫ਼ਜ਼ਲ ਇਮਾਮ, ਬਹਾਦਰ ਸਿੰਘ, ਰਾਇ ਬਹਾਦਰ ਦੀਵਾਨ ਚੰਦ ਤੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਦਿਕ ਕੋਈ ਵੀਹ ਕੁ ਸਰਕਾਰੀ ਉਚ ਅਧਿਕਾਰੀ ਉਸ ਇਕਤਰਤਾ ਵਿਚ ਸ਼ਾਮਲ ਸਨ।

'ਹੋਮ ਸੈਕਟਰੀ ਦਾ ਬੜਾ ਸਖਤ ਹੁਕਮ ਆਇਆ ਹੈ।' ਡਿਪਟੀ ਕਮਿਸ਼ਨਰ ਜਲੰਧਰ ਮਿਸਟਰ ਜੈਕਬ ਅੰਗਰੇਜ਼ੀ ਵਿਚ ਬੋਲਿਆ, 'ਬਬਰਾਂ ਦੀ ਗੋਲੀ ਚਲਣੀ ਬੰਦ ਹੋਣੀ ਚਾਹੀਦੀ ਹੈ। ਅਕਾਲੀ ਲਹਿਰ ਤੇ ਸਿਵਲ ਨਾ ਮਿਲਵਰਤਨ ਲਹਿਰਾਂ ਵੀ ਜੋਰ ਫੜ ਰਹੀਆਂ ਹਨ—ਉਹ ਤਾਂ ਸ਼ਾਂਤਮਈ ਹਨ, ਐਨਾ ਡਰ ਨਹੀਂ—ਪਰ ਇਹ ਲਹਿਰ ਖਤਰਾ ਹੀ ਖਤਰਾ ਹੈ। ਬਸ ਇਕੋ ਗਲ ਹੈ—ਗੋਲੀ ਚਲਣੋਂ ਖਤਮ ਹੋਏ। ਰੁਪਏ ਸ਼ਕਤੀ ਤੇ ਧਰਤੀ ਸਭ ਤੋਂ ਕੰਮ ਲਓ।'

'ਵਡੇ ਵਡੇ ਬੱਬਰ ਤਾਂ ਜਨਾਬ ਮਾਰੇ ਗਏ ਹਨ-ਵਰਿਆਮ ਸਿੰਘ



Sri Satguru Jagjit Singh Ji eLibrary NamdhariElibrary@gmail.com

ਵੀ ਮਾਰਿਆ ਗਿਆ।' ਮੀਰ ਫਜ਼ਲ ਇਮਾਮ ਬੋਲੀ ਗਿਆ, 'ਪੁਲੀਸ ਬੜੇ ਜ਼ੋਰ ਸ਼ੋਰ ਨਾਲ ਕੰਮ ਕਰ ਰਹੀ ਹੈ ਖਿਆਲ ਹੈ ਗੋਲੀ ਨਹੀਂ ਚਲੇਗੀ। ਕੁਝ ਬੰਦੇ ਗ੍ਰਿਫਤਾਰ ਕੀਤੇ ਗਏ ਹਨ, ਉਹ ਸਭ ਦਸ ਰਹੇ ਨੇ। ਇਕ ਐਸਾ ਬੰਦਾ ਗ੍ਰਿਫਤਾਰ ਕੀਤਾ ਹੈ, ਜਿਹੜਾ ਖਾਸ ਟੱਬਰਾਂ ਦਾ ਬੰਦਾ ਹੈ ਤੇ ਉਹ ਜਨਾਬ ਦੇ ਸਾਹਮਣੇ ਬਿਆਨ ਦੇਣ ਨੂੰ ਤਿਆਰ ਹੈ—ਜੇ ਜਨਾਬ.. !'

ਸਾਰੇ ਅਫਸਰ ਮੀਰ ਫਜ਼ਲ ਇਮਾਮ ਵਲ ਤਕਣ ਲਗ ਪਏ ਤੇ ਮਿਸਟਰ ਜੇਕਬ ਖੁਸ਼ੀ ਨਾਲ ਉਛਲਿਆ ਤੇ ਫਜ਼ਲ ਇਮਾਮ ਦੀ ਗਲ ਟੁਕ ਕੇ ਆਖਣ ਲਗਾ—'ਕਿਥੇ ਹੈ, ਉਹ ਬੰਦਾ ?'

'ਇਥੇ ਹੀ ਹੈ। ਪੁਲੀਸ ਦੇ ਕੁਝ ਮੇਰੇ ਬੰਦਿਆਂ ਨੇ ਐਸੀ ਹਿੰਮਤ ਤੇ ਚਤਰਾਈ ਕੀਤੀ ਹੈ, ਜੋ ਕਮਾਲ ਦੀ ਹੈ। ਸਮਝ ਲੌ, ਇਹ ਲਹਿਰ ਇਉਂ ਦਬਾਈ ਜਾ ਰਹੀ ਹੈ, ਜਿਵੇਂ ਘੱਟੇ ਹੇਠਾਂ ਅੱਗ ਦਬਾਈ ਜਾਂਦੀ।'

'ਕਿਸ਼ਨ ਸਿੰਘ ਤੇ ਸੰਤਾ ਸਿੰਘ ਜਿੰਨਾ ਚਿਰ ਫੜੇ ਨਾ ਜਾਣ, ਉਨ੍ਹਾਂ ਚਿਰ ਇਹ ਲਹਿਰ ਸ਼ਾਂਤ ਨਹੀਂ ਹੋ ਸਕਦੀ।' ਬਹਾਦਰ ਸਿੰਘ ਬੋਲਿਆ।

'ਸਰਦਾਰ ਸਾਹਿਬ ! ਇਨਸ਼ਾਲਾ ਉਹ ਵੀ ਛੇਤੀ ਹੀ ਗ੍ਰਿਫਤਾਰ ਕੀਤੇ ਜਾਣਗੇ।'

ਮੀਰ ਫਜ਼ਲ ਇਮਾਮ ਸਾਰੀ ਇਕਤਰਤਾ ਤੇ ਛਾ ਗਿਆ ਸੀ। ਪੁਲਸ ਦੇ ਕਈ ਨਵੇਂ ਕਾਰਨਾਮੇ, ਉਸ ਨੇ ਪ੍ਰਗਟ ਹੀ ਨਹੀਂ ਸੀ ਕੀਤੇ। ਉਹ ਇਨਾਮ ਪ੍ਰਾਪਤ ਕਰਨਾ ਚਾਹੁੰਦਾ ਸੀ। ਪੰਜਾਬ ਦੀ ਧਰਤੀ ਦਾ ਪਾਣੀ ਪੀ ਕੇ, ਪੰਜਾਬੀ ਮਾਤਾ ਦਾ ਦੁਧ ਪੀ ਕੇ ਉਹ ਪੰਜਾਬ ਦੀ ਧਰਤੀ ਨਾਲ ਗ਼ਦਾਰੀ ਕਰਨ ਵਿਚ, ਆਪਣੇ ਆਪ ਦੀ ਸ਼ੋਭਾ ਗਿਣਦਾ ਸੀ। ਉਹ ਸਮਝਦਾ ਸੀ ਕਿ ਉਸ ਨੂੰ ਛੇਤੀ ਹੀ 'ਸਰ' ਦਾ ਖਤਾਬ ਮਿਲ ਜਾਏਗਾ, ਮੁਰੱਬੇ ਮਿਲਣਗੇ। ਉਸ ਨੇ ਮਾਸੂਮਾਂ ਦੇ ਲਹੂ ਨਾਲ ਆਪਣੇ ਹੱਥ ਰੰਗ ਲਏ ਸਨ।

'ਉਸ ਬੰਦੇ ਨੂੰ ਹਾਜ਼ਰ ਕਰੋ, ਬਹੁਤ ਇਨਾਮ ਮਿਲੇਗਾ।'



Sri Satguru Jagjit Singh Ji eLibrary NamdhariElibrary@gmail.com

ਮਿਸਟਰ ਜੇਕਬ ਨੇ ਹੁਕਮ ਦੇ ਦਿਤਾ।

ਇਨਾਮ ਕਮਰੇ ਤੋਂ ਬਾਹਰ ਹੋਇਆ। ਕੋਈ ਦਸਾਂ ਕੁ ਮਿੰਟਾਂ ਪਿਛੋਂ ਇਕ ਸਿਖ ਨੂੰ ਦੋ ਪੁਲਸ ਵਾਲੇ ਅੰਦਰੋਂ ਲਿਆਏ। ਉਸ ਨੂੰ ਹਾਥਕੜੀ ਮਾਰੀ ਹੋਈ ਸੀ ਤੇ ਉਸ ਦੇ ਤੇੜ ਕਛਹਿਰਾ, ਗਲ ਕਲੀਆਂ ਵਾਲਾ ਚਿਟਾ ਖਦਰਦਾ ਕੁੜਤਾ ਤੇ ਸਿਰ ਪਰਨਾ ਸੀ।ਉਸ ਦੇ ਦਾਹੜੇ ਦੇ ਵਾਲ ਖੁਸੇ ਟਟੇ ਤੇ ਖਿਲਰੇ ਸਨ ਚਿਹਰੇ ਦਾ ਰੰਗ ਪੀਲਾ ਪਿਆ ਸੀ ਕੁਝ ਨਿਸ਼ਾਨ ਵੀ ਸਨ ਤੇ ਉਹਦੇ ਬੁਲ੍ਹਾਂ ਉਤੇ ਪਿਪੜੀ ਜੰਮੀ ਹੋਈ ਸੀ। ਉਸ ਦੇ ਹੁਲੀਏ ਤੋਂ ਸਾਫ ਪ੍ਰਗਟ ਹੁੰਦਾ ਸੀ ਕਿ ਉਸ ਨੂੰ ਹਦੋਂ ਪਰੇ ਮਾਰਿਆ ਕੁਟਿਆ ਗਿਆ ਸੀ, ਅਤੇ ਉਹ ਮਾਰ-ਕੁਟ ਤੇ ਪੁਲਸ ਦੇ ਅਤਿਆਚਾਰਾਂ ਦਾ ਟਾਕਰਾ ਨਾ ਕਰਦਾ ਹੋਇਆ ਹਾਰ ਗਿਆ ਸੀ। ਪੁਲਸ ਦੇ ਇਸ਼ਾਰੇ ਤੇ ਮੁਹਾਰਨੀ ਬੋਲਣ ਲਗ ਪਿਆ ਸੀ। ਉਸ ਦਾ ਨਾਮ ਸੰਤ ਕਰਤਾਰ ਸਿੰਘ ਪ੍ਰਾਗਪੁਰੀ ਸੀ।

ਸਾਰੇ ਅਫਸਰ ਸੰਤ ਵਲ ਦੇਖਣ ਲਗ ਪਏ। ਧੰਨਾ ਸਿੰਘ ਦੇ ਸਾਕੇ ਨੂੰ ਚੇਤੇ ਕਰਕੇ ਇਕ ਦੋ ਅਫਸਰਾਂ ਨੇ ਕਾਹਲੀ ਨਾਲ ਪੁਲਸੀਆਂ ਨੂੰ ਪੁਛਿਆ–'ਇਸ ਦੇ ਲੀੜੇ ਲੁਹਾ ਕੇ ਤਲਾਸ਼ੀ ਕੀਤੀ ਸੀ ?'

'ਆਹੋ ਜੀ !' ਅਗੋਂ ਉਤਰ ਮਿਲਿਆ।

'ਚੰਗੀ ਤਰ੍ਹਾਂ ? ਇਨ੍ਹਾਂ ਸਿਰਲੱਥਾਂ ਮੂਰਖਾਂ ਦਾ ਕੋਈ ਭਰੋਸਾ ਨਹੀਂ।' ਦੂਸਰੀ ਆਵਾਜ਼ ਸੀ।

ਸੰਤ ਕਰਤਾਰ ਸਿੰਘ ਨੇ ਸਭ ਕੁਝ ਸੁਣਿਆ, ਪਰ ਨਾ ਅੱਖਾਂ ਉਚੀਆਂ ਕੀਤੀਆਂ ਤੇ ਨਾ ਸਿਰ ਉਚਾ ਕੀਤਾ। ਉਸ ਦੇ ਦਿਲ ਦਿਮਾਗ ਵਿਚੋਂ ਅਣਖ, ਧਰਮ ਦਾ ਵਲਵਲਾ ਤੇ ਵਤਨ ਪਿਆਰ ਦਾ ਜਜ਼ਬਾ ਮਾਰਿਆ ਜਾ ਚੁਕਿਆ ਸੀ। ਜਾਨ ਦੇ ਡਰ ਅਤੇ ਪੁਲਸ ਦੇ ਵਹਿਸ਼ੀਆਨਾ ਤਸ਼ੱਦਦ ਕਾਰਨ ਉਹ ਡਰ ਗਿਆ ਸੀ, ਦਬਿਆ ਗਿਆ ਸੀ, ਦਿਲ ਹਾਰ ਗਿਆ ਸੀ। ਪਹਿਲਾਂ ਤਾਂ ਉਸ ਨੇ ਚੋਖਾ ਸਿਦਕ ਰਖਿਆ। ਮਾਰ ਖਾ ਕੇ ਬੇਸੁਰਤ ਹੋਇਆ, ਨੰਗ ਧੁਪੇ ਪਿਆ ਰਿਹਾ, ਪਰ ਜਦੋਂ ਉਸ ਦੇ ਗਲ ਮੂੰਹ ਦੇ ਅਗੇ ਗੰਦ ਦਾ ਤੋਬਰਾ ਲਟਕਾਉਂਣ ਲਗੇ ਤਾਂ ਉਸ ਦੇ ਹੱਡ-ਪੈਰ



Sri Satguru Jagjit Singh Ji eLibrary NamdhariElibrary@gmail.com

ਸੁੰਨ ਹੋ ਗਏ। ਉਸ ਦੀਆਂ ਅਖਾਂ ਮੀਟੀਆਂ ਗਈਆਂ ਤੇ ਕਿੰਨਾ ਚਿਰ ਜ਼ਬਾਨ ਖੋਲ੍ਹੀ–'ਦੁਸ਼ਟੋ' ਇਹ ਨਾ ਕਰੋ, ਗੋਲੀ ਮਾਰੋ ! ਗਲ ਘੁਟੋ, ਪਰ ਇਹ ਨਾ ਕਰੋ।'

ਉਹ ਗਲ ਕਰਦਾ ਹੋਇਆ ਰੁਕ ਗਿਆ। ਫਿਰ ਬੋਲਿਆ–

'ਮੈਂ ਬੱਬਰਾਂ ਦਾ ਸਾਥੀ ਹਾਂ ਮੈਂ ਸਭ ਕਝ ਦਸਾਂਗਾ, ਪਰ... ।'

'ਪਰ ਕੀ ?' ਸੁਆਲ ਹੋਇਆ ਸੀ।

'ਵਡੇ ਅਫਸਰਾਂ ਨੂੰ...ਜੇ ਉਹ ਇਹ ਮੰਨਣ ਕਿ ਵੈਦਾ-ਮੁਆਫ !'

ਪੁਲਸ ਅਫਸਰ ਮੁਸਕਰਾ ਪਿਆ। ਉਸ ਨੂੰ ਜੋ ਕੁਝ ਚਹੀਦਾ ਸੀ, ਸੋ ਕੁਝ ਗਿਆ। ਉਸੇ ਵੇਲੇ ਸੰਤ ਕਰਤਾਰ ਸਿੰਘ ਦਾ ਲੰਮਾ ਬਿਆਨ ਲਿਖਿਆ ਗਿਆ। ਉਸ ਦੇ ਦਸਖਤ ਕਰਾਏ ਗਏ ਤੇ ਫਿਰ ਉਸ ਨੂੰ ਡਿਪਟੀ ਕਮਿਸ਼ਨਰ ਦੇ ਸਾਹਮਣੇ ਪੇਸ਼ ਕਰਨ ਦਾ ਫੈਸਲਾ ਕੀਤਾ ਗਿਆ।

ਡਿਪਟੀ ਕਮਿਸ਼ਨਰ ਦੇ ਸਾਹਮਣੇ ਪੇਸ਼ ਕਰਨ ਤੋਂ ਪਹਿਲਾਂ ਉਸ ਦੇ ਬਿਆਨਾਂ ਅਨੁਸਾਰ ਪੁਲਸ ਨੇ ਹੋਰ ਬੰਦਿਆਂ ਦੀਆਂ ਗ੍ਰਿਫਤਾਰੀਆਂ ਕਰਨੀਆਂ ਸ਼ੁਰੂ ਕਰ ਦਿਤੀਆਂ। ਬਸ ਫੜੋ-ਫੜੀ ਸ਼ੁਰੂ ਸੋ ਗਈ। ਕਲਜੁਗ ਦਾ ਸਾਧ ਧਰਮ ਤੋਂ ਡੋਲ ਗਿਆ। ਉਸ ਨੇ ਆਪਣੇ ਲਹੂ ਨਾਲ ਦਸਖਤ ਕਰਕੇ ਬੱਬਰ ਅਕਾਲੀਆਂ ਦੀ ਮੈਂਬਰੀ ਪ੍ਰਾਪਤ ਕੀਤੀ ਸੀ। ਜੀਉਂਦੇ ਜੀ ਵਫਦਾਰ ਰਹਿਣ ਦੀ ਪ੍ਰਤੱਗਿਆ ਕੀਤੀ ਸੀ, ਪਰ ਮਰਨੋਂ ਡਰ ਗਿਆਂ। ਜਦੋਂ ਮਨੁਖ ਦਿਲ ਹਾਰ ਜਾਸ ਤਾਂ ਉਸ ਦੀ ਧੌਣ ਕਦੀ ਉਚੀ ਨਹੀਂ ਹੁੰਦੀ। ਉਹ ਅਖਾਂ ਉਚੀਆਂ ਕਰਕੇ ਨਹੀਂ ਤੁਰ ਸਕਦਾ, ਕਿਸੇ ਵਲ ਦਖ ਨਹੀਂ ਸਕਦਾ। ਉਸ ਦੀ ਆਤਮਾ ਹੀ ਉਸ ਨੂੰ ਲਾਹਨਤਾਂ ਪਾਉਂਦੀ ਨੂੰ। ਗੁਲਾਮੀ ਦੇ ਸੰਗਲਾਂ ਨੂੰ ਮਜ਼ਬੂਤ ਕਰਨ ਵਾਸਤੇ ਉਹ ਭਰਾ-ਮਾਰ ਕਰ ਸਕਦਾ ਹੈ ਵਤਨ-ਧਰੋਹੀ, ਕੌਮੀ ਗਦਾਰ ਹੋਣ ਤੋਂ ਵਧ ਇਸ ਧਰਤੀ ਤੇ ਨਾ ਹੋ ਕੋਈ ਵੱਡਾ ਪਾਪ ਹੈ ਤੇ ਨਾ ਕੁਕਰਮ।

'ਤੁਮ ਸੰਤ ਕਰਤਾਰ ਸਿੰਘ ਐ ?'

ਜੈਕਬ ਨੇ ਪੁਛਿਆ।



Sri Satguru Jagjit Singh Ji eLibrary        NamdhariElibrary@gmail.com

'ਜੀ !'

'ਟੁਮ ਸਚ ਸਚ ਬੋਲੇਗਾ ਤੋ ਟੁਮ ਕੋ ਬਾਈਡਾ-ਮਾਫ ਗਵਾਹ ਮੰਨਿਆ ਜਾ ਸਕਤਾ ਐ ! ਬੋਲੋ, ਕਿਆ ਜਨਾਤਾ ਐ ਬੱਬਰਾਂ ਕਾ ?'

ਸੰਤ ਕਰਤਾਰ ਸਿੰਘ ਨੇ ਇਕ ਲੰਮਾ ਬਿਆਨ ਦਿਤਾ । ਸ: ਕਿਸ਼ਨ ਸਿੰਘ ਗੜਗਜ, ਸੰਤਾ ਸਿੰਘ, ਦਲੀਪ ਸਿੰਘ ਆਦਿਕ ਸਭ ਦੇ ਨਾਮ, ਪਤੇ, ਗੁਪਤ ਵਾਸ ਤੇ ਉਨ੍ਹਾਂ ਦੇ ਸਾਥੀਆਂ, ਹਥਿਆਰਾਂ, ਹਥਿਆਰਾਂ ਦੀ ਪ੍ਰਾਪਤੀ ਦੇ ਸਾਧਨਾਂ ਆਦਿਕ ਨੂੰ ਖੋਲ੍ਹ ਕੇ ਦਸ ਦਿਤਾ । ਉਸ ਵੇਲੇ ਡਿਪਟੀ ਕਮਿਸ਼ਨਰ ਸਭ ਨੂੰ ਫੜਨ ਦੇ ਹੁਕਮਾਂ ਉਤੇ ਦਸਖਤ ਕਰੀ ਗਿਆ । ਸੰਤ ਨੇ ਕੋਈ ਤੀਹ ਬੰਦਿਆਂ ਦਾ ਪਤਾ ਦੇ ਦਿਤਾ । ਸਿਖਰ ਤੇ ਪੁਜੀ ਹੋਈ ਲਹਿਰ ਦੀ ਜੜ੍ਹੀਂ ਤੇਲ ਦੇ ਦਿਤਾ । ਸਿਰਫ ਇਸ ਵਾਸਤੇ ਕਿ ਮੌਤ ਦਾ ਡਰ ਸੀ । ਤਸੀਹਿਆਂ ਤੋਂ ਡਰਿਆ, ਫਾਂਸੀ ਦੇ ਰਸੇ ਤੋਂ ਬਚਿਆ । ਦੇਸ਼ ਭਗਤਾਂ ਨੂੰ ਫੜਾਇਆ ।

'ਅਛਾ ! ਇਸ ਕੋ ਹਫਾਜ਼ਤ ਸੇ ਰਖੋ । ਕੋਈ ਤੰਗੀ ਨਾ ਦੇਣੀ, ਹਮ ਇਸ ਕਾ ਕਾਸੂਰ ਮੁਆਫ ਕਰੇਗਾ-ਸਰਕਾਰ ਕੋ ਲਿਖੇਗਾ । ਯੇਹ ਅਛਾ ਆਦਮੀ ਐ ।'

ਮਿਸਟਰ ਜੈਕਬ ਨੇ ਅੰਤਮ ਫੈਸਲਾ ਦੇ ਦਿਤਾ । ਮੀਰ ਫਜ਼ਲ ਇਮਾਮ ਦੀ ਕਿਸਮਤ ਦਾ ਸਤਾਰਾ ਚਮਕ ਪਿਆ ।



Sri Satguru Jagjit Singh Ji eLibrary NamdhariElibrary@gmail.com

# ੩੩.

ਮੁਟਿਆਰ ਨਿਹਾਲੋ ਪੁਜ ਕੇ ਜਵਾਨ ਸੀ । ਉਹ ਵਿਆਹ ਦੇ ਸਮੇਂ ਤੋਂ ਉਪਰ ਜਾ ਰਹੀ ਸੀ। ਆਦਮ ਪੁਰ ਤੋਂ ਉਸ ਦਾ ਟੁਕਿਆ ਜਾਣਾ, ਉਹਦੇ ਵਾਸਤੇ ਮਾੜਾ ਤੇ ਘਰ ਦਿਆਂ ਵਾਸਤੇ ਬਦਨਾਮੀ ਦਾ ਕਾਰਨ ਸੀ, ਉਹ ਪਹਿਲਾਂ ਮੰਗੀ ਹੋਈ ਸੀ, ਪਰ ਉਸ ਦਾ ਮੰਗੇਤਰ ਮਰ ਗਿਆ ਸੀ । ਦੂਸਰੀ ਥਾਂ ਮੰਗਣ ਨੂੰ ਫਿਰਦੇ ਸਨ ਕਿ ਨਵੇਂ ਝਗੜੇ ਉਤਪਨ ਹੋ ਗਏ। ਬਿਸ਼ਨ ਸਿੰਘ ਜ਼ੈਲਦਾਰ ਦੇ ਕਤਲ ਨੇ ਨਿਹਾਲੋ ਦੇ ਜੀਵਨ ਰਾਹ ਵਿਚ ਔਕੜਾਂ ਪੈਦਾ ਕਰ ਦਿਤ ਆਂ।

ਜ਼ੈਲਦਾਰ ਦਾ ਪੁਤਰ ਆਪਣੇ ਬਾਪ ਦੇ ਕਤਲ ਪਿਛੋਂ ਕੁਤੇ ਵਾਂਗ ਹਲਕਾ ਹੋ ਗਿਆ। ਉਹ ਪਹਿਲਾਂ ਵੀ ਨਿਹਾਲੋ ਤੇ ਅੱਖ ਰਖਦਾ ਸੀ, ਫਿਰ ਤਾਂ ਪਿਛੇ ਹੀ ਲਗ ਪਿਆ । ਪੁਲਸ ਉਸ ਦੀ ਸਹਾਇਤਾ ਕਰਦੀ ਸੀ। ਗੁੰਡੇ ਉਸ ਕੋਲ ਸਨ। ਫਿਰ ਉਸ ਨੂੰ ਕਿਸ ਦੀ ਪਰਵਾਹ ਸੀ ? ਜੇ ਉਸ ਨੂੰ ਡਰ ਸੀ, ਰਤਾ ਮਾਸਾ, ਤਾਂ ਉਹ ਬੱਬਰਾਂ ਦਾ ਸੀ।

ਉਸ ਚੰਦਰੇ ਨੇ ਝੂਠੀ ਮੁਖਬਰੀ ਕਰਕੇ ਨਿਹਾਲੋ ਦੇ ਭਰਾ ਤੇ ਬਾਪ ਨੂੰ ਜੇਹਲ ਭਿਜਾ ਦਿਤਾ। ਬਬਰਾਂ ਦੀ ਆਮ ਫੜੋ ਫੜੀ ਅਰੰਭ ਹੋ



Sri Satguru Jagjit Singh Ji eLibrary NamdhariElibrary@gmail.com

ਗਈ ਸੀ, ਕਿਉਂਕਿ ਸੰਤ ਕਰਤਾਰ ਸਿੰਘ ਤੇ ਹੋਰ ਕਈ ਬੰਦੇ ਸੁਲਤਾਨੀ ਗਵਾਹ ਬਣ ਗਏ ਸਨ। ਨਵੰਬਰ ਤੇ ਦਸੰਬਰ ੧੯੨੩ ਦੇ ਦੋਵੇਂ ਮਹੀਨੇ ਬੱਬਰਾਂ ਵਾਸਤੇ ਅਸ਼ੁਭ ਸਨ। ਸ: ਕਿਸ਼ਨ ਸਿੰਘ ਤੇ ਸੰਤਾ ਸਿੰਘ ਗ੍ਰਿਫਤਾਰ ਹੋ ਚੁਕੇ ਸਨ। ਲਾਹੌਰ ਦੀ ਸੈਂਟਰਲ ਜੇਹਲ ਦੀ ਇਕ ਬਾਰਕ ਤੇ ਦਸ ਕੋਠੜੀਆਂ ਵਿਚ ਬੱਬਰਾਂ ਦੀ ਰੌਣਕ ਸੀ। ਭਾਵੇਂ, ਇਹ ਉਹ ਸਮਾਂ ਸੀ, ਜਦੋਂ ਅਕਾਲੀ ਲੀਡਰ ਫੜੇ ਜਾ ਰਹੇ ਸਨ, ਕਿਉਂਕਿ ਅੰਮ੍ਰਿਤਸਰ ਵਿਚ ਫਿਰਕੂ ਫਸਾਦ ਹੋ ਗਿਆ ਸੀ ਤੇ ਫਸਾਦ ਰੋਕਣ ਵਿਚ ਅਕਾਲੀਆਂ ਨੇ ਬੜੀ ਮਦਦ ਕੀਤੀ ਸੀ ਤੇ ਕਰ ਸਕਦੇ ਸਨ।

ਨਿਹਲੋ ਦੀ ਮਾਂ ਬੜੀ ਸਿਆਣੀ ਤੇ ਦੂਰੰਦੇਸ਼ ਤੀਵੀਂ ਸੀ। ਉਸ ਨੇ ਘਬਰਾਉਣ ਦੀ ਥਾਂ ਦਲੇਰੀ ਤੋਂ ਕੰਮ ਲਿਆ ਤੇ ਘਰ ਛਡ ਕੇ ਰਾਤ ਦੇ ਹਨੇਰੇ ਵਿਚ, ਧੀ ਨੂੰ ਨਾਲ ਲੈ ਕੇ ਆਦਮੀ ਪੁਰ ਜਾ ਵੜੀ। ਜ਼ੈਲਦਾਰ ਦਾ ਚੰਦਰਾ ਪੁਤਰ ਹਥ ਮਲਦਾ ਹੀ ਰਹਿ ਗਿਆ।

ਕੋਈ ਮਹੀਨਾ ਕੁ ਜੇਹਲ ਵਿਚ ਰਖਣ ਪਿਛੋਂ, ਨਿਹਾਲੋ ਦੇ ਬਾਪ ਤੇ ਭਰਾ ਨੂੰ ਉਪਰਲੇ ਅਫਸਰਾਂ ਨੇ ਛਡ ਦਿਤਾ, ਕਿਉਂਕਿ ਉਹ ਨਿਰਦੋਸ਼ ਸਾਬਤ ਹੋਏ। ਫੜੋ-ਫੜੀ ਵੀ ਤਾਂ ਅੰਨੇਵਾਹ ਕਤੀ ਗਈ ਸੀ, ਕੁਝ ਦਿਨਾਂ ਵਿਚ ਹੀ ਚਾਰ ਸੌ ਤੋਂ ਉਪਰ ਬੰਦੇ ਬਾਣਿਆਂ, ਜੇਹਲ ਤੇ ਲਾਹੌਰ ਦੇ ਕਿਲੇ ਵਿਚ ਡਕ ਦਿਤੇ ਗਏ ਸਨ, ਪਰ ਪੜਤਾਲ ਕਰਨ ਪਿਛੋਂ ਛਡਣੇ ਪਏ ਸਨ, ਕਿਉਂਕਿ ਆਮ ਲੋਕਾਂ ਦੇ ਵਿਰੁਧ ਲੋਕਾਂ ਵਿਚੋਂ ਗਵਾਹ ਮਿਲਣੇ ਮੁਸ਼ਕਲ ਸਨ। ਦੁਆਬ ਦਾ ਬੱਚਾ ਬੱਚਾ ਤਾਂ ਸਰਕਾਰ ਤੇ ਟੋਡੀਆਂ ਦੇ ਵਿਰੁਧ ਸੀ।

ਨਿਹਾਲੋ ਦਾ ਪਿਤਾ, ਸੋਹਨ ਸਿੰਘ ਰਾਣੀਪੁਰ ਪੁਜਾ। ਆਪਣੇ ਘਰ ਦੀ ਹਾਲਤ ਦੇਖ ਕੇ ਉਸ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ। ਮਾਲ ਡੰਗਰ ਘਰ ਕੋਈ ਨਹੀਂ ਸੀ। ਖੁਰਲੀਆਂ ਢੱਠੀਆਂ ਪਈਆਂ ਸਨ। ਘਰ ਦੀ ਕ੍ਰਾਜੜ ਚੁਕੀ ਗਈ ਤੇ ਕੋਠਿਆਂ ਦੇ ਖਿੜਕੇ ਲੋਕਾਂ ਪੁਟ ਲੈ ਗਏ ਸਨ। ਸੁੰਞ ਕੋਠੇ ਭਾਂ ਭਾਂ ਕਰਦੇ ਸਨ ਨਾ ਚੌਂਤਰਾ ਸਾਬਤ ਸੀ ਤੇ ਨਾ ਚੁਲ੍ਹਾ। ਦੋਵੇਂ ਪਿਉ ਪੁਤ ਉਜੜੇ ਘਰ ਨੂੰ ਦੇਖ ਕੇ ਹੈਰਾਨ ਹੋਏ



Sri Satguru Jagjit Singh Ji eLibrary NamdhariElibrary@gmail.com

ਖਲੋਤੇ ਰਹੇ।

ਪੁਲਸ ਨੇ ਭਾਜੜ ਚੁਕ ਲਈ ਤੇ ਘਰ ਉਜਾੜ ਦਿਤਾ। ਡੰਗਰ ਤੇ ਕੁਝ ਸਾਮਾਨ ਤੇਰੀ ਵਹੁਟੀ ਆਦਮਪੁਰ ਲੈ ਗਈ ਹੈ, ਰਾਤ ਰਾਤ। ਉਹ ਤੇ ਨਿਹਾਲੋ ਆਦਮਪੁਰ ਹਨ। ਜ਼ੈਲਦਾਰ ਦੇ ਪੁਤਰ ਦੀ ਕਰਤੂਤ ਹੈ ਸਾਰੀ।' ਇਕ ਅੱਸੀ ਸਾਲ ਦੇ ਬੁਢੇ ਗੁਆਂਢੀ ਨੇ ਸੋਹਣ ਸਿੰਘ ਨੂੰ ਸੱਚ ਦਸ ਦਿਤਾ।

'ਸੱਪ ਦੀ ਮੌਤ ਆਏ ਤਾਂ ਉਹ ਚੁਰਾਹੇ ਵਿਚ ਜਾ ਬੈਠਦਾ ਹੈ—ਤਾਇਆ !' ਨਿਹਾਲੋ ਦਾ ਭਰਾ ਨਿਹਾਲ ਸਿੰਘ ਗੁਸੇ ਨਾਲ ਬੋਲਿਆ। ਬੰਦਾ ਮਾਂ ਦੀ ਕੁਖ ਤੋਂ ਇਕ ਵਾਰ ਜਨਮ ਲੈਂਦਾ ਐ, ਜਵਾਨ ਤੇ ਬੁਢਾ ਹੋ ਕੇ ਮਰ ਬੀ ਜਾਂਦਾ ਐ। ਇਸ ਉਜਾੜੇ ਦਾ ਮੈਂ ਬਦਲਾ ਲੈ ਕੇ ਛੱਡਾਂਗਾ। ਚਾਹੇ ਫਾਹੇ ਕਿਉਂ ਨਾ ਲਗ ਜਾਵਾਂ।'

ਸੋਹਣ ਸਿੰਘ ਚੁਪ ਰਿਹਾ। ਉਸ ਦੀਆਂ ਅੱਖਾਂ ਵਿਚ ਅਥਰੂ ਆ ਗਏ। 'ਸੁਖੀ ਵਸਦੇ ਉਜਾੜੇ ਗਏ' ਆਖਰ ਕਿਉਂ ?' ਉਸ ਦੀ ਆਤਮਾ ਚੋਂ ਆਵਾਜ਼ ਉਠਦੀ ਸੀ।

'ਪੁਤਰ ਸੋਹਣ ਸਿੰਹਾਂ, ਤੁਹਾਨੂੰ ਅਜੇ ਪਿੰਡ ਨਹੀਂ ਸੀ ਬੜਨਾਂ ਚਾਹੀਦਾ। ਠੰਢ-ਠੰਢੌਰਾ ਹੋ ਜਾਂਦਾ ਤਾਂ ਜਾਂਦੇ।'

ਬੁਢੜੇ ਨੇ ਹਮਦਰਦੀ ਜਤਾਈ।

'ਕੋਈ ਗਲ ਨਹੀਂ ਤਾਇਆ, ਮਰਦਾਂ ਤੇ ਘੋੜਿਆਂ ਕੰਮ ਪੇਣ ਅਵੱਲੇ। ਪਈ ਸੋ ਸਹੀ—ਪਰ...।'

ਸੋਹਣ ਸਿੰਘ ਦਾ ਮੁੰਡਾ ਪੂਰੀ ਗਲ ਨਾ ਕਰ ਸਕਿਆ। ਕਰੋਧ ਨਾਲ ਉਹ ਲਾਲ-ਪੀਲਾ ਹੁੰਦਾ ਜਾਂਦਾ ਸੀ। ਉਸ ਨੇ ਥਾਣੇ ਵਿਚ ਮਾਰ ਖਾਧੀ ਸੀ, ਜੇਹਲ ਵਿਚ ਤੰਗੀ ਝੱਲੀ ਸੀ ਤੇ ਦੇਸ਼ ਭਗਤਾਂ ਦੀਆਂ ਗੱਲਾਂ ਸੁਣੀਆਂ ਸਨ। ਉਸ ਨੂੰ ਬੱਬਰ ਮਿਲੇ ਸਨ। ਉਹ ਲੋਕ ਜਿਹੜੇ ਜੀਵਨ ਦੇ ਨਿਸ਼ਾਨੇ ਨੂੰ ਸਮਝ ਚੁਕੇ ਸਨ। ਅਤਿਆਚਾਰ ਤੇ ਹਰ ਔਕੜ ਦਾ ਮੂਲ ਉਹ ਗੋਰਾਸ਼ਾਹੀ ਨੂੰ ਸਮਝਦੇ ਸਨ। ਗੋਰਾ ਸ਼ਾਹੀ ਦੀ ਮੌਤ ਦੇ ਪਿਛੋਂ ਹੀ ਸਾਰੀਆਂ ਜੀਵਨ-ਔਕੜਾਂ ਦੂਰ ਹੋ ਸਕਦੀਆਂ ਹਨ।



Sri Satguru Jagjit Singh Ji eLibrary NamdhariElibrary@gmail.com

,ਚਲ ਬਾਪੂ, ਸੁਖ ਰਹੀ ਤਾਂ ਫਿਰ ਆ ਕੇ ਇਸ ਪਿੰਡ ਬਸਾਂਗੇ। ਉਂ ਤਾਂ ਕਿਸੇ ਨੇ ਵੱਕ ਨਹੀਂ ਖੜਨੀ। ਚਲ।' ਗਭਰੂ ਮੁੰਡੇ ਨੇ ਆਪਣੇ ਬਾਪ ਨੂੰ ਬਾਹੋਂ ਫੜਿਆ ਤੇ ਉਜੜੇ ਘਰੋਂ ਤੁਰ ਪਏ। ਆੜੀ ਗੁਆਂਢੀ ਚੁਪ ਚਾਪ ਵੇਖਦੇ ਰਹੇ। ਜ਼ੈਲਦਾਰ ਦੇ ਮੁੰਡੇ ਤੋਂ ਡਰਦੇ ਨਾ ਬੋਲੇ ਤੇ ਨਾ ਉਹਨਾਂ ਹੀ ਹਮਦਰਦੀ ਜਤਾਈ।

ਦੋਵੇਂ ਰਾਣੀਪੁਰ ਤੋਂ ਬਾਹਰ ਹੋ ਗਏ।

ਉਸ ਵੇਲੇ ਸੂਰਜ ਡੁਬ ਰਿਹਾ ਸੀ। ਉਸ ਦੀਆਂ ਅੰਤਮ ਕਿਰਨਾਂ ਧਰਤੀ ਦੇ ਹਰ ਅੰਗ ਤੇ ਤੇ ਨਾਸਪਤੀ ਨੂੰ ਲਾਲ ਰੰਗ ਵਿਚ ਰੰਗੀ ਜਾਂਦੀਆਂ ਸਨ। ਉਸ ਲਾਲੀ ਦੇ ਪਿਛੇ ਸੀ ਹਨੇਰਾ। ਡਰਾਉਣਾ ਹਨੇਰਾ।

ਤੀਸਰੇ ਦਿਨ ਪਿਛੋਂ ਦਿਨ ਚੜ੍ਹਿਆ ਤਾਂ ਰਾਣੀ ਪੁਰ ਦੇ ਵਸਨੀਕ ਸਹਿਮ ਗਏ। ਸਾਰਿਆਂ ਨੂੰ ਉਹ ਦਿਨ ਚੇਤੇ ਆਗਿਆ, ਜਿਸ ਦਿਨ ਜ਼ੈਲਦਾਰ ਬਿਸ਼ਨ ਸਿੰਘ ਦਾ ਖੂਨ ਹੋਇਆ ਸੀ। ਪੁਲੀਸ ਨੇ ਸਾਰੇ ਪਿੰਡ ਨੂੰ ਘੇਰ ਕੇ ਤੰਗ ਕੀਤਾ ਸੀ। ਪਰ ਹੁਣ ਤਾਂ ਪਹਿਲੇ ਨਾਲੋਂ ਵੀ ਭਿਆਨਕ ਘਟਨਾ ਵਾਪਰੀ ਸੀ। ਜ਼ੈਲਦਾਰ ਦੇ ਜਵਾਨ ਪੁਤਰ ਦਾ ਖੂਨ ਹੋ ਗਿਆ। ਕੋਠੇ ਨੂੰ ਅੱਗ ਲਾਈ ਗਈ। ਤੂੜੀ ਤੇ ਬਾਲਣ ਵਾਲੇ ਕੋਠੇ ਵਿਚ ਹੀ ਉਸ ਦੀ ਲੋਥ ਸੁਟ ਕੇ, ਅਗ ਲਾ ਕੇ ਸਾੜ ਕੇ, ਕਾਤਲ ਜਿਧਰੋਂ ਆਏ ਸੀ, ਉਧਰ ਚਲੇ ਗਏ। ਉਹ ਕੌਣ ਸਨ ? ਕਿਧਰੋਂ ਆਏ ਸਨ ? ਕਿਸੇ ਨੂੰ ਕੱਖ ਪਤਾ ਨਾ ਲਗਾ।

ਇਹ ਖੂਨੀ ਕਾਰਾ ਰਾਤ ਦੇ ਦੋ ਵਜੇ ਹੋਇਆ ਸੀ, ਜਦੋਂ ਸਿਆਲ ਦੀ ਰੁਤ ਹੋਣ ਕਰਕੇ ਲੋਕ ਸਾਰੇ ਅੰਦਰੀਂ ਸੁਤੇ ਹੋਏ ਸਨ। ਕੋਈ ਰੌਲਾ ਨਹੀਂ ਸੀ ਸੁਣ ਸਕਿਆ। ਕੋਈ ਅੱਗ ਦਾ ਧੂੰਆਂ ਜਾਂ ਅੱਗ ਦੀਆਂ ਲਾਟਾਂ ਨਹੀਂ ਸੀ ਦੇਖ ਸਕਿਆ।

ਕਤਲ ਕਰਨ ਵਾਲੇ ਥੋੜੇ ਨਹੀਂ ਸਨ। ਸਗੋਂ ਉਨ੍ਹਾਂ ਦੀ ਗਿਣਤੀ ਦਸਾਂ ਦੇ ਲਗ ਪਗ ਸੀ। ਉਨ੍ਹਾਂ ਨੇ ਘਰ ਦੀਆਂ ਜਨਾਨੀਆਂ ਨੂੰ ਕੁਝ ਨਹੀਂ ਸੀ ਕਿਹਾ। ਇਹ ਜ਼ਰੂਰੀ ਤੁਰਦੇ ਹੋਏ ਆਖ ਗਏ ਸਨ—



Sri Satguru Jagjit Singh Ji eLibrary NamdhariElibrary@gmail.com

'ਜਿਹੜਾ ਦੂਸਰਿਆਂ ਨਾਲ ਭੈੜਾ ਸਲੂਕ ਕਰਦਾ ਹੈ, ਵੈਸਾ ਉਸ ਨਾਲ ਹੁੰਦਾ ਹੈ। ਪੁਲਸ ਨੂੰ ਆਖਣਾ ਇਸ ਦੇ ਵੈਰੀ ਆਏ ਸਨ, ਤੇ ਮਾਰ ਕੇ ਚਲੇ ਗਏ। ਵਸਦਿਆਂ ਨੂੰ ਨਿਰਦੋਸ਼ ਉਜਾੜਨਾ ਠੀਕ ਨਹੀਂ ਹੁੰਦਾ।'

ਜਿਉਂ ਜਿਉਂ ਲੋਕਾਂ ਨੂੰ ਪਤਾ ਲਗਾ ਕਿ ਜ਼ੈਲਦਾਰ ਦਾ ਪੁਤਰ ਮਾਰ ਕੇ ਸਾੜ ਦਿਤਾ ਗਿਆ, ਤਿਉਂ ਤਿਉਂ ਉਹ ਘਰ ਛਡ ਕੇ ਬਾਹਰ ਨੂੰ ਨਸਦੇ ਗਏ, ਬਹੂ-ਬੇਟੀਆਂ ਦੀ ਇਜ਼ਤ ਰਖਣ ਦਾ ਉਪਰਾਲਾ ਕਰਦੇ ਗਏ। ਰਾਣੀਪੁਰ ਦੇ ਵਸਨੀਕਾਂ ਨੂੰ ਭਾਜੜਾਂ ਪੈ ਗਈਆਂ।



Sri Satguru Jagjit Singh Ji eLibrary NamdhariElibrary@gmail.com

# ੩੩.

ਜਿਵੇਂ ਹਰ ਜੀਵਨ ਅਧੂਰਾ ਹੈ, ਤਿਵੇਂ ਮਨੁਖ-ਮਨ ਦੇ ਵਿਚਾਰ ਉਸ ਦੀਆਂ ਸੱਧਰਾਂ ਸਦਾ ਅਧੂਰੀਆਂ ਹੀ ਰਹੀਆਂ ਹਨ । ਅਧੂਰੇ ਪਨ ਦੀ ਹੱਦ ਹੈ ਸੰਤੋਖ । ਜਿਹੜਾ ਜੀਵ ਸੰਤੋਖ ਤੇ ਭਾਣੇ ਦਾ ਆਸਰਾ ਲੈ ਕੇ ਜੀਵਨ ਦੇ ਦਿਨ ਬਤੀਤ ਕਰਦਾ ਹੈ, ਉਹ ਸਦਾ ਸੁਖੀ ਰਹਿੰਦਾ ਹੈ। ਪਰ ਐਸਾ ਪੁਰਸ਼ ਕੋਈ ਵਿਰਲਾ ਹੀ ਹੁੰਦਾ ਹੈ। ਆਮ ਇਸਤ੍ਰੀ-ਪੁਰਸ਼ ਅਧੂਰੇ ਜੀਵਨ ਤੇ ਪਛਤਾਉਂਦੇ ਹੋਏ ਹੀ ਨਿਰਾਸਤਾ ਦੇ ਭਾਰ ਹੇਠਾਂ ਜੀਵਨ ਦੇ ਦਿਨ ਕਟ ਜਾਂਦੇ ਹਨ !

ਆਜ਼ਾਦੀ ਦੇ ਸੰਗ੍ਰਾਮ ਦੇ ਦਿਨਾਂ ਵਿਚ ਨਿਹਾਲੋ ਜਵਾਨ ਹੋਈ। ਭਾਵੇਂ ਉਹ ਇਕ ਪੇਂਡੂ, ਸ਼ਰਮ-ਹਯਾ, ਮਾਂ ਬਾਪ ਤੇ ਸਮਾਜ ਦਾ ਡਰ ਮੰਨਣ ਵਾਲੀ ਸੀ, ਫਿਰ ਵੀ ਉਸ ਕੋਲ ਦਿਲ ਸੀ। ਜਵਾਨ, ਰੰਗੀਲਾ ਪਿਆਰ ਤੇ ਜੋਸ਼ ਵਾਲਾ ਦਿਲ। ਸਮੇਂ ਦੀ ਕਠੋਰਤਾ, ਸਰਮਾਏਦਾਰੀ ਤੇ ਜਗੀਰਦਾਰੀ ਦੀ ਕਰੂਪਤਾ ਅਤੇ ਵਿਗੜੀਆਂ ਜਵਾਨੀਆਂ ਨੇ ਉਸ ਨੂੰ ਡਰਾਇਆ, ਉਸ ਦੇ ਜੀਵਨ ਦੀ ਪਵਿਤਰਤਾ ਭੰਗ ਕਰਨ ਦਾ ਜਤਨ ਕੀਤਾ, ਕੁਦਰਤ ਵਲੋਂ ਉਹ ਹਰ ਖਤਰੇ ਤੋਂ ਬਚਦੀ ਰਹੀ ਤੇ ਸਹਿਮੀ ਰਹੀ



Sri Satguru Jagjit Singh Ji eLibrary NamdhariElibrary@gmail.com

ਫਿਰ ਵੀ ਉਸਦੇ ਧੜਕਦੇ ਦਿਲ ਤੇ ਨਿਰਮਲ ਨੇਤਰਾਂ ਵਿਚ ਪਿਆਰ ਦੀ ਝਲਕ ਸੀ। ਉਹ ਰਾਮ ਸਿੰਘ ਨਾਲ ਪਿਆਰ ਕਰਦੀ ਸੀ। ਉਸ ਨੂੰ ਜੀਵਨ ਸਾਥੀ ਬਣਾਉਣਾ ਚਾਹੁੰਦੀ ਸੀ, ਪਰ ਜ਼ਬਾਨ ਨਹਾਂ ਸੀ ਖੋਲ ਸਕਦੀ। ਸ਼ਰਮ ਤੇ ਡਰ ਦਾ ਜਿੰਦਰਾ ਉਸ ਦੀ ਜ਼ਬਾਨ ਨੂੰ ਲੱਗਾ ਹੋਇਆ ਸੀ।

ਮੰਗੋ ਕੋਲ ਉਸਨੇ ਪਿਆਰ-ਭੇਤ ਪ੍ਰਗਟ ਕੀਤਾ ਸੀ। ਉਸ ਨੇ ਭਰੋਸਾ ਦਿਤਾ ਸੀ ਕਿ ਉਹ ਨਿਹਾਲੋ ਦੀ ਮਾਸੀ ਨੂੰ ਦਸੇਗੀ, ਪਰ ਮੰਗੋ ਤਾਂ ਆਪ ਔਕੜਾਂ ਵਿਚ ਫਸ ਗਈ। ਨਿਹਾਲੋ ਨੂੰ ਵੀ ਕੁਝ ਦਿਨ ਘਰੋਂ ਬਾਹਰ ਰਹਿਣਾ ਪਿਆ। ਉਸ ਦੇ ਸੁਫਨੇ ਅਧੂਰੇ ਰਹੇ। ਉਸ ਦੀ ਮਾਸੀ, ਮਾਤਾ ਤੇ ਬਾਪ ਨੇ ਮਿਲ ਕੇ ਛੇਤੀ ਤੋਂ ਛੇਤੀ ਉਸ ਦਾ ਵਿਆਹ ਕਰ ਦੇਣਾ ਹੀ ਠੀਕ ਸਮਝਿਆ।

ਆਦਮਪੁਰ ਵਿਚ ਨਿਹਾਲੋ ਦਾ ਵਿਆਹ ਰਚਾਇਆ ਗਿਆ। ਭਾਈਚਾਰਕ ਸਮੇਂ ਚੰਗੇ ਸਨ। ਸਾਰੇ ਪਿੰਡ ਨੇ ਮਿਲਵਰਤਨ ਦਿਤਾ। ਥੋੜਾ ਜਿਹਾ ਮੇਲ ਸਦਿਆ। ਸਿਰਫ ਨੇੜੇ ਦੇ ਰਿਸ਼ਤੇਦਾਰ ਆਏ, ਕਿਉਂਕਿ ਸੋਹਣ ਸਿੰਘ ਬੇ-ਘਰ ਹੋ ਕੇ ਹੀ ਧੀ ਦਾ ਵਿਆਹ ਕਰ ਰਿਹਾ ਸੀ। ਉਸ ਦਲੇਰ ਮਰਦ ਨੇ ਇਹ ਜਾਤਾ ਸੀ ਕਿ ਧੀ ਦੇ ਹੱਥ ਪੀਲੇ ਕਰਕੇ ਉਹ ਸਰਖਰੂ ਹੋ ਜਾਏਗਾ। ਧੀ ਦੇ ਧਰਮ ਦਾ ਸਵਾਲ ਸੀ, ਬਾਕੀ ਦੀਆਂ ਔਕੜਾਂ ਸਿਰ ਝਲ ਸਕਦਾ ਸੀ।

ਨਿਹਲੋ ਮਾਈਏਂ ਪਈ, ਚੂੜਾ ਚੜ੍ਹਾਇਆ ਗਿਆ, ਗਾਨਾ ਬੰਨ੍ਹਿਆ ਗਿਆ ਤੇ ਘਰ ਬੰਦ ਰਹਿਨ ਲਗੀ। ਮੇਲ ਆਇਆ, ਘਰ ਵਿਚ ਰੌਣਕ ਹੋਈ, ਕੁੜੀਆਂ ਉਸ ਦੇ ਕੋਲ ਬੈਠ ਕੇ ਉਸ ਦਾ ਦਿਲ ਬਹਿਲਾਉਣ ਲਗੀਆਂ। ਬਰਾਤ ਆਉਣ ਵਿਚ ਅਜੇ ਕੁਝ ਸਮਾਂ ਸੀ ਕਿ ਤਰਕਾਲਾਂ ਨੂੰ ਧਰਮ ਸਿੰਘ ਤੇ ਰਾਮ ਸਿੰਘ ਵਿਆਹ ਵਾਲੇ ਘਰ ਦਾਖਲ ਹੋਏ। ਉਨ੍ਹਾਂ ਨੇ ਭੇਸ ਬਦਲੇ ਹੋਏ ਸੀ। ਉਹ ਨਿਰਮਲੇ ਸਾਧੂ ਬਣੇ ਹੋਏ ਸਨ। ਉਹਨਾਂ ਨੂੰ ਪਛਾਨਣਾ ਔਖਾ ਸੀ।

ਧਰਮ ਸਿੰਘ ਨੇ ਨਿਹਾਲੋ ਦੀ ਮਾਸੀ ਨੂੰ ਵੇਖ ਕੋਲ ਸਦਿਆ



Sri Satguru Jagjit Singh Ji eLibrary NamdhariElibrary@gmail.com

ਤੇ ਪਾਸੇ ਕਰਕੇ ਕਿਹਾ—'ਚਾਚੀ ! ਮੈਂ ਧਰਮ ਸਿੰਘ ਹਾਂ, ਮੰਗੋ ਦਾ ਪੁਤਰ ! ਕੁਝ ਪਤਾ ਮਾਂ ਦਾ ?

ਨਿਹਾਲੋ ਦੀ ਮਾਸੀ ਕੁਝ ਸਮਝਦਾਰ ਤੇ ਹੌਂਸਲੇ ਵਾਲੀ ਤੀਵੀਂ ਸੀ। ਉਸ ਨੇ ਉਤਰ ਦੇਣ ਤੋਂ ਪਹਿਲਾਂ ਦੋਹਾਂ ਨੂੰ ਇਕ ਪਾਸੇ ਅੰਦਰ ਬਿਠਾਇਆ। ਜਲ-ਪਾਣੀ ਪੁਛਿਆ ਤੇ ਇਕਾਂਤ ਵਿਚ ਦਸਿਆ, 'ਉਹ ਤਾਂ ਪਿੰਡ ਆਈ ਈ ਨਹੀਂ। ਸੁਣਿਆ, ਸ਼ਾਮ ਅਮਲੀ ਨੇ ਪੁਲਸ ਦੇ ਹਵਾਲੇ ਕਰ ਦਿਤੀ ਸੀ ਤੇ ਸ਼ਾਮਾ ਦੁਸ਼ਟ ਵੀ ਬੁਰੀ ਮੌਤੇ ਮਰਿਆ ਗਿਆ।'

'ਚਾਚੀ ! ਮਾਂ ਨੂੰ ਪੁਲਸ ਨੇ ਬਹੁਤ ਤੰਗ ਕੀਤਾ, ਮਾਰਿਆ ਕੁਟਿਆ ਲਾਹੌਰ ਕਿਲ ਵਿਚ ਰਖਿਆ, ਪਰ ਆਖਦੇ ਹਨ, ਉਹ ਕਸ਼ਟ ਨਾ ਸਹਿ ਸਕੀ ਤੇ ਪਾਗਲ ਹੋ ਗਈ। ਪਾਗਲ ਹੋਈ ਵੇਖ ਕੇ, ਪੁਲਸ ਨੇ ਛੱਡ ਦਿਤੀ। ਹੁਣ ਉਹ ਏਧਰ ਕਿਤੇ ਫਿਰਦੀ ਦਸੀ ਜਾਂਦੀ ਹੈ।' ਧਰਮ ਸਿੰਘ ਨੇ ਆਖਿਆ।

'ਹਾਇ ਮੈਂ ਮਰਾਂ ! ਕੈਸੇ ਭਾਣੇ ਬਰਤ ਗੇ। ਏਥੇ ਤਾਂ ਨਹੀਂ ਆਈ। ਕੀ ਪਤਾ ਬਿਚਾਰੀ ਕਿਸ ਹਾਲਤ ਬਿਚ ਹੋਏਗੀ !'

ਨਿਹਾਲੋ ਦੀ ਮਾਸੀ ਕੁਝ ਹੈਰਾਨ ਹੋ ਕੇ ਦੁਖ ਨਾਲ ਬੋਲੀ। ਉਹ ਮੰਗੋ ਨਾਲ ਨਿੱਘੀ ਸਾਂਝ ਰਖਦੀ ਸੀ। ਦੋਵੇਂ ਜਵਾਨੀ ਤੋਂ ਸਹੇਲੀਆਂ ਬਣੀਆਂ ਹੋਈਆਂ ਸਨ।

'ਨਿਹਾਲੋ !' ਧਰਮ ਸਿੰਘ ਨੇ ਪੁਛਿਆ।

'ਅੰਦਰ ਬੈਠੀ ਹੈ। ਵਿਆਹ ਦੇਣ ਲਗੇ ਆਂ, ਰਾਣੀਪੁਰ ਦੇ ਜ਼ੈਲਦਾਰਾ ਉਨ੍ਹਾਂ ਨੂੰ ਵਸਣ ਨਹੀਂ ਦਿਤਾ।'

'ਕੋਈ ਡਰ ਨਹੀਂ, ਆਪ ਵੀ ਤਾਂ ਨਹੀਂ ਵਸੇ। ਚੰਗਾ ਹੈ, ਵਿਆਹ ਕਰਨ ਲਗੇ ਹੋ।'

ਨਿਹਾਲੋ ਦੀ ਮਾਸੀ ਨੇ ਦੋਹਾਂ ਨੂੰ ਮਿਠਾ ਪਾਣੀ ਪਿਲਾਇਆ। ਰੋਟੀ ਪੁਛੀ। ਗਲਾਂ ਕਰਨ ਪਿਛੋਂ ਧਰਮ ਸਿੰਘ ਨੇ ਨਿਹਾਲੋ ਦੀ ਮਾਸੀ ਨੂੰ ਕਿਹਾ, 'ਚਾਚੀ ! ਇਹ ਲੈ ਦੋ ਸੌ ਰੁਪਿਆ ! ਨਿਹਾਲੋ ਭੈਣ ਨੂੰ ਟੂੰਮ



Sri Satguru Jagjit Singh Ji eLibrary NamdhariElibrary@gmail.com

ਬਣਾ ਦੇਣੀ। ਅਸਾਡਾ ਤਾਂ ਕੋਈ ਪਤਾ ਨਹੀਂ-ਸਾਰੇ ਸਾਥੀ ਫੜੇ ਜਾ ਰਹੇ ਨੇ ਕੁਝ ਸ਼ਹੀਦ ਹੋ ਗਏ। ਕੀ ਪਤਾ ਫੜੇ ਜਾਣ ਪਿਛੋਂ ਫਾਂਸੀ ਸਜ਼ਾ ਮਿਲੇ ਕਿ ਕਾਲੇ ਪਾਣੀ ਦੀ।'

ਇਹ ਆਖ ਕੇ ਧਰਮ ਸਿੰਘ ਨੇ ਚਾਂਦੀ ਦੇ ਰੁਪਿਆਂ ਦੀ ਇਕ ਥੈਲੀ ਝੋਲੇ ਵਿਚੋਂ ਕਢ ਕੇ ਨਿਹਾਲੋ ਦੀ ਮਾਸੀ ਨੂੰ ਫੜਾਈ ਤੇ ਕਿਹਾ, 'ਭੈਣ ਨੂੰ ਰਤਾ ਸਦ।'

ਦੋ ਸੌ ਰੁਪਏ ਦੀ ਥੈਲੀ ਤਾਂ ਨਿਹਾਲੋ ਦੀ ਮਾਸੀ ਨੇ ਨਾ ਫੜੀ। ਉਹ ਜਿਥੇ ਰਖੀ ਉਥੇ ਪਈ ਰਹੀ, ਪਰ ਉਹ ਖੁਸ਼ੀ ਤੇ ਗਮੀ ਦੇ ਮਿਲਵੇਂ ਭਾਵ ਨਾਲ ਪਰੇਰਤ ਹੋ ਕੇ ਕੁਝ ਹੈਰਾਨ ਜਹੀ ਹੋਈ, ਉਠ ਕੇ ਚਲੀ ਗਈ ਤੇ ਨਾਲ ਦੇ ਕੋਠੇ ਵਿਚੋਂ ਨਿਹਾਲੋ ਨੂੰ ਸੱਦ ਲਿਆਈ। ਉਸ ਨੂੰ ਦਸ ਦਿਤਾ ਕਿ ਧਰਮ ਸਿੰਘ ਆਇਆ ਹੈ।

ਮਾਈਏਂ ਪਈ, ਕਲੀਰੇ ਹਥੀਂ ਬੰਨ੍ਹੀ, ਨਿਹਾਲੋ ਦੋਹਾਂ ਦੇ ਕੋਲ ਆਈ। ਖੁਸ਼ੀ ਨਾਲ ਉਸ ਦਾ ਦਿਲ ਧੜਕਣ ਲਗ ਪਿਆ, ਅਖਾਂ ਵਿਚ ਹੰਝੂ ਆ ਗਏ ਨ ਤੇ ਉਸ ਬੋਲ ਨਾ ਸਕੀ। ਖਲੋ ਗਈ। ਧਰਮ ਸਿੰਘ ਉਠਿਆ। ਉਸ ਨੇ ਉਹਦੇ ਸਿਰ ਤੇ ਪਿਆਰ ਦਿਤਾ ਤੇ ਆਖਿਆ, 'ਤਕੜੀ ਆਂ ਨਿਹਾਲੋ!'

'ਆਹੋ ਭਊ!' ਮੁਸ਼ਕਲ ਨਾਲ ਉਸ ਦੀ ਜ਼ਬਾਨੋਂ ਨਿਕਲਿਆ।

'ਇਹ ਦੇਖ ਸੰਤ ਮਹਾਤਮਾ ਬਣੇ ਹੋਏ ਰਾਮ ਸਿੰਘ! ਆਖਦਾ ਸੀ ਇਕ ਵਾਰ ਜ਼ਰੂਰ ਮਿਲਣਾ ਹੈ। ਨਿਹਾਲੋ ਨੂੰ ਦੇਖਣਾ ਹੈ।'

ਨਿਹਾਲੋ ਨੇ ਦੇਖਿਆ! ਪਛਾਣ ਤਾਂ ਉਸ ਨੇ ਪਹਿਲਾਂ ਹੀ ਲਿਆ ਸੀ, ਪਰ ਉਹ ਕੀ ਆਖਦੀ? ਕਿਵੇਂ ਮਨ ਦੇ ਭਾਵ ਪ੍ਰਗਟ ਕਰਦੀ? ਉਸ ਦੀ ਜੰਵ ਆਉਣੀ ਸੀ, ਮਲ ਘਰ ਆਇਆ ਸੀ, ਉਸ ਦੀ ਬਾਹੀਂ ਚੂੜਾ ਪੈ ਚੁਕਿਆ ਸੀ, ਮਾਸੀ ਕੋਲ ਸੀ। ਮੋਟੀਆਂ ਅਖਾਂ ਖੋਲ੍ਹੀਆਂ, ਪੂਰੀ ਚੇਤਨਾ ਨਾਲ ਦੇਖਿਆ ਤੇ ਸਿਰਫ ਇਹੋ ਕਿਹਾ- 'ਦੇਖ ਲੋ!'

ਰਤਾ ਰੁਕ ਕੇ ਫਿਰ ਹੌਲੀ ਜਹੀ ਬੋਲੀ, 'ਹੀਰ ਵਾਂਗ ਰੋਂਦੀ ਨੂੰ



Sri Satguru Jagjit Singh Ji eLibrary NamdhariElibrary@gmail.com

ਡੋਲੀ ਪਾ ਕੇ ਤੋਰ ਦਿਤਾ ਜ ਏਗਾ। ਕੀ ਪਤਾ ਫਿਰ ਮੇਲ ਹੋਏ ਕਿ ਨਾ ?'

ਜ਼ਰੂਰ ਮਿਲਾਂਗੇ।' ਰਾਮ ਸਿੰਘ ਬੋਲਿਆ।

ਨਿਹਾਲੋ ਦੀ ਸੂਰਤ, ਉਸ ਦੇ ਹੰਝੂਆਂ ਤੇ ਉਹਦੇ ਬੋਲ ਨੇ ਰਾਮ ਸਿੰਘ ਦੇ ਦਿਲ ਦੀ ਹਾਲਤ ਬਦਲ ਦਿਤੀ ਸੀ। ਦਿਲ-ਦਿਮਾਗ਼ ਵਿਚ ਖਲਬਲੀ ਮਚ ਗਈ ਸੀ। ਉਹ ਵੀ ਸੋਚਦਾ ਸੀ, ਕੀ ਆਖੇ ? ਕੀ ਕਰੇ ? ਉਹ ਮੈਦਾਨਿ ਜੰਗ ਦਾ ਸਿਪਾਹੀ ਸੀ। ਬਰਤਾਨਵੀ ਸਾਮਰਾਜ ਦੀ ਸਾਰੀ ਪੁਲਸ ਤੇ ਫੌਜ ਉਸ ਦੀ ਭਾਲ ਵਿਚ ਸੀ। ਭਵਿਖਤ ਦਾ ਕੀ ਪਤਾ, ਉਸ ਨੂੰ ਕੈਦ ਹੋਣੀ ਸੀ ਫਾਂਸੀ ? ਉਸ ਦੇ ਬਰਾਂਦੇ ਬੁਲ੍ਹਾਂ ਤੋਂ ਸਿਰਫ ਇਹੋ ਨਿਕਲਿਆ—

'ਜ਼ਰੂਰ ਮਿਲਾਂਗੇ।'

'ਕਲ ਤਕ ਰਹੋਗੇ ?' ਨਿਹਾਲੋ ਨੇ ਪੁਛਿਆ।

'ਹਾਂ।' ਧਰਮ ਸਿੰਘ ਨੇ ਉਤਰ ਦਿਤਾ।

'ਪਰ ਰਹਾਂਗੇ ਬਾਹਰ। ਲਾਵਾਂ ਵੇਲੇ ਬੈਠਾਂਗੇ।

ਨਿਹਾਲੋ ਕੁਝ ਆਖਣ ਹੀ ਲਗੀ ਕਿ ਉਸ ਦੀ ਮਾਸੀ ਤੇ ਦੋ ਮੇਲਣਾਂ ਨੇੜੇ ਆ ਗਈਆਂ। ਮੇਲਣਾਂ ਨੇ ਦੋਹਾਂ ਨੂੰ ਸਚਮੁਚ ਸੰਤ ਜਾਤਾ ਤੇ ਉਨ੍ਹਾਂ ਨੂੰ ਮਥੇ ਟੇਕ ਦਿਤੇ। ਦੋਹਾਂ ਨੇ ਅਗੋਂ ਸ਼ੁਭ ਅਸੀਸਾਂ ਦਿਤੀਆਂ ਤੇ ਬਚਨ-ਬਿਲਾਸ ਹੋਣ ਲਗ ਪਏ।

ਨਿਹਾਲੋ ਰਤਾ ਦੂਰ ਹੋ ਕੇ ਬੈਠ ਗਈ ਤੇ ਰਾਮ ਸਿੰਘ ਵਲ ਦੇਖੀ ਜਾਣ ਲਗੀ। ਦੇਖੀ ਤੇ ਸੋਚੀ ਜਾਣ ਲਗੀ, ਉਹ ਕੀ ਆਖੇ।

ਬਰਾਤ ਆ ਗਈ। ਪਿੰਡ ਵਿਚ ਰੌਣਕ ਹੋ ਗਈ। ਵਾਜਾ ਤੇ ਆਤਸ਼ਬਾਜ਼ੀ ਜਾਂਞੀ ਨਾਲ ਲਿਆਏ ਸਨ। ਅਧੀ ਰਾਤ ਤਕ ਧੂਮ ਧਾਮ ਰਹੀ ਤੇ ਫਿਰ ਚੁਪ।

ਅਗਲਾ ਦਿਨ ਚੜ੍ਹਿਆ। ਭਾਈ ਸਦਿਆ ਗਿਆ। 'ਬਾਬੇ ਦੀ ਦੇਹ' (ਸ੍ਰੀ ਗੁਰੂ ਗ੍ਰੰਥ ਸਾਹਿਬ) ਗੁਰਦਵਾਰੇ ਵਿਚੋਂ ਘਰ ਲਿਆ ਕੇ ਪ੍ਰਕਾਸ਼ ਕੀਤਾ ਗਿਆ ਜਾਂਞੀ ਤੇ ਮਾਞੀ ਬੈਠ ਗਏ। ਭਾਈ ਜੀ ਸ਼ਬਦ ਪੜ੍ਹਨ ਲਗੇ। ਸ਼ਬਦਾ ਦੇ ਪਿਛੋਂ ਲਾਵਾਂ ਹੋਇਆਂ। ਲਾਵਾਂ ਦੇ ਸਮੇਂ



Sri Satguru Jagjit Singh Ji eLibrary NamdhariElibrary@gmail.com

ਚਾਦਰ ਤੇ ਫੁਲਕਾਰੀ ਵਿਚ ਵਲ੍ਹੇਟੀ ਹੋਈ ਨਿਹਾਲੋ, ਚਾਚੇ, ਮਾਸੜ ਤੇ ਭਰਾਵਾਂ ਦੇ ਹਥਾਂ ਦੇ ਆਸਰੇ ਲਾੜੇ ਦੇ ਪਿਛੇ ਪਿਛੇ ਫਿਰਦੀ ਰਹੀ। ਉਸ ਦਾ ਮੂੰਹ ਸਿਰ ਐਨਾ ਕਜਿਆ ਸੀ ਕਿ ਉਸ ਨੂੰ ਕਿਸੇ ਇਸਤ੍ਰੀ ਪੁਰਸ਼ ਦਾ ਪਤਾ ਨਹੀਂ ਸੀ। ਉਸ ਨੇ ਤਾਂ ਆਪਣੇ ਹੋਣ ਵਾਲੇ ਪਤੀ ਦੀ ਸ਼ਕਲ ਸੂਰਤ ਵੀ ਨਹੀਂ ਸੀ ਤੱਕੀ। ਉਹ ਪੜਦੇ ਉਹਲੇ ਰੋਈ ਜਾਂਦੀ ਸੀ। ਸੋਚੀ ਜਾਂਦੀ ਸੀ, ਜੀਵਨ ਵਿਚ ਬੀਤੀਆਂ ਗਲਾਂ ਨੂੰ ਚੇਤੇ ਕਰੀ ਜਾਂਦੀ ਸੀ।

ਲਾਵਾਂ ਹੋ ਗਈਆਂ। ਸਿਖਿਆ ਦਿਤੀ ਗਈ। ਲਾੜੇ ਸਮੇਤ ਜਾਂਞੀ ਉਠ ਕੇ ਬਾਹਰ ਚਲੇ ਗਏ। ਪਿੰਡ ਦੇ ਚੌਂਕ ਵਿਚ ਬੁਢੇ ਪਿਪਲ ਦੇ ਹੇਠਾਂ ਜੰਞ ਦਾ ਉਤਾਰਾ ਸੀ। ਭੰਡ ਵੇ ਨਕਲਾਂ ਏ ਆ ਗਏ। ਜਾਞੀਆਂ ਦਾ ਮਨ ਪ੍ਰਚਾਵਾ ਹੋ ਰਿਹਾ ਸੀ ਕਿ ਇਕ ਦਮ ਸਭ ਦਾ ਧਿਆਨ ਬਾਹਰੋਂ ਆ ਰਹੀ ਗਲੀ ਵਲ ਹੋ ਗਿਆ।

ਗਲੀ ਵਿਚ ਅਨੋਖੇ ਹੀ ਹੁਲੀਏ ਨਾਲ ਮੰਗੋ ਖਲੋਤੀ ਸੀ। ਉਸ ਦੇ ਸਿਰ ਦੇ ਵਾਲ ਕੱਟੇ ਹੋਏ ਛੱਤੇ ਸਨ। ਉਹ ਵੀ ਮਿੱਟੀ ਘਟੇ ਭਰੇ ਖਰੂਵੇ ਤੇ ਕੰਡਿਆਂ ਵਾਂਗ ਖਲੋਤੇ ਸਨ। ਉਸ ਦੇ ਗਲ ਲੀਰਾਂ ਦਾ ਬੁਕ ਕੁੜਤਾ ਸੀ। ਉਹ ਕੁੜਤਾ ਮੈਲ ਤੇ ਥਿੰਦਾ ਸੀ। ਤਨ ਨੂੰ ਪੂਰਾ ਨਹੀਂ ਸੀ ਕੱਜ ਸਕਦਾ। ਮੰਗੋ ਦੀਆਂ ਛਾਤੀਆਂ ਅਧ ਕਜੀਆਂ ਸਨ, ਕਿਤਿਓਂ ਕਿਤਿਓਂ ਪਿੰਡਾ ਦਿਸਦਾ ਸੀ। ਖਦਰ ਦੀ ਕਾਲੀ ਤੇੜ ਸਲਵਾਰ ਸੀ। ਉਸ ਦੀ ਮੈਲ ਨੂੰ ਰੰਗ ਨੇ ਮਿਲਾਇਆ ਹੋਇਆ ਸੀ, ਹੱਥ ਵਿਚ ਇਕ ਬੇਰੀ ਦੀ ਸੋਟੀ, ਸਿਰ ਤੇ ਪੈਰਾਂ ਤੋਂ ਨੰਗੀ, ਅਖਾਂ ਲਾਲ, ਚਿਹਰੇ ਤੇ ਮੈਲ ਦੀਆਂ ਘਰਾਲਾਂ ਸਨ। ਬੁਲ੍ਹਾਂ ਉਤੇ ਪਿਪੜੀ ਜੰਮੀ ਹੋਈ ਸੀ। ਲੋਕਾਂ ਦਾ ਧਿਆਨ ਉਸ ਵਲ ਸ਼ਾਇਦ ਨਾ ਹੀ ਜਾਂਦਾ ਜੇ ਉਹ ਖਿੜ ਖਿੜਾ ਕੇ ਹੱਸਦੀ ਨਾ ਹਾਸੇ ਦੇ ਨਾਲ ਹੀ ਖੁਲ੍ਹੀਆਂ ਬੇ-ਤੁਕੀਆਂ ਬੋਲਣ ਲਗ ਪਈ—

ਆ ਗਈ। ਮੈਂ ਆਪਣੇ ਪਿੰਡ ਆ ਗਈ!

..ਤੇਰਾ ਰਾਜ ਨਾ ਫਰੰਗੀਆ ਰਹਿਣਾਂ! ਤੇਰਾ ਰਾਜ ਨਾ... ਰਾਜ ਨਾ ਫਰੰਗੀਆ ਰਹਿਣਾ—ਜ਼ੁਲਮ ਕਮਾ ਲਾ ਰਜ ਕੇ—ਤੇਰਾ ਰਾਜ



Sri Satguru Jagjit Singh Ji eLibrary NamdhariElibrary@gmail.com

ਵੇ... !'

ਉਸ ਨੇ ਹਥ ਉਚਾ ਕਰਕੇ, ਇਕ ਗਵੱਈਏ ਵਾਂਗ ਉਚੀ ਹੇਕ ਤੇ ਮਿਠੀ ਸੁਰ ਨਾਲ ਟਪੇ ਦੀ ਤਰਜ਼ ਤੇ ਗਾਇਆ।

'ਜੰਵ ! ਕਿਸ ਦੀ ਜੰਵ ਆਈ ?' ਜਾਂਞੀਆਂ ਵਲ ਦੇਖ ਕੇ ਉਹ ਬੋਲੀ। ਉਸ ਨੇ ਬੜੇ ਧਿਆਨ ਨਾਲ ਸਾਰੇ ਜਾਂਞੀਆਂ ਵਲ ਦੇਖਿਆ।

'ਇਹ ਤਾਂ ਮੰਗੋ ਹੈ ! ਮੰਗੋ ਮਹਿਰੀ-ਧਰਮੇ ਦੀ ਮਾਂ।' ਪਿੰਡ ਦੇ ਬੰਦਿਆਂ ਨੇ ਰੌਲਾ ਪਾ ਦਿਤਾ।

ਉਹੋ ਜਿਸ ਨੂੰ ਡਾਕੂ ਚੁਕ ਕੇ ਲੈ ਗਏ ਸਨ। ਇਹ ਪਾਗ਼ਲ ਹੋ ਗਈ। ਮੰਗੋ ਪਾਗ਼ਲ !'

ਲੋਕਾਂ ਦੇ ਬੋਲਾਂ ਨੂੰ ਮੰਗੋ ਨੇ ਸੁਣ ਲਿਆ। ਪਾਗ਼ਲ ਦੇ ਕੰਨ ਬੜੇ ਪਤਲੇ ਹੁੰਦੇ ਹਨ। ਉਹ ਸੁਣ ਕੇ ਬੋਲੀ, 'ਕੌਣ ਆਖਦਾ ਆ ਮੈਂ ਪਾਗ਼ਲ ਆਂ !'

ਇਹ ਆਖਦੀ ਹੋਈ ਉਹ ਅਗੇ ਨਿਕਲ ਗਈ। ਪਿੰਡ ਦੇ ਬਚੇ ਨਿਆਣੇ ਉਸ ਦੇ ਮਗਰ ਲਗ ਗਏ। ਉਸਦੀ ਹਾਲਤ ਬੜੀ ਤਰਸਯੋਗ ਸੀ। ਸਮਝਦਾਰ ਦੇਖ ਕੇ ਅਥਰੂ ਕੇਰਨ ਲਗੇ ਤੇ ਮੂਰਖ ਹੱਸਣ।

ਮੰਗੋ ਨੇ ਪਿੰਡ ਨੂੰ ਸਿਆਣ ਲਿਆ। ਆਪਣੇ ਘਰ ਨੂੰ ਦੇਖਿਆ, ਜਿਹੜਾ ਢੱਠਾ ਹੋਇਆ ਖੋਲਾ ਬਣ ਗਿਆ ਸੀ ਤੇ ਪੁਲਸ ਵਾਲਿਆਂ ਨੇ ਢਾਹ ਢੇਰੀ ਕੀਤਾ ਸੀ।

ਨਿਹਾਲੋ ਦੀ ਮਾਸੀ, ਉਸ ਦੀ ਮਾਤਾ, ਪਿੰਡ ਦੀਆਂ ਤੀਵੀਆਂ ਨੇ ਮੰਗੋ ਨੂੰ ਦੇਖਿਆ, ਉਸ ਦੀ ਮੰਦੀ ਦਸ਼ਾ ਤੇ ਅਥਰੂ ਕੇਰੇ। ਸਰਕਾਰ ਨੂੰ ਮੰਦੇ ਬੋਲ ਬੋਲੇ। ਮਰ ਗਏ ਸ਼ਾਮੇ ਅਮਲੀ ਨੂੰ ਗਾਲਾਂ ਦਿਤੀਆਂ ਤੇ ਉਸ ਨੂੰ ਬਿਠਾ ਕੇ ਕੁਝ ਖਵਾਉਣ ਲਗੀਆਂ।

ਜੰਵ ਨੂੰ ਰੋਟੀ ਖਵਾਈ ਗਈ ਡੋਲੀ ਤੋਰਨ ਦੀ ਤਿਆਰੀ ਹੋਈ। ਨਿਹਾਲੋ, ਚੀਕਾਂ ਮਾਰਦੀ ਨਿਹਾਲੋ, ਨੂੰ ਭੂਆ ਨੇ ਚੁਕ ਕੇ ਡੋਲੀ ਵਿਚ ਬਿਠਾਇਆ ਹੀ ਸੀ ਕਿ ਪੁਲਸ ਦੀ ਧਾੜ ਆ ਗਈ ਰੰਗ ਵਿਚ ਭੰਗ ਪੈ ਗਿਆ। ਸਾਰੇ ਪਿੰਡ ਨੂੰ ਘੇਰ ਲਿਆ ਜਾਂਞੀਆਂ ਨੂੰ ਬਿਠਾ ਲਿਆ


Sri Satguru Jagjit Singh Ji eLibrary NamdhariElibrary@gmail.com

ਤੇ ਇਹ ਇਕ ਆਦਮੀ ਦੀ ਸ਼ਨਾਖਤ ਹੋਣੀ ਸ਼ੁਰੂ ਹੋਈ।

ਨਿਹਾਲੋ ਦਾ ਪਿਤਾ ਸੋਹਣ ਸਿੰਘ ਭਰਾ ਨਿਹਾਲ ਸਿੰਘ ਤੇ ਦੋ ਜਾਂਞੀ ਪੁਲਸ ਨੇ ਫੜ ਲਏ।

'ਇਹ ਬੱਬਰਾਂ ਦੇ ਸਾਥੀ ਹਨ। ਜ਼ੈਲਦਾਰ ਦੇ ਪੁਤਰ ਦੇ ਸਾੜਨ ਵਿਚ ਇਹਨਾਂ ਦਾ ਹੱਥ ਹੈ। ਕਿਸੇ ਝੋਲੀਚੁਕ ਨੇ ਥਾਣੇ ਇਤਲਾਹ ਦਿਤੀ ਸੀ।'

ਪਿੰਡ ਦੀ ਤਲਾਸ਼ੀ ਹੋਈ। ਹੋਰ ਕੋਈ ਆਦਮੀ ਸ਼ੱਕੀ ਨਾ ਮਿਲਿਆ। ਚੋਹਾਂ ਨੂੰ ਬਿਠਾ ਕੇ ਜੰਞ ਨੂੰ ਤੁਰਨ ਦਾ ਹੁਕਮ ਦੇ ਦਿਤਾ।

ਨਿਹਾਲੋ ਨੇ ਸੁਣ ਲਿਆ ਕਿ ਉਸ ਦੇ ਪਿਤਾ ਤੇ ਭਰਾ ਨੂੰ ਫੜ ਲਿਆ ਗਿਆ ਸੀ। ਉਸ ਨੂੰ ਇਹ ਵੀ ਪਤਾ ਲਗ ਗਿਆ ਸੀ ਕਿ ਰਾਮ ਸਿੰਘ ਤੇ ਧਰਮ ਸਿੰਘ ਪਿੰਡੋਂ ਨਿਕਲ ਗਏ ਸਨ, ਉਹ ਪੁਲਸ ਦੇ ਹੱਥ ਨਹੀਂ ਆਏ ਸਨ।

ਡੋਲੀ ਵਿਚ ਬੈਠੀ ਹੋਈ ਨਿਹਾਲੋ, ਚੀਕਾਂ ਮਾਰਦੀ ਹੋਈ, ਵੀਰ ਤੇ ਬਾਪ ਦਾ ਖਿਆਲ ਕਰ ਕੇ, ਲਹੂ ਦੇ ਅਥਰੂ ਕੇਰਦੀ ਸਹੁਰੇ ਤੁਰ ਗਈ।

ਸਾਰੇ ਆਦਮਪੁਰ ਵਿਚ ਸੋਗ ਛਾ ਗਿਆ। ਹਾਸੇ, ਖੁਸ਼ੀ ਤੇ ਮਖੌਲ ਦੀ ਥਾਂ, ਡਰ—ਮੌਤ ਦਾ ਡਰ, ਲੁਟ ਦਾ ਡਰ ਤੇ ਨਿਰਾਦਰੀ ਦਾ ਡਰ ਸੀ। ਸਾਰੇ ਥਰ ਥਰ ਕੰਬਣ ਲਗੇ। ਪੁਲਸ ਪਿੰਡ ਵਾਲਿਆਂ ਨੂੰ ਪੁਛਣ ਲਗੀ—

'ਰਾਮ ਸਿੰਘ ਤੇ ਧਰਮ ਸਿੰਘ ਤੁਸਾਂ ਦੇ ਪਿੰਡ ਆਏ ਸਨ, ਕਿਥੇ ਹਨ? ਦਸੋ ਕਿਸ ਦੇ ਘਰ ਰਹੇ ਸੀ? ਕਿਸ ਨੂੰ ਮਿਲੇ ਸੀ?'

ਪਰ ਸਾਰੇ ਚੁਪ ਸਨ।



Sri Satguru Jagjit Singh Ji eLibrary NamdhariElibrary@gmail.com

# ੩੪.

ਸੰਨ ੧੯੨੩ ਤੇ ੨੪ ਈ: ਦੇ ਸਾਲ ਸਿਖ ਕੌਮ ਵਾਸਤੇ ਇਨਾਂ ਕਲਾਬੀ ਸਾਲ ਸਨ। ਸਿਖ ਕੌਮ ਨੇ ਜੀਵਨ ਬਾਜੀ ਲਾਈ ਹੋਈ ਸੀ। ਬਰਤਾਨਵੀ ਸਾਮਰਾਜ ਦੇ ਨਾਲ ਟਕਰ ਸੀ ਤੇ ਉਹ ਵੀ ਬਿਨਾਂ ਹਥਿਆਰਾਂ ਤੋਂ। ਸਤਿਗੁਰੂ ਅਰਜਨ ਦੇਵ ਜੀ ਤੇ ਸਤਿਗੁਰੂ ਤੇਗ ਬਹਾਦਰ ਦੇ ਚਲਾਏ ਸ਼ਾਂਤਮਈ ਸਤਿਆਗ੍ਰਹਿ ਦੇ ਢੰਗ ਨਾਲ ਘੋਲ ਜਾਰੀ ਸੀ।

ਗੁਰੂ ਕੇ ਬਾਗ਼ ਦਾ ਮੋਰਚਾ ਖ਼ਤਮ ਹੋਇਆ ਤਾਂ ਨਾਭੇ ਦਾ ਮੋਰਚਾ ਸ਼ੁਰੂ ਹੋ ਗਿਆ। ਸਾਰੀ ਕੌਮ ਹੀ ਜੇਹਲਾਂ ਵਿਚ ਬੈਠਣ, ਗੋਲੀਆਂ ਖਾਣ ਤੇ ਜਾਇਦਾਦਾਂ ਜ਼ਬਤ ਕਰਾਉਣ ਤੇ ਤੁਲ ਪਈ ਸੀ। ਪੰਜਾਬ ਦੀਆਂ ਜੇਹਲਾਂ ਵਿਚ ਸਿਖ ਹੀ ਸਿਖ ਸਨ। 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਜੇਹਲਾਂ ਦੀਆਂ ਬਾਰਕਾਂ ਗੂੰਜਦੀਆਂ ਰਹਿੰਦੀਆਂ ਸਨ।

ਬੱਬਰ ਅਕਾਲੀ ਫੜੇ ਗਏ। ਪੁਲਸ ਦੇ ਤਸ਼ਦਦ ਨੇ ਕਈਆਂ ਹੌਸਲੇ ਵਾਲਿਆਂ ਨੂੰ ਵੀ ਮੁਖਬਰ ਦੇ ਸੁਲਤਾਨੀ ਗਵਾਹ ਬਣਾ ਲਿਆ। ਸੰਤ ਕਰਤਾਰ ਸਿੰਘ, ਮਹਿੰਦਰ ਸਿੰਘ, ਕ੍ਰਿਪਾਲ ਸਿੰਘ ਤੇ ਕੁਝ ਹੋਰਾਂ ਨੇ



Sri Satguru Jagjit Singh Ji eLibrary NamdhariElibrary@gmail.com

ਕੋਈ ਪੌਣੇ ਦੋ ਸੌ ਬੰਦੇ ਗ੍ਰਿਫਤਾਰ ਕਰਵਾਏ।

ਚਲਾਨ ਕਰਨ ਤੋਂ ਪਹਿਲਾਂ ਪੜਤਾਲ ਹੋਈ। ਪੁਛ ਗਿਛ ਦੇ ਸਮੇਂ ਅਨੇਕਾਂ ਨਾਲ ਸਖ਼ਤੀ ਕੀਤੀ ਗਈ। ਜਿਨ੍ਹਾਂ ਦਾ ਗਵਾਹ ਕੋਈ ਨਾ ਬਣਿਆ ਜਾਂ ਸਬੂਤ ਵੀ ਕੋਈ ਨਹੀਂ ਕਿ ਉਹ ਬਬਰ ਸਨ, ਉਨ੍ਹਾਂ ਕੋਲੋਂ ਪੁਲਸ ਨੇ ਪੈਸੇ ਲੈ ਕੇ ਉਹਨਾਂ ਨੂੰ ਛਡ ਦਿਤਾ। ਫਿਰ ਵੀ ੯੫ ਬੰਦਿਆਂ ਦਾ ਚਲਾਨ ਕਰਕੇ ਲਾਹੌਰ ਸੈਂਟਰਲ ਜੇਹਲ ਵਿਚ ਭੇਜ ਦਿਤਾ ਗਿਆ। ਲਾਹੌਰ ਜੇਹਲ ਵਿਚ ਪਹਿਲਾਂ ਹੀ ਰੌਣਕ ਚੋਖੀ ਸੀ। ਗੁਰਦ-ਵਾਰਾ ਲਹਿਰ ਦੇ ਸਬੰਧ ਵਿਚ ਗ੍ਰਿਫ਼ਤਾਰ ਹੋਏ ਸਿੰਘ ਬੈਠੇ ਸਨ।

ਭਾਰਤ ਦੀਆਂ ਜੇਹਲਾਂ ਵਿਚ, ਭਾਵੇਂ ਅਜੇ ਵੀ ਚੰਗੇ ਸੁਧਾਰ ਨਹੀਂ ਹੋਏ, ਅਜੇ ਵੀ ਕੈਦੀ ਨੂੰ ਪੂਰੇ ਇਨਸਾਨੀ ਹੱਕ ਨਹੀਂ ਦਿਤੇ ਜਾਂਦੇ, ਪਰ ੧੯੨੩-੨੪ ਵਿਚ ਤੇ ਉਸ ਤੋਂ ਪਹਿਲਾਂ ਤਾਂ, ਬਦੇਸ਼ੀ ਰਾਜ ਨੇ ਦੇਸ਼ ਦੀ ਸੁਤੰਤਰਤਾ ਨੂੰ ਕੁਚਲਣ ਵਾਸਤੇ, ਜੇਹਲਾਂ ਵਿਚ ਬਹੁਤ ਹੀ ਭੈੜੇ ਵਰਤਾਓ ਰਖੇ ਹੋਏ ਸਨ। ਜੀਉਂਦਾ ਨਰਕ ਸਨ, ਜੇਹਲਾਂ। ਜੇਹਲ ਦੀ ਡਿਉੜੀ ਵਿਚ ਬੈਠੇ ਕੈਦੀ ਨੂੰ ਹੀ ਫਟ ਪਤਾ ਲਗਾ ਜਾਂਦਾ ਸੀ ਕਿ ਹੁਣ ਉਹ ਜੀਉਂਦਾ ਪੁਰਸ਼ ਨਹੀਂ ਰਿਹਾ, ਸਗੋਂ ਮਰ ਗਿਆ ਤੇ ਉਸ ਦੀ ਰੂਹ ਤੇ ਉਸ ਦੇ ਤਣ ਨੂੰ ਜਮਦੂਤਾਂ ਨੇ ਸੰਭਾਲ ਲਿਆ ਹੈ।

ਲਾਹੌਰ ਸੈਂਟਰਲ ਜੇਹਲ ਦਾ ਹਾਤਾ ਕੋਈ ਇਕ ਸੈਂਕੜਾ ਘੁਮਾਂ ਦੇ ਘੇਰੇ ਵਿਚ ਹੁੰਦਾ ਸੀ। ਪਿਛੋਂ ਕੁਝ ਤਬਦੀਲੀਆਂ ਹੋਈਆਂ। ਜੇਹਲ ਦੇ ਚਕਰ ਦੇ ਪਛਮ ਵਲ ਕੋਹਲੂ ਖਰਾਸ ਤੇ ਬੰਬਾ ਹੁੰਦਾ ਸੀ। ਉਸ ਦੇ ਲਾਗੇ ਹੀ ਛਾਪਖਾਨਾ ਤੇ ਕਾਗ਼ਜ਼ ਬਣਾਉਣ ਦਾ ਕਾਰਖ਼ਾਨਾ। ਉਧਰ ਹੀ ਦੋ ਬਾਰਕਾਂ ਸਨ। ਵਡੀਆਂ ਬਾਰਕਾਂ, ਜਿਨ੍ਹਾਂ ਵਿਚ ਕੋਈ ਸੌ ਸੌ ਬੜੀਆਂ ਬਣੀਆਂ ਹੋਈਆਂ ਸਨ, ਇਕ ਬਾਰਕ ਵਿਚ ਕੋਈ ੭੦ ਬੱਬਰਾਂ ਨੂੰ ਬੰਦ ਕੀਤਾ ਹੋਇਆ ਸੀ। ਬਾਕੀ ਦੇ ਵੀਹ—ਜਿਨ੍ਹਾਂ ਵਿਚ ਸ: ਕਿਸ਼ਨ ਸਿੰਘ ਗੜਗਜ, ਸੰਤਾ ਸਿੰਘ, ਦਲੀਪ ਸਿੰਘ ਆਦਿਕ ਮੁਖੀਏ ਸਨ—ਨੂੰ ਚੱਕਰ ਦੇ ਪੂਰਬੀ ਪਾਸੇ, ਕੋਠੜੀਆਂ ਵਿਚ ਬੰਦ ਕੀਤਾ ਗਿਆ ਸੀ। ਕੋਠੜੀ ਵਿਚ ਕੰਬਲ, ਇਕ ਘੜੀ ਪਾਣੀ ਦੀ, ਲੋਹੇ ਦਾ ਬਾਟਾ ਅਤੇ



Sri Satguru Jagjit Singh Ji eLibrary NamdhariElibrary@gmail.com

ਨੁਕਰ ਵਿਚ ਟਟੀ-ਪਿਸ਼ਾਬ ਵਾਸਤੇ ਕੁਨਾਲੀ ਹੁੰਦੀ ਸੀ। ਉਨ੍ਹਾਂ ਰਾਤ ਦਿਨ ਬੰਦ ਰਹਿਣਾ। ਕੰਬਲ ਗੰਦੇ ਤੇ ਜੂੰਆਂ ਭਰੇ ਹੁੰਦੇ ਸਨ, ਮਛਰ ਦਿਨੇ ਵੀ ਦਮ ਨਹੀਂ ਸੀ ਲੈਂਦਾ। ਸਾਫ-ਸੁਥਰੀ ਹਵਾ ਕੋਠੜੀਆਂ ਵਿਚ ਜਾਂਦੀ ਨਹੀਂ ਸੀ। ਖਤਰਨਾਕ ਬੰਦਿਆਂ ਨੂੰ ਕੋਠੜੀਆਂ ਅਥਵਾ ਚਕੀਆਂ ਵਿਚ ਬੰਦ ਰਖਿਆ ਜਾਂਦਾ ਸੀ।

ਜਿਹੜੇ ਸਿੰਘ ਬਾਰਕ ਵਿਚ ਬੰਦ ਕੀਤੇ ਹੁੰਦੇ ਸਨ, ਓਹਨਾਂ ਨੂੰ ਇਹ ਸੁਖ ਸੀ ਇਕਠੇ ਬੈਠ ਕੇ ਬਚਨ-ਬਿਲਾਸ ਕਰਦੇ ਰਹਿੰਦੇ ਸਨ। ਮਨ ਲਗਾ ਰਹਿੰਦਾ ਸੀ। ਬਾਕੀ ਤੰਗੀਆਂ ਉਨ੍ਹਾਂ ਨੂੰ ਵੈਸੀਆਂ ਹੀ ਸਨ।

ਸ: ਕਿਸ਼ਨ ਸਿੰਘ ਤੇ ਉਸ ਦੇ ਅਸਲ ਸਾਥੀ ਤਾਂ ਕਿਸੇ ਦੁਖ, ਤੰਗੀ ਤੋਂ ਨਹੀਂ ਸਨ ਘਬਰਾਉਂਦੇ, ਪਰ ਜਿਹੜੇ ਐਵੇਂ ਸ਼ਕ ਨਾਲ ਕੇਸ ਵਿਚ ਵਲੇਟੇ ਗਏ ਸਨ, ਉਨ੍ਹਾਂ ਨੇ ਦੇਖਿਆ, ਕਿ ਕੈਦੀ ਪਸ਼ੂਆਂ ਵਾਂਗ ਬੰਬੀ ਗੇੜਦੇ, ਕੋਹਲੂ ਤੇ ਖਰਾਸ ਚਲਾਉਂਦੇ ਸਨ ਤੇ ਜਦੋਂ ਕੋਈ ਥੱਕ ਜਾਂਦਾ ਸੀ, ਜਾਂ ਕੋਈ ਟੋਲੀ ਹੌਲੀ ਤੁਰਦੀ ਸੀ ਤਾਂ ਪਸ਼ੂਆਂ ਵਾਂਗ ਹੀ ਚਾਬਕ ਪੈਂਦੇ ਸਨ। ਨੰਗੇ ਪਿੰਡਿਆਂ ਤੇ ਲਾਸਾਂ ਹੀ ਪੈ ਜਾਂਦੀਆਂ ਸਨ, ਜ਼ਖਮ ਹੋ ਜਾਂਦੇ, ਲਹੂ ਸਿਮ ਪੈਂਦਾ ਤੇ ਪੀੜ ਨਾਲ ਜਵਾਨਾਂ ਦੀਆਂ ਡਾਡਾਂ ਨਿਕਲ ਜਾਂਦੀਆਂ ਸਨ। ਕੋਈ ਬੀਮਾਰ ਹੁੰਦਾ ਜਾਂ ਦੁਖੀ, ਜੇਹਲ ਅਧਿਕਾਰੀਆਂ ਵਾਸਤੇ 'ਸਭ ਅਛਾ' ਹੀ ਹੁੰਦਾ ਸੀ।

ਰੋਟੀ, ਅਧੀ ਮਿਟੀ ਅਧੀ ਆਟੇ ਵਾਲੀ ਹੁੰਦੀ, ਉਹ ਸੰਘੋਂ ਨਾ ਲੰਘਦੀ। ਦਾਲ ਸ਼ਬਜ਼ੀ ਵੀ ਉਹ ਰਿਝਦੀ, ਜਿਸ ਨੂੰ ਪਸ਼ੂ ਵੀ ਨਾ ਖਾਣ। ਪੱਠੇ ਹੀ ਰਿੰਨ੍ਹ ਕੇ ਲੂਣ ਪਾਇਆ ਜਾਂਦਾ; ਤੇਲ; ਆਟਾ ਤੇ ਦਾਲਾਂ ਅਤੇ ਚੰਗੀਆਂ ਸਬਜ਼ੀਆਂ ਜੇਹਲ ਅਧਿਕਾਰੀ ਖਾ ਜਾਂਦੇ। ਐਸੀ ਚੰਦਰੀ ਰੋਟੀ ਨੂੰ ਖਾ ਕੇ ਕਈ ਬੱਬਰ ਬੀਮਾਰ ਹੋ ਗਏ। ਉਨ੍ਹਾਂ ਦਾ ਇਲਾਜ ਕੋਈ ਕਰਦਾ ਨਹੀਂ ਸੀ ਤੇ ਘਰ ਦੇ ਵਾਰਸਾਂ ਨੂੰ ਮੁਲਾਕਾਤ ਕਰਨ ਦੀ ਖੁਲ੍ਹ ਨਹੀਂ ਸੀ। ਵਾਰਸ ਪਿਛੇ ਤੜਪਦੇ ਸਨ ਤੇ ਬੰਦੀਵਾਨ ਜੇਹਲ ਵਿਚ। ਤਿੰਨ ਬਹਾਦਰ ਤਾਂ ਮੁਕਦਮੇ ਦਾ ਫੈਸਲਾ ਸੁਣਨ ਤੋਂ ਪਹਿਲਾਂ ਹੀ ਜੇਹਲ



Sri Satguru Jagjit Singh Ji eLibrary NamdhariElibrary@gmail.com

ਵਿਚ ਰੋਗ ਨਾਲ ਤੜਪ ਤੜਪ ਕੇ ਮਰ ਗਏ।

ਬੱਬਰਾਂ ਤੇ ਮੁਕਦਮਾ ਚਲਾਉਣ ਵਾਸਤੇ ਪੰਜਾਬ ਸਰਕਾਰ ਨੇ ਇਕ ਉਚੇਚੀ ਅਦਾਲਤ ਕਾਇਮ ਕੀਤੀ। ਉਸ ਦਾ ਜਜ ਸੀ-ਮਿਸਟਰ ਐਮ. ਏ. ਬੁਲ੍ਹ। ਉਹ ਪਥਰ ਦਿਲ ਕਟਰ ਅੰਗਰੇਜ਼ ਸੀ ਤੇ ਸਾਰੇ ਭਾਰਤੀਆਂ ਨੂੰ 'ਕੁਲੀ' ਸਮਝਣ ਵਾਲਾ ਸੀ। ਉਸ ਦੀ ਅਦਾਲਤ ਵਿਚ ੮੮ ਬੱਬਰਾਂ ਦਾ ਚਲਾਨ ਪੇਸ਼ ਹੋਇਆ। ਸਰਕਾਰ ਵਲੋਂ ਦੀਵਾਨ ਪਿੰਡੀ ਦਾਸ* ਸਭਰਵਾਲ ਅਤੇ ਠਾਕਰ ਦਾਸ ਕੋਰਟ ਇਨਸਪੈਕਟਰ ਸਨ। ਇਹ ਦੋਵੇਂ ਹਿੰਦੀ ਸਨ ਪਰ ਚੰਗੇ ਕਟੜ ਟੋਡੀ ਵਧ ਤੋਂ ਵਧ ਵਤਨ ਪ੍ਰਸਤਾਂ ਨੂੰ ਸਜ਼ਾ ਦੁਆ ਕੇ ਵਫਾਦਾਰੀ ਦਾ ਸਬੂਤ ਦਿੰਦੇ ਹਨ।

ਬੱਬਰਾਂ ਦੇ ਵਾਰਸਾਂ, ਦੇਸ਼ ਭਗਤਾਂ ਤੇ ਭਾਰਤ ਦੇ ਦਾਨੀ ਸਪੁਤ੍ਰਾਂ ਨੇ ਬੱਬਰਾਂ ਦਾ ਮੁਕਦਮਾ ਲੜਨ ਵਾਸਤੇ ਮਾਇਆ ਇਕਤਰ ਕੀਤੀ। ੪੦੦) ਰੁਪਿਆ ਰੋਜ਼ਾਨਾ ਫੀਸ ਦੇਣੀ ਕਰਕੇ ਸ੍ਰੀ ਭਗਤਰਾਮ ਪੁਰੀ ਨੂੰ ਵਕੀਲ ਪੇਸ਼ ਕੀਤਾ ਗਿਆ। ਪੁਰੀ ਨੇ ਬੜੇ ਹੌਸਲੇ ਨਾਲ ਤਨੋਂ ਮਨੋਂ ਹੋ ਕੇ ਕੇਸ ਲੜਿਆ। ਪਰ ਉਹ ਇਕਲਾ ਸੀ ਤੇ ਟੋਡੀ ਬਹੁਤੇ ਸਨ। ਕਈ ਮਹੀਨੇ ਮੁਕਦਮਾ ਚਲਦਾ ਰਿਹਾ। ਕੁਝ ਸਚੇ ਤੇ ਬਹੁਤੇ ਝੂਠੇ ਗਵਾਹ ਪੇਸ਼ ਹੋਏ। ਦੁਆਬੇ ਦੀ ਪੁਲੀਸ, ਨੰਬਰਦਾਰਾਂ, ਜ਼ੈਲਦਾਰਾਂ, ਤੇ ਚੌਕੀਦਾਰਾਂ ਨੇ ਝੂਠ ਬੋਲਣ ਤੇ ਦੇਸ਼ ਨਾਲ ਧ੍ਰੋਹ ਕਰਨ ਦੀ ਕਸਰ ਨਾ ਛਡੀ। ਵਧ ਚੜ੍ਹ ਕੇ ਗਵਾਹੀਆਂ ਦਿਤੀਆਂ ਤੇ ਮਿਸਟਰ ਐਮ. ਏ. ਬਲ੍ਹ ਨੇ ਸਾਰੇ ਦੋਸ਼ੀਆਂ ਨੂੰ ਸੈਸ਼ਨ ਸਪੁਰਦ ਕਰਨ ਦਾ ਬਿਆਨ ੭ ਅਪਰੈਲ ੧੯੨੪ ਈ: ਨੂੰ ਲਿਖ ਦਿਤਾ। ਉਸ ਨੇ ਬਿਆਨ ਕਰੜਾ ਲਿਖਿਆ। ਸ: ਕਿਸ਼ਨ ਸਿੰਘ ਨੂੰ ਸਾਜਸ਼ ਤੇ ਬਾਦਸ਼ਾਹ ਵਿਰੁਧ ਜੰਗ ਵਤ ਕਰਨ ਵਾਲਿਆਂ ਦਾ ਮੁਖੀਆ ਦਸ ਕੇ ਲਿਖਿਆ, ਭਾਵੇਂ ਇਸ ਨੇ ਜੁਰਮ ਵਿਚ ਹਿਸਾ ਨਹੀਂ ਲਿਆ,

---

*ਕੁਝ ਸਾਲ ਹੋਏ ਲੁਧਿਆਣੇ ਤੇ ਅੰਬਾਲੇ ਦੇ ਵਿਚਾਲੇ ਪਿੰਡੀ ਦਾਸ ਸਭਵਾਲ ਤੇ ਉਸ ਦੀ ਪਤਨੀ ਨੂੰ ਰੇਲ ਕਿਸੇ ਨੇ ਕਤਲ ਕਰ ਦਿਤਾ ਸੀ।



Sri Satguru Jagjit Singh Ji eLibrary NamdhariElibrary@gmail.com

ਫਿਰ ਵੀ ਇਹ ਸਭ ਤੋਂ ਵਧੀਕ ਦੋਸ਼ੀ ਮਾਲੂਮ ਹੁੰਦਾ ਹੈ, ਕਿਉਂਕਿ ਦੋਸ਼ੀਆਂ ਨੂੰ ਤਰਗ਼ੀਬ ਦੇਣ ਵਾਲਾ ਹੈ।

ਸਾਰਿਆਂ ਦਾ ਮੁਕੱਦਮਾਂ ਸੈਸ਼ਨ ਸਪੁਰਦ ਹੋ ਗਿਆ। ਸੈਸ਼ਨ ਜੱਜ ਮਿਸਟਰ ਟ੍ਰੇਪ ਸੀ। ਅੱਠ ਮਹ ਨੇ ਪਿਛੋਂ ਤਰੀਕ ਪੇਸ਼ੀ ਨਿਕਲੀ। ਪਹਿਲੀ ਅਦਾਲਤ ਵਾਂਗ ਫਿਰ ਗਵਾਹ ਪੇਸ਼ ਕੀਤੇ ਗਏ। ਗਵਾਹ ਐਸ ਪੱਕ ਕੀਤੇ ਹੋਏ ਸਨ, ਐਨਾ ਦ੍ਰਿੜ ਕਿਤਾ ਹੋਇਆ ਸੀ, ਕਿ ਉਹ ਇਕ ਵੀ ਨੁਕਤੇ ਤੋਂ ਨਾ ਥਿੜਕੇ, ਤੋਤੇ ਵਾਂਗ ਮੁਹਾਰਨੀ ਪੜ੍ਹੀ ਗਏ ਫਿਰ ਵੀ ਕੁਝ ਬੰਦਿਆਂ ਦੇ ਨਿਰਦੋਸ਼ ਹਣ ਦਾ ਮਿਸਟਰ ਟੇਪ ਨੂੰ ਸ਼ਕ ਪੈ ਹੀ ਗਿਆ। ਉਸ ਨੇ ਸਮਝ ਲਿਆ ਕਿ ਖਤਰਨਾਕ ਲਹਿਰ ਨੂੰ ਦਬਾਉਣ ਵਾਸਤੇ ਪੁਲਸ ਨੇ ਕੁਝ ਬਹੁਤੀ ਵਫ਼ਾਦਾਰੀ ਦਿਖਾਈ ਸੀ।

ਸ: ਕਿਸ਼ਨ ਸਿੰਘ ਰਤਗੜ ਪਿੰਡ ਵਿਣਗ ਨੇ ਦੋਹਾਂ ਅਦਾਲਤਾਂ ਵਿਚ ਬੜੀ ਨਿਡਰਤਾ ਤੇ ਸਚਾਈ ਨਾਲ ਬਿਆਨ ਦਿਤਾ। ਉਸ ਨੇ ਸਾਫ ਕਿਹਾ-'ਅੰਗਰੇਜ਼ ਭਾਰਤ ਵਿਚ ਬਿਉਪਾਰੀ ਬਣ ਕੇ ਆਏ ਤੇ ਭਾਰਤੀਆਂ ਦੀਆਂ ਕਈ ਕਮਜ਼ੋਰੀਆਂ ਤੋਂ ਲਾਭ ਉਠਾ ਕੇ ਧੱਕੇ ਨਾਲ ਭਾਰਤ ਦੇ ਮਾਲਕ ਬਣ ਬੈਠੇ ਹਨ। ਭਾਰਤੀਆਂ ਨੂੰ ਮਨੁਖ ਨਹੀਂ ਸਮਝਦ। ਮਨੁਖਤਾ ਵਾਲਾ ਬਰਾਬਰ ਦਾ ਸਲੂਕ ਨਹੀਂ ਕਰਦੇ ਤੇ ਜੀਵਨ ਦੇ ਹਰ ਪੱਖ ਵਿਚ ਪਿਛੇ ਰਖਦੇ ਹਨ। ਭਾਰਤ ਦੀ ਦੌਲਤ ਨੂੰ ਹਰ ਪਹਿਲੂ ਨਾਲ ਲੁਟ ਕੇ, ਵਲੈਤ ਨੂੰ ਲਈ ਜਾਂਦੇ ਹਨ। ਅਜ ਸੁਤੰਤਰਤਾ, ਸਮਾਨਤਾ ਤੇ ਉਚੇਰੇ ਜੀਵਨ ਦਾ ਜੁਗ ਹੈ। ਸੁਤੰਤਰਤਾ ਨੂੰ ਪ੍ਰਾਪਤ ਕਰਨ ਲਈ ਮੇਰੇ ਵਤਨੀਆਂ ਨੇ ਜਿਹੜਾ ਸ਼ਾਂਤਮਈ ਢੰਗ ਅਪਨਾਇਆ ਸੀ, ਸਾਮਰਾਜੀ ਨੌਕਰਸ਼ਾਹੀ ਨੇ ਉਸ ਨੂੰ ਸਮਝਣ ਦਾ ਜਤਨ ਨਾ ਕੀਤਾ। ਚੰਗੇ ਮਾੜੇ ਦੀ ਪਛਾਣ ਨਾ ਕੀਤੀ—ਬਸ ਸਭ ਦਾ ਨਿਰਾਦਰ ਕੀਤਾ। ਨਿਹੱਥੇ ਤੇ ਸ਼ਾਂਤ ਲੋਕਾਂ ਨੂੰ ਡਾਂਗਾਂ ਨਾਲ ਕੁਟ ਕੁਟ ਕੇ ਬੇਹੋਸ਼ ਕੀਤਾ, ਝੂਠੀਆਂ ਸ਼ਕਾਇਤਾਂ ਉਤੇ ਬੇਓੜਕੇ ਅਤਿਆਚਾਰ ਕੀਤੇ, ਮਾਸੂਮਾਂ ਦੇ ਲਹੂ ਨਾਲ ਹਥ ਰੰਗੇ, ਆਸਤੇ ਹੀ ਵੀਰਾਂ ਨੂੰ ਖ਼ਤਾਬਾਂ, ਮੁਰੱਬਿਆਂ ਦਾ ਲਾਲਚ ਦੇ ਕੇ ਦੇਸ਼ ਭਗਤਾਂ ਦੇ ਵਰੁਧ ਕੀਤਾ—ਮੈਂ ਪੁਛਦਾ ਦਾ ਹਾਂ—ਝੋਲੀ ਚੁਕਾਂ ਨੂੰ ਜੋ ਮੁਰੱਬੇ



Sri Satguru Jagjit Singh Ji eLibrary NamdhariElibrary@gmail.com

ਦਿਤੇ ਜਾਂਦੇ ਹਨ, ਉਹ ਇੰਗਲਿਸਤਾਨ ਦੀ ਧਰਤੀ ਤੋਂ ਕਿਉਂ ਨਹੀਂ ਦਿਤੇ ਜਾਂਦੇ ? ਨੀਲੀ ਤੇ ਸਾਂਦਲਬਾਰ ਦੀ ਧਰਤੀ ਅਸਾਡੀ ਹੈ। ਅਸੀਂ ਮਾਲਕ ਹਾਂ—ਅੰਗਰੇਜ਼ ਧਰਤੀ ਦੇ ਕੀ ਲਗਦੇ ਹਨ ?'

ਬਿਆਨ ਦੇਣ ਵੇਲੇ, ਸ: ਕਿਸ਼ਨ ਸਿੰਘ ਦਾ ਚੇਹਰਾ ਲਾਲ ਹੋਂਦਾ ਗਿਆ ਸੀ। ਉਸ ਦੀਆਂ ਅਖਾਂ ਵਿਚ ਲਹੂ ਉਤਰਦਾ ਆਇਆ ਸੀ।

ਉਹ ਹੋਰ ਜੋਸ਼ ਨਾਲ ਬੋਲਿਆ—

'ਮੈਂ ਸਤਿਗੁਰੂ ਗੋਬਿੰਦ ਸਿੰਘ ਦਾ ਸਿਖ ਹਾਂ। ਸਿਖ ਕਦੀ ਝੂਠ ਨਹੀਂ ਬੋਲਦਾ। ਸਤਿਗੁਰਾਂ ਨੇ ਅਸਾਂ ਨੂੰ ਖੰਡੇ ਦਾ ਅੰਮ੍ਰਿਤ ਬਖਸ਼ ਕੇ ਸਿੰਘ ਬਣਾਇਆ ਸੀ ਧਰਮ, ਵਤਨ ਤੇ ਕੌਮ ਬਦਲੇ ਆਪਾ ਵਾਰਨ ਦੀ ਸਿਖਿਆ ਦਿਤੀ ਸੀ ਤੇ ਕਿਹਾ ਸੀ, ਜਦੋਂ ਵੈਰੀ ਸ਼ਾਂਤਮਈ ਦੇ ਢੰਗਾਂ ਨਾਲ ਵਸ ਨਾ ਹੋਏ ਤਾਂ ਖੰਡਾ ਖੜਕਾਉਣਾ ਠੀਕ ਹੈ। ਮੈਂ ਤੇ ਮੇਰੇ ਸਾਥੀਆਂ ਨੇ ਝੋਲੀ ਚੁਕਾਂ ਨੂੰ ਸੋਧਣ ਤੇ ਦੇਸ ਨੂੰ ਬਰਤਾਨਵੀ ਸਾਮਰਾਜ ਦੇ ਗੁਲਾਮੀ ਦੇ ਜੂਲੇ ਹੇਠੋਂ ਕਢਣ ਦੀ ਇਕ ਲੜਾਈ ਅਰੰਭੀ ਸੀ। ਗੋਲੀ ਦਾ ਆਸਰਾ ਲਿਆ ਸੀ। ਸਰਕਾਰ ਸਮਝਦੀ ਹੈ ਕਿ ਅਸੀਂ ਸਾਰੇ ਫੜੇ ਗਏ ਹਾਂ, ਅਸਾਡੇ ਖੁਫੀਆ ਅੱਡੇ ਨਸ਼ਟ ਕਰ ਦਿਤੇ ਗਏ ਹਨ ਪਰ ਮੈਂ ਸੱਚ ਆਖਦਾ ਹਾਂ, ਜਿੰਨਾ ਚਿਰ ਭਾਰਤ ਦੇ ਕਿਸੇ ਵੀ ਕਿਲੇ ਜਾਂ ਥਾਣੇ ਤੇ 'ਯੂਨੀਅਨ ਜੈਕ' ਝੁਲੇਗਾ, ਉਨਾ ਚਿਰ ਗੋਲੀ ਚਲਦੀ ਰਹੇਗੀ। ਅਸਾਡਾ ਇਹ ਸੁਤੰਤਰਤਾ ਦਾ ਘੋਲ ਅਮੁਕ ਤੇ ਅਰੁਕ ਹੈ। ਮੇਰੀ ਮੌਤ ਦੇ ਪਿਛੋਂ, ਅਨੇਕਾਂ ਨੌਜਵਾਨ ਉਠਣਗੇ ਜਿਨ੍ਹਾਂ ਕੋਲ ਬੰਦੂਕਾਂ ਹੀ ਨਹੀਂ, ਸਗੋਂ ਤੋਪਾਂ ਹੋਣਗੀਆਂ, ਹਵਾਈ ਜਹਾਜ਼ ਹੋਣਗੇ ਤੇ ਇਕ ਦਿਨ ਇਕ ਦਿਨ ਸਾਰਾ ਭਾਰਤ ਸੁਤੰਤਰ ਹੋਏਗਾ।

'ਮੈਂ ਨਹੀਂ ਮੁਕਰਦਾ, ਮੈਂ ਸਭ ਕੁਝ ਆਖਿਆ ਹੈ ! ਮੈਂ ਸਤਿਗੁਰੂ ਦਾ ਸਿਖ ਹਾਂ—ਮੇਰੇ ਹਥ ਕੜਾ ਹੈ। ਮੈਂ ਬਾਗ਼ੀ ਹਾਂ। ਬਰਤਾਨਵੀ ਸਾਮ-ਰਾਜ ਦੇ ਵਿਰੁਧ ਬਗ਼ਾਵਤ ਕਰਨ ਦਾ ਜਤਨ ਕੀਤਾ ਹੈ। ਗੋਰਾ ਕੌਮ ਦੇ ਦੁਖੋ, ਬੇਈਮਾਨੀ ਤੇ ਅਤਿਚਾਰਾਂ ਹੇਠ ਮਰ ਰਹੀ ਜਨਤਾ ਨੂੰ ਹੁਸ਼ਿ-ਆਰ ਕਰਨ, ਜਗਾਣ, ਉਸ ਨੂੰ ਆਪਣੇ ਬਲ ਦਾ ਅਹਿਸਾਸ ਕਰਾਉਣ



Sri Satguru Jagjit Singh Ji eLibrary NamdhariElibrary@gmail.com

ਲਈ ਕਦਮ ਚੁਕਿਆ ਹੈ। ਅਜੇ ਤਾਂ ਛੋਲੀਚੁਕ ਪੰਜਾਬੀਆਂ ਦੀ ਸੋਧ-ਸੁਧਾਈ ਹੋ ਰਹੀ ਸੀ। ਥੋੜੇ ਚਿਰ ਨੂੰ ਉਹਨਾਂ ਨੂੰ ਵੀ ਸੋਧਣਾ ਸ਼ੁਰੂ ਕਰਨਾ ਸੀ, ਜਿਹੜੇ ਅੰਗਰੇਜ਼ ਖ਼ੂਨ ਕਰਦੇ ਹੋਏ ਵੀ ਨਿਰਦੋਸ਼ ਤੇ ਨਿਸਚਿੰਤ ਹਨ। ਮੈਂ ਤਾਂ ਘੋਲ ਕਰਨਾ ਜਾਣਦਾ ਹਾਂ। ਮਰ ਸਭ ਨੇ ਜਾਣਾ ਹੈ। ਮੈਂ ਤਾਂ ਗੋਰੇ ਹਾਕਮਾਂ ਨੂੰ ਵੀ ਆਖਦਾ ਹਾਂ ਉਹ ਬਾਬੇ ਫਰੀਦ ਦਾ ਸਲੋਕ ਚੇਤੇ ਕਰਨ-

ਫ਼ਰੀਦਾ ਕਿਥੈ ਤੈਡੇ ਮਾਪਿਆ ਜਿਨੀ ਤੂ ਜਣਿਓਹਿ।
ਤੈਂ ਪਾਸਹੁ ਓਇ ਲਦ ਗਏ ਤੂ ਅਜੈ ਨ ਪਤੀਣੋਹਿ।

ਮਿਸਟਰ ਟੈਪ ਸੈਸ਼ਨ ਜਜ ਨੇ ਇਹ ਗਾ ਕੇ ਸੁਣਾਇਆ ਸਲੋਕ ਸੁਣਿਆ ਤਾਂ ਸ: ਕਿਸ਼ਨ ਸਿੰਘ ਦੇ ਮੂੰਹ ਵਲ ਵੇਖਣ ਲਗ ਪਿਆ। ਜਦੋਂ ਉਸ ਨੇ ਅੰਗਰੇਜ਼ੀ ਵਿਚ ਅਰਥ ਦੀਵਾਨ ਪਿੰਡੀ ਦਾਸ ਕੋਲੋਂ ਸੁਣ ਤਾਂ ਗੰਭੀਰਤਾ ਨਾਲ ਸੋਚਣ ਲਗਾ।

'ਇਸ ਦਾ ਅਰਥ ਭਾਵ ਸਮਝੋ-ਜੇ ਮੇਰੇ ਵਡੇ, ਮੇਰੇ ਕੋਲੋਂ ਤੁਰ ਗਏ ਹਨ ਤਾਂ ਮੈਂ ਵੀ ਨਹੀਂ ਰਹਿਣਾ। ਜੇ ਬੇਬੀਲੋਨ ਤੇ ਰੋਮਨ ਸਾਮਰਾਜ ਨਹੀਂ ਰਹੇ, ਮੁਗ਼ਲ ਸਾਮਰਾਜ ਦਾ ਅੰਤ ਹੋ ਗਿਆ ਤਾਂ ਕੀ ਬਰਤਾਨਵੀ ਸਾਮਰਾਜ ਦਾ ਅੰਤ ਨਾ ਹੋਏਗਾ ?'

ਸਿੰਘ ਦਾ ਬਿਆਨ ਸਚ ਆਸਰੇ ਕੜਕਵਾਂ ਸੀ। ਸ੍ਰੀ ਭਗਤ ਰਾਮ ਪੁਰੀ ਇਸ ਬਿਆਨ ਨਾਲ ਖੁਸ਼ ਨਹੀਂ ਸੀ, ਕਿਉਂਕਿ ਉਹ ਤਾਂ ਸ: ਕਿਸ਼ਨ ਸਿੰਘ ਨੂੰ ਬਚਾਉਣਾ ਚਾਹੁੰਦਾ ਸੀ, ਪਰ ਸ: ਕਿਸ਼ਨ ਸਿੰਘ ਜੁਰਮ ਦਾ ਇਕ ਬਾਲ ਕਰੀ ਜਾਂਦਾ ਸੀ।

ਸ: ਕਿਸ਼ਨ ਸਿੰਘ ਦਾ ਇਤਿਹਾਸਕ ਬਿਆਨ ਮੁਕਿਆ। ਸਾਰਿਆਂ ਦੇ ਬਿਆਨ ਹੋਏ, ਬਹਿਸ ਹੋਈ, ਦੋਹਾਂ ਪਾਸਿਆਂ ਦੇ ਵਕੀਲਾਂ ਨੂੰ ਆਪਣੀ ਅਕਲ ਤੇ ਕਾਨੂੰਨੀ ਜਾਣਕਾਰੀ ਦੀ ਚੰਗੀ ਪ੍ਰਦਰਸ਼ਨੀ ਕਰ ਲਈ ਤਾਂ ਅੰਗਰੇਜ਼ ਜੱਜ ਨੇ ਫੈਸਲਾ ਲਿਖਿਆ। ਉਸ ਨੇ ਸ: ਕਿਸ਼ਨ ਸਿੰਘ ਬਾਰੇ ਇਉਂ ਲਿਖ ਦਿਤਾ -

'ਇਸ ਨੇ ਬਾਦਸ਼ਾਹ ਸਲਾਮਤ ਦੇ ਵਿਰੁਧ ਬਗਾਵਤ ਕੀਤੀ ਹੈ।



Sri Satguru Jagjit Singh Ji eLibrary NamdhariElibrary@gmail.com

ਹਥਿਆਰ ਰਖੇ ਜੁਰਮ ਕਰਾਏ ਹਨ, ਇਹ ਖ਼ਤਰਨਾਕ ਸਾਜ਼ਸ਼ੀ ਹੈ। ਭਾਵੇਂ ਆਪ ਕਿਸੇ ਦਾ ਕਤਲ ਨਹੀਂ ਕੀਤਾ, ਪਰ ਜਿੰਨੇ ਕਤਲ ਹੋਏ ਹਨ, ਉਨ੍ਹਾਂ ਦੀ ਜ਼ਿੰਮੇਵਾਰੀ ਇਸ ਤੇ ਹੈ। ਇਸ ਨੂੰ ਹੇਠ ਲਿਖੀਆਂ ਸਜ਼ਾਵਾਂ ਦਿਤੀਆਂ ਜਾਂਦੀਆਂ ਹਨ

੧. ਹਥਿਆਰ ਰਖਣ ਦੇ ਜੁਰਮ ਵਿਚ ਦੋ ਸਾਲ ਕੈਦ, ਤਿੰਨ ਮਹੀਨੇ ਹੋਰ ਤੇ ਸੌ ਰੁਪਿਆ ਜੁਰਮਾਨਾ।

੨. ਗੁਪਤ ਤੌਰ ਤੇ ਪਿਸਤੌਲ ਬੰਬ ਤੇ ਕਾਰਤੂਸ ਖਰੀਦਣ, ਰਖਣ ਤੇ ਵਰਤਣ ਬਦਲੇ ੪ ਸਾਲ, ੩ ਮਹੀਨੇ ਸਜ਼ਾ ਸਖਤ ਅਤੇ ਸੌ ਰੁਪਿਆ ਜੁਰਮਾਨਾ।

੩. ਬਾਦਸ਼ਾਹ ਵਿਰੁਧ ਬਗ਼ਾਵਤ ਕਰਨ ਦੇ ਦੋਸ਼ ਬਦਲੇ ਸਜ਼ਾਏ ਮੌਤ—ਫਾਸੀ।

ਸ: ਕਿਸ਼ਨ ਸਿੰਘ ਉਸ ਵੇਲੇ ਹਾਕਮ ਦੇ ਅਗੇ ਕਟਹਿਰੇ ਵਿਚ ਖਲੋਤਾ ਸੀ। ਮਿਸਟਰ ਟੈਪ ਨੇ ਸਜ਼ਾ ਸੁਣਾ ਕੇ ਸ: ਕਿਸ਼ਨ ਸਿੰਘ ਵਲ ਦੇਖਿਆ। ਉਹ ਹੈਰਾਨ ਹੋਇਆ, ਕਿਉਂਕਿ ਕਿਸ਼ਨ ਸਿੰਘ ਸਜ਼ਾਵਾਂ ਸੁਣ ਕੇ ਮੁਸਕਰਾ ਰਿਹਾ ਸੀ। ਉਸ ਨੂੰ ਨਾ ਹੈਰਾਨੀ ਹੋਈ ਤੇ ਨਾ ਭੈ ਨਾਲ ਉਸ ਦੇ ਚਿਹਰੇ ਦਾ ਰੰਗ ਬਦਲਿਆ।

'ਸ: ਕਿਸ਼ਨ ਸਿੰਘ!' ਜਜ ਬੋਲਿਆ, 'ਜੇ ਚਾਹੋ ਤਾਂ ਮੇਰੇ ਹੁਕਮ ਦੇ ਵਿਰੁਧ ਹਾਈ ਕੋਰਟ ਵਿਚ ਅਪੀਲ ਕਰ ਸਕਦੇ ਹੋ।'

ਫਰੰਗੀ ਦੀਆਂ ਅਦਾਲਤਾਂ ਤੇ ਮੈਨੂੰ ਭਰੋਸਾ ਨਹੀਂ; ਮੈਂ ਸਜ਼ਾ ਨੂੰ ਪ੍ਰਵਾਨ ਕਰਦਾ ਹਾਂ। ਅਪੀਲ ਨਹੀਂ ਕਰਾਂਗਾ।' ਸਰਦਾਰ ਕਿਸ਼ਨ ਸਿੰਘ ਨੇ ਉਤਰ ਦਿਤਾ।

ਉਸ ਦੇ ਹਥੀਂ ਹੱਥ-ਕੜੀ ਤੇ ਪੈਰੀਂ ਬੇੜੀ ਸੀ। ਉਹ ਖੁਸ਼ੀ ਨਾਲ ਬੇੜੀ ਖੜਕਾਉਂਦਾ ਹੋਇਆ ਪਾਸੇ ਹੋ ਗਿਆ। ਸੈਸ਼ਨ ਜਜ ਨੇ ਬਾਕੀ ਦੇ ਬੱਬਰਾਂ ਦੇ ਮੁਕਦਮੇ ਦਾ ਹੁਕਮ ਇਉਂ ਸੁਣਾਇਆ—

'ਕਰਮ ਸਿੰਘ ਤੇ ਨੰਦ ਸਿੰਘ ਦੋਹਾਂ ਨੂੰ ਸੰਬੋਧਨ ਕਰਕੇ ਜਜ ਨੇ ਕਿਹਾ—'ਗਵਾਹੀਆਂ ਤੋਂ ਪੂਰਾ ਸਾਬਤ ਹੋ ਗਿਆ ਹੈ ਕਿ ਤੁਸਾਂ ਨੇ ਸੂਬੇ-



Sri Satguru Jagjit Singh Ji eLibrary NamdhariElibrary@gmail.com

ਦਾਰ ਗੇਂਦਾ ਸਿੰਘ ਮਾਣੋਕੇ ਨੂੰ ਕਤਲ ਕੀਤਾ ਸੀ। ਤੁਸਾਂ ਦੋਹਾਂ ਨੂੰ ਸਜ਼ਾਇ ਮੌਤ ਫਾਂਸੀ ਦਿਤੀ ਜਾਂਦੀ ਹੈ।

ਦੋਵੇਂ ਸ਼ੇਰ ਹੁਕਮ ਸੁਣਦੇ ਹੋਏ ਕਾਇਮ ਰਹੇ। ਉਨ੍ਹਾਂ ਨੇ ਮੁਸਕਰਾ ਕੇ ਇਕ ਦੂਸਰੇ ਵਲ ਵੇਖਿਆ। ਸਿਪਾਹੀਆਂ ਨੇ ਉਨ੍ਹਾਂ ਨੂੰ ਪਿਛੇ ਕਰ ਦਿਤਾ।

ਸੰਤਾ ਸਿੰਘ ਨੂੰ ਇਹ ਸਜ਼ਾਵਾਂ—ਸਾਢੇ ਛੇ ਸਾਲ ਸਖਤ ਕੈਦ, ਦੋ ਮਹੀਨੇ ਕੋਠੜੀ ਬੰਦ ਤੇ ਦੋ ਸੌ ਰੁਪਿਆ ਜੁਰਮਾਨਾ ਗੁਪਤ ਤੌਰ ਤੇ ਹਥਿਆਰ ਰਖਣ ਦੇ ਜੁਰਮ ਵਿਚ। ਕਿਸ਼ਨ ਸਿੰਘ ਦੇ ਨਾਲ ਮਿਲ ਕੇ ਸਾਜ਼ਸ਼ ਕੀਤੀ ਤੇ ਬਾਦਸ਼ਾਹ ਵਿਰੁਧ ਬਗ਼ਾਵਤ ਵਿਚ ਹਿਸਾ ਲਿਆ, ਇਸ ਕਰਕੇ ਸਜ਼ਾਇ ਮੌਤ—ਫਾਂਸੀ।

ਬਾਬੂ ਸੰਤਾ ਸਿੰਘ ਦੇ ਪਿਛੋਂ ਵਾਰੀ ਆਈ ਨੌਜਵਾਨ ਦਲੀਪ ਸਿੰਘ ਧਾਮੀਆਂ ਦੀ। ਇਹ ਜੋਸ਼ੀਲਾ ਜਵਾਨ ਮਸਾਂ ੧੬ ਸਾਲ ਦੀ ਉਮਰ ਦਾ ਸੀ। ਇਸ ਨੇ ਬਹੁਤ ਕਾਰਨਾਮੇ ਕੀਤੇ ਸਨ ਤੇ ਹਾਕਮਾਂ ਪੁਲਸ ਵਾਲਿਆਂ ਦੀਆਂ ਗਵਾਹੀਆਂ ਅਨੁਸਾਰ ਜੱਜ ਨੇ ਉਸ ਨੂੰ ਫਾਂਸੀ ਦੀ ਸਜ਼ਾ ਦਿਤੀ। ਉਸ ਦੇ ਨਾਲ ਹੀ ਧਰਮ ਸਿੰਘ ਨੂੰ ਸਜ਼ਾਇ ਮੌਤ ਦਾ ਹੁਕਮ ਹੋਇਆ। ਫਾਂਸੀ ਦਾ ਹੁਕਮ ਸੁਣ ਕੇ ਦੋਹਾਂ ਹੀ ਨੌਜਵਾਨਾਂ ਨੇ ਅਦਾਲਤ ਵਿਚ ਹੀ—ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ—ਦਾ ਜੈਕਾਰਾ ਛਡਿਆ। ਅਦਾਲਤ ਦਾ ਕਮਰਾ ਗੂੰਜ ਉਠਿਆ। ਸਾਰੇ ਅਫਸਰ ਤੇ ਹਾਕਮ ਹੈਰਾਨ ਹੋ ਗਏ

ਫਾਂਸੀ ਦਾ ਹੁਕਮ ਸੁਣਾਉਣ ਪਿਛੋਂ ਪੁਲਸ ਨੇ ਦੂਸਰੀ ਸਿੰਘਾਂ ਦੀ ਟੋਲੀ ਨੂੰ ਜੱਜ ਦੇ ਸਨਮੁਖ ਪੇਸ਼ ਕੀਤਾ। ਉਸ ਟੋਲੀ ਵਿਚ ਇਹ ੧੧ ਸਿੰਘ ਸਨ-

ਸ. ਦਲੀਪ ਸਿੰਘ ਗੋਸਲ, ਸ. ਕਰਮ ਸਿੰਘ ਝੀਂਗੜ ਸ. ਆਤਮਾ ਸਿੰਘ ਬੀੜਾ, ਰਤਨ ਸਿੰਘ ਤੇ ਮੁੰਦਰ ਸਿੰਘ ਸਿੰਗੜੀ ਵਾਲਾ, ਸ. ਦਲੀਪ ਸਿੰਘ ਨੰ: ੨ ਸ. ਪਿਆਰਾ ਸਿੰਘ ਧਾਮੀਆਂ, ਸ. ਠਾਕਰ ਸਿੰਘ, ਸ. ਸੁਰਜਨ ਸਿੰਘ, ਧਰਮ ਸਿੰਘ ਅਤੇ ਬੂਟਾ ਸਿੰਘ ਪੰਡੋਰੀ ਨਿਝਰਾਂ।



Sri Satguru Jagjit Singh Ji eLibrary NamdhariElibrary@gmail.com

ਜਦੋਂ ਇਨ੍ਹਾਂ ਯਾਰਾਂ ਸਿੰਘਾਂ ਦੀ ਟੋਲੀ ਜੱਜ ਦੇ ਸਾਹਮਣੇ ਹੋਈ ਤਾਂ ਉਨ੍ਹਾਂ ਦੇ ਚਿਹਰੇ ਭਖਦੇ ਸਨ। ਨੇਤਰ ਮਸਤ ਤੇ ਚਮਕੀਲੇ ਸਨ। ਜੱਜ ਕੁਝ ਘਬਰਾਇਆ। ਉਹਨਾਂ ਨੂੰ ਹਥਕੜੀਆਂ ਤੇ ਬੇੜੀਆਂ ਪਈਆਂ ਹੋਈਆਂ ਸਨ। ਉਹ ਉਕੀ ਉਨ੍ਹਾਂ ਦੀ ਪਹੁੰਚ ਤੋਂ ਦੂਰ ਸੀ, ਫਿਰ ਵੀ ਤ੍ਰਬੁਕ ਜਿਹਾ ਗਿਆ। ਸਿੰਘਾਂ ਨੇ ਮੁਛਾਂ ਨੂੰ ਤਾਅ ਦਿਤੇ ਹੋਏ ਸਨ।

'ਇਨ ਸਭ ਕੋ ਉਮਰ ਕੈਦ ਕਾਲੇ ਪਾਣੀ।'

ਇਹ ਕੋਈ ਵਡੀ ਸਜ਼ਾ ਨਹੀਂ ਸੀ ਉਹ ਤਾਂ। ਖਿਆਲ ਕਰਦੇ ਸਨ ਕਿ ਜਥੇਦਾਰ ਦੇ ਨਾਲ ਹੀ ਉਨ੍ਹਾਂ ਨੂੰ ਸ਼ਹਾਦਤ ਦਾ ਪਿਆਲਾ ਪੀਣਾ ਪਵੇਗਾ। ਜਨਮ ਸਫਲ ਕਰ ਜਾਣਗੇ। ਮਨੁਖ ਜੰਮਦਾ ਤੇ ਜੀਉਂਦਾ ਜ਼ਰੂਰ ਰਹਿੰਦਾ ਹੈ, ਪਰ ਜੇ ਉਹ ਕੋਈ ਨੇਕੀ ਦਾ ਕੰਮ ਕਰਕੇ ਮਰ ਜਾਏ ਤਾਂ ਅਮਰ ਰਹਿੰਦਾ ਹੈ। ਰਹਿੰਦੇ ਜੀਵਨ ਦਾ ਕੀ ਭਰੋਸਾ ਕਿਤੇ ਕੋਈ ਵਡੀ ਭੁਲ ਕਰਕੇ ਨੇਕ ਤੇ ਚੰਗੇ ਪੁਰਸ਼ਾਂ ਵਿਚ ਗਿਣੇ ਜਾਣ ਦੀ ਥਾਂ ਮਾੜਿਆਂ ਵਿਚ ਗਿਣਿਆ ਜਾਏ। ਜੀਵਨ ਹੋਇਆ ਜੂ ਤਿਲਕਣਬਾਜੀ।

ਕਾਲੇ ਪਾਣੀ–ਉਮਰ ਕੈਦ ਦੀ ਸਜ਼ਾ ਦਾ ਹੁਕਮ ਸੁਣਾ ਕੇ ਜਜ ਨੇ ਇਸ਼ਾਰਾ ਕੀਤਾ ਕਿ ਉਹਨਾਂ ਨੂੰ ਪੁਲਸ ਇਕ ਦਮ ਬਾਹਰ ਲੈ ਜਾਏ।

ਉਹ ਬਾਹਰ ਚਲੇ ਗਏ। ਅਦਾਲਤ ਦਾ ਕਮਰਾ ਖਾਲੀ ਹੋ ਗਿਆ ਤਾਂ ਕੋਰਟ ਇਨਸਪੈਕਟਰ ਠਾਕਰ ਦਾਸ ਨੂੰ ਜਜ ਅੰਗਰੇਜ਼ੀ ਵਿਚ ਕਹਿਣ ਲਗਾ 'ਇਹ ਸਾਰੇ ਬੰਦੇ ਬੜੇ ਖ਼ਤਰਨਾਕ ਮਲੂਮ ਹੁੰਦੇ ਹਨ। ਖ਼ੈਰ...ਉਮਰ ਕੈਦ ਕਾਫ਼ੀ ਹੈ ਇਹਨਾਂ ਵਾਸਤੇ।

'ਹਜ਼ੂਰ ਹੱਕ ਤਾਂ ਫਾਂਸੀ ਦਾ ਸੀ। ਕਾਤਲ ਤੇ ਬਾਗ਼ੀ ਸਨ, ਪਰ ਚਲੋ ਹਜ਼ੂਰ ਦੀ ਮਰਜ਼ੀ।' ਠਾਕਰ ਦਾਸ ਨੇ ਅੰਗਰੇਜ਼ ਜੱਜ ਨੂੰ ਆਖਿਆ। ਉਹ ਆਪਣ ਆਪ ਨੂੰ ਭੁਲ ਗਿਆ ਕਿ ਉਹ ਪੰਜਾਬੀ ਸੀ। ਉਹ ਆਪਣੇ ਆਪ ਨੂੰ ਅੰਗਰੇਜ਼ ਤੇ ਇੰਗਲਿਸਤਾਨ ਦੀ ਕਿਸੇ ਅਦਾਲਤ ਵਿਚ ਖਲੋਤਾ ਹੋਇਆ ਖਿਆਲ ਕਰ ਰਿਹਾ ਸੀ। ਭਾਰਤੀ ਬੋਤਲ ਵਿਚ ਅੰਗਰੇਜ਼ੀ ਨਸ਼ਾ ਸੀ।

'ਦੂਸਰੋਂ ਕੋ ਬੁਲਾਓ!' ਜਜ ਨੇ ਹੁਕਮ ਕੀਤਾ।



Sri Satguru Jagjit Singh Ji eLibrary NamdhariElibrary@gmail.com

ਹੱਥ-ਕੜੀਆਂ ਤੇ ਬੇੜੀਆਂ ਰੂਪੀ ਗਹਿਣਿਆਂ ਦੀ ਛਣਕਾਰ ਵਚ ਵੜੀ ਦੂਸਰੀ ਟੋਲੀ। ਅਦਾਲਤ ਦੇ ਕਮਰੇ ਵਿਚ ਦਾਖਲ ਹੋਈ। ਉਸ ਟੋਲੀ ਵਿਚ ਇਹ ੧੫ ਸਿੰਘ ਸਨ—

ਸ: ਬੰਤਾ ਸਿੰਘ. ਉਜ ਗਰ ਸਿੰਘ, ਸ਼ਿਵ ਸਿੰਘ ਬਬੇਲੀ, ਸ. ਬੰਤਾ ਸਿੰਘ, ਹਰੀਸਿੰਘ ਤੇ ਵਰਿਆਮ ਸਿੰਘ ਅਤੇ ਵਰਿਆਮ ਸਿੰਘ ਭਦਾਸ ਨਾ, ਕਰਤਾਰ ਸਿੰਘ ਪੰਡੋਰੀ ਨਿਝਰਾਂ. ਰਾਮ ਸਿੰਘ, ਦੁਮਣ ਸਿੰਘ, ਗੁਰਬਚਨ ਸਿੰਘ, ਹਰਦਿਤ ਸਿੰਘ, ਹਰੀ ਸਿੰਘ ਠ ਕਰ ਸਿੰਘ ਡੁਮੇਲੀ ਅਤੇ ਕਤਾਰ ਸਿੰਘ ਨੰ: ੪।

ਇਨ੍ਹਾਂ ੧੫ ਅਦਮੀਆਂ ਨੂੰ ੭ ਸਾਲ ਸਖਤ ਕੈਦ, ਤਿੰਨ ਮਹੀਨੇ ਚੱਕੀ ਬੰਦ ਅਤੇ ਇਕ ਸੌ ਰੁਪਿਆ ਜੁਰਮਾਨਾ। ਇਹ ਵੀ ਲਿਖ ਦਿਤਾ ਕਿ ਜੇ ਕੋਈ ਜੁਰਮਾਨਾ ਨਾ ਤਾਰੇ ਤਾਂ ਉਸ ਨੂੰ ਇਕ ਸਾਲ ਸਜਾ ਹੋਰ ਭੁਗਤਣੀ ਪਵੇਗੀ।

ਸੱਤ ਸੱਤ ਸਾਲ ਦੀ ਸਜ਼ਾ ਸੁਣ ਕੇ ਹਸਦੇ ਤੇ ਇਕ ਦੂਸਰੇ ਦਾ ਹੌਂਸਲਾ ਵਧਾਉਂਦੇ ਹੋਏ ਸਾਰੇ ਸੂਰਮੇ ਅਦਾਲਤ ਦੇ ਕਮਰੇ ਵਿਚੋਂ ਬਾਹਰ ਹੋ ਗਏ। ਕਿਸੇ ਨੇ ਜਜ ਅਗੇ ਤਰਲਾ ਨਾ ਕੀਤਾ ਕਿ ਉਸ ਦਾ ਜੁਰਮਾਨਾ ਹੀ ਮੁਆਫ ਕੀਤਾ ਜਾਏ।

ਉਸ ਟੋਲੀ ਨਾਲੋਂ ਵੀ ਵਡੀ ਟੋਲੀ ਆਈ। ਉਸ ਵਿਚ ੨੧ ਬੱਬਰ ਸਨ। ਕੁਝ ਦੀ ਜਵਾਨ ਉਮਰ ਸੀ ਤੇ ਕੁਝ ਅਧ-ਖੜ ਉਮਰ ਦੇ ਉਹਨਾਂ ਨੇ ਬੱਬਰਾਂ ਦੀ ਸਹਾਇਤਾ ਕੀਤੀ ਸੀ। ਕਿਸੇ ਨੇ ਅਸਲਾ ਦਿਤਾ ਸੀ, ਕਿਸੇ ਨੇ ਰੋਟੀਆਂ ਖੁਆਈਆਂ ਸਨ ਤੇ ਕਿਸੇ ਨੇ ਕਿਸੇ ਬੱਬਰ ਨੂੰ ਘਰ ਰਖਿਆ ਸੀ। ਉਹਨਾਂ ਦੇ ਨਾਂ ਇਹ ਹਨ—

ਪਰੇਮ ਸਿੰਘ, ਅਰਜਨ ਸਿੰਘ, ਊਧਮ ਸਿੰਘ, ਸਰਦੂਲ ਸਿੰਘ, ਮੁਨਸ਼ਾ ਸਿੰਘ, ਮਹਿੰਗਾ ਸਿੰਘ, ਸੁਰਜਨ ਸਿੰਘ, ਧਰਮ ਸਿੰਘ, ਚੰਚਲ ਸਿੰਘ, ਭਾਨ ਸਿੰਘ, ਦਲੀਪ ਸਿੰਘ, ਮੂਲਾ ਸਿੰਘ, ਬਖਸ਼ੀਸ਼ ਸਿੰਘ, ਛਜਾ ਸਿੰਘ ਕਰਤਾਰ ਸਿੰਘ ਸਪੁਤਰ ਬੱਗਾ ਸਿੰਘ, ਕਰਤਾਰ ਸਿੰਘ ਸਪੁਤਰ ਬੰਤਾ ਸਿੰਘ, ਦਲੀਪ ਸਿੰਘ, ਬੰਤਾ ਸਿੰਘ ਬਿਹਲਪੁਰ, ਫਕੀਰ ਸਿੰਘ, ਸ਼ਾਮ ਸਿੰਘ, ਭਗਵਾਨ ਸਿੰਘ।



Sri Satguru Jagjit Singh Ji eLibrary NamdhariElibrary@gmail.com

ਉਪਰੋਕਤ ਸਾਰੇ ਸਜਣਾਂ ਨੂੰ ਪੰਜ ਪੰਜ ਸਾਲ ਕੈਦ ਸਖ਼ਤ, ਇਕ ਇਕ ਮਹੀਨਾ ਕੋਠੀ ਬੰਦ ਅਤੇ ਸੌ ਸੌ ਰੁਪਿਆ ਜੁਰਮਾਨਾ। ਜੁਰਮਾਨਾ ਨਾ ਤਾਰਨ ਤੇ ਸਾਲ ਕੈਦ ਸਖ਼ਤ ਹੋਰ।

ਉਸ ਟੋਲੀ ਦੇ ਜਾਣ ਪਿਛੋਂ ਤਿੰਨ ਹੋਰ ਆਏ ਓਹਨਾਂ ਨੂੰ ਛੇ ਛੇ ਸਾਲ ਸਖਤ ਕੈਦ ਦਾ ਹੁਕਮ ਦਿਤਾ ਤੇ ਬਾਕੀ ਗਲਾਂ ਪਹਿਲਿਆਂ ਵਰਗੀਆਂ ਹੀ ਸਨ। ਉਹ ਸਨ ਛਜਾ ਸਿੰਘ, ਹਰਨਾਮ ਸਿੰਘ ਤੇ ਅਮਰ ਸਿੰਘ।

ਇਹ ਹੁਕਮ ੨੮ ਫਰਵਰੀ ੧੯੨੫ ਨੂੰ ਸੁਣਾਇਆ ਗਿਆ। [illegible] ਸੁਣਾ ਕੇ ਟੈਪ ਸਾਹਿਬ ਨੇ ਸੁਖ ਦਾ ਸਾਹ ਲਿਆ। ਮੁਕਦਮੇ ਦੇ ਦਿਨਾਂ ਵਿਚ ਉਸ ਨੂੰ ਸ਼ਕ ਤੇ ਭੈ ਰਿਹਾ ਸੀ ਕਿ ਕੋਈ ਬੱਬਰ ਸੂਰਮਾ ਉਸ ਦਾ ਘੋਗਾ ਚਿਤ ਨਾ ਕਰ ਦੇਵੇ।

੨੮ ਫਰਵਰੀ ਦੁਪਹਿਰੇ ਸਾਰਿਆਂ ਨੂੰ ਜੇਹਲ ਭੇਜਿਆ ਗਿਆ। ਉਨ੍ਹਾਂ ਦੇ ਉਦਾਲੇ ਲੀੜੇ ਬਦਲ ਕੇ ਕੈਦੀਆਂ ਵਾਲੇ ਪੁਆ ਦਿਤੇ। ਟਿਕਟਾਂ ਉਤੇ ਮੁਸ਼ਕਤਾਂ ਲਿਖ ਦਿਤੀਆਂ ਤੇ ਸਭ ਨੂੰ ਚੱਕੀਆਂ ਵਿਚ ਬੰਦ ਕਰਨ ਦਾ ਹੁਕਮ ਹੋਇਆ। ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਹੋਈ ਸੀ ਉਨ੍ਹਾਂ ਨੂੰ ਫਾਂਸੀ ਵਾਲੀਆਂ ਕੋਠੜੀਆਂ ਵਲ ਜਾਣ ਵਾਸਤੇ ਦਰੋਗੇ ਨੇ ਹੁਕਮ ਦਿਤਾ।

ਲਾਹੌਰ ਜੇਹਲ ਦੀ ਡਿਉੜੀ ਤੇ ਉਸ ਦੇ ਚਕਰ ਵਿਚ ਸਾਰੇ ਬੱਬਰ ਅਖੀਰ ਵਾਰ ਇਕਠੇ ਹੋਏ। ਭਾਵੇਂ ਜਮਦੂਤ ਰੂਪ ਵਾਡਰਾਂ ਤੇ ਮੀਆਂ ਵਾਲੀ ਦੇ ਬਦਮਾਸ਼ ਨੰਬਰਦਾਰਾਂ ਨੇ ਓਨ੍ਹਾਂ ਨੂੰ ਖੁਲ੍ਹ ਕੇ ਹਸਣ, ਬੋਲਣ ਤੇ ਇਕ ਦੂਸਰੇ ਨੂੰ ਮਿਲਨ ਨਾ ਦਿਤਾ, ਫਿਰ ਵੀ ਉਨ੍ਹਾਂ ਨੇ ਇਕ ਵਾਰ ਸਭ ਨੂੰ ਰਜ ਕੇ ਦੇਖਿਆ। ਸ੍ਰ: ਕਿਸ਼ਨ ਸਿੰਘ ਤੇ ਬਾਬੂ ਸੰਤਾ ਸਿੰਘ ਨੇ ਸਭ ਨੂੰ ਫਤਹ ਬੁਲਾ ਕੇ ਕਿਹਾ—'ਚੰਗਾ ਸਿੰਘੋ! ਚੇਤੇ ਰਖਣਾ! ਕੈਦਾਂ ਮੁਕਣਗੀਆਂ, ਜੰਜ਼ੀਰਾਂ ਟੁਟਣਗੀਆਂ। ਦਿਲ ਰਖ ਕੇ ਜੇਹਲ ਕਸ਼ਟ ਝਲਣੇ ਤੇ ਬਾਹਰ ਜਾ ਕੇ ਮੁੜ ਸੁਤੰਤਰਤਾ ਦੇ ਘੋਲ ਵਿਚ ਕੁਦਣਾ, ਜੇ ਤੁਸਾਂ ਦੇ ਰਿਹਾ ਹੋਣ ਸਮੇਂ ਹਿੰਦੁਸਤਾਨ ਆਜ਼ਾਦ ਨਾ ਹੋਇਆ ਮੈਂ ਮਰ ਕੇ ਫਿਰ ਨਵਾਂ ਜਨਮ ਲਵਾਂਗਾ।' ਵਾਡਰਾਂ ਤੇ ਲੰਬਰਦਾਰਾਂ ਨੇ ਧੱਕ ਕੇ ਉਸ ਨੂੰ ਫਾਂਸੀ ਦੀਆਂ ਕੋਠੜੀਆਂ ਵਲ ਤੋਰ ਲਿਆ। ਇਕ ਵਖਰੀ ਕੋਠੀ ਵਿੱਚ ਬੰਦ ਰਕ ਦਿਤਾ।



Sri Satguru Jagjit Singh Ji eLibrary NamdhariElibrary@gmail.com

# ੩੫.

੨੦ ਫਰਵਰੀ ੧੯੨੬ ਦੀ ਸ਼ਾਮ ਨੂੰ-

ਸ਼ਾਮ ਦੇ ਸਮੇਂ ਜਦੋਂ ਕਿ ਦੀਵੇ ਜਗ ਚੁਕੇ ਸਨ, ਸੈਂਟਰਲ ਜੇਹਲ ਲਾਹੌਰ ਵਿਚ ਚੁਪ-ਚਾਨ ਹੋ ਗਈ ਸੀ। ਸਾਰੇ ਕੈਦੀ ਬਾਰਕਾਂ ਤੇ ਕੋਠੀਆਂ ਵਿਚ ਬੰਦ ਕਰ ਦਿਤੇ ਗਏ ਸਨ। ਰਾਤ ਦੇ ਚਾਰ ਪਹਿਰ ਉਹਨਾਂ ਨੂੰ ਜੇਹਲ ਵਾਡਰਾਂ ਤੇ ਲੰਬਰਦਾਰਾਂ ਦੀ ਕਰੋਪੀ ਤੋਂ ਦੂਰ ਹੋਣ ਦਾ ਸਮਾ ਮਿਲਿਆ ਸੀ, ਤਦੋਂ ਸ. ਕਿਸ਼ਨ ਸਿੰਘ ਆਪਣੀ ਕੋਠੀ ਵਿਚ ਭੋਂ ਬਿਸਤਰੇ ਉਤੇ ਬੈਠਾ ਹੋਇਆ 'ਰਹਿਰਾਸ ਸਾਹਿਬ ਦਾ ਪਾਠ ਕਰ ਰਿਹਾ ਸੀ। ਉਸ ਨੇ ਭੋਗ ਪਾਇਆ, ਅਰਦਾਸ ਕੀਤੀ ਤੇ ਰਖੀ ਰੋਟੀ ਨੂੰ ਫੜਨ ਹੀ ਲਗਾ ਸੀ ਕਿ ਦੇਖ ਭਾਲ ਵਾਸਤੇ ਦਰੋਗਾ ਆ ਨਿਕਲਿਆ। ਦਰੋਗੇ ਦੇ ਨਾਲ ਦੋ ਵਾਡਰ, ਚਾਰ ਲੰਬੜਦਾਰ ਤੇ ਇਕ ਡਿਪਟੀ ਸੀ। ਸਾਰੀ ਜੇਹਲ ਦਾ ਚੱਕਰ ਕੱਟ ਕੇ ਫਾਂਸੀ ਦੀਆਂ ਕੋਠੜੀਆਂ ਵਲ ਆਏ। ਸਬਬ ਨਾਲ ਉਸ ਦਿਨ ਵੀਹ ਦੀਆਂ ਵੀਹ ਕੋਠੀਆਂ ਹੀ ਫਾਂਸੀ ਦੀ ਸਜ਼ਾ ਵਾਲਿਆਂ ਨਾਲ ਰੁਕੀਆਂ ਹੋਈਆਂ ਸਨ।

'ਸ: ਕਿਸ਼ਨ ਸਿੰਘ ਜੀ ! ਦਰੋਗੇ ਨੇ ਆਵਾਜ਼ ਦਿਤੀ।



Sri Satguru Jagjit Singh Ji eLibrary NamdhariElibrary@gmail.com

ਸੁ: ਕਿਸ਼ਨ ਸਿੰਘ ਨੇ ਰੋਟੀ ਜਿਥੋਂ ਚੁਕੀ ਸੀ, ਉਥੇ ਹੀ ਰਖ ਦਿਤੀ ਤੇ ਉਠ ਕੇ ਦਰਵਾਜ਼ੇ ਦੇ ਨੇੜੇ ਹੋ ਗਿਆ। ਸੀਖਾਂ ਵਾਲਾ ਕੋਠੀ ਦਾ ਦਰ-ਵਾਜ਼ਾ ਕਿਸੇ ਸਮੇਂ ਖਲ੍ਹਦਾ ਸੀ ਉਹ ਆਮ ਬੰਦ ਹੀ ਰਹਿੰਦਾ ਸੀ।

'ਮੈਨੂੰ ਬਹੁਤ ਅਫਸੋਸ ਨਾਲ ਦਸਣਾ ਪਿਆ...।' ਦਰੋਗਾ ਬੋਲਿਆ।

'ਅਫਸੋਸ ਨਾਲ ਦਸਣ ਵਾਲੀ ਕਿਹੜੀ ਗਲ ਐ, ਸਾਹਬ!' ਸੁ: ਕਿਸ਼ਨ ਸਿੰਘ ਨੇ ਮੁਸਕਰਾ ਕੇ ਉਤਰ ਦਿਤਾ। ਉਸ ਨੂੰ ਪਤਾ ਸੀ ਕਿ ਦਰੋਗਾ ਉਸ ਦੇ ਮੁਕਦਮੇ ਦੀ ਅਪੀਲ ਦਾ ਫੈਸਲਾ ਸੁਣਾਏਗਾ। ਫੈਸਲਾ ਤਾਂ ਉਹ ਉਸੇ ਦਿਨ ਸੁਣ ਚੁਕੇ ਸਨ, ਜਿਸ ਦਿਨ ਮਿਸਟਰ ਟੌਪ ਸੈਸ਼ਨ ਜੱਜ ਨੇ ਫੈਸਲਾ ਸੁਣਾਇਆ ਸੀ।

'ਤੁਸਾਂ ਦੀ ਅਪੀਲ ਹਾਈਕੋਰਟ ਵਿਚੋਂ ਖਾਰਜ ਹੋ ਗਈ ਹੈ। ਫਾਂਸੀ ਬਹਾਲ ਰਖੀ ਜੱਜਾਂ ਨੇ। ਮੈਨੂੰ ਤਾਂ ਆਸ ਸੀ ਕਿ ਤੁਸਾਂ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲ ਜਾਏਗੀ, ਪਰ... !'

'ਸਾਹਬ ! ਜਿਨ੍ਹਾਂ ਨੇ ਸਿਰ ਤੇ ਖ਼ਫਣ ਬੰਨ੍ਹੇ ਹੋਣ, ਜਿਹੜੇ ਸੁਤੰਤਰਤਾ ਦੀ ਸ਼ਮਾਂ ਦੇ ਪ੍ਰਵਾਨੇ ਹੋਣ, ਉਨ੍ਹਾਂ ਨੂੰ ਫਾਂਸੀ ਤੇ ਉਮਰ ਕੈਦ ਵਿਚ ਕੋਈ ਫਰਕ ਮਲੂਮ ਨਹੀਂ ਹੁੰਦਾ। ਵਤਨ ਦੇ ਇਸ਼ਕ ਦੀ ਗਲ ਐ-ਧਰਮ ਦੀ ਬਾਤ ਹੈ। ਹਾਂ, ਕਿਸ ਕਿਸ ਨੂੰ ਫਾਂਸੀ ਬਹਾਲ ਰਹੀ ?'

'ਤੁਸਾਂ ਨੂੰ, ਬਾਬੂ ਸੰਤਾ ਸਿੰਘ, ਕਰਮ ਸਿੰਘ, ਨੰਦ ਸਿੰਘ, ਦਲੀਪ ਸਿੰਘ ਤੇ ਧਰਮ ਸਿੰਘ। ਹੁਣ ਤਾਂ ਥੋੜੇ ਦਿਨ ਰਹਿਮ ਦੀ ਅਪੀਲ ਵਿਚ ਹਨ, ਨਹੀਂ ਤੇ... !'

ਰਹਿਮ ਦੀ ਅਪੀਲ ਨਾ ਕਰਨੀ ਹੈ ਤੇ ਨਾ ਗਵਰਨਰ ਜਨਰਲ ਨੇ ਕਿਸੇ ਨੂੰ ਛਡਣਾ ਹੈ। ਸ਼ਹੀਦੀ ਬਾਟਾ ਹੀ ਪੀਣਾ ਹੈ, ਉਹ ਅਜ ਪੀ ਲਈਏ ਜਾਂ ਚਾਰ ਦਿਨ ਪਿਛੋਂ, ਇਸ ਨਾਲ ਕੋਈ ਫਰਕ ਨਹੀਂ ਪੈਣਾ। 'ਬਾਕੀ ਦਿਆਂ ਦਾ ਕੀ ਬਨਿਆਂ ?'

'ਦਸਾਂ ਨੂੰ ਕਾਲੇ ਪਾਣੀ, ੩੪ ਬਰੀ, ੩੮ ਦੀ ਸਜ਼ਾ ਘਟ ਗਈ ਹੈ।'

'ਚਲੋ ਠੀਕ ਹੋ ਗਿਆ ! ਕੋਈ ਗਿਲਾ ਨਹੀਂ ਸਾਹਬ ! ਵਤਨ



Sri Satguru Jagjit Singh Ji eLibrary NamdhariElibrary@gmail.com

ਦੇ ਸਿਪਾਹੀ ਨੂੰ ਪਹਿਲਾਂ ਪਤਾ ਹੁੰਦਾ ਹੈ ਕਿ ਉਸ ਦਾ ਅੰਤ ਗੋਲੀ, ਫਾਂਸੀ, ਤਲਵਾਰ ਨਾਲ ਹੋਣਾ ਹੈ। ਕੁਰਬਾਨੀਆਂ ਦਿਤਿਆਂ ਬਿਨਾਂ ਦੇਸ਼ ਆਜ਼ਾਦ ਨਹੀਂ ਹੋਇਆ ਕਰਦੇ।'

'ਮੁਲਾਕਾਤ ਹੋ ਸਕਦੀ ਹੈ ਜੇ ਕਿਸੇ ਨੂੰ ਮਿਲਣਾ ਹੋਏ ਤਾਂ ਲਿਖ ਦਿਓ।'

'ਅਛਾ ਕਲ ਦੇਖਾਂਗੇ। ਇਹ ਤਾਂ ਖੁਸ਼ੀ ਦੀ ਗਲ ਦਸੀ ਜੇ ਕਿ ਫਾਂਸੀ ਦੀ ਸਜ਼ਾ ਬਹਾਲ ਰਹੀ। ਆਪ ਦਾ ਧੰਨਵਾਦ।

ਦਰੋਗਾ ਤੇ ਉਸ ਦੇ ਨਾਲ ਦੇ, ਸ੍ਰ: ਕਿਸ਼ਨ ਸਿੰਘ ਦਾ ਇਹ ਬੋਲ ਸੁਣ ਕੇ ਹੈਰਾਨ ਹੋਏ। ਉਸ ਦੀ ਨਿਰਭੈਤਾ ਦੀ ਦਾਦ ਦੇਣ ਲਗੇ।

ਉਹ ਸਾਰੇ ਅਗਲੀ ਕੋਠੀ ਵਲ ਜਾਣ ਵਾਸਤੇ ਉਸ ਕੋਠੀ ਦੇ ਹਾਤੇ ਵਿਚੋਂ ਬਾਹਰ ਹੋ ਗਏ। ਸ੍ਰ: ਕਿਸ਼ਨ ਸਿੰਘ ਕੋਠੀ ਦੇ ਦਰਵਾਜੇ ਦੀਆਂ ਸੀਖਾਂ ਫੜ ਕੇ ਮਧੁਰ ਸੁਰ ਵਿਚ ਗਾਉਣ ਲੱਗ ਪਿਆ—

'ਸਿਰ ਜਾਏ ਤਾਂ ਜਾਏ, ਮੇਰਾ ਸਿਖੀ ਸਿਦਕ ਨਾ ਜਾਏ।'

ਰਵਿੰਦਰ ਸਿੰਘ ਹਿਮਾਦੀ
3312/15 ਡੀ, ਚੰਡੀਗੜ੍ਹ।
30-7-75



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com